**GS CPA, INC.**
ਤੁਹਾਡੀਆਂ ਸਭ ਅਕਾਉਂਟਿੰਗ ਤੇ ਟੈਕਸ ਲੋੜਾਂ ਲਈ
Gurpreet Singh, CPA, MBA
*Certified Public Accountant*
5450 Lafayette Road, Suite#3,
Indianapolis, IN 46254
**Ph:317-248-4802**
Fax: 317-800-7947
e-mail: info@gscpainc.com Website: www.gscpainc.com

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

**AMANTEL.COM**
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
24/7 Customer Service
ਇਹ ਆਫਰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟ੍ਰਾਈਪ ਕਰੋ ਤੇ ਆਪਣੇ ਪਿਆਰਿਆਂ ਨਾਲ ਢੇਰ ਸਾਰੀਆਂ ਗੱਲਾਂ ਕਰੋ।
vaisakhi
Coupon Code
ਟੌਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333

**Jaspal Randhawa**
Office: 734-459-4700 x 1593
Cell: 734-325-0883
JR@SoldBuyJR.com
www.SoldBuyJR.com

ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ
ਜਸਪਾਲ ਰੰਧਾਵਾ
734-325-0883
KELLER WILLIAMS
40600 Ann Arbor Rd., Ste. 100,
Plymouth, MI 48170

Fourteenth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 17, April 27th, 2013
20451 N Plum Grove Rd. Palatine, IL 60074
Ph:847-359-0746, Fax:847-705-9388

# ਸੁਖਬੀਰ ਭਾਰਤ ਦੀਆਂ 100 ਅਹਿਮ ਹਸਤੀਆਂ 'ਚ ਸ਼ੁਮਾਰ

## 'ਇੰਡੀਅਨ ਐਕਸਪ੍ਰੈਸ' ਦੀ ਸਾਲਾਨਾ ਸੂਚੀ ਵਿਚ ਪਹਿਲੀ ਵਾਰ ਨਾਂ ਦਰਜ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅੰਗਰੇਜ਼ੀ ਦੀ ਮਸ਼ਹੂਰ ਰੋਜ਼ਾਨਾ ਅਖਬਾਰ 'ਇੰਡੀਅਨ ਐਕਸਪ੍ਰੈਸ' ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਦੇਸ਼ ਦੀਆਂ 100 ਪ੍ਰਭਾਵਸ਼ਾਲੀ ਸ਼ਖਸੀਅਤਾਂ ਵਾਲੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਇਹ ਸੂਚੀ ਸਾਲ 2013 ਲਈ ਜਾਰੀ ਕੀਤੀ ਗਈ ਹੈ ਅਤੇ ਸੁਖਬੀਰ ਦਾ ਨਾਂ ਪਹਿਲੀ ਵਾਰ ਇਸ ਸੂਚੀ ਵਿਚ ਸ਼ਾਮਲ ਹੋਇਆ ਹੈ।




ਯਾਦ ਰਹੇ ਕਿ ਇਹ ਅਖਬਾਰ ਹਰ ਸਾਲ ਅਜਿਹੀ ਸੂਚੀ ਜਾਰੀ ਕਰਦੀ ਹੈ ਜਿਸ ਵਿਚ ਉਸ ਸਾਲ ਦੌਰਾਨ ਵੱਖ-ਵੱਖ ਖੇਤਰਾਂ ਵਿਚ ਅਹਿਮ ਅਤੇ ਵਿਲੱਖਣ ਭੂਮਿਕਾ ਨਿਭਾਉਣ ਵਾਲਿਆ ਦੇ ਨਾਂ ਸ਼ਾਮਲ ਕੀਤੇ ਜਾਂਦੇ ਹਨ। ਪੰਜਾਬ ਵਿਚੋਂ ਸੁਖਬੀਰ ਤੋਂ ਇਲਾਵਾ ਹੋਰ ਕਿਸੇ ਦਾ ਨਾਂ ਇਸ ਸੂਚੀ ਵਿਚ ਸ਼ਾਮਲ ਨਹੀਂ ਹੈ। ਹਾਂ, ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਨਾਂ ਜ਼ਰੂਰ ਸ਼ਾਮਲ ਹੈ। ਇਨ੍ਹਾਂ ਤੋਂ ਇਲਾਵਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਉਨ੍ਹਾਂ ਦਾ ਬੇਟਾ ਤੇ ਪਾਰਟੀ ਦਾ ਉਪ ਪ੍ਰਧਾਨ ਰਾਹੁਲ ਗਾਂਧੀ, ਭਾਜਪਾ ਆਗੂ ਤੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ, ਦੇਸ਼ ਦੇ ਗ੍ਰਹਿ ਮੰਤਰੀ ਪੀ. ਚਿਦੰਬਰਮ, ਭਾਜਪਾ ਦੀ ਸੁਸ਼ਮਾ ਸਵਰਾਜ, ਸੋਨੀਆ ਗਾਂਧੀ ਦੀ ਧੀ ਪ੍ਰਿਯੰਕਾ ਗਾਂਧੀ, ਬਸਪਾ ਆਗੂ ਮਾਇਆਵਤੀ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਨਾਂ ਵੀ ਸ਼ਾਮਲ ਹਨ।

ਸੂਚੀ ਵਿਚ ਸੁਖਬੀਰ ਬਾਰੇ ਟਿੱਪਣੀ ਕੀਤੀ ਗਈ ਹੈ ਕਿ ਉਹ ਆਪਣੇ ਮੁੱਖ ਮੰਤਰੀ ਪਿਤਾ ਪ੍ਰਕਾਸ਼ ਸਿੰਘ ਬਾਦਲ ਦਾ ਸਹੀ ਉਤਰਾਧਿਕਾਰੀ ਹੈ। ਨਾਲ ਹੀ ਕਿਹਾ ਗਿਆ ਹੈ ਕਿ ਉਹ ਨਾ ਤਾਂ ਆਪਣੇ ਪਿਤਾ ਦੇ ਦਾਬੇ ਵਿਚ ਰਹਿੰਦਾ ਹੈ ਅਤੇ ਨਾ ਹੀ ਪਿਤਾ ਦੀ ਅਥਾਰਿਟੀ ਦੀ ਅਵੱਗਿਆ ਹੀ ਕਰਦਾ ਹੈ। ਦਿੱਲੀ ਗੁਰਦੁਆਰਾ ਚੋਣਾਂ ਵਿਚ ਸਰਨਾ ਭਰਾਵਾਂ ਨੂੰ ਬੁਰੀ ਤਰ੍ਹਾਂ ਹਰਾਉਣ ਨੂੰ ਸੁਖਬੀਰ ਦੀ ਖਾਸ ਪ੍ਰਾਪਤੀ ਦੱਸਿਆ ਗਿਆ ਹੈ। ਇਸ ਜਿੱਤ ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਫਲ ਚੋਣ ਮਸ਼ਕ ਆਖਿਆ ਗਿਆ ਹੈ। ਇਸ ਬਾਰੇ ਕਾਂਗਰਸੀ ਆਗੂਆਂ ਦਾ ਕਹਿਣਾ ਹੈ ਕਿ ਸੁਖਬੀਰ ਚਰਚਾ ਵਿਚ ਰਹਿਣ ਲਈ ਜੁਗਾੜ ਆਮ ਨਾਲੋਂ ਵੱਧ ਕਰਦਾ ਹੈ। ਇਸੇ ਕਰ

(ਬਾਕੀ ਸਫਾ 6 'ਤੇ)



ਦਿੱਲੀ ਵਿਚ ਔਰਤਾਂ ਵਲੋਂ ਕੀਤੇ ਰੋਸ ਵਿਖਾਵੇ ਦੀ ਝਲਕ

# ਨਵੀਂ ਦਿੱਲੀ 'ਚ ਫਿਰ ਟੁੱਟਿਆ ਕਹਿਰ ਪੰਜ ਸਾਲਾ ਬੱਚੀ ਨਾਲ ਜਬਰ ਜਨਾਹ

**ਨਵੀਂ ਦਿੱਲੀ:** ਭਾਰਤ ਦੀ ਰਾਜਧਾਨੀ ਵਿਚ ਪੰਜ ਸਾਲ ਦੀ ਨੰਨ੍ਹੀ ਜਾਨ ਨੂੰ ਜਬਰ ਜਨਾਹ ਦੀ ਸ਼ਿਕਾਰ ਬਣਾਇਆ ਗਿਆ। ਉਸ ਨੂੰ 'ਏਮਜ਼' ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਉਸ ਦੀ ਹਾਲਤ ਨਾਜ਼ੁਕ, ਪਰ ਸਥਿਰ ਹੈ। ਇਸ ਸਬੰਧੀ ਪੁਲਿਸ ਨੇ ਮੁਜ਼ੱਫਰਪੁਰ ਦੇ ਮਨੋਜ ਕੁਮਾਰ ਅਤੇ ਉਸ ਦੇ ਸਾਥੀ ਪ੍ਰਦੀਪ ਨੂੰ ਫੜਿਆ ਹੈ।

'ਏਮਜ਼' ਦੇ ਤਰਜਮਾਨ ਡਾ. ਵਾਈ.ਕੇ. ਗੁਪਤਾ ਨੇ ਦੱਸਿਆ ਕਿ ਜਬਰ ਕਾਰਨ ਲੜਕੀ ਨੂੰ ਹੋਈ ਇਨਫੈਕਸ਼ਨ ਦਾ ਇਲਾਜ ਕੀਤਾ ਜਾ ਰਿਹਾ ਹੈ। ਇਹ ਘਟਨਾ ਪੂਰਬੀ ਦਿੱਲੀ ਦੇ ਗਾਂਧੀ ਨਗਰ ਇਲਾਕੇ ਵਿਚ ਵਾਪਰੀ। ਬੱਚੀ ਨੂੰ 15 ਅਪਰੈਲ ਨੂੰ ਉਸ ਦੇ ਗੁਆਂਢੀ ਨੇ ਹੀ ਅਗਵਾ ਕਰ ਕੇ ਆਪਣੇ ਘਰ ਵਿਚ ਬੰਦੀ ਬਣਾ ਲਿਆ ਸੀ। ਬੱਚੀ ਦੇ ਗੁਪਤ ਅੰਗਾਂ, ਗੱਲਾਂ, ਬੁੱਲ੍ਹਾਂ ਅਤੇ ਗਰਦਨ ਉਤੇ ਜ਼ਖ਼ਮ ਹਨ। ਗਰਦਨ ਦੇ ਜ਼ਖ਼ਮਾਂ ਤੋਂ ਜਾਪਦਾ ਹੈ ਕਿ ਉਸ ਨੂੰ ਮਾਰਨ ਦੀ ਕੋਸ਼ਿਸ਼ ਵੀ ਕੀਤੀ ਗਈ। ਇਸੇ ਦੌਰਾਨ ਜਦੋਂ ਬੱਚੀ ਦਾ ਪਤਾ ਲੈਣ ਪੂਰਬੀ ਦਿੱਲੀ ਤੋਂ ਸੰਸਦ ਮੈਂਬਰ ਤੇ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਦੇ ਪੁੱਤਰ ਸੰਦੀਪ ਦੀਕਸ਼ਿਤ ਤੇ ਦਿੱਲੀ ਦੇ ਸਿਹਤ ਮੰਤਰੀ ਏ.ਕੇ. ਵਾਲੀਆ ਦਿਆਨੰਦ ਹਸਪਤਾਲ ਪੁੱਜੇ ਤਾਂ ਮੁਜ਼ਾਹਰਾਕਾਰੀਆਂ ਨੇ ਉਨ੍ਹਾਂ ਨੂੰ ਘੇਰ ਲਿਆ ਤੇ ਖਿੱਚ-ਧੂਹ ਕੀਤੀ। ਉਧਰ ਹਸਪਤਾਲ ਦੇ ਬਾਹਰ ਵਿਖਾਵਾ ਕਰ ਰਹੀਆਂ ਕੁੜੀਆਂ ਨੂੰ ਭਜਾਉਣ ਲਈ ਏ.ਸੀ.ਪੀ. ਬੀ.ਐਸ. ਅਹਿਲਾਵਤ ਨੇ ਪਹਿਲਾਂ ਡਰਾਵੇ ਦਿੱਤੇ ਪਰ ਜਦੋਂ ਵਿਖਾਵਾਕਾਰੀਆਂ ਨੇ ਰੋਸ ਜਾਰੀ ਰੱਖਿਆ ਤਾਂ ਏ.ਸੀ.ਪੀ. ਨੇ ਇਕ ਕੁੜੀ ਦੇ ਥੱਪੜ ਮਾਰ ਦਿੱਤੇ। ਇਸ ਤੋਂ ਬਾਅਦ ਲੋਕ ਰੋਹ ਵਿਚ ਆ ਗਏ ਅਤੇ ਲੋਕਾਂ ਦੇ ਤਿੱਖੇ ਵਿਰੋਧ ਕਾਰਨ ਉਚ ਅਫਸਰਾਂ ਨੂੰ ਇਸ ਏ.ਸੀ.ਪੀ. ਨੂੰ ਸਸਪੈਂਡ ਕਰਨਾ ਪਿਆ।

ਦਿੱਲੀ ਵਾਸੀ ਪੁਲਿਸ ਪ੍ਰਸ਼ਾਸਨ ਦੀ ਨਾ-ਅਹਿਲੀਅਤ ਖਿਲਾਫ ਲਗਾਤਾਰ ਮੁਜ਼ਾਹਰਾ ਕਰ

(ਬਾਕੀ ਸਫਾ 6 'ਤੇ)

**Dhade & Associates, PC**
Immigration Lawyers
*WE FIGHT FOR YOUR RIGHTS!*
ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ

Herman Singh Dhade
Immigration Lawyer
**Ph:248-254-3441**
Fax:(248) 254-3443 www.eagle.pro, Email: herman@eagle.pro
7071 Orchard Lake Rd, Suite 320, W. Bloomfield, MI 48322

Estd. 1975
**World Wide Travel**
ਸਸਤਾ ਰੇਟ ਵਧਿਆ ਸਰਵਿਸ
www.fly2world.com
AIR TRAVEL • CRUISES • VACATIONS
DETROIT 734 525 7304
TOLL FREE 866 66 INDIA
CHICAGO 312 224 8800
DELTA KLM AIRFRANCE ETIHAD QATAR Continental Airlines Lufthansa AmericanAirlines

# ਧੜੇਬੰਦਕ ਸਿਆਸਤ ਅਤੇ ਪੰਜਾਬੀ ਅਖਬਾਰ

ਅਮਰੀਕਾ ਵਿਚ ਇਸ ਸਮੇਂ ਦੋ ਦਰਜਨ ਤੋਂ ਵੀ ਵੱਧ ਪੰਜਾਬੀ ਅਖਬਾਰ ਨਿਕਲਦੇ ਹਨ ਜਿਨ੍ਹਾਂ ਵਿਚੋਂ ਬਹੁਤੇ ਹਫਤਾਵਾਰੀ ਹਨ ਅਤੇ ਕੁਝ 15 ਰੋਜ਼ਾ। ਹਰ ਜਣਾ-ਖਣਾ ਅਖਬਾਰ ਕੱਢੀ ਬੈਠਾ ਹੈ ਅਤੇ ਆਪਣੇ ਆਪ ਨੂੰ ਐਡੀਟਰ-ਇਨ-ਚੀਫ ਲਿਖ ਰਿਹਾ ਹੈ, ਭਾਵੇਂ ਉਸ ਨੂੰ ਪੱਤਰਕਾਰੀ ਦੀ ਇਲ-ਕੋਕੋ ਦਾ ਵੀ ਪਤਾ ਨਾ ਹੋਵੇ। ਗਿਣਤੀ ਦੀਆਂ ਕੁਝ ਅਖਬਾਰਾਂ ਨੂੰ ਛਡ ਕੇ ਬਾਕੀ ਸਭ ਦਾ ਇਹੋ ਹਾਲ ਹੈ। ਇਨੀ ਵਡੀ ਗਿਣਤੀ ਵਿਚ ਪੰਜਾਬੀ ਅਖਬਾਰ ਨਿਕਲਣ ਪਿਛੇ ਵਗਦੀ ਨਦੀ ਵਿਚ ਹੱਥ ਧੋਣ ਦੀ ਭਾਵਨਾ ਨੇ ਤਾਂ ਕੰਮ ਕੀਤਾ ਹੀ ਹੈ, ਨਾਲ ਹੀ ਸਾਡੇ ਭਾਈਚਾਰੇ ਵਿਚਲੀ ਧੜੇਬੰਦਕ ਸਿਆਸਤ ਨੇ ਵੀ ਆਪਣਾ ਰੋਲ ਬਖੂਬੀ ਨਿਭਾਇਆ ਹੈ। ਕਈ ਅਖਬਾਰ ਗੁਰਦੁਆਰਿਆਂ ਅਤੇ ਸਭਾ-ਸੁਸਾਇਟੀਆਂ ਦੀ ਧੜੇਬੰਦਕ ਸਿਆਸਤ ਕਰਕੇ ਹੀ ਹੋਂਦ ਵਿਚ ਆਏ ਹਨ।

ਏਡੀ ਵਡੀ ਗਿਣਤੀ ਵਿਚ ਪੰਜਾਬੀ ਅਖਬਾਰ ਛਪਣ ਪਿਛੇ ਅਖਬਾਰ ਕੱਢਣਾ ਸੁਖਾਲਾ ਹੋ ਜਾਣ ਨੇ ਵੀ ਆਪਣੀ ਭੂਮਿਕਾ ਨਿਭਾਈ ਹੈ। ਵੇਖਾ-ਵੇਖੀ ਅਖਬਾਰ ਕੱਢੋ, ਇੰਡੀਆ ਵਿਚ ਥੋੜੇ ਜਿਹੇ ਪੈਸਿਆਂ ਨਾਲ ਬਣਿਆ-ਬਣਾਇਆ ਅਖਬਾਰ ਮਿਲ ਜਾਏਗਾ। ਪਰ ਹਕੀਕਤ ਇਹ ਹੈ ਕਿ ਜਿੰਨਾ ਅਖਬਾਰ ਕੱਢਣਾ ਆਸਾਨ ਹੈ, ਪੱਤਰਕਾਰੀ ਦੇ ਮਿਆਰ ਕਾਇਮ ਰਖਣਾ ਉਨਾ ਹੀ ਔਖਾ। ਜਿੰਮੇਵਾਰ ਅਤੇ ਬੇਲਾਗ ਪੱਤਰਕਾਰੀ ਉਤੇ ਪਹਿਰਾ ਦੇਣਾ ਤਾਂ ਹੋਰ ਵੀ ਔਖਾ ਹੈ। ਵਖ ਵਖ ਧੜਿਆਂ ਦੀ ਸਿਆਸਤ ਇਸ ਨੂੰ ਔਖਿਆਂ ਕਰਨ ਵਿਚ ਆਪਣਾ ਰੋਲ ਨਿਭਾਉਂਦੀ ਹੈ। ਪੰਜਾਬੀ ਅਖਬਾਰ ਮੁਫਤ ਹੋਣ ਕਰਕੇ ਇਨ੍ਹਾਂ ਨੂੰ ਇਸ਼ਤਿਹਾਰਾਂ ਦੀ ਆਮਦਨ ਉਤੇ ਹੀ ਨਿਰਭਰ ਕਰਨਾ ਪੈਂਦਾ ਹੈ ਅਤੇ ਇਸ਼ਤਿਹਾਰ ਲੈਣੇ ਕੋਈ ਸੌਖਾ ਕੰਮ ਨਹੀਂ। ਕਾਰਪੋਰੇਟ ਇਸ਼ਤਿਹਾਰ ਪੰਜਾਬੀ ਅਖਬਾਰਾਂ ਨੂੰ ਬਹੁਤ ਹੀ ਘੱਟ ਮਿਲਦਾ ਹੈ, ਸ਼ਾਇਦ ਉਨ੍ਹਾਂ ਦੀ ਇਸ਼ਾਇਤ ਦੀ ਕੋਈ ਪੁਸ਼ਟੀ ਨਾ ਹੋ ਸਕਣ ਕਰਕੇ। ਵਪਾਰਕ ਇਸ਼ਤਿਹਾਰ ਵੀ ਪੰਜਾਬੀ ਅਖਬਾਰਾਂ ਨੂੰ ਘੱਟ ਮਿਲਦਾ ਹੈ ਅਤੇ ਉਨ੍ਹਾਂ ਲਈ ਵੀ ਅਖਬਾਰਾਂ ਦੀ ਆਪਸੀ ਖਿਚੋਤਾਣ ਕਰਕੇ ਰੇਟ ਬਹੁਤ ਹੀ ਥੋੜੇ ਮਿਲਦੇ ਹਨ। ਜੇ ਇਸ਼ਤਿਹਾਰ ਮਿਲ ਵੀ ਜਾਣ ਤਾਂ ਉਨ੍ਹਾਂ ਦੇ ਪੈਸੇ ਮਿਲ ਸਕਣ ਦੀ ਕੋਈ ਗਾਰੰਟੀ ਨਹੀਂ।

ਲੈ-ਦੇ ਕੇ ਪੰਜਾਬੀ ਅਖਬਾਰਾਂ ਨੂੰ ਗੁਰਦੁਆਰਿਆਂ ਅਤੇ ਸਭਾ-ਸੁਸਾਇਟੀਆਂ ਦੇ ਇਸ਼ਤਿਹਾਰਾਂ ਉਤੇ ਹੀ ਨਿਰਭਰ ਕਰਨਾ ਪੈਂਦਾ ਹੈ। ਫਿਰ ਇਹ ਇਸ਼ਤਿਹਾਰ ਉਨ੍ਹਾਂ ਅਖਬਾਰਾਂ ਨੂੰ ਹੀ ਮਿਲਦੇ ਹਨ ਜੋ ਕਿਸੇ ਸਭਾ ਜਾਂ ਗੁਰਦੁਆਰਾ ਵਿਸ਼ੇਸ਼ 'ਤੇ ਕਾਬਜ ਧੜੇ ਦਾ ਪੱਖ ਪੂਰਨ ਅਤੇ ਪ੍ਰਬੰਧਕੀ ਧੜੇ ਦੇ ਗੋਡੀਂ ਹੱਥ ਲਾਉਣ। ਲੱਗੇ ਇਸ਼ਤਿਹਾਰ ਦੇ ਪੈਸੇ ਮਿਲਣ ਤਕ ਜੇ ਗੁਰਦੁਆਰੇ ਜਾਂ ਸਭਾ-ਸੁਸਾਇਟੀ ਦੇ ਪ੍ਰਬੰਧ ਉਤੇ ਕਾਬਜ਼ ਧੜਾ ਬਦਲ ਗਿਆ ਅਤੇ ਵਿਰੋਧੀ ਧੜੇ ਨੇ ਪ੍ਰਬੰਧ ਸੰਭਾਲ ਲਿਆ ਤਾਂ ਇਸ਼ਤਿਹਾਰ ਦੇ ਪੈਸੇ ਡੁਬੇ ਹੀ ਡੁਬੇ ਸਮਝੋ। ਦੂਜੇ ਸ਼ਬਦਾਂ ਵਿਚ ਪੰਜਾਬੀ ਅਖਬਾਰ ਧੜੇਬੰਦਕ ਸਿਆਸਤ ਦੇ ਰਹਿਮ ਉਤੇ ਹਨ। ਇਸ ਤੋਂ ਅਲਗ ਰਹਿ ਸਕਣਾ ਬਹੁਤ ਹੀ ਔਖਾ ਹੈ ਅਤੇ ਜੇ ਕੋਈ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਬਹੁਤ ਸਾਰੀਆਂ ਔਖਿਆਈਆਂ ਦੇ ਦੌਰ ਵਿਚੋਂ ਨਿਕਲਣਾ ਪੈਂਦਾ ਹੈ।

ਆਪੋ-ਆਪਣੇ ਮਿਆਰ ਪੱਖੋਂ ਉਨ੍ਹਾਂ ਵਿਚ ਪਿਆ ਜਮੀਨ-ਅਸਮਾਨ ਦਾ ਫਰਕ ਹੋਵੇ ਪਰ ਵਿਗਿਆਪਕਾਂ ਵਲੋਂ ਪੈਸੇ ਦਬ ਲੈਣ ਪੱਖੋਂ ਸਭ ਪੰਜਾਬੀ ਅਖਬਾਰ ਬਰਾਬਰ ਹਨ। ਕਿਸੇ ਦੇ ਵੱਧ ਦਬ ਹੋਏ ਹਨ ਅਤੇ ਕਿਸੇ ਦੇ ਘੱਟ। ਇਹ ਵੀ ਠੀਕ ਹੈ ਕਿ ਬਥੇਰੀ ਵਾਰੀ ਖੁਦ ਅਖਬਾਰਾਂ ਵਾਲਿਆਂ ਦਾ ਆਪਣਾ ਹੀ ਕਸੂਰ ਹੁੰਦਾ ਹੈ ਜਦੋਂ ਦਿਨ-ਦਿਹਾਰ ਜਾਂ ਕਿਸੇ ਮੇਲੇ ਦੇ ਇਸ਼ਤਿਹਾਰ ਬਿਨਾ ਵਿਗਿਆਪਕ ਤੋਂ ਪੁਛੇ ਆਪਣੀ ਹੀ ਮਰਜੀ ਨਾਲ ਲਾ ਲੈਂਦੇ ਹਨ। ਕੁਝ ਸਮਾਂ ਪਹਿਲਾਂ ਕੈਲੀਫੋਰਨੀਆ ਦੇ ਪੰਜਾਬੀ ਅਖਬਾਰਾਂ ਵਲੋਂ ਇਸ਼ਤਿਹਾਰਾਂ ਦੇ ਪੈਸੇ ਨਾ ਮਿਲਣ ਦੀ ਸਮੱਸਿਆ ਨਾਲ ਨਿਪਟਣ ਲਈ ਇਕ ਜਥੇਬੰਦੀ ਬਣਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਸੀ ਪਰ ਜਦੋਂ ਪਹੁੰਚ ਇਕ ਦੂਜੇ ਦੇ ਮੂੰਹੋਂ ਬੁਰਕੀ ਖੋਹਣ ਦੀ ਹੋਵੇ ਤਾਂ ਭਲਾ ਅਜਿਹੀ ਜਥੇਬੰਦੀ ਕਾਮਯਾਬ ਵੀ ਕਿਵੇਂ ਹੋ ਸਕਦੀ ਹੈ? ਅਤੇ ਇਹੋ ਕੁਝ ਇਸ ਜਥੇਬੰਦੀ ਨਾਲ ਹੋਇਆ। ਜਦੋਂ ਇਸ ਜਥੇਬੰਦੀ ਵਲੋਂ ਅਖਬਾਰਾਂ ਦੇ ਪੈਸੇ ਦੱਬਣ ਵਾਲੇ ਵਿਗਿਆਪਕਾਂ ਦੇ ਨਾਂ ਅਖਬਾਰਾਂ ਵਿਚ ਛਾਪਣ ਦੀ ਗੱਲ ਕੀਤੀ ਗਈ ਤਾਂ ਕਈ ਵਿਗਿਆਪਕਾਂ ਨੇ ਇਹ ਸਵਾਲ ਉਠਾਇਆ ਸੀ ਕਿ ਜਿਹੜੇ ਅਖਬਾਰਾਂ ਵਾਲੇ ਆਪਣੀ ਮਰਜੀ ਨਾਲ ਹੀ ਇਸ਼ਤਿਹਾਰ ਛਾਪ ਦਿੰਦੇ ਹਨ, ਉਨ੍ਹਾਂ ਦੇ ਨਾਂ ਵੀ ਨਸ਼ਰ ਕੀਤੇ ਜਾਣ।

ਖੈਰ, ਗੱਲ ਪੰਜਾਬੀ ਭਾਈਚਾਰੇ ਦੀ ਧੜੇਬੰਦਕ ਸਿਆਸਤ ਦੇ ਪੰਜਾਬੀ ਅਖਬਾਰਾਂ ਉਪਰ

## ਪਾਠਕਾਂ ਦੀ ਕਚਹਿਰੀ 'ਚ

ਅਸਰ-ਅੰਦਾਜ਼ ਹੋਣ ਦੀ ਚਲ ਰਹੀ ਸੀ। ਇਸ ਦਾ ਸ਼ਿਕਾਰ ਪੰਜਾਬ ਟਾਈਮਜ਼ ਵੀ ਹੋਇਆ ਹੈ। ਪਾਠਕ ਜਾਣਦੇ ਹਨ ਕਿ ਪੰਜਾਬ ਟਾਈਮਜ਼ ਨੇ ਲਗਦੀ ਵਾਹ ਧੜੇਬੰਦਕ ਸਿਆਸਤ ਤੋਂ ਉਪਰ ਰਹਿ ਕੇ ਜਿੰਮੇਵਾਰ ਪੱਤਰਕਾਰੀ ਉਤੇ ਪਹਿਰਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਖਬਰਾਂ ਛਾਪਣ ਅਤੇ ਵਿਚਾਰ-ਚਰਚਾ ਸਮੇਂ ਹਮੇਸ਼ਾਂ ਦੋਹਾਂ ਧਿਰਾਂ ਦਾ ਪੱਖ ਛਾਪਿਆ ਹੈ। ਜਿਥੋਂ ਤਕ ਇਸ਼ਤਿਹਾਰਾਂ ਦੀ ਗੱਲ ਹੈ, ਪੰਜਾਬ ਟਾਈਮਜ਼ ਨੇ ਹਮੇਸ਼ਾਂ ਇਕ ਮਿਆਰ ਰਖਣ ਦੀ ਕੋਸ਼ਿਸ਼ ਕੀਤੀ ਹੈ। ਇਸ਼ਤਿਹਾਰਾਂ ਦੀਆਂ ਦਰਾਂ ਵੀ ਇਕ ਸਨਮਾਨਯੋਗ ਪੱਧਰ 'ਤੇ ਰਖੀਆਂ ਹਨ, ਸਿਰਫ ਪੈਸੇ ਲਈ ਸਮਝੌਤੇ ਨਹੀਂ ਕੀਤੇ। ਇਸ ਦੇ ਨਤੀਜੇ ਵਜੋਂ ਇਸ ਨੂੰ ਆਰਥਕ ਪੱਖੋਂ ਔਖੇ ਸਮਿਆਂ ਵਿਚੋਂ ਵੀ ਲੰਘਣਾ ਪਿਆ ਹੈ ਅਤੇ ਅਜ ਵੀ ਲੰਘ ਰਿਹਾ ਹੈ। ਵਪਾਰਕ ਇਸ਼ਤਿਹਾਰਾਂ ਦੇ ਬਥੇਰੇ ਪੈਸੇ ਮਰੇ ਹਨ ਪਰ ਉਨ੍ਹਾਂ 'ਤੇ ਸਾਨੂੰ ਕੋਈ ਅਫਸੋਸ ਨਹੀਂ, ਅਫਸੋਸ ਤਾਂ ਸਭਾ-ਸੁਸਾਇਟੀਆਂ ਦੇ ਪ੍ਰਬੰਧਕਾਂ ਵਲੋਂ ਪੈਸੇ ਮਾਰ ਲਏ ਜਾਣ 'ਤੇ ਵੀ ਬਹੁਤਾ ਨਹੀਂ, ਪਰ ਉਦੋਂ ਗਿਲਾ ਜਰੂਰ ਹੁੰਦਾ ਹੈ ਜਦੋਂ ਗੁਰੂਘਰਾਂ ਦੇ ਪ੍ਰਬੰਧਕ ਨਾਅਰੇ ਤਾਂ ਗੁਰਮਤਿ ਅਤੇ ਸਿੱਖੀ ਰਹਿਤ ਦੇ ਲਾਉਂਦੇ ਹਨ ਪਰ ਸਿਰਫ ਧੜੇਬੰਦਕ ਸਿਆਸਤ ਜਾਂ ਨਿਜੀ ਕਿੜ ਕਾਰਨ ਅਖਬਾਰ ਦੇ ਪੈਸੇ ਮਾਰ ਲੈਂਦੇ ਹਨ। ਇਥੇ ਅਜਿਹੀਆਂ ਕੁਝ ਮਿਸਾਲਾਂ ਦੇਣਾ ਕੁਥਾਂ ਨਹੀਂ ਹੋਵੇਗਾ। ਨਿਊ ਯਾਰਕ ਦੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੇ 2011 ਵਿਚ ਪ੍ਰਧਾਨ ਸ. ਜਰਨੈਲ ਸਿੰਘ ਗਿਲਜ਼ੀਆਂ ਨੇ ਵਿਸਾਖੀ ਮੌਕੇ ਗੁਰੂਘਰ ਵਲੋਂ ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਛਪਵਾਇਆ, ਜਿਸ ਦੇ ਪੈਸੇ ਦੋ ਸਾਲ ਬੀਤ ਜਾਣ ਪਿਛੋਂ ਵੀ ਨਹੀਂ ਦਿਤੇ ਗਏ, ਸਿਰਫ ਇਸ ਕਰਕੇ ਕਿ ਪ੍ਰਬੰਧਕੀ ਧੜਾ ਬਦਲ ਗਿਆ ਸੀ। ਖੁਦ ਸ. ਗਿਲਜ਼ੀਆਂ ਨੇ ਆਪਣੇ ਇਕ ਨਿਜੀ ਇਸ਼ਤਿਹਾਰ ਦੇ ਪੈਸੇ ਵੀ ਦੋ ਸਾਲ ਗੁਜ਼ਰ ਜਾਣ ਪਿਛੋਂ ਨਹੀ ਦਿਤੇ। ਇਸੇ ਗੁਰੂਘਰ ਦੇ ਇਕ ਪੁਰਾਣੇ ਪ੍ਰਬੰਧਕ ਮਾਸਟਰ ਮਹਿੰਦਰ ਸਿੰਘ ਨੇ ਆਪਣੇ ਬਿਜਨਸ ਦੇ ਆਖ ਕੇ ਲਵਾਏ ਇਸ਼ਤਿਹਾਰਾਂ ਦੇ ਪੈਸੇ ਦੋ ਸਾਲ ਤੋਂ ਵੱਧ ਸਮਾਂ ਗੁਜ਼ਰ ਜਾਣ ਪਿਛੋਂ ਵੀ ਨਹੀਂ ਦਿਤੇ।

ਯੂਬਾ ਸਿਟੀ ਦੇ ਗੁਰਦੁਆਰਾ ਟਾਇਰਾ ਬਿਊਨਾ ਦੀ ਗੱਲ ਲੈ ਲਓ। ਹਰ ਸਾਲ ਇਸ ਗੁਰੂਘਰ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਜਾਂਦਾ ਹੈ। ਇਸ ਮੌਕੇ ਅਖਬਾਰਾਂ ਵਿਚ ਇਸ਼ਤਿਹਾਰ ਵੀ ਛਪਵਾਏ ਜਾਂਦੇ ਹਨ। ਪੰਜਾਬ ਟਾਈਮਜ਼ ਨੂੰ ਪਿਛਲੇ ਤਿੰਨ ਸਾਲਾਂ ਵਿਚ ਪ੍ਰਬੰਧਕਾਂ ਨੇ ਕੋਈ ਇਸ਼ਤਿਹਾਰ ਨਹੀਂ ਦਿਤਾ ਹਾਲਾਂਕਿ ਪੀਰ-ਬਾਬਿਆਂ, ਜੋਤਸ਼ੀਆਂ ਦੇ ਅਤੇ ਹੋਰ ਮਿਆਰੋਂ ਡਿਗੇ ਇਸ਼ਤਿਹਾਰ ਛਾਪਣ ਵਾਲੇ ਅਖਬਾਰਾਂ ਨੂੰ ਇਸ਼ਤਿਹਾਰ ਦਿਤੇ ਗਏ। ਸਾਨੂੰ ਇਸ 'ਤੇ ਵੀ ਕੋਈ ਗਿਲਾ ਨਹੀਂ। ਕਿਸੇ ਅਖਬਾਰ ਨੂੰ ਇਸ਼ਤਿਹਾਰ ਦੇਣਾ ਜਾਂ ਨਾ ਦੇਣਾ ਪ੍ਰਬੰਧਕਾਂ ਦਾ ਅਖਤਿਆਰ ਅਤੇ ਹੱਕ ਹੈ ਪਰ ਆਖ ਕੇ ਇਸ਼ਤਿਹਾਰ ਛਪਵਾਉਣ ਪਿਛੋਂ ਪੈਸੇ ਨਾ ਦੇਣਾ ਕਿਵੇਂ ਵੀ ਜਾਇਜ਼ ਨਹੀਂ ਕਿਹਾ ਜਾ ਸਕਦਾ। ਸਾਲ 2009 ਵਿਚ ਨਗਰ ਕੀਰਤਨ ਸਮੇਂ ਪ੍ਰਬੰਧਕਾਂ ਨੇ ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਛਪਵਾਏ, ਜਿਨ੍ਹਾਂ ਦੇ ਪੈਸੇ ਅਜ ਤਕ ਨਹੀ ਦਿਤੇ ਗਏ। ਇਸੇ ਤਰ੍ਹਾਂ ਕੈਲੀਫੋਰਨੀਆ ਦੇ ਬੇ-ਏਰੀਆ ਦੇ ਗੁਰਦੁਆਰਾ ਐਲ-ਸਬਰਾਂਟੇ ਦੇ ਪ੍ਰਬੰਧਕਾਂ ਨੇ ਕੀਤਾ ਹੈ। ਜੂਨ 2012 ਵਿਚ ਨਗਰ ਕੀਰਤਨ ਵੇਲੇ ਦੇ ਇਸ਼ਤਿਹਾਰਾਂ ਦੇ ਪੈਸੇ ਅਜ ਤਕ ਨਹੀ ਦਿਤੇ ਗਏ, ਕਿਉਂਕਿ ਉਥੇ ਨਵੇਂ ਪ੍ਰਬੰਧਕ ਆ ਗਏ।

ਗਦਰੀ ਬਾਬਿਆਂ ਵਲੋਂ ਅਮਰੀਕਾ ਵਿਚ ਸਥਾਪਤ ਕੀਤੇ ਗਏ ਪਹਿਲੇ ਗੁਰੂਘਰ ਦੇ ਪ੍ਰਬੰਧਕ ਵੀ ਇਸ ਪੱਖੋਂ ਕਿਸੇ ਤੋਂ ਪਿਛੇ ਨਹੀਂ ਰਹੇ। ਦੋ ਸਾਲ ਪਹਿਲਾਂ ਅਤੇ ਪਿਛਲੇ ਸਾਲ ਨਗਰ ਕੀਰਤਨ ਮੌਕੇ ਛਪਵਾਏ ਗਏ ਇਸ਼ਤਿਹਾਰਾਂ ਦੇ ਪੈਸੇ ਵਾਰ-ਵਾਰ ਕਹਿਣ ਦੇ ਬਾਵਜੂਦ ਅਜ ਤਕ ਨਹੀਂ ਦਿਤੇ ਗਏ। ਅਜੇ ਕੁਝ ਮਹੀਨੇ ਪਹਿਲਾਂ ਹੀ ਇਸ ਗੁਰੂਘਰ ਦਾ ਸੌ ਸਾਲਾ ਸਥਾਪਨਾ ਦਿਵਸ ਮਨਾਇਆ ਗਿਆ। ਗਦਰੀ ਬਾਬੇ ਹੱਕ-ਸੱਚ ਦੀ ਲੜਾਈ ਲੜੇ, ਸਵਾਲ ਹੈ ਕਿ ਕਿਸੇ ਅਖਬਾਰ ਦੇ ਜਾਇਜ਼ ਪੈਸੇ ਮਾਰ ਲੈਣਾ ਗਦਰੀ ਬਾਬਿਆਂ ਦੀ ਸੋਚ 'ਤੇ ਕਿਸ ਤਰ੍ਹਾਂ ਦਾ ਪਹਿਰਾ ਹੈ? ਬਾਬੇ ਨਾਨਕ ਦਾ ਫੁਰਮਾਨ ਹੈ, 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥' ਕਿਸੇ ਦਾ ਹੱਕ ਮਾਰਨਾ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਪ੍ਰਤੀ ਕਿਸ ਕਿਸਮ ਦੀ ਨਿਸ਼ਠਾ ਹੈ? ਪ੍ਰਬੰਧਕ ਹੀ ਜਾਣਦੇ ਹੋਣਗੇ।

ਮੇਰੀ ਇਸ ਲਿਖਤ ਤੋਂ ਕੁਝ ਪ੍ਰਬੰਧਕ ਖਫ਼ਾ ਵੀ ਹੋਣਗੇ, ਅਖਬਾਰ ਵੀ ਚੁਕ ਕੇ ਸੁਟੇ ਜਾਣਗੇ, ਕੋਰਟ-ਕਚਹਿਰੀਆਂ ਦੇ ਡਰਾਵੇ ਵੀ ਦਿਤੇ ਜਾਣਗੇ, ਮੈਨੂੰ ਇਸ ਗੱਲ ਦਾ ਅਹਿਸਾਸ ਹੈ, ਪਰ ਇਹ ਗੱਲ ਪਾਠਕਾਂ ਦੀ ਕਚਹਿਰੀ ਵਿਚ ਪੇਸ਼ ਕਰਨਾ ਮੇਰੀ ਇਖਲਾਕੀ ਜਿੰਮੇਵਾਰੀ ਸੀ। ਪੱਤਰਕਾਰੀ ਪਿਛਲੇ ਕਰੀਬ 35 ਸਾਲ ਤੋਂ ਮੇਰਾ ਪੇਸ਼ਾ ਹੈ। ਆਪਣੀ ਨਹੀਂ, ਪਾਠਕਾਂ ਦੀ ਹੀ ਗੱਲ ਕਰਦਾ ਹਾਂ, ਜੋ ਕਹਿੰਦੇ ਹਨ ਕਿ ਪੰਜਾਬ ਟਾਈਮਜ਼ ਮਿਆਰ ਪੱਖੋਂ ਅਮਰੀਕਾ-ਕੈਨੇਡਾ ਦੇ ਸਭ ਪੰਜਾਬੀ ਅਖਬਾਰਾਂ ਵਿਚੋਂ ਅੱਵਲ ਹੈ। ਮੇਰੀ ਪਹੁੰਚ ਪੰਜਾਬੀ ਪਾਠਕਾਂ ਨੂੰ ਇਕ ਚੰਗਾ ਅਖਬਾਰ ਦੇਣਾ ਹੈ। ਮੈਂ ਅਖਬਾਰ ਕੋਈ ਪੈਸੇ ਕਮਾਉਣ ਲਈ ਨਹੀਂ ਕੱਢਦਾ, ਸਗੋਂ ਇਕ ਲਾਇਲਾਜ਼ ਅਤੇ ਬਹੁਤ ਹੀ ਘਾਤਕ ਰੋਗ (ਜਿਸ ਨੇ ਮੇਰਾ ਸਰੀਰ ਨਕਾਰਾ ਕਰ ਛਡਿਆ ਹੈ) ਨਾਲ ਲੜਾਈ ਲੜਦਿਆਂ ਮੇਰੇ ਲਈ ਆਪਣੇ-ਆਪ ਨੂੰ ਚੜ੍ਹਦੀ ਕਲਾ ਵਿਚ ਰਖਣ ਲਈ ਇਹ ਇਕ ਬਹੁਤ ਨਿੱਗਰ ਵਸੀਲਾ ਹੈ। ਅਜਿਹਾ ਕਰਦਿਆਂ ਮੈਂ ਸੱਚ ਪੁਛੋ ਤਾਂ ਆਪਣਾ ਖੂਨ ਬਾਲਦਾ ਹਾਂ। ਕਿਸੇ ਦੀ ਖੂਨ-ਪਸੀਨੇ ਦੀ ਕਮਾਈ ਨੂੰ ਦਬ ਲੈਣਾ ਕਿੰਨਾ ਕੁ ਜਾਇਜ਼ ਹੈ? ਇਹ ਅਸੀਂ ਪਾਠਕਾਂ 'ਤੇ ਛਡਦੇ ਹਾਂ।

*-ਅਮੋਲਕ ਸਿੰਘ ਜੰਮੂ*

## ਸਾਬਕਾ ਕਾਂਗਰਸੀ ਮੰਤਰੀ ਰਮੇਸ਼ ਚੰਦਰ ਡੋਗਰਾ ਦਾ ਦੇਹਾਂਤ

**ਹੁਸ਼ਿਆਰਪੁਰ:** ਕਾਂਗਰਸ ਦੇ ਸਾਬਕਾ ਮੰਤਰੀ ਰਮੇਸ਼ ਚੰਦਰ ਡੋਗਰਾ ਦਾ ਦੇਹਾਂਤ ਹੋ ਗਿਆ। ਉਹ 76 ਵਰ੍ਹਿਆਂ ਦੇ ਸਨ ਅਤੇ ਮਹੀਨੇ ਭਰ ਤੋਂ ਹਸਪਤਾਲ ਵਿਚ ਦਾਖਲ ਸਨ। ਉਨ੍ਹਾਂ ਚਾਰ ਵਾਰ ਦਸੂਹਾ ਵਿਧਾਨ ਸਭਾ ਹਲਕੇ ਦੀ ਪ੍ਰਤੀਨਿਧਤਾ ਕੀਤੀ।

ਸ੍ਰੀ ਡੋਗਰਾ ਪਿੰਡ ਪਲਾਹੜ ਨਾਲ ਸਬੰਧਤ ਸਨ ਪਰ ਹੁਸ਼ਿਆਰਪੁਰ ਸ਼ਹਿਰ ਵਿਚ ਵੀ ਉਨ੍ਹਾਂ ਨੇ ਆਪਣੀ ਰਿਹਾਇਸ਼ ਰੱਖੀ ਹੋਈ ਸੀ। ਉਨ੍ਹਾਂ ਨੇ 1985 ਵਿਚ ਬਤੌਰ ਆਜ਼ਾਦ ਉਮੀਦਵਾਰ ਆਪਣੀ ਪਹਿਲੀ ਚੋਣ ਜਿੱਤੀ ਸੀ। ਪਿੱਛੋਂ ਉਹ ਕਾਂਗਰਸ ਵਿਚ ਸ਼ਾਮਲ ਹੋ ਗਏ ਅਤੇ ਤਿੰਨ ਵਾਰ ਕਾਂਗਰਸ ਦੀ ਟਿਕਟ 'ਤੇ ਵਿਧਾਇਕ ਬਣੇ। 2007 ਅਤੇ 2012 ਵਿਚ ਉਹ ਭਾਜਪਾ ਉਮੀਦਵਾਰ ਅਮਰਜੀਤ ਸਿੰਘ ਸਾਹੀ ਤੋਂ ਹਾਰ ਗਏ ਸਨ।

## ਜਸਪਾਲ ਭੱਟੀ ਤੇ ਹੋਰਾਂ ਨੂੰ ਪਦਮ ਵਿਭੂਸ਼ਣ ਪੁਰਸਕਾਰ

**ਨਵੀਂ ਦਿੱਲੀ:** ਸਵਰਗੀ ਅਦਾਕਾਰ, ਵਿਅੰਗਕਾਰ, ਨਿਰਮਾਤਾ ਤੇ ਨਿਰਦੇਸ਼ਕ ਜਸਪਾਲ ਭੱਟੀ, ਸੁਪਰਸਟਾਰ ਰਾਜੇਸ਼ ਖੰਨਾ, ਸਨਅਤਕਾਰ ਆਦੀ ਗੋਦਰੇਜ, ਓਲੰਪਿਕ ਤਗਮਾ ਜੇਤੂ ਮੇਰੀ ਕੌਮ ਤੇ ਗੀਤਕਾਰ ਨਿਦਾ ਫਾਜ਼ਲੀ ਉਨ੍ਹਾਂ ਸ਼ਖਸੀਅਤਾਂ ਵਿਚ ਸ਼ਾਮਿਲ ਹਨ ਜਿਨ੍ਹਾਂ ਦਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਪਦਮ ਪੁਰਸਕਾਰਾਂ ਨਾਲ ਸਨਮਾਨ ਕੀਤਾ।



*ਜਸਪਾਲ ਭੱਟੀ*



*ਰਾਜੇਸ਼ ਖੰਨਾ*



*ਨਿਦਾ ਫਾਜ਼ਲੀ*

ਰਾਸ਼ਟਰਪਤੀ ਭਵਨ ਵਿਚ ਹੋਏ ਸਮਾਗਮ ਵਿਚ ਸ੍ਰੀ ਮੁਖਰਜੀ ਨੇ ਦੋ ਪਦਮ ਵਿਭੂਸ਼ਣ, 13 ਪਦਮ ਭੂਸ਼ਣ ਤੇ 38 ਪਦਮ ਸ੍ਰੀ ਪੁਰਸਕਾਰ ਦਿੱਤੇ। ਇਸ ਸਮਾਗਮ ਵਿਚ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ, ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਵੀ ਹਾਜ਼ਰ ਸਨ। 13 ਸ਼ਖਸੀਅਤਾਂ ਨੂੰ ਪਦਮ ਭੂਸ਼ਣ ਪੁਰਸਕਾਰਾਂ ਨਾਲ ਨਿਵਾਜਿਆ ਗਿਆ ਜਿਨ੍ਹਾਂ ਵਿਚੋਂ ਦੋ ਸ਼ਖਸੀਅਤਾਂ ਜਸਪਾਲ ਭੱਟੀ ਤੇ ਰਾਜੇਸ਼ ਖੰਨਾ ਨੂੰ ਮਰਨ ਉਪਰੰਤ ਇਹ ਪੁਰਸਕਾਰ ਦਿੱਤਾ ਗਿਆ।

ਪ੍ਰੋਫੈਸਰ ਰੋਡਮ ਨਰਸਿਮ੍ਹਾ ਤੇ ਸ੍ਰੀ ਸਈਦ ਹੈਦਰ ਰਾਜ਼ਾ ਨੂੰ ਪਦਮ ਵਿਭੂਸ਼ਣ ਪੁਰਸਕਾਰਾਂ ਨਾਲ ਨਿਵਾਜਿਆ ਗਿਆ ਜਦਕਿ ਗੀਤਕਾਰ ਨਿਦਾ ਫਾਜ਼ਲੀ ਤੇ ਫੈਸ਼ਨ ਡਿਜ਼ਾਈਨਰ ਰਿਤੂ ਕੁਮਾਰ ਸਮੇਤ 38 ਸ਼ਖਸੀਅਤਾਂ ਨੂੰ ਪਦਮ ਸ੍ਰੀ ਪੁਰਸਕਾਰ ਦਿੱਤੇ ਗਏ। ਇਸ ਤੋਂ ਇਲਾਵਾ ਓਲੰਪਿਕ ਤਗਮਾ ਜੇਤੂ ਯੋਗੇਸ਼ਵਰ ਦੱਤ, ਨਿਸ਼ਾਨੇਬਾਜ਼ ਵਿਜੇ ਕੁਮਾਰ, ਅਦਾਕਾਰ ਨਾਨਾ ਪਾਟੇਕਰ, ਕਲਾਸੀਕਲ ਗਾਇਕ ਉਸਤਾਦ ਅਬਦੁਲ ਰਸ਼ੀਦ ਖਾਨ ਤੇ ਫਿਲਮ ਨਿਰਮਾਤਾ ਰਮੇਸ਼ ਸਿੱਪੀ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਤ ਕੀਤਾ ਗਿਆ।

## ਟੋਰਾਂਟੋ ਸਾਜ਼ਿਸ਼ ਦੇ ਦੋਸ਼ ਵਿਚ ਦੋ ਜਣੇ ਕਾਬੂ

**ਟੋਰਾਂਟੋ:** ਕੈਨੇਡੀਅਨ ਪੁਲਿਸ ਨੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਕੇ ਵੱਡੀ ਦਹਿਸ਼ਤੀ ਸਾਜ਼ਿਸ਼ ਨਾਕਾਮ ਕਰਨ ਦਾ ਦਾਅਵਾ ਕੀਤਾ ਹੈ। ਇਹ ਵਿਅਕਤੀ ਟੋਰਾਂਟੋ ਇਲਾਕੇ ਵਿਚ ਮੁੱਖ ਯਾਤਰੀ ਰੇਲ ਨੂੰ ਆਪਣੇ ਹਮਲੇ ਦਾ ਨਿਸ਼ਾਨਾ ਬਣਾਉਣ ਦੀ ਵਿਉਂਤ ਬਣਾਈ ਬੈਠੇ ਸਨ। ਪੁਲਿਸ ਮੁਤਾਬਕ 30 ਸਾਲਾ ਸ਼ਿਹੇਬ ਇਸੇਗੀਅਰ ਅਤੇ 35 ਸਾਲਾ ਰੀਡ ਜੇਸਰ 'ਤੇ ਅਤਿਵਾਦੀ ਹਮਲੇ ਦੀ ਸਾਜ਼ਿਸ਼ ਘੜਨ ਅਤੇ ਅਨੇਕਾਂ ਲੋਕਾਂ ਦੀਆਂ ਜਾਨਾਂ ਲੈਣ ਦੇ ਕੇਸ ਪਾਏ ਗਏ ਹਨ।


ਮਿਸ਼ੀਗਨ ਵਿਚ ਮਕਾਨ ਵੇਚਣ/ਖਰੀਦਣ ਲਈ ਭਰੋਸੇਯੋਗ ਨਾਂ

ਕਰਨ ਗਿੱਲ



Ph: (734) 612-9984

Either Buying or Selling a Home in Michigan "Always Go with the Winner"

COLDWELL BANKER

44644 Ann Arbor Road Plymouth, MI 48170
Email: KarnGill@Hotmail.com
Website: www.KarnGill.com



AK Photographers & Videographers
414-544-5328, 414-349-7437
email: akphotographers@gmail.com
Specializing in
Weddings, Ring Ceremony, Mehndi, Reception, Birthday Parties, Outdoor Photo shoot & commercial Projects
With 10 years Experience
Live Show of Wedding & Ongoing Party with Projector
Multi Camera Shooting
Online Client Access Room for our Valued customers to view world wide
Professional HD Photo & Cinematography
We Serve Chicago, Milwaukee, Indiana, Michigan, Iowa, New York & all midwest
www.akphotographers.com

# Paradise Insurance Agency

2422 Jolly Rd., Okemos, MI 48864, Ph: 517-347-2424 (off.), Fax: 517-347-1212

## ਵਾਜਬ ਭਾਅ ਉਤੇ ਭਰੋਸੇਮੰਦ ਇੰਸ਼ੋਰੈਂਸ

ਅਸੀਂ ਆਟੋ, ਹੋਮ, ਕਮਰਸ਼ੀਅਲ, ਵਰਕ ਕੌਂਪ, ਲਿੱਕਰ ਲਾਇਬਲਟੀ,
ਮੋਟਲ, ਰੈਸਟੋਰੈਂਟ ਆਦਿ ਹਰ ਤਰ੍ਹਾਂ ਦੀ ਇੰਸ਼ੋਰੈਂਸ ਕਰਦੇ ਹਾਂ







We do Auto, Home, Commercial, Work Comp., Liquor Stores, Gas Stations,
Liquor Liability, Motels, Restaurants, Churches, you name it we got it

**Companies we represent:**

TRAVELERS | Harleysville Good people to know | GUARD INSURANCE GROUP | Safeco Insurance Member of Liberty Mutual Group | STATE AUTO Insurance Companies | The Hartford | DAIRYLAND INSURANCE
Allied Insurance a Nationwide company On Your Side | TOWER GROUP COMPANIES | Encompass Creating protection around you | FOREMOST INSURANCE GROUP | GMAC Insurance | Titan Insurance | MetLife

*Paradise Insurance agency is partner with MAP and SIAA*



ਗੁਰਜਿੰਦਰ ਸਿੰਘ

## ਪੈਰਾਡਾਈਜ਼ ਇੰਸ਼ੋਰੈਂਸ ਏਜੰਸੀ

**Off: 517-347-2424**

**Cell: 517-499-4883**

**Fax: 517-347-1212**

paradiseagency247@yahoo.com, gs2681@yahoo.com

# ਗੁਰੂ ਨਾਨਕ ਸਿੱਖ ਟੈਂਪਲ ਦੀਆਂ ਸੰਗਤਾਂ ਨੇ ਖਾਲਸਾ ਸਿਰਜਣਾ ਦਿਵਸ ਮਨਾਇਆ

**ਰੋਜਰਜ਼, ਅਰਕਨਸਾਸ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਵਿਖੇ ਸੰਗਤਾਂ ਨੇ ਖਾਲਸਾ ਸਿਰਜਣਾ ਦਿਵਸ ਕਰ ਕੇ ਸੰਗਤਾਂ ਨੂੰ ਮੰਤਰ ਮੁਗਧ ਕੀਤਾ। ਨਾਲ ਹੀ ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਘਾਲ ਕਮਾਈ ਅਤੇ ਸ਼ਹਾਦਤਾਂ ਬਾਰੇ ਇਕ ਕਵਿਤਾ ਸੰਗਤਾਂ ਦੀ



ਵਿਸਾਖੀ ਦਾ ਪੁਰਬ ਬੜੀ ਸ਼ਰਧਾ ਨਾਲ ਲੰਘੀ 20 ਅਪਰੈਲ ਨੂੰ ਮਨਾਇਆ ਜਿਸ ਵਿਚ ਦੂਰ-ਦੂਰ ਤੋਂ ਆਈਆਂ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਗੁਰੂਘਰ ਦੇ ਮੁੱਖ ਸੇਵਾਦਾਰ ਭਾਈ ਮਾਨ ਸਿੰਘ ਨੇ ਖਾਲਸੇ ਦੇ ਸਿਰਜਣਾ ਦਿਵਸ ਦੀ ਮਹਾਨਤਾ ਦੀ ਵਿਆਖਿਆ ਕੀਤੀ ਜੋ ਨਵੀਂ ਪੀੜ੍ਹੀ ਲਈ ਬੜਾ ਉਤਸ਼ਾਹਪੂਰਵਕ ਸੁਨੇਹਾ ਸੀ। ਉਨ੍ਹਾਂ ਸੰਗਤਾਂ ਨੂੰ ਦੱਸਿਆ ਕਿ ਖਾਲਸਾ ਸਾਜਣ ਦਾ ਅਮਲ ਤਾਂ ਗੁਰੂ ਨਾਨਕ ਪਾਤਸ਼ਾਹ ਦੇ ਵੇਲਿਆਂ ਤੋਂ ਹੀ ਅਰੰਭ ਹੋ ਗਿਆ ਸੀ ਜਿਸ ਨੂੰ ਅੰਤਿਮ ਰੂਪ ਦਸ਼ਮੇਸ਼ ਪਿਤਾ ਨੇ ਦਿੱਤਾ ਅਤੇ ਇਕ ਇਕ ਸਿੱਖ ਨੂੰ ਸਵਾ ਲੱਖ ਨਾਲ ਲੜਨ ਦੇ ਕਾਬਿਲ ਬਣਾਇਆ।

ਕੈਨਸਸ ਗੁਰੂਘਰ ਦੇ ਸੇਵਾਦਾਰ ਭਾਈ ਬਚਿੱਤਰ ਸਿੰਘ ਦੇ ਜਥੇ ਨੇ ਉਚੇਚੇ ਤੌਰ 'ਤੇ ਪਹੁੰਚ ਕੇ 'ਖਾਲਸਾ ਮੇਰੋ ਰੂਪ ਹੈ ਖਾਸ' ਸ਼ਬਦ ਦਾ ਗਾਇਨ ਨਜ਼ਰ ਕੀਤੀ।

ਦੀਵਾਨ ਦੀ ਸਮਾਪਤੀ ਉਪਰੰਤ ਗੁਰੂਘਰ ਦੇ ਸੇਵਾਦਾਰ ਭਾਈ ਸੁਖਪਾਲ ਸਿੰਘ ਸੰਧੂ ਨੇ ਸੰਗਤਾਂ ਨੂੰ ਖਾਲਸੇ ਦੇ ਸਿਰਜਣਾ ਦਿਵਸ (ਵਿਸਾਖੀ) ਦੀ ਵਧਾਈ ਦਿੰਦਿਆਂ ਸੰਗਤਾਂ ਦਾ ਧੰਨਵਾਦ ਕੀਤਾ। ਨਾਲ ਹੀ ਆਉਣ ਵਾਲੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੰਦਿਆਂ ਸੰਗਤਾਂ ਨੂੰ ਤਨੋ, ਮਨੋ, ਧਨੋ ਸਹਿਯੋਗ ਦੀ ਅਪੀਲ ਕੀਤੀ। ਲੰਗਰ ਦੀ ਸੇਵਾ ਭਾਈ ਸੋਹਣ ਸਿੰਘ ਥਿੰਦ, ਹੁੰਦਲ ਪਰਿਵਾਰ ਅਤੇ ਨੌਜਵਾਨ ਪੀੜ੍ਹੀ ਨੇ ਕੀਤੀ। ਭਾਈ ਬਲਦੇਵ ਸਿੰਘ ਵੜੈਚ, ਸੁੱਖਾ ਸਿੰਘ ਵੜੈਚ, ਜਸਵੰਤ ਸਿੰਘ ਬਰਾੜ, ਲਛਮਣ ਸਿੰਘ ਬਰਾੜ, ਅਵਤਾਰ ਸਿੰਘ ਢੱਟ ਤੇ ਜਸਵਿੰਦਰ ਸਿੰਘ ਸੰਧੂ ਪਰਿਵਾਰਾਂ ਨੇ ਅਖੰਡ ਪਾਠ ਅਤੇ ਐਤਵਾਰ ਦੇ ਸਮਾਗਮ ਲਈ ਹਰ ਲੋੜੀਂਦੀ ਵਸਤੂ ਦਾ ਇੰਤਜ਼ਾਮ ਕੀਤਾ।

ਜ਼ਿਕਰਯੋਗ ਹੈ ਕਿ ਗੁਰੂ ਨਾਨਕ ਸਿੱਖ ਟੈਂਪਲ ਸਾਲ 2002 ਵਿਚ ਸਿਦਕਵਾਨ ਤੇ ਸਿਰੜੀ ਸੇਵਾਦਾਰ ਭਾਈ ਮਨਜੀਤ ਸਿੰਘ ਅਤੇ ਕਮੇਟੀ ਦੇ ਮੈਂਬਰਾਂ ਦੀ ਅਣਥੱਕ ਸੇਵਾ ਅਤੇ ਸੰਗਤ ਦੇ ਸਹਿਯੋਗ ਨਾਲ ਪਿਛਲੇ ਸਾਲ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ। ਗੁਰੂਘਰ ਬਣਾਉਣ ਲਈ ਜਨਵਰੀ 2013 ਵਿਚ ਖੂਬਸੂਰਤ ਇਮਾਰਤ ਤਿਆਰ ਹੋ ਗਈ। 13 ਜਨਵਰੀ ਨੂੰ ਹੀ ਮੈਨੇਜਮੈਂਟ ਕਮੇਟੀ ਅਤੇ ਸੰਗਤ ਦੇ ਉਪਰਾਲੇ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਗੁਰੂਘਰ (1515, ਹਡਸਨ ਰੋਡ, ਰੋਜਰਜ਼, ਅਰਕਨਸਾਸ) ਵਿਖੇ ਹੋਇਆ। ਇਸ ਮੌਕੇ ਬੀਬੀ ਜਸਵੀਰ ਕੌਰ ਮਾਨ ਨੇ ਆਈ ਸੰਗਤ ਅਤੇ ਸੇਵਾਦਾਰ ਨੂੰ ਵਧਾਈ ਦਿੱਤੀ।

ਗੁਰੂ ਨਾਨਕ ਸਿੱਖ ਟੈਂਪਲ ਵਿਖੇ ਹਰ ਰੋਜ਼ ਸੁਬ੍ਹਾ-ਸ਼ਾਮ ਅਤੇ ਐਤਵਾਰ ਨੂੰ ਵਿਸ਼ੇਸ਼ ਦੀਵਾਨ




ਸਜਿਆ ਕਰੇਗਾ। ਵਧੇਰੇ ਜਾਣਕਾਰੀ ਲਈ ਫੋਨ 479-270-1620 ਰਾਹੀਂ ਅਤੇ ਵੈਬਸਾਈਟ www.gnstnwd.org ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਲੈਨਸਿੰਗ ਵਿਚ ਨਗਰ ਕੀਰਤਨ 27 ਨੂੰ

**ਲੈਨਸਿੰਗ, ਮਿਸ਼ੀਗਨ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਨਾਨਕ ਸਿੱਖ ਸੈਂਟਰ, ਲੈਨਸਿੰਗ, ਮਿਸ਼ੀਗਨ ਵਲੋਂ ਮਿਡਵੈਸਟ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਖਾਲਸੇ ਦੇ ਸਿਰਜਣਾ ਦਿਹਾੜੇ ਨੂੰ ਸਮਰਪਿਤ ਮਹਾਨ ਨਗਰ ਕੀਰਤਨ 27 ਅਪਰੈਲ ਨੂੰ ਸਜਾਇਆ ਜਾ ਰਿਹਾ ਹੈ।

ਇਹ ਜਾਣਕਾਰੀ ਦਿੰਦਿਆਂ ਨਗਰ ਕੀਰਤਨ ਦੇ ਇਕ ਪ੍ਰਬੰਧਕ ਸ੍ਰੀ ਲਾਡੀ ਮੁਲਤਾਨੀ ਨੇ ਦੱਸਿਆ ਕਿ ਇਸ ਵਾਰ ਦਾ ਨਗਰ ਕੀਰਤਨ ਸੈਂਡੀ ਹੁਕ ਐਲੀਮੈਂਟਰੀ ਸਕੂਲ, ਗੁਰਦੁਆਰਾ ਓਕ ਕਰੀਕ ਅਤੇ ਕਿਸੇ ਵੀ ਥਾਂ ਨਸਲੀ ਹਿੰਸਾ ਦਾ ਸ਼ਿਕਾਰ ਹੋਏ ਲੋਕਾਂ ਨੂੰ ਸਮਰਪਿਤ ਹੋਵੇਗਾ। ਸਵੇਰੇ ਦੀਵਾਨ ਦੀ ਸਮਾਪਤੀ ਉਪਰੰਤ ਨਗਰ ਕੀਰਤਨ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਨੀ ਵਿਚ ਸਵੇਰੇ ਕਰੀਬ 11 ਵਜੇ ਅਰੰਭ ਹੋਵੇਗਾ ਅਤੇ ਡਿਟਰਾਇਟ ਦੀਆਂ ਵੱਖ ਵੱਖ ਸੜਕਾਂ ਤੋਂ ਹੁੰਦਾ ਹੋਇਆ ਰਿਵਰ ਫਰੰਟ ਪਾਰਕ ਵਿਚ ਸਮਾਪਤ ਹੋਵੇਗਾ।

ਨਗਰ ਕੀਰਤਨ ਤੋਂ ਬਾਅਦ ਇਕ ਵਿਸਾਖੀ ਮੇਲਾ ਵੀ ਹੋਵੇਗਾ ਜਿਸ ਵਿਚ ਗੀਤ-ਸੰਗੀਤ ਤੋਂ ਇਲਾਵਾ ਬੱਚੇ ਗਿੱਧੇ-ਭੰਗੜੇ ਦੀਆਂ ਆਈਟਮਾਂ ਪੇਸ਼ ਕਰਨਗੇ। ਤਾਜ਼ਾ ਜਲੇਬੀਆਂ ਅਤੇ ਪਕੌੜਿਆਂ ਦਾ ਲੰਗਰ ਵੀ ਹਾਜ਼ਰ ਹੋਵੇਗਾ। ਸ੍ਰੀ ਲਾਡੀ ਮੁਲਤਾਨੀ ਨੇ ਸੰਗਤ ਨੂੰ ਬੇਨਤੀ ਕੀਤੀ ਕਿ ਮੌਸਮ ਅਨੁਸਾਰ ਗਰਮ ਕੱਪੜੇ ਜ਼ਰੂਰ ਆਪਣੇ ਨਾਲ ਲੈ ਕੇ ਆਉਣ ਤਾਂ ਜੋ ਠੰਡ ਹੋਣ ਦੀ ਸੂਰਤ ਵਿਚ ਉਨ੍ਹਾਂ ਨੂੰ ਕੋਈ ਮੁਸ਼ਕਲ ਨਾ ਆਵੇ। ਪ੍ਰਬੰਧਕਾਂ ਨੇ ਸਮੂਹ ਸੰਗਤ ਨੂੰ ਇਸ ਨਗਰ ਕੀਰਤਨ ਵਿਚ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰਨ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਲਈ ਕਮੇਟੀ ਦੇ ਪ੍ਰਧਾਨ ਸ. ਕੁਲਦੀਪ ਸਿੰਘ ਫੋਨ 517-402-4910 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


Radio Chann Pardesi
ਰੇਡੀਓ ਚੰਨ ਪ੍ਰਦੇਸੀ

ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ
www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991
ਸਰਵਣ ਸਿੰਘ ਟਿਵਾਣਾ, ਫੋਨ:219-670-4579



**Clay Oven**

We Cater!
For all occasions
Up to 10,000 people
All live cooking on the spot.

Lunch Buffet
11am-3pm
$7.95

Dinner
20% off

Call KK Pamma for packages today
Ph: 847-219-7432
855 East Schaumburg Rd., Schaumburg, IL 60194
Ph: 847-524-3007



**OKKJI Transfer LLC.**
15238 Radiance Dr., Noblesville, IN, 46060

ਓਨਰ ਅਪਰੇਟਰ ਚਾਹੀਦੇ ਹਨ

*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ



ਸੰਪਰਕ ਕਰੋ:
Toll Free: 1-855-966-5554
Manny Sandhu: 317-603-1000, Sam Bhullar: 732-486-9045
Fax: 317-774-9665









ਐਸ ਅਸ਼ੋਕ ਭੌਰਾ ਦੀ ਪੁਸਤਕ
'ਗੱਲੀਂਬਾਤੀਂ' ਅਤੇ ਨਵੀਂ ਪੁਸਤਕ 'ਨੈਣ-ਨਕਸ਼'
ਲੈਣ ਲਈ ਸੰਪਰਕ ਕਰੋ
ਫੋਨ: 510-695-4836
510-512-3401, 847-359-0746





# ਅਮਰ ਕਾਰਪੈਟਸ

## ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ



ਅਮਰੀਕ ਸਿੰਘ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਵੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ

## ਹਾਰਡਵੁੱਡ ਫਲੋਰ, ਕਿਚਨ ਕੈਬਨਿਟ ਹਰ ਤਰ੍ਹਾਂ ਦੇ ਫਲੋਰ ਉਪਲਬਧ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

**Same day service in Chicago and suburbs**

# Amar Carpets Inc

ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

**Ph: 773-508-5253,773-507-8043, Fax: 773-508-5249**



# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

ਸਸਤੀਆਂ ਦਰਾਂ-ਇਕ ਵਾਰ ਦਾ ਕਮਿਸ਼ਨ-ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



## ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No minimums

# Call Paul at 1-800-705-3863

**Transportation Funding Group, Inc.**

Minneapolis , MN 55426



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

## National Truck Driving School

## ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**

ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



## Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

**1816 Main Ave., Secramento CA, 95838**



# ਗੁਰਪਤਵੰਤ ਸਿੰਘ ਪੰਨੂੰ

## ਅਟਾਰਨੀ ਐਟ ਲਾਅ



ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

## ਕੀ ਤੁਸੀਂ ਡੀਪੋਰਟ ਹੋ ਰਹੇ ਹੋ? ਜਾਂ ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ?

ਤੁਹਾਡੀ ਸੇਵਾ ਵਿਚ ਹਾਜ਼ਰ ਅਟਾਰਨੀ ਪੰਨੂੰ

# ਇੰਮੀਗ੍ਰੇਸ਼ਨ ਅਤੇ ਡੀਪੋਰਟੇਸ਼ਨ ਡਿਫੈਂਸ

- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ (10 ਸਾਲਾ ਰਿਹਾਇਸ਼ੀ ਕੇਸ)
- ਡੀਪੋਰਟੇਸ਼ਨ ਦੇ ਕੇਸ ਖੋਲ੍ਹਣ ਲਈ ਮੋਸ਼ਨ

## ਮੁਫਤ ਕਾਨੂੰਨੀ ਸਲਾਹ ਲਈ ਸੰਪਰਕ ਕਰੋ

| NEW YORK | CALIFORNIA |
| --- | --- |
| T 718.672.8000 | T 510.796.9000 |
| 75-20 ASTORIA BLVD, SUITE 170<br>JACKSON HEIGHTS, NEW YORK 11370 | 39180 LIBERTY STREET, SUITE 118<br>FREEMONT. CA 94538 |

* ADMITTED IN THE STATE OF NEW YORK ONLY

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਾਦਲ ਸਰਕਾਰ ਨੂੰ 'ਸਾਡਾ ਹੱਕ' ਉਤੇ ਸ਼ੱਕ

**ਨਵੀਂ ਦਿੱਲੀ:** ਪੰਜਾਬ ਸਰਕਾਰ ਨੇ ਸੁਪਰੀਮ ਕੋਰਟ 'ਚ ਹਲਫਨਾਮਾ ਦਾਇਰ ਕਰ ਕੇ ਕਿਹਾ ਹੈ ਕਿ ਅਤਿਵਾਦ ਦੇ ਦੌਰ ਬਾਰੇ ਬਣੀ ਪੰਜਾਬੀ ਫਿਲਮ 'ਸਾਡਾ ਹੱਕ' ਦੇ ਪ੍ਰਦਰਸ਼ਨ ਨਾਲ ਸੂਬੇ 'ਚ ਅਮਨ-ਸ਼ਾਂਤੀ ਅਤੇ ਇਕਸੁਰਤਾ ਭੰਗ ਹੋਵੇਗੀ ਤੇ ਇਸ ਨਾਲ ਕਾਨੂੰਨੀ ਬੰਦੋਬਸਤ ਲਈ ਮੁਸ਼ਕਿਲ ਖੜ੍ਹੀ ਹੋ ਜਾਏਗੀ। ਐਡੀਸ਼ਨਲ ਐਡਵੋਕੇਟ ਜਨਰਲ ਅਜੇ ਬਾਂਸਲ ਰਾਹੀਂ ਦਾਇਰ ਹਲਫਨਾਮੇ 'ਚ ਰਾਜ ਸਰਕਾਰ ਨੇ ਕਿਹਾ ਹੈ ਕਿ ਇਸ ਫਿਲਮ 'ਤੇ ਪਾਬੰਦੀ ਇਸ ਨੂੰ ਦੇਖਣ ਵਾਲੀ ਤਿੰਨ ਮੈਂਬਰੀ ਕਮੇਟੀ ਦੀਆਂ ਸਿਫਾਰਸ਼ਾਂ 'ਤੇ ਲਾਈ ਗਈ ਸੀ। ਕਮੇਟੀ 'ਚ ਮੁੱਖ ਮੰਤਰੀ ਦੇ ਚੀਫ ਪ੍ਰਿੰਸੀਪਲ ਸੈਕਟਰੀ, ਪ੍ਰਿੰਸੀਪਲ ਸੈਕਟਰੀ (ਗ੍ਰਹਿ ਤੇ ਨਿਆਂ) ਤੇ ਮੁੱਖ ਸਕੱਤਰ ਸ਼ਾਮਲ ਸਨ।

ਰਾਜ ਸਰਕਾਰ ਨੇ ਇਹ ਹਲਫਨਾਮਾ, ਸੁਪਰੀਮ ਕੋਰਟ ਵੱਲੋਂ 11 ਅਪਰੈਲ ਨੂੰ ਫਿਲਮ ਦੇ ਨਿਰਮਾਤਾ ਵਾਈਟਲ ਮੀਡੀਆ ਵੱਲੋਂ ਪਾਈ ਪਟੀਸ਼ਨ 'ਤੇ ਸੁਣਵਾਈ ਦੌਰਾਨ ਜਾ ਰਹੀ ਕੀਤੇ ਨੋਟਿਸ 'ਤੇ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਸ਼ਿਵ ਸੈਨਾ ਦੇ ਦੋ ਕਾਰਕੁਨਾਂ ਨੇ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ 'ਚ ਪਹੁੰਚ ਕਰ ਕੇ ਫਿਲਮ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਸੀ।



ਪੰਜਾਬ ਸਰਕਾਰ ਵੱਲੋਂ ਦਲੀਲ ਦਿੱਤੀ ਗਈ ਹੈ ਕਿ ਫਿਲਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਾਤਲਾਂ ਨੂੰ ਖਾੜਕੂ ਲਹਿਰ ਦੇ ਨਾਇਕਾਂ ਵਜੋਂ ਪੇਸ਼ ਕਰਦੀ ਹੈ। ਚੀਫ ਜਸਟਿਸ ਅਲਤਮਸ ਕਬੀਰ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਪੰਜਾਬ, ਦਿੱਲੀ ਤੇ ਚੰਡੀਗੜ੍ਹ ਨੂੰ ਇਹ ਸਪਸ਼ਟ ਰੂਪ 'ਚ ਦੱਸਣ ਲਈ ਕਿਹਾ ਸੀ ਕਿ ਕੇਂਦਰੀ ਸੈਂਸਰ ਬੋਰਡ ਵੱਲੋਂ ਇਸ ਫਿਲਮ ਨੂੰ 'ਯੂ' ਸਰਟੀਫਿਕੇਟ ਦਿੱਤੇ ਜਾਣ ਦੇ ਬਾਵਜੂਦ ਇਸ 'ਤੇ ਪਾਬੰਦੀ ਕਿਉਂ ਲਾਈ ਹੈ। ਬੋਰਡ ਦੇ 'ਯੂ' ਸਰਟੀਫਿਕੇਟ ਦਾ ਮਤਲਬ ਇਹ ਹੈ ਕਿ ਇਸ ਫਿਲਮ ਨੂੰ ਸਾਰੇ ਉਮਰ ਵਰਗਾਂ ਦੇ ਲੋਕ ਦੇਖ ਸਕਦੇ ਹਨ।

## ਕੀਤੂ ਕਤਲ ਕੇਸ: ਮੁੱਖ ਮੁਲਜ਼ਮ ਗ੍ਰਿਫਤਾਰ

**ਬਰਨਾਲਾ:** ਹਲਕਾ ਬਰਨਾਲਾ ਦੇ ਸਾਬਕਾ ਅਕਾਲੀ ਵਿਧਾਇਕ ਮਲਕੀਤ ਸਿੰਘ ਕੀਤੂ ਦੇ ਕਤਲ ਕੇਸ ਦੇ ਮੁੱਖ ਮੁਲਜ਼ਮ ਜਸਪ੍ਰੀਤ ਸਿੰਘ ਜੱਸਾ ਨੂੰ ਪੁਲਿਸ ਨੇ ਚੰਡੀਗੜ੍ਹ ਨੇੜਿਓਂ ਡੇਰਾ ਬੱਸੀ ਦੇ ਇਲਾਕੇ ਵਿਚੋਂ ਇੱਕ ਹੋਰ ਸਾਥੀ ਸਮੇਤ ਕਾਬੂ ਕਰ ਲਿਆ। ਜੱਸਾ, ਕੀਤੂ ਦਾ ਭਤੀਜਾ ਹੈ। ਉਸ ਪਾਸੋਂ ਪਿਸਤੌਲ ਤੇ ਵਰਨਾ ਗੱਡੀ ਵੀ ਬਰਾਮਦ ਕੀਤੀ ਗਈ ਹੈ। ਉਸ ਖਿਲਾਫ ਜ਼ਿਲ੍ਹਾ ਬਰਨਾਲਾ ਦੇ ਥਾਣਾ ਮਹਿਲ ਕਲਾਂ ਤੇ ਰੂੜੇਕੇ ਕਲਾਂ ਵਿਚ ਵੀ ਕੇਸ ਦਰਜ ਸਨ।



*ਮਲਕੀਤ ਸਿੰਘ ਕੀਤੂ*

ਬਰਨਾਲਾ ਦੇ ਐਸ.ਐਸ.ਪੀ. ਸਨੇਹਦੀਪ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹੇ ਦੇ ਥਾਣਾ ਮਹਿਲ ਕਲਾਂ ਵਿਖੇ ਜਸਪ੍ਰੀਤ ਸਿੰਘ ਜੱਸਾ ਵਾਸੀ ਬਿਲਾਸਪੁਰ (ਮੋਗਾ) ਖਿਲਾਫ ਥਾਣਾ ਰੂੜੇਕੇ ਵਿਖੇ ਆਰਮਜ਼ ਐਕਟ ਤਹਿਤ ਕੇਸ ਦਰਜ ਹੈ। ਹੁਣ ਪੁਲਿਸ ਨੂੰ ਇਸ ਮੁਲਜ਼ਮ ਦੇ ਡੇਰਾ ਬਸੀ (ਜ਼ਿਲ੍ਹਾ ਮੁਹਾਲੀ) ਖੇਤਰ 'ਚ ਹੋਣ ਦੀ ਸੂਚਨਾ ਮਿਲੀ ਸੀ। ਮਿਲੀ ਸੂਹ ਮੁਤਾਬਕ ਥਾਣਾ ਡੇਰਾ ਬੱਸੀ ਦੇ ਪਿੰਡ ਸੁੰਦਰਾਂ-ਨਿੰਬੂਆਂ ਵਿਚਕਾਰ ਪੁਲਿਸ ਦੀ ਟੀਮ ਨੇ ਨਾਕਾਬੰਦੀ ਕਰ ਕੇ ਵਰਨਾ ਕਾਰ ਰੋਕੀ ਤਾਂ ਕਾਰ 'ਚ ਸਵਾਰ ਦੋ ਨੌਜਵਾਨਾਂ ਨੇ ਪੁਲੀਸ ਪਾਰਟੀ 'ਤੇ ਫਾਇਰਿੰਗ ਕਰ ਦਿੱਤੀ ਜਿਸ ਦੌਰਾਨ ਪੁਲਿਸ ਪਾਰਟੀ ਨੇ ਵੀ ਜਵਾਬੀ ਕਾਰਵਾਈ ਕੀਤੀ। ਫਾਇਰਿੰਗ 'ਚ ਇੱਕ ਵਿਅਕਤੀ ਦੇ ਲੱਤ ਵਿੱਚ ਗੋਲੀ ਵੱਜੀ ਜਿਸ ਦੀ ਪਛਾਣ ਰਛਪਾਲ ਸਿੰਘ ਵਜੋਂ ਹੋਈ। ਦੂਜੇ ਨੌਜਵਾਨ ਨੇ ਜਦੋਂ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਪੁਲੀਸ ਪਾਰਟੀ ਨੇ ਉਸ ਨੂੰ ਕਾਬੂ ਕਰ ਲਿਆ ਜਿਸ ਦੀ ਪਛਾਣ ਜਸਪ੍ਰੀਤ ਸਿੰਘ ਜੱਸਾ ਵਜੋਂ ਹੋਈ ਹੈ।

ਰਛਪਾਲ ਸਿੰਘ ਨੂੰ ਪਹਿਲਾਂ ਡੇਰਾਬੱਸੀ ਸਿਵਲ ਹਸਪਤਾਲ ਅਤੇ ਫਿਰ ਚੰਡੀਗੜ੍ਹ ਦੇ ਸੈਕਟਰ-32 ਦੇ ਸਰਕਾਰੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ।

## ਕੈਗ ਨੇ ਮਨਰੇਗਾ ਸਕੀਮ ਦੀਆਂ ਬੇਨੇਮੀਆਂ ਜੱਗ-ਜ਼ਾਹਿਰ ਕੀਤੀਆਂ

**ਨਵੀਂ ਦਿੱਲੀ:** ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਨੇ ਮਨਰੇਗਾ ਸਕੀਮ ਲਾਗੂ ਕਰਨ ਵਿਚ ਹੋਈਆਂ ਬੇਨਿਯਮੀਆਂ 'ਤੇ ਸਰਕਾਰ ਦੀ ਖਿਚਾਈ ਕੀਤੀ ਹੈ। ਕੈਗ ਨੇ ਕਿਹਾ ਹੈ ਕਿ ਇਸ ਸਕੀਮ ਤਹਿਤ 2,252 ਕਰੋੜ ਰੁਪਏ ਦੇ ਫੰਡ ਜਾਂ ਤਾਂ ਕਿਸੇ ਹੋਰ ਕੰਮ ਉਪਰ ਖਰਚ ਦਿੱਤੇ ਗਏ ਜਾਂ ਅਜਿਹੇ ਕੰਮਾਂ 'ਤੇ ਖਰਚ ਦਿੱਤੇ ਗਏ ਜਿਹੜੇ ਮਨਰੇਗਾ ਤਹਿਤ ਨਹੀਂ ਸਨ। ਸੰਸਦ ਵਿਚ ਪੇਸ਼ ਕੀਤੀ ਗਈ ਰਿਪੋਰਟ ਅਨੁਸਾਰ 2006 ਵਿਚ ਪੇਂਡੂ ਵਿਕਾਸ ਮੰਤਰਾਲੇ ਵੱਲੋਂ 4070 ਕਰੋੜ ਰੁਪਏ ਦੇ ਇਕ ਤੋਂ 5 ਸਾਲ ਪਹਿਲਾਂ ਸ਼ੁਰੂ ਕੀਤੇ ਗਏ ਕੰਮਾਂ ਵਿਚੋਂ ਬਹੁਤੇ ਹਾਲੇ ਵੀ ਅਧੂਰੇ ਹਨ।

ਰਿਪੋਰਟ ਮੁਤਾਬਕ ਮਨਰੇਗਾ ਰੁਜ਼ਗਾਰ ਪੈਦਾ ਕਰਨ ਦੇ ਆਪਣੇ ਮੁੱਖ ਉਦੇਸ਼ ਤੋਂ ਵੀ ਥਿੜਕ ਗਈ ਹੈ। 2009-10 ਦੌਰਾਨ ਜਿੱਥੇ 283.59 ਲੋਕਾਂ ਲਈ ਰੁਜ਼ਗਾਰ ਪੈਦਾ ਹੋਇਆ, ਉੱਥੇ ਇਹ 2011-12 ਵਿਚ ਘਟ ਕੇ 216.32 ਕਰੋੜ ਰਹਿ ਗਏ। ਇਸੇ ਸਾਲ 2011-12 ਵਿਚ ਕੰਮ ਪੂਰੇ ਹੋਣ ਦੀ ਫੀਸਦ ਵਿਚ ਵੀ ਗਿਰਾਵਟ ਆਈ ਹੈ। ਰਿਪੋਰਟ ਅਨੁਸਾਰ ਮਨਰੇਗਾ ਤਹਿਤ ਮੰਤਰਾਲੇ ਵੱਲੋਂ ਫੰਡ ਮਨਜ਼ੂਰ ਤੇ ਜਾਰੀ ਕਰਨ ਦੇ ਮਾਮਲੇ ਵਿਚ ਬੜੀ ਲਾਪ੍ਰਵਾਹੀ ਵਰਤੀ ਗਈ ਹੈ।

ਪੇਂਡੂ ਵਿਕਾਸ ਮੰਤਰੀ ਜੈਰਾਮ ਰਮੇਸ਼ ਨੇ ਕੈਗ ਦੀ ਰਿਪੋਰਟ ਬਾਰੇ ਕਿਹਾ ਕਿ ਕਈ ਸੂਬਿਆਂ ਵਿਚ ਬੇਨੇਮੀਆਂ ਹੋਈਆਂ ਹਨ ਅਤੇ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਵੀ ਮਿਲੀਆਂ ਹਨ। ਉਨ੍ਹਾਂ ਅਫਸੋਸ ਕੀਤਾ ਕਿ ਉੱਤਰ ਪ੍ਰਦੇਸ਼, ਬਿਹਾਰ, ਉੜੀਸਾ ਤੇ ਝਾਰਖੰਡ ਵਿਚ ਮਨਰੇਗਾ ਸਕੀਮ ਦੇ ਚੰਗੇ ਨਤੀਜੇ ਸਾਹਮਣੇ ਨਹੀਂ ਆਏ ਹਨ। ਦੇਸ਼ ਦੀ 50 ਫੀਸਦੀ ਗਰੀਬੀ ਇਨ੍ਹਾਂ ਚਾਰ ਸੂਬਿਆਂ ਵਿਚ ਹੈ ਪਰ ਇਨ੍ਹਾਂ ਸੂਬਿਆਂ ਵਿਚ ਮਨਰੇਗਾ ਸਕੀਮ ਸਹੀ ਢੰਗ ਨਾਲ ਚਲਾਈ ਨਹੀਂ ਗਈ।

## ਪੰਜਾਬ ਕਾਂਗਰਸ ਪੰਚਾਇਤੀ ਚੋਣਾਂ ਪਾਰਟੀ ਚੋਣ ਨਿਸ਼ਾਨ 'ਤੇ ਲੜੇਗੀ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਹੰਗਾਮੀ ਮੀਟਿੰਗ ਦੌਰਾਨ ਬਲਾਕ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਪਾਰਟੀ ਦੇ ਚੋਣ ਨਿਸ਼ਾਨ 'ਤੇ ਲੜਨ ਦਾ ਫੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਅਕਾਲੀ ਦਲ-ਭਾਜਪਾ ਸਰਕਾਰ ਨੂੰ ਵੱਖ-ਵੱਖ ਮੁੱਦਿਆਂ ਉਪਰ ਘੇਰਨ ਤੇ ਮਨਮਾਨੇ ਢੰਗ ਨਾਲ ਵਾਰਡਬੰਦੀਆਂ ਕਰਨ 'ਤੇ ਪੰਚਾਇਤਾਂ, ਬਲਾਕ ਸਮਿਤੀਆਂ ਤੇ ਜ਼ਿਲ੍ਹਾ ਪ੍ਰੀਸ਼ਦ ਚੋਣ ਪ੍ਰਕ੍ਰਿਆ ਵਿਚ ਕੀਤੀਆਂ ਜਾ ਰਹੀਆਂ ਬੇਨਿਯਮੀਆਂ ਦੇ ਮੁੱਦਿਆਂ ਖਿਲਾਫ ਲੜਾਈ ਜਾਰੀ ਰੱਖਣ ਦਾ ਫੈਸਲਾ ਵੀ ਕੀਤਾ ਗਿਆ।

ਇਹ ਮੀਟਿੰਗ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਹੋਈ। ਇਸ ਵਿਚ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਸਮੇਤ ਪੰਜਾਬ ਕਾਂਗਰਸ ਦੇ ਮੌਜੂਦਾ ਤੇ ਸਾਬਕਾ ਵਿਧਾਇਕ, ਜ਼ਿਲ੍ਹਾ ਪ੍ਰਧਾਨ ਅਤੇ ਪਾਰਟੀ ਦੇ ਸੀਨੀਅਰ ਆਗੂ ਸ਼ਾਮਲ ਹੋਏ। ਵਰਨਣਯੋਗ ਹੈ ਕਿ ਪੰਜਾਬ ਕਾਂਗਰਸ ਦੀ ਅਜਿਹੀ ਵੱਡੀ ਮੀਟਿੰਗ ਲੰਮੇ ਸਮੇਂ ਬਾਅਦ ਹੋਈ ਹੈ। ਇਸ ਮੌਕੇ ਵਿਚਾਰ ਕੀਤਾ ਗਿਆ ਕਿ ਪਾਰਟੀ ਇਹ ਚੋਣਾਂ ਬਹੁਮਤ ਨਾਲ ਜਿੱਤਣ ਦੇ ਇਰਾਦੇ ਨਾਲ ਲੜੇਗੀ ਅਤੇ ਇਸ ਵਾਰ ਅਕਾਲੀ ਦਲ-ਭਾਜਪਾ ਗੱਠਜੋੜ ਸਰਕਾਰ ਨੂੰ ਚੋਣਾਂ ਹਾਈਜੈਕ ਕਰਨ ਦੀ ਇਜਾਜ਼ਤ ਨਹੀਂ ਦੇਵੇਗੀ।

ਸ੍ਰੀ ਬਾਜਵਾ ਨੇ ਸੂਬਾਈ ਲੀਡਰਸ਼ਿਪ ਨੂੰ ਦੱਸਿਆ ਕਿ ਉਨ੍ਹਾਂ ਨੇ ਪਾਰਟੀ ਹਾਈ ਕਮਾਂਡ ਨੂੰ ਪੰਜਾਬ ਦੀ ਸਥਿਤੀ ਬਾਰੇ ਜਾਣੂ ਕਰਵਾ ਦਿੱਤਾ ਹੈ ਅਤੇ ਦਿੱਲੀ ਵਿਖੇ ਕਾਂਗਰਸ ਦੇ ਸੰਸਦ ਮੈਂਬਰਾਂ ਨਾਲ ਵੀ ਮੀਟਿੰਗ ਕਰ ਕੇ ਉਨ੍ਹਾਂ ਕੋਲੋਂ ਬਲਾਕ ਸਮਿਤੀਆਂ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਪਾਰਟੀ ਦੇ ਚੋਣ ਨਿਸ਼ਾਨ 'ਤੇ ਲੜਨ ਦੀ ਸਹਿਮਤੀ ਲੈ ਲਈ ਹੈ।

## ਸੁਖਬੀਰ ਭਾਰਤ ਦੀਆਂ ਸੌ ਅਹਿਮ ਹਸਤੀਆਂ 'ਚ ਸ਼ੁਮਾਰ

ਕੇ ਉਸ ਦਾ ਨਾਂ ਅਜਿਹੀਆਂ ਸੂਚੀਆਂ ਵਿਚ ਆ ਰਿਹਾ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦਾ ਕਹਿਣਾ ਸੀ ਕਿ ਪ੍ਰਕਾਸ਼ ਸਿੰਘ ਬਾਦਲ ਨੇ ਉਸ ਨੂੰ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਦਾ ਪ੍ਰਧਾਨ ਤਾਂ ਪਹਿਲਾਂ ਹੀ ਬਣਾ ਦਿੱਤਾ ਸੀ, ਕੋਈ ਹੈਰਾਨੀ ਨਹੀਂ ਕਿ ਕਿਸੇ ਦਿਨ ਉਸ ਨੂੰ ਚੁੱਪ-ਚੁਪੀਤੇ ਮੁੱਖ ਮੰਤਰੀ ਦੀ ਗੱਦੀ ਉਤੇ ਬਿਠਾ ਦਿੱਤਾ ਜਾਵੇ।

ਵਿਚਾਰਨ ਵਾਲਾ ਮੁੱਦਾ ਇਹ ਹੈ ਕਿ ਸੁਖਬੀਰ ਨੇ ਹੁਣ ਤੱਕ ਸੂਬੇ ਲਈ ਤਾਂ ਕੁਝ ਨਹੀਂ ਕੀਤਾ ਹੈ, ਪਰ ਆਪਣਾ ਨਿੱਜੀ ਕਾਰੋਬਾਰ ਵਧਾਉਣ ਲਈ ਅਹੁਦੇ ਦੀ ਵਰਤੋਂ ਉਹ ਰੱਜ ਕੇ ਕਰ ਰਿਹਾ ਹੈ। ਪਿਛਲੇ ਪੰਜ-ਸੱਤ ਸਾਲਾਂ ਦੌਰਾਨ ਬਾਦਲ ਪਰਿਵਾਰ ਦੀ ਆਮਦਨ ਵਿਚ ਕਈ ਗੁਣਾ ਵਾਧਾ ਹੋਇਆ ਹੈ।

## ਪੰਜ ਸਾਲਾ ਬੱਚੀ ਨਾਲ ਜਬਰ ਜਨਾਹ

*(ਸਫਾ ਇਕ ਦੀ ਬਾਕੀ)*

ਰਹੇ ਹਨ। ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸੜਕਾਂ ਉਤੇ ਆ ਜਾਂਦੇ ਹਨ ਅਤੇ ਵਿਖਾਵੇ ਕਰਦੇ ਹਨ। ਔਰਤਾਂ ਦੇ ਸੰਗਠਨਾਂ ਨੇ ਦਿੱਲੀ ਦੇ ਪੁਲਿਸ ਕਮਿਸ਼ਨਰ ਨੀਰਜ ਕੁਮਾਰ ਅਤੇ ਦੋ ਹੋਰ ਅਧਿਕਾਰੀਆਂ ਨੂੰ ਹਟਾਉਣ ਦੀ ਮੰਗ ਲੈ ਕੇ ਸੰਸਦ ਵੱਲ ਮਾਰਚ ਕੀਤਾ। ਉਧਰ ਪੁਲੀਸ ਕਮਿਸ਼ਨਰ ਨੀਰਜ ਕੁਮਾਰ ਨੇ ਅਸਤੀਫਾ ਦੇਣ ਤੋਂ ਇਨਕਾਰ ਕਰ ਦਿੱਤਾ ਪਰ ਨਾਲ ਹੀ ਕਿਹਾ ਕਿ ਦਿੱਲਮੱਠ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਵਿਰੁਧ ਮਿਸਾਲੀ ਕਾਰਵਾਈ ਕੀਤੀ ਜਾਏਗੀ।

**ਏ ਸੀ ਪੀ ਮੁਅੱਤਲ:** ਪੰਜ ਸਾਲਾ ਬੱਚੀ ਨਾਲ ਵਾਪਰੀ ਬਲਾਤਕਾਰ ਦੀ ਘਟਨਾ ਨੇ ਦੇਸ਼ ਭਰ ਵਿਚਲੇ ਪੁਲੀਸ ਨਿਜ਼ਾਮ ਦੀ 'ਅਸੰਵੇਦਨਸ਼ੀਲਤਾ' ਨੂੰ ਇਕ ਵਾਰੀ ਫੇਰ ਜੱਗ-ਜ਼ਾਹਰ ਕਰ ਦਿੱਤਾ। ਇਕ ਪਾਸੇ ਜਿੱਥੇ ਇਕ ਅਸਿਸਟੈਂਟ ਪੁਲੀਸ ਕਮਿਸ਼ਨਰ ਨੇ ਇਸ ਘਟਨਾ ਖ਼ਿਲਾਫ਼ ਮੁਜ਼ਾਹਰਾ ਕਰ ਰਹੀ ਇਕ ਲੜਕੀ ਨੂੰ ਥੱਪੜ ਮਾਰੇ, ਉਥੇ ਬਲਾਤਕਾਰ ਦੀ ਸ਼ਿਕਾਰ ਬੱਚੀ ਦੇ ਵਾਰਸਾਂ ਨੇ ਵੀ ਪੁਲੀਸ ਉਤੇ ਕਈ ਗੰਭੀਰ ਦੋਸ਼ ਲਾਏ ਹਨ।

ਸਵਾਮੀ ਦਿਆਨੰਦ ਹਸਪਤਾਲ ਵਿਚ ਮੁਜ਼ਾਹਰਾ ਕਰ ਰਹੀ ਇਕ ਲੜਕੀ ਨੂੰ ਪੁਲੀਸ ਦੇ ਸਹਾਇਕ ਕਮਿਸ਼ਨਰ ਬੀ.ਐਸ. ਅਹਿਲਾਵਤ ਨੇ ਘੱਟੋ-ਘੱਟ ਚਾਰ ਥੱਪੜ ਮਾਰੇ, ਜਿਸ ਕਾਰਨ ਕੁੜੀ ਦੇ ਕੰਨ ਵਿੱਚੋਂ ਲਹੂ ਨਿਕਲ ਆਇਆ। ਪੁਲੀਸ ਕਮਿਸ਼ਨਰ ਨੀਰਜ ਕੁਮਾਰ ਨੇ ਅਹਿਲਾਵਤ ਨੂੰ ਤੁਰੰਤ ਮੁਅੱਤਲ ਕਰ ਦਿੱਤਾ। ਬੱਚੀ ਦੇ ਵਾਰਸਾਂ ਨੇ ਦੋਸ਼ ਲਾਇਆ ਹੈ ਕਿ ਪੁਲੀਸ ਨੇ ਕੇਸ ਰਫ਼ਾ-ਦਫ਼ਾ ਕਰਨ ਲਈ ਉਨ੍ਹਾਂ ਨੂੰ 2000 ਰੁਪਏ ਰਿਸ਼ਵਤ ਦੇਣ ਦੀ ਕੋਸ਼ਿਸ਼ ਵੀ ਕੀਤੀ ਤੇ ਕਿਹਾ ਕਿ ਸ਼ੁਕਰ ਮਨਾਉਣ ਕਿ ਬੱਚੀ ਬਚ ਗਈ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

## Matrimonials

### ਵਰ ਦੀ ਲੋੜ ਹੈ

ਰਾਮਗੜ੍ਹੀਆ ਸਿੱਖ ਬੀ ਏ ਪਾਸ ਅਮਰੀਕਾ ਵਿਚ ਜੌਬ ਕਰਦੀ ਲੜਕੀ, 30, 5'-2" ਲਈ ਅਮਰੀਕੀ ਗਰੀਨ ਕਾਰਡ ਹੋਲਡਰ/ਸਿਟੀਜ਼ਨ, ਨਸ਼ਿਆਂ ਤੋਂ ਰਹਿਤ ਲੜਕੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 347-653-5790,ਈਮੇਲ: prince.kular@yahoo.com

*-16.4*

U.S citizen boy sought for Ramdasia Sikh girl 25 , 5' -3" smart looking Physical Therapist living in Punjab. Whole family is in the U.S. Send bio-data/ photograph to jasdev13@gmail.com or call: 630-379-8202 *-16.4*

ਇੰਡੀਆ ਰਹਿੰਦੀ ਜੱਟ ਸਿੱਖ, 25 ਸਾਲ, ਕੱਦ 5'-4", ਬੀ ਐਸ ਸੀ ਨਰਸਿੰਗ ਲੜਕੀ ਲਈ ਢੁਕਵੇਂ ਅਮਰੀਕੀ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦੀ ਮਾਸੀ ਅਮਰੀਕਾ ਵਿਚ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ ਕਰੋ, ਫੋਨ 530-227-4566

### ਕੰਨਿਆ ਦੀ ਲੋੜ ਹੈ

US/Canadian citizen girl sought for Jatt Sikh Sandhu, computer engineer, non drinking, vegetarian boy 23, 5'-9", on visitor visa. Cont: 775-378-6005, Email: sandhu9090@gmail.com

ਜੱਟ ਸਿੱਖ ਸਮਰਾ ਸੁੰਦਰ ਵੈਸ਼ਨੂੰ, 28, 5'-9", +2, ਕੈਲੀਫੋਰਨੀਆ 'ਚ ਵਰਕ ਪਰਮਿਟ 'ਤੇ ਕੰਮ ਕਰਦੇ ਲੜਕੇ ਲਈ ਸੁਨੱਖੀ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦਾ ਹੈ। ਸੰਪਰਕ ਕਰੋ: 559-289-7076 ਜਾਂ 760-590-0426

**punjabtimesusa.com**

# ਬਾਦਲ ਲਈ 37 ਕਰੋੜ ਦਾ ਹੈਲੀਕਾਪਟਰ

**ਚੰਡੀਗੜ੍ਹ:** ਹੁਣ ਤੱਕ ਭਾੜੇ 'ਤੇ ਹੈਲੀਕਾਪਟਰ ਲੈ ਕੇ ਬੁੱਤ ਸਾਰ ਰਹੀ ਪੰਜਾਬ ਸਰਕਾਰ ਕੋਲ ਹੁਣ ਘਰ ਦੀ ਸਵਾਰੀ ਹੋਵੇਗੀ। ਡਾਇਰੈਕਟਰ ਜਨਰਲ ਸਿਵਲ ਏਵੀਏਸ਼ਨ (ਡੀ.ਜੀ.ਸੀ.ਏ) ਨੇ ਹੈਲੀਕਾਪਟਰ ਉਡਾਉਣ ਦਾ ਪਰਮਿਟ ਸੂਬਾ ਸਰਕਾਰ ਨੂੰ ਜਾਰੀ ਕਰ ਦਿੱਤਾ ਹੈ। ਸਰਕਾਰ ਵੱਲੋਂ 37 ਕਰੋੜ ਰੁਪਏ ਨਾਲ ਅਮਰੀਕਨ ਕੰਪਨੀ ਤੋਂ 'ਬੈਲ-429' ਖਰੀਦਿਆ ਹੈ। ਇਹ ਹੈਲੀਕਾਪਟਰ ਜਨਵਰੀ ਮਹੀਨੇ ਨਵੀਂ ਦਿੱਲੀ ਆ ਗਿਆ ਸੀ, ਪਰ ਸ਼ਹਿਰੀ ਹਵਾਬਾਜ਼ੀ ਵਿਭਾਗ ਦੀਆਂ ਸ਼ਰਤਾਂ ਕਾਰਨ ਉਹ ਹੈਲੀਕਾਪਟਰ 4 ਮਹੀਨੇ ਤੱਕ ਉਡਾਣ ਨਹੀਂ ਭਰ ਸਕਿਆ।

ਪੰਜਾਬ ਸਰਕਾਰ ਵੱਲੋਂ ਆਪਣੀ ਮਾਲਕੀ ਵਾਲਾ ਹੈਲੀਕਾਪਟਰ ਪਹਿਲੀ ਵਾਰੀ ਖਰੀਦਿਆ ਗਿਆ ਹੈ ਹਾਲਾਂਕਿ ਵਿੱਤੀ ਸੰਕਟ ਕਾਰਨ ਸਰਕਾਰ ਦੀ ਤਿੱਖੀ ਨੁਕਤਾਚੀਨੀ ਵੀ ਹੋਈ। ਰਾਜ ਸਰਕਾਰ ਕੋਲ ਇਸ ਤੋਂ ਪਹਿਲਾਂ ਦੋ ਛੋਟੇ ਜਹਾਜ਼ ਜ਼ਰੂਰ ਸਨ। ਦੋਵੇਂ ਹਾਦਸਾਗ੍ਰਸਤ ਹੋ ਗਏ ਸਨ। ਇਕ ਹਾਦਸੇ ਵਿਚ ਤਾਂ ਤੱਤਕਾਲੀ ਰਾਜਪਾਲ ਸੁਰਿੰਦਰ ਨਾਥ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਮੌਤ ਹੋ ਗਈ ਸੀ, ਦੂਜਾ ਜਹਾਜ਼ ਚਾਰ ਸਾਲ ਪਹਿਲਾਂ ਲੁਧਿਆਣਾ ਨੇੜੇ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਡੀ.ਜੀ.ਸੀ.ਏ ਵੱਲੋਂ ਰਜਿਸਟਰੇਸ਼ਨ ਕਰਨ ਤੇ ਲੋੜੀਂਦਾ ਪਰਮਿਟ ਜਾਰੀ ਕਰਨ ਤੋਂ ਬਾਅਦ ਇਹ ਹੈਲੀਕਾਪਟਰ ਹੁਣ ਉੱਡਣ ਦੇ ਸਮਰੱਥ ਹੋ ਗਿਆ ਹੈ। ਪੰਜਾਬ ਦੇ ਸ਼ਹਿਰੀ ਹਵਾਬਾਜ਼ੀ ਵਿਭਾਗ ਨੇ ਤਿੰਨ ਪਾਇਲਟਾਂ ਤੇ ਹੋਰ ਲੋੜੀਂਦੇ ਅਮਲੇ ਦੀ ਭਰਤੀ ਕਰ ਲਈ ਹੈ।

ਸੂਤਰਾਂ ਮੁਤਾਬਕ ਹੈਲੀਕਾਪਟਰ ਨੂੰ ਉਡਾਉਣ ਦਾ ਖਰਚਾ ਪ੍ਰਤੀ ਮਹੀਨਾ 50 ਤੋਂ 60 ਲੱਖ ਰੁਪਏ ਤੱਕ ਆਉਣ ਦਾ ਅਨੁਮਾਨ ਹੈ। ਇਸ ਸਮੇਂ ਰਾਜ ਸਰਕਾਰ ਵੱਲੋਂ ਨਿੱਜੀ ਖੇਤਰ ਦੀ ਕੰਪਨੀ ਗਲੋਬਲ ਵਿਕਟਰਾ ਦਾ ਹੈਲੀਕਾਪਟਰ ਭਾੜੇ 'ਤੇ ਲਿਆ ਹੋਇਆ ਹੈ। ਹਵਾਈ ਸਫ਼ਰ 'ਤੇ ਇਸ ਸਮੇਂ ਸਰਕਾਰ ਦਾ ਪ੍ਰਤੀ ਮਹੀਨਾ ਤਕਰੀਬਨ 1 ਕਰੋੜ ਦੇ ਖਰਚ ਹੋ ਰਿਹਾ ਹੈ। ਸ਼ਹਿਰੀ ਹਵਾਬਾਜ਼ੀ ਵਿਭਾਗ ਦਾ ਦਾਅਵਾ ਹੈ ਕਿ ਨਵਾਂ ਹੈਲੀਕਾਪਟਰ ਨਵੀਂ ਤਕਨੀਕ ਨਾਲ ਲੈਸ ਹੋਵੇਗਾ। ਇਹ ਰਾਤ ਸਮੇਂ ਵੀ ਉਡਾਣ ਭਰ ਸਕੇਗਾ। ਇਸ ਹੈਲੀਕਾਪਟਰ ਵਿਚ ਆਮ ਤੌਰ 'ਤੇ ਸੂਬੇ ਦੇ ਰਾਜਪਾਲ ਸ਼ਿਵਰਾਜ ਵੀ. ਪਾਟਿਲ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਮੁੱਖ ਮੰਤਰੀ ਦੇ ਜਵਾਈ ਆਦੇਸ਼ ਪ੍ਰਤਾਪ ਸਿੰਘ ਹੀ ਸਫ਼ਰ ਕਰਦੇ ਹਨ। ਹੋਰ ਕਿਸੇ ਮੰਤਰੀ ਨੂੰ ਤਾਂ ਹੈਲੀਕਾਪਟਰ ਦਾ ਝੂਟਾ ਕਦੇ ਹੀ ਨਸੀਬ ਹੁੰਦਾ ਹੈ। ਪੰਜਾਬ ਸਰਕਾਰ ਨੇ ਢਾਈ ਦਹਾਕੇ ਤੋਂ ਵੱਧ ਸਮਾਂ ਜਨਤਕ ਖੇਤਰ ਦੀ ਕੰਪਨੀ ਪਵਨ ਹੰਸ ਦਾ ਜਹਾਜ਼ ਭਾੜੇ 'ਤੇ ਰੱਖਿਆ, ਪਰ ਇਸ ਕੰਪਨੀ ਦਾ ਹੈਲੀਕਾਪਟਰ ਚੰਡੀਗੜ੍ਹ ਹਵਾਈ ਅੱਡੇ 'ਤੇ ਹਾਦਸੇ ਦਾ ਸ਼ਿਕਾਰ ਹੋਣ ਤੋਂ ਬਾਅਦ ਸਰਕਾਰ ਨੇ ਗਲੋਬਲ ਵਿਕਟਰਾ ਦਾ ਹੈਲੀਕਾਪਟਰ ਲੈ ਲਿਆ ਸੀ।

# ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਅਗਲੇ ਮਹੀਨੇ

**ਚੰਡੀਗੜ੍ਹ:** ਪੰਜਾਬ ਵਿਚ ਪੰਚਾਇਤ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਦੇ 12 ਮਈ ਨੂੰ ਹੋਣ ਦੇ ਐਲਾਨ ਪਿੱਛੋਂ ਸੂਬੇ ਵਿਚ ਸਵਾ ਸਾਲ ਦੇ ਸਮੇਂ ਬਾਅਦ ਇਕ ਵਾਰ ਫਿਰ ਰਾਜਸੀ ਮਾਹੌਲ ਗਰਮਾਉਣ ਜਾ ਰਿਹਾ ਹੈ। ਸੂਬਾਈ ਚੋਣ ਕਮਿਸ਼ਨ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਨ੍ਹਾਂ ਚੋਣਾਂ ਬਾਰੇ ਸੂਚਿਤ ਕਰ ਦਿੱਤਾ ਹੈ।

ਚੋਣ ਕਮਿਸ਼ਨ ਦੇ ਸਕੱਤਰ ਐਮ.ਐਲ ਸ਼ਰਮਾ ਨੇ ਚੋਣਾਂ 12 ਮਈ ਨੂੰ ਹੋਣ ਦੀ ਪੁਸ਼ਟੀ ਕੀਤੀ। ਹੁਕਮਰਾਨ ਧਿਰਾਂ ਸ਼੍ਰੋਮਣੀ ਅਕਾਲੀ ਦਲ, ਭਾਜਪਾ ਤੇ ਵਿਰੋਧੀ ਧਿਰ ਕਾਂਗਰਸ ਸਮੇਤ ਹੋਰਨਾਂ ਪਾਰਟੀਆਂ ਲਈ ਇਹ ਚੋਣਾਂ ਵਕਾਰ ਦਾ ਸਵਾਲ ਹਨ। ਹਾਕਮ ਪਾਰਟੀਆਂ ਨੇ ਜਿਥੇ ਪੰਚਾਇਤੀ ਚੋਣਾਂ ਵਿਚ ਧੜੇਬੰਦੀ ਖ਼ਤਮ ਕਰਕੇ ਇਨ੍ਹਾਂ ਚੋਣਾਂ ਵਿਚ ਪਾਰਟੀ ਕਾਡਰ ਨੂੰ ਸਰਬਸੰਮਤੀ ਵਾਲਾ ਰਾਹ ਅਪਨਾਉਣ ਦੇ ਨਿਰਦੇਸ਼ ਦਿੱਤੇ ਹਨ, ਉਥੇ ਕਾਂਗਰਸ ਪਿੰਡਾਂ ਵਿਚ ਧੜੇਬੰਦੀ ਪੈਦਾ ਕਰਕੇ ਆਗਾਮੀ ਲੋਕ ਸਭਾ ਚੋਣਾਂ ਵਿਚ ਰਾਜਸੀ ਲਾਹਾ ਲੈਣ ਦੀ ਤਾਕ ਵਿਚ ਹੈ। ਸੂਬੇ ਵਿਚ ਸਵਾ ਸਾਲ ਦੇ ਸਮੇਂ ਬਾਅਦ ਇਕ ਵਾਰ ਫਿਰ ਰਾਜਸੀ ਮਾਹੌਲ ਗਰਮਾਉਣ ਜਾ ਰਿਹਾ ਹੈ।

ਪੰਜਾਬ ਵਿਚ 145 ਪੰਚਾਇਤ ਸੰਮਤੀਆਂ ਤੇ 22 ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਕਰਵਾਈਆਂ ਜਾ ਰਹੀਆਂ ਹਨ। ਪੰਚਾਇਤ ਸੰਮਤੀਆਂ ਨੂੰ ਕੁੱਲ 2732 ਜ਼ੋਨਾਂ ਵਿਚ ਵੰਡਿਆ ਗਿਆ ਹੈ, ਜਿਨ੍ਹਾਂ ਵਿਚੋਂ 617 ਅਨੁਸੂਚਿਤ ਜਾਤੀ, 311 ਅਨੁਸੂਚਿਤ ਜਾਤੀ ਇਸਤਰੀ, 590 ਇਸਤਰੀਆਂ, 1183 ਜਨਰਲ ਤੇ 31 ਪਛੜੀਆਂ ਸ਼੍ਰੇਣੀਆਂ ਲਈ ਜ਼ੋਨ ਰਾਖਵੇਂ ਕੀਤੇ ਗਏ ਹਨ। ਸੂਬੇ ਦੀਆਂ 22 ਜ਼ਿਲ੍ਹਾ ਪ੍ਰੀਸ਼ਦਾਂ ਨੂੰ 333 ਜ਼ੋਨਾਂ ਵਿਚ ਵੰਡਣ ਉਪਰੰਤ 75 ਅਨੁਸੂਚਿਤ ਜਾਤੀ, 37 ਅਨੁਸੂਚਿਤ ਜਾਤੀ ਇਸਤਰੀ, 71 ਇਸਤਰੀ, 147 ਜਨਰਲ ਤੇ 3 ਪਛੜੀਆਂ ਸ਼੍ਰੇਣੀਆਂ ਲਈ ਜ਼ੋਨ ਰਾਖਵੇਂ ਕੀਤੇ ਗਏ ਹਨ। ਚੋਣ ਕਮਿਸ਼ਨ ਵੱਲੋਂ ਵਾਢੀ ਦੀ ਰੁੱਤ ਨੂੰ ਧਿਆਨ ਵਿਚ ਰੱਖਦਿਆਂ ਖੇਤੀਬਾੜੀ ਵਿਭਾਗ ਤੋਂ ਰਿਪੋਰਟ ਮੰਗੀ ਗਈ ਸੀ। ਖੇਤੀਬਾੜੀ ਵਿਭਾਗ ਨੇ ਸਪਸ਼ਟ ਕੀਤਾ ਹੈ ਕਿ ਅਪ੍ਰੈਲ ਮਹੀਨੇ ਦੇ ਅੰਦਰ-ਅੰਦਰ ਵਾਢੀ ਦਾ ਸੀਜ਼ਨ ਖ਼ਤਮ ਹੋ ਜਾਵੇਗਾ। ਇਸ ਤੋਂ ਬਾਅਦ ਕਮਿਸ਼ਨ ਨੇ ਇਨ੍ਹਾਂ ਚੋਣਾਂ ਦੀ ਤਰੀਕ ਤੈਅ ਕੀਤੀ ਹੈ। 30 ਮਈ ਤੱਕ ਨਾਮਜ਼ਦਗੀ ਕਾਗਜ਼ ਦਾਖਲ ਕੀਤੇ ਜਾ ਸਕਣਗੇ। ਤਿੰਨ ਮਈ ਤੱਕ ਕਾਗਜ਼ਾਂ ਦੀ ਪੜਤਾਲ ਹੋਵੇਗੀ ਤੇ 4 ਮਈ ਨੂੰ ਕਾਗਜ਼ ਵਾਪਸ ਲਏ ਜਾ ਸਕਦੇ ਹਨ।

ਪੰਜਾਬ ਵਿਚ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਦਾ 'ਸੈਮੀਫਾਈਨਲ' ਵੀ ਮੰਨਿਆ ਜਾ ਰਿਹਾ ਹੈ। ਸਾਰੀਆਂ ਸਿਆਸੀ ਧਿਰਾਂ ਦਿਹਾਤੀ ਖੇਤਰ ਵਿਚ ਆਪਣਾ ਆਧਾਰ ਸਾਬਤ ਕਰਨ ਲਈ ਜ਼ੋਰ-ਅਜ਼ਮਾਈ ਕਰ ਰਹੀਆਂ ਹਨ। ਗਰਾਮ ਪੰਚਾਇਤਾਂ ਦੀਆਂ ਚੋਣਾਂ 25 ਮਈ ਤੋਂ ਬਾਅਦ ਹੋਣਗੀਆਂ।

# ਪਿਉ ਨੇ ਹਥੌੜਾ ਮਾਰ ਕੇ ਕੀਤੀ ਧੀ ਦੀ ਹੱਤਿਆ

**ਬਠਿੰਡਾ:** ਇਥੇ ਮਤੀ ਦਾਸ ਨਗਰ 'ਚ ਪਿਉ ਨੇ ਆਪਣੀ ਧੀ ਦੇ ਸਿਰ 'ਚ ਹਥੌੜੇ ਮਾਰ ਕੇ ਉਸ ਨੂੰ ਮਾਰ ਦਿੱਤਾ ਅਤੇ ਪਤਨੀ ਨੂੰ ਜ਼ਖ਼ਮੀ ਕਰ ਦਿੱਤਾ। ਹੱਥੋ ਪਾਈ 'ਚ ਉਹ ਖ਼ੁਦ ਵੀ ਜ਼ਖ਼ਮੀ ਹੋ ਗਿਆ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਪਰਿਵਾਰ ਵਿਚ ਕਿਸੇ ਗੱਲੋਂ ਥੋੜ੍ਹਾ ਤਕਰਾਰ ਹੋ ਗਿਆ ਸੀ। ਮਤੀ ਦਾਸ ਨਗਰ ਦੇ ਵਸਨੀਕ ਬੂਟਾ ਸਿੰਘ ਤੇ ਉਸ ਦੇ ਪਰਿਵਾਰ ਵਿਚ ਕੁਝ ਦਿਨਾਂ ਤੋਂ ਝਗੜਾ ਚੱਲ ਰਿਹਾ ਸੀ। ਪਤਨੀ ਸੁਖਪਾਲ ਕੌਰ ਕਈ ਦਿਨ ਪਹਿਲਾਂ ਆਪਣੇ ਪਤੀ ਬੂਟਾ ਸਿੰਘ ਤੋਂ ਤੰਗ ਆ ਕੇ ਪੇਕੇ ਘਰ ਬੱਚਿਆਂ ਸਮੇਤ ਚਲੀ ਗਈ ਸੀ।

ਪਤਨੀ ਦੇ ਪੇਕਿਓਂ ਵਾਪਸ ਆਉਣ 'ਤੇ ਫਿਰ ਕਿਸੇ ਗੱਲੋਂ ਘਰ ਵਿਚ ਤਕਰਾਰ ਹੋਇਆ ਤਾਂ ਬੂਟਾ ਸਿੰਘ ਨੇ ਗੁੱਸੇ ਵਿਚ ਆਪਣੀ ਧੀ ਮਨਪ੍ਰੀਤ ਕੌਰ (18) 'ਤੇ ਹਥੌੜੇ ਨਾਲ ਚਾਰ ਵਾਰ ਕਰ ਦਿੱਤੇ। ਹਥੌੜੇ ਵੱਜਣ ਕਰਕੇ ਨੌਜਵਾਨ ਲੜਕੀ ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ ਉਸ ਨੇ ਡਾਂਗਾਂ ਨਾਲ ਆਪਣੀ ਧੀ ਨੂੰ ਕੁੱਟਿਆ।

# ਕਿਸੇ ਅਤਿਵਾਦੀ ਜਥੇਬੰਦੀ ਨਾਲ ਸਬੰਧ ਨਹੀਂ: ਤਸਾਰਨੇਵ

**ਬੋਸਟਨ (ਬਿਊਰੋ):** ਬੋਸਟਨ ਮੈਰਾਥਨ ਬੰਬ ਧਮਾਕਿਆਂ ਲਈ ਦੋਸ਼ੀ ਮੰਨੇ ਗਏ ਜ਼ੋਖਰ ਤਸਾਰਨੇਵ ਨੇ ਕਿਹਾ ਹੈ ਕਿ ਉਹ ਅਤੇ ਉਸ ਦਾ ਵੱਡਾ ਭਰਾ ਹੀ ਇਨ੍ਹਾਂ ਧਮਾਕਿਆਂ ਲਈ ਜ਼ਿੰਮੇਵਾਰ ਹਨ ਅਤੇ ਉਨ੍ਹਾਂ ਦਾ ਕਿਸੇ ਵੀ ਅਤਿਵਾਦੀ ਜਥੇਬੰਦੀ ਨਾਲ ਸਬੰਧ ਨਹੀਂ ਹੈ। ਉਸ ਦਾ ਵੱਡਾ ਭਰਾ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਸੀ। 19 ਸਾਲਾ ਤਸਾਰਨੇਵ ਨੇ ਹਸਪਤਾਲ 'ਚ ਜਾਂਚ ਅਧਿਕਾਰੀਆਂ ਨੂੰ ਆਪਣੇ ਸਿਰ ਦੇ ਇਸ਼ਾਰੇ ਅਤੇ ਲਿਖ ਕੇ ਦੱਸਿਆ ਕਿ ਉਹ ਕਿਸੇ ਵੀ ਦਹਿਸ਼ਤਵਾਦੀ ਜਾਂ ਅਤਿਵਾਦੀ ਗਰੁਪ ਤੋਂ ਪ੍ਰਭਾਵਿਤ ਨਹੀਂ ਸਨ। ਤਸਾਰਨੇਵ ਦੀ ਧੌਣ 'ਤੇ ਗੋਲੀ ਦੇ ਜ਼ਖਮ ਹਨ ਜਿਸ ਕਰਕੇ ਉਸ ਨੂੰ ਬੋਲਣ 'ਚ ਔਖ ਆਉਂਦੀ ਹੈ।

ਦੋ ਫੈਡਰਲ ਸੁਰੱਖਿਆ ਅਧਿਕਾਰੀਆਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਤਸਾਰਨੇਵ ਅਤੇ ਇਨ੍ਹਾਂ ਬੰਬ ਧਮਾਕਿਆਂ ਬਾਰੇ ਜਾਂਚ ਪੜਤਾਲ ਮੁਢਲੇ ਦੌਰ ਵਿਚ ਹੈ ਅਤੇ ਇਸ ਜਾਂਚ ਦੌਰਾਨ ਤਸਾਰਨੇਵ ਦੇ ਸਫਰ, ਫੋਨ ਤੇ ਇੰਟਰਨੈਟ ਰਾਹੀਂ ਸੰਚਾਰ ਅਤੇ ਉਸ ਦੇ ਪਿਛੋਕੜ ਦਾ ਪਤਾ ਲਾਇਆ ਜਾ ਰਿਹਾ ਹੈ ਕਿ ਇਹ ਹਮਲੇ ਕਰਨ ਲਈ ਉਸ ਨੂੰ ਪ੍ਰੇਰਨਾ ਕਿਸ ਗੱਲ ਤੋਂ ਮਿਲੀ। ਬੋਸਟਨ ਵਿਚ ਅਮਰੀਕੀ ਡਿਸਟ੍ਰਿਕਟ ਕੋਰਟ ਵਿਚ ਦਾਇਰ ਕੀਤੇ ਗਏ ਕੇਸ ਵਿਚ ਕਿਹਾ ਗਿਆ ਹੈ ਕਿ ਤਸਾਰਨੇਵ ਨੇ 15 ਅਪਰੈਲ ਨੂੰ ਹੋਏ ਇਨ੍ਹਾਂ ਦੋ ਬੰਬ ਧਮਾਕਿਆਂ ਵਿਚੋਂ ਦੂਸਰਾ ਬੰਬ ਧਮਾਕਾ ਕੀਤਾ। ਦੋਸ਼ ਸਾਬਤ ਹੋਣ 'ਤੇ ਉਸ ਨੂੰ ਮੌਤ ਦੀ ਸਜ਼ਾ ਹੋ ਸਕਦੀ ਹੈ। ਸਕਿਉਰਿਟੀ ਕੈਮਰਿਆਂ ਅਤੇ ਚਸ਼ਮਦੀਦ ਗਵਾਹਾਂ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਸੁਰੱਖਿਆ ਅਧਿਕਾਰੀਆਂ ਨੇ ਦੱਸਿਆ ਕਿ ਤਸਾਰਨੇਵ ਪਹਿਲੇ ਬੰਬ ਧਮਾਕੇ ਤੋਂ ਬਾਅਦ ਕੋਈ ਚਾਰ ਮਿੰਟ ਬੰਬ ਵਾਲਾ ਬੈਕਪੈਕ ਆਪਣੇ ਪੈਰਾਂ ਉਤੇ ਰੱਖ ਕੇ ਖੜ੍ਹਾ ਰਿਹਾ।

(ਹੋਰ ਖਬਰਾਂ ਪੰਨਾ 13 'ਤੇ ਪੜ੍ਹੋ)


Desi Bazar

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

• FRESH VEGETABLES EVERY THURSDAY
• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

Freeway Travel Inc

ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ

Call Raju
Tel: 773-973-0200
Fax: 773-973-0557
2542 W Devon Ave. Chicago IL 60659







Madan Khatri

Madan Khatri
1-847-530-1550

*A Broker who can work with you from Beginning to End, Call Now! 847-530-1550*

Top Producer in 2011 at the Prudential Office!
Interest Rates are below 3.75% and PRICES are DOWN 30% !
Buy A Home anywhere in Metro NOW !!
Prudential at 25 Turner Ave., Elk Grove Village, IL
www.PropertyZoo.com

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
**Refinance up to 125% value of the house.*

*Loans Available In Most States!*





> 100% FHA Financing > Residential (Purchase & *Refinance) > Self Employed > Cash Out Refinance > Investment Property Loans > Jumbo Loans > Commercial Property With Business or Business Only

# ਤਬਾਹੀ ਵੱਲ ਧੱਕ ਰਿਹੈ ਪੰਜਾਬ ਨੂੰ ਵਿਕਾਸ ਦਾ ਮਾਡਲ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਪੰਜਾਬ ਦੀਆਂ ਦੋਵੇਂ ਮੁੱਖ ਰਾਜਸੀ ਧਿਰਾਂ ਅਕਾਲੀ ਦਲ ਤੇ ਕਾਂਗਰਸ ਦਾ ਇਹ ਦਾਅਵਾ ਲਗਾਤਾਰ ਹੈ ਕਿ ਰਾਜ ਦੇ ਵਿਕਾਸ ਵਿਚ ਉਨ੍ਹਾਂ ਨੇ ਕੋਈ ਕਸਰ ਨਹੀਂ ਰਹਿਣ ਦਿੱਤੀ। ਤਰੱਕੀ ਪੰਜਾਬ ਵਿਚ ਹੋਣ ਤੋਂ ਇਨਕਾਰ ਕਰ ਸਕਣਾ ਔਖਾ ਹੈ, ਪਰ ਇਹ ਤਰੱਕੀ ਇੱਕ ਖਾਸ ਹੱਦ ਤੱਕ ਸੀਮਤ ਹੋ ਕੇ ਰਹਿ ਗਈ ਹੈ। ਵਿਕਸਿਤ ਇਲਾਕਿਆਂ ਤੇ ਸਮਾਜ ਦੇ ਵਿਕਸਿਤ ਵਰਗਾਂ ਦੇ ਲੋਕਾਂ ਦਾ ਵਿਕਾਸ ਹੋਰ ਹੁੰਦਾ ਗਿਆ ਤੇ ਅੜੇ-ਥੁੜੇ ਲੋਕਾਂ ਦੇ ਹੋਰ ਵੀ ਨੀਵਾਣਾਂ ਵਿਚ ਡਿੱਗ ਪੈਣ ਨੂੰ ਦੋਵਾਂ ਪਾਰਟੀਆਂ ਨੇ ਅੱਖੋਂ ਪਰੋਖੇ ਕਰੀ ਛੱਡਿਆ। ਇਸੇ ਦਾ ਨਤੀਜਾ ਹੈ ਕਿ ਪੰਜਾਬ ਦੇ ਇੱਕ ਵੱਡੇ ਹਿੱਸੇ ਵਿਚ ਪਾਣੀ ਦਾ ਉਹ ਪ੍ਰਦੂਸ਼ਣ ਫੈਲ ਚੁੱਕਾ ਹੈ, ਜਿਸ ਨਾਲ ਉਦੋਂ ਕੁਝ ਲੋਕ ਬਾਦਲ ਸਾਹਿਬ ਦੀ ਬਿਮਾਰੀ ਨੂੰ ਜੋੜ ਕੇ ਵੇਖਦੇ ਸਨ।***

ਅੱਜ ਦੀ ਤਰੀਕ ਵਿਚ ਸ਼ਾਇਦ ਹੀ ਕਿਸੇ ਨੂੰ ਚੇਤਾ ਹੋਵੇ ਕਿ 1998 ਦੀਆਂ ਪਾਰਲੀਮੈਂਟ ਚੋਣਾਂ ਵੇਲੇ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੀ ਮੁੱਖ ਮੰਤਰੀ ਸਨ ਤੇ ਚੋਣਾਂ ਮੁੱਕਦੇ ਸਾਰ ਉਹ ਬਿਮਾਰ ਹੋ ਗਏ ਸਨ। ਬਿਮਾਰੀ ਏਨੀ ਵਧਦੀ ਗਈ ਕਿ ਉਨ੍ਹਾਂ ਨੂੰ ਇਲਾਜ ਕਰਵਾਉਣ ਲਈ ਅਮਰੀਕਾ ਜਾਣਾ ਪਿਆ ਸੀ। ਹਰ ਕੋਈ ਇਹ ਜਾਣਨ ਲਈ ਉਦੋਂ ਉਤਾਵਲਾ ਸੀ ਕਿ ਬਾਦਲ ਸਾਹਿਬ ਦੀ ਸਿਹਤ ਇੱਕਦਮ ਵਿਗੜਨ ਦਾ ਕਾਰਨ ਕੀ ਹੋ ਸਕਦਾ ਹੈ? ਲੋਕ ਇਸ ਬਾਰੇ ਕਿੰਨਾ ਕੁਝ ਸੋਚਦੇ ਸਨ, ਉਸ ਬਾਰੇ ਬਾਅਦ ਵਿਚ ਸ. ਬਾਦਲ ਨੇ ਵਿਧਾਨ ਸਭਾ ਅੰਦਰ ਆਪਣੇ ਅਕਾਲੀ ਦਲ ਵਿਚਲੇ ਵਿਰੋਧੀ ਧੜੇ ਵੱਲ ਇਸ਼ਾਰਾ ਕਰ ਕੇ ਇਹ ਵੀ ਕਹਿ ਦਿੱਤਾ ਸੀ ਕਿ ਇਹ ਆਖਦੇ ਫਿਰਦੇ ਸਨ ਕਿ ਹੁਣ ਮੈਂ ਅਮਰੀਕਾ ਤੋਂ ਜਿਉਂਦਾ ਨਹੀਂ ਮੁੜਾਂਗਾ। ਰਾਜਸੀ ਵਿਰੋਧਾਂ ਦੇ ਬਾਵਜੂਦ ਜੇ ਕੋਈ ਇਹੋ ਜਿਹੀ ਗੱਲ ਸਚਮੁੱਚ ਕਹਿੰਦਾ ਰਿਹਾ ਸੀ ਤਾਂ ਉਸ ਨੇ ਇਖਲਾਕੀ ਤੌਰ ਉਤੇ ਬਹੁਤ ਜ਼ਿਆਦਤੀ ਕੀਤੀ ਸੀ, ਪਰ ਰਾਜ ਦੇ ਲੋਕਾਂ ਵਿਚ ਆਪਣੇ ਆਗੂ ਬਾਰੇ ਚਿੰਤਾ ਹੋਣਾ ਗਲਤ ਨਹੀਂ ਸੀ।

ਉਨ੍ਹਾਂ ਦਿਨਾਂ ਵਿਚ ਇੱਕ ਅਫਸਰ ਨੇ ਗੱਲਬਾਤ ਦੌਰਾਨ ਜੋ ਦੱਸਿਆ, ਉਹ ਇਹ ਸੀ ਕਿ ਮੁੱਖ ਮੰਤਰੀ ਬਾਦਲ ਦੀ ਸਿਹਤ ਪ੍ਰਦੂਸ਼ਿਤ ਪਾਣੀ ਦੀ ਲਾਗ ਦੇ ਕਾਰਨ ਵਿਗੜੀ ਹੈ। ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਉਦੋਂ ਜਲੰਧਰ ਤੋਂ ਅਕਾਲੀਆਂ ਦੀ ਮਦਦ ਨਾਲ ਚੋਣ ਲੜ ਰਹੇ ਸਨ ਅਤੇ ਸ. ਬਾਦਲ ਦਾ ਆਪਣਾ ਪੁੱਤਰ ਸੁਖਬੀਰ ਸਿੰਘ ਸਤਲੁਜ ਦਰਿਆ ਤੋਂ ਪਾਰਲੇ ਪਾਸੇ ਫਰੀਦਕੋਟ ਹਲਕੇ ਤੋਂ ਚੋਣ ਲੜ ਰਿਹਾ ਸੀ। ਇਸ ਕਰ ਕੇ ਉਨ੍ਹਾਂ ਦਾ ਅੱਧਾ-ਅੱਧਾ ਦਿਨ ਰੋਜ਼ ਦਰਿਆ ਦੇ ਦੋਵੇਂ ਪਾਸੇ ਦੇ ਉਨ੍ਹਾਂ ਇਲਾਕਿਆਂ ਵਿਚ ਗੁਜ਼ਰਦਾ ਸੀ, ਜਿੱਥੋਂ ਦੇ ਨਲਕਿਆਂ ਵਿਚੋਂ ਗੰਦਾ ਪਾਣੀ ਆਉਂਦਾ ਸੀ। 'ਲੋਕਾਂ ਦਾ ਲੀਡਰ' ਹੋਣ ਕਰ ਕੇ ਬਾਦਲ ਦੀ ਇਹ ਖਾਸੀਅਤ ਹੈ ਕਿ ਉਹ ਲੋਕਾਂ ਵਿਚ ਲੋਕ ਬਣ ਕੇ ਰਹਿੰਦੇ ਸਨ ਤੇ ਲੋਕਾਂ ਦੇ ਸਾਹਮਣੇ ਕਦੀ ਬੋਤਲ ਦਾ ਪਾਣੀ ਨਹੀਂ ਸੀ ਪੀਂਦੇ, ਉਨ੍ਹਾਂ ਵਾਲਾ ਹੀ ਪੀਂਦੇ ਸਨ।

ਬਿਮਾਰੀ ਦਾ ਕਾਰਨ ਇਹੋ ਸੀ ਕਿ ਕੁਝ ਹੋਰ, ਇਹ ਅੱਜ ਤੱਕ ਸਾਫ ਨਹੀਂ ਹੋ ਸਕਿਆ, ਪਰ ਇਸ ਖੇਤਰ ਵਿਚ ਉਸ ਤੋਂ ਪਿੱਛੋਂ ਹੈਪੇਟਾਈਟਸ ਦੇ ਕਈ ਰੰਗਾਂ ਦੀ ਚਰਚਾ ਜ਼ੋਰ ਫੜ ਗਈ ਸੀ। ਇਸ ਦਾ ਡਾਕਟਰਾਂ ਤੇ ਕੈਮਿਸਟਾਂ ਨੂੰ ਵੀ ਕਾਫੀ ਲਾਭ ਹੋਇਆ ਸੀ। ਫਿਰ ਵੀ ਇਹ ਕਹਿਣਾ ਗਲਤ ਹੋਵੇਗਾ ਕਿ ਉਹ ਸਿਰਫ ਚਰਚਾ ਸੀ। ਹਕੀਕਤ ਇਹ ਹੈ ਕਿ ਉਸ ਇਲਾਕੇ ਵਿਚ ਪ੍ਰਦੂਸ਼ਿਤ ਪਾਣੀ ਨਾਲ ਬਿਮਾਰੀਆਂ ਫੈਲਣ ਦੀ ਗਵਾਹੀ ਪਿੰਡਾਂ ਦੇ ਆਮ ਲੋਕ ਵੀ ਭਰਦੇ ਸਨ।

ਪੰਜਾਬ ਦੀਆਂ ਦੋਵੇਂ ਮੁੱਖ ਰਾਜਸੀ ਧਿਰਾਂ ਅਕਾਲੀ ਦਲ ਤੇ ਕਾਂਗਰਸ ਦਾ ਇਹ ਦਾਅਵਾ ਲਗਾਤਾਰ ਹੈ ਕਿ ਰਾਜ ਦੇ ਵਿਕਾਸ ਵਿਚ ਉਨ੍ਹਾਂ ਨੇ ਕੋਈ ਕਸਰ ਨਹੀਂ ਰਹਿਣ ਦਿੱਤੀ। ਤਰੱਕੀ ਪੰਜਾਬ ਵਿਚ ਹੋਣ ਤੋਂ ਇਨਕਾਰ ਕਰ ਸਕਣਾ ਔਖਾ ਹੈ, ਪਰ ਇਹ ਤਰੱਕੀ ਇੱਕ ਖਾਸ ਹੱਦ ਤੱਕ ਸੀਮਤ ਹੋ ਕੇ ਰਹਿ ਗਈ ਹੈ। ਵਿਕਸਿਤ ਇਲਾਕਿਆਂ ਤੇ ਸਮਾਜ ਦੇ ਵਿਕਸਿਤ ਵਰਗਾਂ ਦੇ ਲੋਕਾਂ ਦਾ ਵਿਕਾਸ ਹੋਰ ਹੁੰਦਾ ਗਿਆ ਤੇ ਅੜੇ-ਥੁੜੇ ਲੋਕਾਂ ਦੇ ਹੋਰ ਵੀ ਨੀਵਾਣਾਂ ਵਿਚ ਡਿੱਗ ਪੈਣ ਨੂੰ ਦੋਵਾਂ ਪਾਰਟੀਆਂ ਨੇ ਅੱਖੋਂ ਪਰੋਖੇ ਕਰੀ ਛੱਡਿਆ। ਇਸੇ ਦਾ ਨਤੀਜਾ ਹੈ ਕਿ ਪੰਜਾਬ ਦੇ ਇੱਕ ਵੱਡੇ ਹਿੱਸੇ ਵਿਚ ਪਾਣੀ ਦਾ ਉਹ ਪ੍ਰਦੂਸ਼ਣ ਫੈਲ ਚੁੱਕਾ ਹੈ, ਜਿਸ ਨਾਲ ਉਦੋਂ ਕੁਝ ਲੋਕ ਬਾਦਲ ਸਾਹਿਬ ਦੀ ਬਿਮਾਰੀ ਨੂੰ ਜੋੜ ਕੇ ਵੇਖਦੇ ਸਨ।

ਪਾਣੀ ਦੇ ਪ੍ਰਦੂਸ਼ਣ ਦਾ ਪਹਿਲਾ ਝਲਕਾਰਾ ਉਦੋਂ ਮਿਲਿਆ ਸੀ, ਜਦੋਂ ਲਾਂਬੜੇ ਦੀ 'ਪੰਜਾਬੀ ਸੱਥ' ਨਾਲ ਜੁੜੇ ਹੋਏ ਲੋਕਾਂ ਦੇ ਇੱਕ ਗਰੁਪ ਨੇ ਇਹ ਗੱਲ ਸਬੂਤਾਂ ਸਮੇਤ ਬਾਹਰ ਲਿਆਂਦੀ ਕਿ ਦੋਆਬੇ ਦੇ ਸ਼ਹਿਰਾਂ ਦੇ ਗੰਦੇ ਨਾਲਿਆਂ ਤੇ ਫੈਕਟਰੀਆਂ ਦਾ ਗੰਦਾ ਪਾਣੀ ਏਥੇ ਜ਼ਹਿਰ ਫੈਲਾ ਰਿਹਾ ਹੈ। ਕਿਸੇ ਵੀ ਥਾਂ ਕੋਈ ਟਰੀਟਮੈਂਟ ਪਲਾਂਟ ਨਾ ਹੋਣ ਕਾਰਨ ਹਰ ਥਾਂ ਦਾ ਗੰਦ ਪਹਿਲਾਂ ਚਿੱਟੀ ਤੇ ਕਾਲੀ ਵੇਈਂ ਵਿਚ ਪੈਂਦਾ ਹੈ ਤੇ ਫਿਰ ਅੱਗੋਂ ਸਤਲੁਜ ਜਾਂ ਬਿਆਸ ਵਿਚ ਡਿੱਗਣ ਦੇ ਬਾਅਦ ਹਰੀਕੇ ਝੀਲ ਵਿਚ ਇਕੱਠਾ ਹੁੰਦਾ ਹੈ। ਉਥੋਂ ਇਹ ਪਾਣੀ ਮਾਲਵੇ ਅਤੇ ਰਾਜਸਥਾਨ ਦੇ ਇੱਕ ਵੱਡੇ ਹਿੱਸੇ ਵਿਚ ਸਿਰਫ ਖੇਤਾਂ ਲਈ ਨਹੀਂ, ਲੋਕਾਂ ਦੇ ਪੀਣ ਲਈ ਵੀ ਸਪਲਾਈ ਹੁੰਦਾ ਹੈ ਤੇ ਜਿਹੜਾ ਜ਼ਹਿਰ ਜਲੰਧਰ ਜਾਂ ਲੁਧਿਆਣੇ ਸਮੇਤ ਹਰ ਛੋਟੇ-ਵੱਡੇ ਸ਼ਹਿਰ ਦੇ ਲੋਕ ਇਥੇ ਪਾਉਂਦੇ ਹਨ, ਉਹ ਉਥੋਂ ਤੱਕ ਪਹੁੰਚ ਕੇ ਆਪਣਾ ਅਸਰ ਦਿਖਾ ਰਿਹਾ ਹੈ। ਦੋਆਬੇ ਦੇ ਇੱਕ ਨੇਕ ਸੁਭਾਅ ਦੇ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਇਸ ਗੰਦ ਨੂੰ ਸਾਫ ਕਰਨ ਦੀ ਪਹਿਲ ਕਾਲੀ ਵੇਈਂ ਤੋਂ ਸ਼ੁਰੂ ਕੀਤੀ ਤਾਂ ਵੱਡੇ ਕਾਰਖਾਨੇਦਾਰਾਂ ਨੇ ਹੀ ਨਹੀਂ, ਸਰਕਾਰ ਦੇ ਕਈ ਅਫਸਰਾਂ ਨੇ ਵੀ ਕੈਪਟਨ ਅਮਰਿੰਦਰ ਸਿੰਘ ਤੇ ਬਾਦਲ ਸਾਹਿਬ, ਦੋਵਾਂ ਦੇ ਰਾਜ ਵਿਚ ਉਸ ਦੇ ਅੱਗੇ ਅੜਿੱਕੇ ਡਾਹੇ, ਹਾਲਾਂਕਿ ਉਨ੍ਹਾਂ ਨੂੰ ਮਦਦ ਦੇਣੀ ਚਾਹੀਦੀ ਸੀ। ਲੁਧਿਆਣੇ ਵਿਚ ਪ੍ਰਦੂਸ਼ਣ ਕੰਟਰੋਲ ਬੋਰਡ ਵਾਲਿਆਂ ਨੂੰ ਲੋਕਾਂ ਦੇ ਦਬਾਅ ਹੇਠ ਜਦੋਂ ਕੁਝ ਕਾਰਵਾਈ ਕਰਨੀ ਪਈ ਤਾਂ ਵਿਧਾਨ ਸਭਾ ਦੇ ਉਦੋਂ ਦੇ ਡਿਪਟੀ ਸਪੀਕਰ ਦੇ ਪੁੱਤਰ ਨੇ ਅੱਗੋਂ ਡਾਂਗ ਚੁੱਕ ਲਈ ਤੇ ਮੁੱਖ ਮੰਤਰੀ ਬਾਦਲ ਚੁੱਪ ਕੀਤੇ ਰਹੇ ਸਨ।

ਨਤੀਜਾ ਕੀ ਨਿਕਲਿਆ ਹੈ ਇਸ ਚੁੱਪ ਵੱਟਣ ਦਾ? ਲੁਧਿਆਣਾ ਸ਼ਹਿਰ ਦੇ ਕਾਰਖਾਨਿਆਂ ਦਾ ਗੰਦ, ਜਿਸ ਵਿਚ ਕੈਮੀਕਲ ਵੀ ਸ਼ਾਮਲ ਹੁੰਦੇ ਹਨ, ਜਦੋਂ ਬੁੱਢੇ ਨਾਲੇ ਵਿਚ ਪੈ ਕੇ ਅੱਗੇ ਤੁਰਦਾ ਹੈ ਤਾਂ ਨੇੜਲੇ ਪਿੰਡਾਂ ਵਿਚ ਚਮੜੀ ਦੇ ਰੋਗ ਫੈਲਾਉਂਦਾ ਹੰਭੜਾਂ ਤੇ ਸਿੱਧਵਾਂ ਬੇਟ ਤੋਂ ਹੁੰਦਾ ਹਰੀਕੇ ਪੱਤਣ ਤੱਕ ਵਗਦਾ ਜਾਂਦਾ ਹੈ। ਕਿਸੇ ਥਾਂ ਵੀ ਉਸ ਨੂੰ ਸਾਫ ਕਰਨ ਦਾ ਕੋਈ ਪ੍ਰਬੰਧ ਨਹੀਂ। ਵੋਟ ਦੀ ਕੀਮਤ ਤਾਂ ਉਨ੍ਹਾਂ ਪਿੰਡਾਂ ਵਾਲਿਆਂ ਦੀ ਵੀ ਲੁਧਿਆਣੇ ਦੇ ਕਾਰਖਾਨੇਦਾਰਾਂ ਦੀ ਵੋਟ ਜਿੰਨੀ ਹੋਵੇਗੀ, ਪਰ ਜਿਹੜੇ ਨੋਟਾਂ ਦੇ ਗੱਫੇ ਲੁਧਿਆਣੇ ਦੇ ਕਾਰਖਾਨੇਦਾਰ ਦੋਵਾਂ ਪਾਰਟੀਆਂ ਦੀ ਲੀਡਰਸ਼ਿਪ ਨੂੰ ਦੇ ਸਕਦੇ ਹਨ, ਉਹ ਇਸ ਗੰਦ ਨਾਲ ਚਮੜੀ ਦੇ ਰੋਗ ਲਵਾ ਕੇ ਗ਼ਲੇ ਹੋਏ ਹੱਥ ਲਈ ਫਿਰਦੇ ਆਮ ਲੋਕ ਨਹੀਂ ਦੇ ਸਕਦੇ। ਇਸ ਕਰ ਕੇ ਉਨ੍ਹਾਂ ਦੀ ਸੁਣਵਾਈ ਨਹੀਂ ਹੁੰਦੀ।

ਪੰਜਾਬ ਦੇ ਜਿਹੜੇ ਲੋਕ ਵੈਸ਼ਨੋ ਨਹੀਂ ਹਨ, ਉਹ ਪਿਛਲੇ ਸਾਲਾਂ ਵਿਚ ਆਮ ਕਰ ਕੇ ਕਹਿੰਦੇ ਹੁੰਦੇ ਸਨ ਕਿ ਜੇ ਮੱਛੀ ਹੀ ਖਾਣੀ ਹੈ ਤਾਂ ਦਰਿਆ ਦੀ ਖਾਣੀ ਚਾਹੀਦੀ ਹੈ, ਉਹ ਵੱਧ ਤੰਦਰੁਸਤ ਹੁੰਦੀ ਹੈ। ਹੁਣ ਉਹ ਇਹ ਆਖਦੇ ਸੁਣੇ ਜਾਂਦੇ ਹਨ ਕਿ ਪੰਜਾਬ ਦੇ ਦਰਿਆਵਾਂ ਦੀ ਮੱਛੀ ਨਿਰਾ ਜ਼ਹਿਰ ਬਣ ਚੁੱਕੀ ਹੈ, ਜੇ ਖਾਣ ਦਾ ਇਰਾਦਾ ਹੋਵੇ ਤਾਂ ਸਮੁੰਦਰ ਦੀ ਡੱਬਾ-ਬੰਦ ਖਾ ਲੈਣੀ ਚਾਹੀਦੀ ਹੈ, ਬੇਹੀ ਹੁੰਦੀ ਹੋਈ ਵੀ ਜ਼ਹਿਰੀਲੇ ਮਾਦੇ ਤੋਂ ਬਚੀ ਹੋਈ ਹੋਵੇਗੀ।

ਜਿਹੜੀ ਕਸਰ ਇਸ ਪਾਸੇ ਤੋਂ ਰਹਿ ਗਈ ਸੀ, ਉਹ ਪੰਜਾਬ ਦੇ ਹਾਕਮਾਂ ਨੇ ਲੋਕਾਂ ਨੂੰ ਘਰਾਂ ਵਿਚ ਟਾਇਲੇਟ ਦੀ ਸਹੂਲਤ ਦੇਣ ਦੇ ਨਾਂ ਉਤੇ ਕੱਢ ਦਿੱਤੀ ਹੈ। ਇਸ ਮਕਸਦ ਲਈ ਸਬਸਿਡੀ ਦਿੱਤੀ ਜਾਂਦੀ ਹੈ, ਜਿਹੜੀ ਇਹ ਵੇਖ ਕੇ ਦੇਣ ਦਾ ਰਿਵਾਜ ਹੈ ਕਿ ਜਿਹੜਾ ਪਿੰਡ ਜਾਂ ਪਿੰਡ ਦਾ ਜਿਹੜਾ ਪਾਸਾ ਸਬਸਿਡੀ ਦੇਣ ਵਾਲਿਆਂ ਦੇ ਪੱਖ ਵਿਚ ਭੁਗਤ ਰਿਹਾ ਹੈ, ਉਸ ਨੂੰ ਪਹਿਲਾਂ ਵੀ ਦੇ ਦਿਓ ਤੇ ਵੱਧ ਵੀ ਦਿਓ, ਤੇ ਦੂਸਰੇ ਨੂੰ ਲਾਰਿਆਂ ਦਾ ਲਾਲੀਪਾਪ ਫੜਾ ਛੱਡੋ। ਜਿਹੜੇ ਲੋਕ ਟਾਇਲੇਟ ਸਕੀਮ ਦੀ ਇਸ ਸਬਸਿਡੀ ਦਾ ਲਾਭ ਲੈ ਕੇ ਬੜੇ ਖੁਸ਼ ਹੁੰਦੇ ਸਨ, ਇਸ ਸਕੀਮ ਦਾ ਲਾਭ ਲੈਣ ਤੋਂ ਕੁਝ ਸਾਲ ਬਾਅਦ ਜਿਹੜਾ ਨਰਕ ਉਹ ਭੋਗਣ ਲੱਗ ਪਏ, ਉਸ ਦੀ ਬਹੁਤੀ ਚਰਚਾ ਸਰਕਾਰੇ-ਦਰਬਾਰੇ ਨਹੀਂ ਕੀਤੀ ਜਾਂਦੀ। ਵਿਧਾਨ ਸਭਾ ਉਂਜ ਹੀ ਸਿਆਸੀ ਕਬੱਡੀ ਦਾ ਅਖਾੜਾ ਬਣਦੀ ਜਾ ਰਹੀ ਹੈ, ਇਸ ਕਰ ਕੇ ਉਥੇ ਵੀ ਇਸ ਦੀ ਵਿਚਾਰ ਕਰਨ ਵਾਸਤੇ ਕਿਸੇ ਕੋਲ ਵਕਤ ਨਹੀਂ, ਪਰ ਅਖਬਾਰਾਂ ਵਿਚ ਛਪਦੀਆਂ ਰਿਪੋਰਟਾਂ ਬੜਾ ਕੁਝ ਕਹਿ ਰਹੀਆਂ ਹਨ।

ਘਰਾਂ ਦੇ ਅੰਦਰ ਟਾਇਲੇਟ ਦੀ ਇਸ ਸਹੂਲਤ ਦੇ ਦੋ ਮਾਡਲ ਹਨ। ਇੱਕ ਤਰੀਕਾ ਇਹ ਹੈ ਕਿ ਇੱਕ ਥਾਂ ਤਿੰਨ ਪੱਕੇ ਟੋਏ ਹੋਣ, ਜਿਨ੍ਹਾਂ ਵਿਚ ਗੰਦ ਇਕੱਠਾ ਹੋਣ ਤੋਂ ਬਾਅਦ ਹੌਲੀ-ਹੌਲੀ ਪਾਣੀ ਨਿੱਤਰ ਕੇ ਬਾਹਰ ਗਲੀ ਦੀ ਨਾਲੀ ਜਾਂ ਸੀਵਰੇਜ ਵਿਚ ਚਲਾ ਜਾਵੇ ਤਾਂ ਮੁਸ਼ਕ ਨਹੀਂ ਮਾਰਦਾ। ਇਹ ਢੰਗ ਕੁਝ ਚੰਗਾ, ਪਰ ਮਹਿੰਗਾ ਪੈਂਦਾ ਹੈ। ਦੂਸਰਾ ਤਰੀਕਾ ਇਹ ਹੈ ਕਿ ਘਰਾਂ ਵਿਚ 'ਗਰਕੀ' ਬਣਾ ਲਈ ਜਾਂਦੀ ਹੈ। ਗਰਕੀ ਦਾ ਮਤਲਬ ਇਹ ਹੁੰਦਾ ਹੈ ਕਿ ਇੱਕ ਵੀਹ ਕੁ ਫੁੱਟ ਡੂੰਘਾ ਟੋਆ ਪੁੱਟ ਕੇ ਉਸ ਦੇ ਉਪਰ ਸੀਟ ਲਾ ਦਿੱਤੀ ਜਾਵੇ। ਸਸਤਾ ਪੈਣ ਵਾਲਾ ਇਹ ਢੰਗ ਮਨੁੱਖੀ ਸਿਹਤ ਲਈ ਨੁਕਸਾਨ ਦਾ ਸਭ ਤੋਂ ਵੱਡਾ ਸਰੋਤ ਹੈ। ਹੇਠੋਂ ਟੋਆ ਪੱਕਾ ਨਾ ਹੋਣ ਕਾਰਨ ਇਸ ਵਿਚਲਾ ਗੰਦ ਹੌਲੀ-ਹੌਲੀ ਹੇਠਾਂ ਰਿਸਦਾ ਰਹਿੰਦਾ ਤੇ ਆਖਰ ਨੂੰ ਜ਼ਮੀਨ ਦੇ ਹੇਠਾਂ ਉਸ ਪੱਤਣ ਤੱਕ ਚਲਾ ਜਾਂਦਾ ਹੈ, ਜਿੱਥੋਂ ਦਾ ਪਾਣੀ ਲੋਕਾਂ ਦੇ ਨਲਕਿਆਂ ਨੇ ਖਿੱਚਣਾ ਹੁੰਦਾ ਹੈ। ਆਮ ਲੋਕਾਂ ਦੇ ਘਰ ਲੀਡਰਾਂ ਦੀਆਂ ਕੋਠੀਆਂ ਜਿੰਨੇ ਲੰਮੇ-ਚੌੜੇ ਨਹੀਂ ਹੋ ਸਕਦੇ। ਜਿਹੜਾ ਘਰ ਕੁੱਲ ਤੀਹ ਫੁੱਟ ਚੌੜਾ ਵੀ ਹੈ, ਉਸ ਦੇ ਹੇਠਾਂ ਜਾ ਕੇ ਗਰਕੀ ਦਾ ਪਾਣੀ ਏਨੀ ਕੁ ਚੌੜਾਈ ਵਿਚ ਫੈਲਣ ਦੇ ਬਾਅਦ ਉਸ ਦੇ ਆਪਣੇ ਘਰ ਦੇ ਨਲਕੇ ਵਿਚ ਨਿਕਲਣਾ ਹੀ ਹੁੰਦਾ ਹੈ। ਜੇ ਉਹ ਤੀਹ ਦੀ ਥਾਂ ਸੱਠ ਫੁੱਟ ਚੌੜਾ ਘਰ ਵੀ ਹੋਵੇ ਤੇ ਉਸ ਘਰ ਵਿਚ ਇੱਕ ਕੋਨੇ ਵਿਚ ਨਲਕਾ ਤੇ ਦੂਸਰੇ ਕੋਨੇ ਵਿਚ ਗਰਕੀ ਬਣਾ ਲਈ ਜਾਵੇ ਤਾਂ ਗਵਾਂਢੀ ਦਾ ਘਰ ਪੁੱਟ ਕੇ ਪਾਸੇ ਨਹੀਂ ਕੀਤਾ ਜਾ ਸਕਦਾ। ਸਾਡੇ ਨਲਕੇ ਦੀ ਜੜ੍ਹ ਗਵਾਂਢੀ ਦੀ ਗਰਕੀ ਦੇ ਕੋਲ ਤੇ ਗਵਾਂਢੀ ਦੇ ਨਲਕੇ ਦਾ ਫਿਲਟਰ ਸਾਡੀ ਗਰਕੀ ਦੇ ਕੋਲ ਆ ਪੈਂਦਾ ਹੈ। ਉਹ ਸਾਡੀ ਗਰਕੀ ਦਾ ਗੰਦ ਪਾਣੀ ਦੇ ਵਿਚ ਘੁਲਿਆ ਪੀ ਲੈਣ ਜਾਂ ਅਸੀਂ ਆਪਣੇ ਪਾਣੀ ਵਿਚ ਉਨ੍ਹਾਂ ਦੀ ਗਰਕੀ ਦਾ ਗੰਦ ਪੀ ਲਈਏ, ਆਪੋ ਆਪਣਾ ਗੰਦ ਹੀ ਨਲਕਿਆਂ ਦਾ ਗੇੜਾ ਮਾਰ ਕੇ ਨਿਕਲਦਾ ਸਮਝਣਾ ਚਾਹੀਦਾ ਹੈ।

ਕੋਈ ਚਾਰ ਕੁ ਸਾਲ ਪਹਿਲਾਂ ਅਸੀਂ ਇਸ ਕੁਚੱਜ ਤੇ ਇਸ ਦੇ ਨਤੀਜੇ ਵਜੋਂ ਮਾਝੇ ਵਿਚ ਕਾਲਾ ਪੀਲੀਆ ਫੈਲਣ ਬਾਰੇ ਲਿਖਿਆ ਸੀ। ਅਸੀਂ ਕਿਹਾ ਸੀ ਕਿ 'ਮੈਂ ਮਾਝੇ ਦੀ ਜੱਟੀ ਤੇ ਰੰਗ ਮੇਰਾ ਸਿਓ ਵਰਗਾ, ਪਾਣੀ ਪੀਤਾ ਮਾਝੇ ਦੇ ਖੂਹਾਂ ਦਾ ਮੈਂ ਘਿਓ ਵਰਗਾ' ਵਾਲੀ ਧਾਰਨਾ ਹੁਣ ਝੂਠੀ ਸਾਬਤ ਹੋ ਰਹੀ ਹੈ, ਮਾਝੇ ਵਿਚ ਖੂਹਾਂ ਦੀ ਥਾਂ ਬਿਜਲੀ ਵਾਲੇ ਖੂਹਾਂ, ਟਿਊਬਵੈਲਾਂ, ਦਾ ਪਾਣੀ ਹੁਣ ਘਿਓ ਵਰਗਾ ਨਹੀਂ ਰਿਹਾ, ਜ਼ਹਿਰ ਬਣ ਚੁੱਕਾ ਹੈ। ਇੱਕ ਵਿਦਵਾਨ ਲੇਖਕ ਨੇ ਸਾਡੇ ਇਸ ਲੇਖ ਦੀ ਕਾਟ ਕਰਦਿਆਂ ਚੰਡੀਗੜ੍ਹੋਂ ਛਪਦੇ ਇੱਕ ਅਖਬਾਰ ਵਿਚ ਇਹ ਲਿਖਿਆ ਸੀ ਕਿ ਕੁਝ ਲੋਕ ਐਵੇਂ ਆਮ ਲੋਕਾਂ ਨੂੰ ਡਰਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਜਿਸ ਅਖਬਾਰ ਨੇ ਉਦੋਂ ਸਾਡੀ ਲਿਖਤ ਦੀ ਕਾਟ ਵਾਲਾ ਲੇਖ ਛਾਪਿਆ ਸੀ, ਹੁਣ ਉਸੇ ਅਖਬਾਰ ਨੇ ਆਪ ਕਈ ਰਿਪੋਰਟਾਂ ਛਾਪੀਆਂ ਹਨ ਕਿ ਪੰਜਾਬ ਦੇ ਲੋਕਾਂ ਦੀ ਜ਼ਿੰਦਗੀ ਇਸ ਲਈ ਨਰਕ ਬਣ ਰਹੀ ਹੈ ਕਿ ਉਨ੍ਹਾਂ ਨੂੰ ਘਰਾਂ ਵਿਚ ਟਾਇਲੇਟ ਦੀ ਸੌਖ ਦੇਣ ਦੇ ਬਹਾਨੇ ਆਪਣਾ ਗੰਦ ਆਪ ਪੀਣ ਦੇ ਰਾਹੇ ਪਾ ਦਿੱਤਾ ਗਿਆ ਹੈ। ਤਾਜ਼ਾ ਰਿਪੋਰਟਾਂ ਇਹ ਦੱਸਦੀਆਂ ਹਨ ਕਿ ਹੁਣ ਇਹ ਦੁੱਖ ਮਾਝੇ ਦੇ ਪਿੱਛੋਂ ਮਾਲਵੇ ਦੇ ਉਸ ਖਿੱਤੇ ਵਿਚ ਵੀ ਚਲਾ ਗਿਆ ਹੈ, ਜਿੱਥੋਂ ਦੇ ਲੋਕ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਅਤੇ ਡਿਪਟੀ ਮੁੱਖ ਮੰਤਰੀ ਉਤੇ ਹਰ ਵਾਰ ਭਰੋਸਾ ਪ੍ਰਗਟ ਕਰਦੇ ਹਨ। ਮੁਕਤਸਰ ਜ਼ਿਲੇ ਦਾ ਲੰਬੀ ਖੇਤਰ ਵੀ ਇਸ ਦੀ ਲਪੇਟ ਵਿਚ ਆਈ ਜਾਂਦਾ ਹੈ ਤੇ ਪਹਿਲਾਂ ਕੈਂਸਰ ਦੀ ਬਿਮਾਰੀ ਦੇ ਮਾਰੇ ਹੋਏ ਮਾਲਵੇ ਦੇ ਲੋਕ ਇਸ ਨਵੀਂ ਮੁਸੀਬਤ ਵਿਚ ਫਸਦੇ ਜਾ ਰਹੇ ਹਨ।

ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਪੰਜਾਬ ਵਿਚ ਇਹ ਮੁਸੀਬਤ ਸਿਰਫ ਪਿੰਡਾਂ ਦੇ ਲੋਕਾਂ ਦੀ ਹੈ ਤੇ ਸ਼ਹਿਰਾਂ ਵਾਲਿਆਂ ਦਾ ਇਸ ਤੋਂ ਬਚਾਅ ਰਹੇਗਾ। ਜਿਹੜੀ ਸਬਜ਼ੀ ਸ਼ਹਿਰੀ ਮੰਡੀਆਂ ਵਿਚ ਪਹੁੰਚਦੀ ਹੈ, ਉਹ ਵੀ ਤੇ ਦੁੱਧ ਆਦਿ ਵੀ, ਇਨ੍ਹਾਂ ਹੀ ਪਿੰਡਾਂ ਤੋਂ ਆਉਣਾ ਹੁੰਦਾ ਹੈ। ਜਦੋਂ ਉਹ ਸ਼ਹਿਰਾਂ ਤੱਕ ਆਉਂਦਾ ਹੈ ਤਾਂ ਇਸ ਮਰਜ਼ ਦੀ ਕੁਝ ਨਾ ਕੁਝ ਹਿੱਸਾ-ਪੱਤੀ ਸ਼ਹਿਰੀ ਲੋਕਾਂ ਦੇ ਪੇਟ ਤੱਕ ਵੀ ਪਹੁੰਚਣੀ ਹੁੰਦੀ ਹੈ। ਉਹ ਇਸ ਤੋਂ ਬਚੇ ਨਹੀਂ ਰਹਿ ਸਕਦੇ। ਹੈਰਾਨੀ ਦੀ ਗੱਲ ਇਹ ਹੈ ਕਿ ਜਿਨ੍ਹਾਂ ਨੂੰ ਲੋਕਾਂ ਨੇ ਇਸ ਲਈ ਚੁਣ ਕੇ ਭੇਜਿਆ ਹੈ ਕਿ ਉਹ ਰਾਜਧਾਨੀ ਵਿਚ ਪਹੁੰਚ ਕੇ ਉਨ੍ਹਾਂ ਲਈ ਹਾਅ ਦਾ ਨਾਹਰਾ ਮਾਰਨਗੇ, ਉਨ੍ਹਾਂ ਦੇ ਦੁੱਖਾਂ ਦੀ ਬਾਤ ਪਾਉਣਗੇ, ਉਨ੍ਹਾਂ ਵਿਚੋਂ ਕਿਸੇ ਇੱਕ ਨੇ ਵੀ ਕਦੀ ਇਸ ਸਬੰਧ ਵਿਚ ਗੱਲ ਕਰਨ ਦੀ ਲੋੜ ਤੱਕ ਨਹੀਂ ਸਮਝੀ। ਵੋਟਾਂ ਲੈਣ ਵੇਲੇ ਹਰ ਵਾਰੀ ਲੋਕਾਂ ਦੇ ਬਨੇਰਿਆਂ ਦੁਆਲੇ ਉਡਣ ਵਾਲੀ ਫਸਲੀ ਬਟੇਰਿਆਂ ਦੀ ਡਾਰ ਇਹ ਨਹੀਂ ਸਮਝਦੀ ਕਿ ਜੇ ਲੋਕ ਕਿਸੇ ਬਿਮਾਰੀ ਦਾ ਸ਼ਿਕਾਰ ਹੁੰਦੇ ਹਨ ਤਾਂ ਬਹੁਤਾ ਚਿਰ ਉਹ ਆਪ ਵੀ ਬਚੇ ਨਹੀਂ ਰਹਿਣੇ। 'ਡੂਬੇਗੀ ਕਿਸ਼ਤੀ ਤੋ ਡੂਬੇਂਗੇ ਸਾਰੇ, ਨਾ ਤੁਮ ਹੀ ਬਚੋਗੇ, ਨਾ ਸਾਥੀ ਤੁਮਾਰੇ' ਵਾਲੀ ਗੱਲ ਜਿਸ ਦਿਨ ਵਾਪਰਨੀ ਸ਼ੁਰੂ ਹੋ ਗਈ, ਉਦੋਂ ਉਨ੍ਹਾਂ ਆਗੂਆਂ ਦੇ ਕਰਨ ਲਈ ਬਾਕੀ ਕੁਝ ਰਹਿ ਹੀ ਨਹੀਂ ਜਾਣਾ।

**Quick Stop 40, Oklahoma**

***Help Wanted***

ਟਰੱਕ ਸਟਾਪ ਲਈ ਕੈਸ਼ੀਅਰ ਤੇ ਮੈਨੇਜਰ ਦੀ ਲੋੜ ਹੈ
ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ

ਕਾਲ ਕਰੋ:832-512-7172

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

**ਰੇਡੀਓ ਚੜ੍ਹਦੀ ਕਲਾ**

ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ
ਫੋਨ: 510-900-3600

*Radio CK, PO Box 296, Fremont, CA 94537*

# ਇਮੀਗ੍ਰੇਸ਼ਨ ਸੁਧਾਰਾਂ ਬਾਰੇ ਬਿਲ ’ਤੇ ਤਿੱਖੀ ਬਹਿਸ ਹੋਣ ਦੀ ਸੰਭਾਵਨਾ

**ਵਾਸ਼ਿੰਗਟਨ (ਬਿਊਰੋ):** ਇਮੀਗ੍ਰੇਸ਼ਨ ਪਾਲਿਸੀ ਬਾਰੇ ਅਮਰੀਕੀ ਨੀਤੀ ਵਿਚ ਵੱਡੀਆਂ ਤਬਦੀਲੀਆਂ ਕਰਨ ਲਈ ਇਕ ਬਿਲ ਲੰਘੀ 16 ਅਪਰੈਲ ਨੂੰ ਅਮਰੀਕੀ ਸੈਨੇਟ ਵਿਚ ਪੇਸ਼ ਕੀਤਾ ਗਿਆ। ਇਸ ਬਿਲ ਉਤੇ ਇਮੀਗ੍ਰੇਸ਼ਨ ਨੀਤੀ ਵਿਚ ਤਬਦੀਲੀ ਦੇ ਹੱਕ ਅਤੇ ਵਿਰੋਧ ਵਿਚ ਸੈਨੇਟਰਾਂ ਵਿਚਾਲੇ ਤਿੱਖੀ ਬਹਿਸ ਹੋਣ ਦੀ ਸੰਭਾਵਨਾ ਹੈ। ਨਿਊ ਯਾਰਕ ਤੋਂ ਡੈਮੋਕਰੈਟ ਸੈਨੇਟਰ ਚਾਰਲਸ ਸੂਮਰ ਵਲੋਂ 844 ਸਫੇ ਦਾ ‘ਬਾਰਡਰ ਸਕਿਉਰਿਟੀ, ਇਕਨਾਮਿਕ ਅਪਰਚੂਨਿਟੀ ਐਂਡ ਇਮੀਗ੍ਰੇਸ਼ਨ ਮਾਡਰਨਾਈਜੇਸ਼ਨ ਐਕਟ 2013’ (ਸਰਹੱਦੀ ਸੁਰੱਖਿਆ, ਆਰਥਿਕ ਮੌਕੇ ਅਤੇ ਇਮੀਗ੍ਰੇਸ਼ਨ ਆਧੁਨਿਕੀਕਰਨ ਐਕਟ 2013) ਪੇਸ਼ ਕੀਤਾ ਗਿਆ ਇਹ ਬਿਲ ਸੂਮਰ ਅਤੇ 7 ਹੋਰਨਾਂ ਦੇ ਦੋ-ਧਿਰੀਂ ਗਰੁਪ ਜਿਸ ਨੂੰ ‘ਗੈਂਗ ਆਫ ਏਟ’ ਕਿਹਾ ਜਾਂਦਾ ਹੈ, ਵਲੋਂ ਹਫਤਿਆਂਬੱਧੀ ਕੀਤੇ ਗਏ ਵਿਚਾਰ-ਵਟਾਂਦਰੇ ਦਾ ਨਤੀਜਾ ਹੈ।

ਰਿਪਬਲਿਕਨ ਸੈਨੇਟਰ ਮਾਰਕੋ ਰੂਬੀਓ ਨੇ ਇਸ ਬਿਲ ਬਾਰੇ ਕਿਹਾ ਕਿ ਇਹ ਇਕ ਬਹੁਤ ਅਹਿਮ ਮਸਲੇ ਉਤੇ ਬਹਿਸ ਦੀ ਸ਼ੁਰੂਆਤ ਹੈ ਅਤੇ ਮੇਰਾ ਵਿਸ਼ਵਾਸ ਹੈ ਕਿ ਤਜਵੀਜਸ਼ੁਦਾ ਕਾਨੂੰਨ ਸਾਡੀਆਂ ਸਰਹੱਦਾਂ ‘ਤੇ ਸੁਰੱਖਿਆ ਮਜ਼ਬੂਤ ਕਰੇਗਾ, ਦੇਸ਼ ਦੇ ਅੰਦਰ ਕਾਨੂੰਨ ਦੀ ਪਾਲਣਾ ਸਖਤ ਬਣਾਵੇਗਾ, ਸਾਡੇ ਕਾਨੂੰਨੀ ਇਮੀਗ੍ਰੇਸ਼ਨ ਸਿਸਟਮ ਨੂੰ ਆਧੁਨਿਕ ਬਣਾ ਕੇ ਹੋਰ ਜਾਬਾਂ ਪੈਦਾ ਕਰੇਗਾ। ਗੈਰਕਾਨੂੰਨੀ ਕਾਮਿਆਂ ਨੂੰ ਮਾਨਵਵਾਦੀ ਰਾਸਤੇ ਰਾਹੀਂ ਕਾਨੂੰਨੀ ਬਾਸ਼ਿੰਦੇ ਬਣਾਉਣ ਦਾ ਰਾਹ ਖੋਲ੍ਹੇਗਾ। ਰੂਬੀਓ ਇਮੀਗ੍ਰੇਸ਼ਨ ਬਿਲ ਦੇ ਅੱਠ ਸਿਰਜਕਾਂ ਵਿਚੋਂ ਸਭ ਤੋਂ ਵੱਧ ਅਹਿਮ ਹੈ ਕਿਉਂਕਿ ਉਹ ਰਿਪਬਲਿਕਨ ਪਾਰਟੀ ਦੀ ਇਸ ਬਿਲ ਲਈ ਹਮਾਇਤ ਜੁਟਾ ਸਕਣ ਦੇ ਕਾਬਲ ਹੈ। ਉਹ ਅਤੇ ਬਾਕੀ ਸੱਤ ਸੈਨੇਟਰ ਬਾਰਡਰ ਸਕਿਉਰਿਟੀ ਮਜ਼ਬੂਤ ਕਰਨ ਅਤੇ ਸਿਟੀਜ਼ਨਸ਼ਿਪ ਲਈ ਰਾਸਤਾ ਸਖਤ ਕਰਕੇ ਰਿਪਬਲਿਕਨਾਂ ਦੀ ਚਿੰਤਾ ਦੂਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਇਸ ਬਿਲ ਨੂੰ ਪਾਸ ਕਰਨ ਲਈ ਰਿਪਬਲਿਕਨਾਂ ਨੂੰ ਇਸ ਗੱਲ ਲਈ ਸਹਿਮਤ ਕਰਨਾ ਪਵੇਗਾ ਕਿ ਇਸ ਨਾਲ ਗੈਰਕਾਨੂੰਨੀ ਇਮੀਗ੍ਰੇਸ਼ਨ ਘਟੇਗੀ, ਵਧੇਗੀ ਨਹੀਂ। ਇਸ ਬਿਲ ਦੀ ਵਿਵਸਥਾ ਅਨੁਸਾਰ ਗੈਰਕਾਨੂੰਨੀ ਪਰਵਾਸੀਆਂ ਨੂੰ ਦਸ ਸਾਲ ਦਾ ਆਰਜੀ ਸਟੇਟਸ ਮਿਲੇਗਾ, ਉਹ ਕਾਨੂੰਨੀ ਤੌਰ ‘ਤੇ ਕੰਮ ਕਰ ਸਕਣਗੇ ਪਰ ਵੈਲਫੇਅਰ ਜਾਂ ਸਿਹਤ ਸਹੂਲਤਾਂ ਜਿਹੀਆਂ ਫੈਡਰਲ ਸਹੂਲਤਾਂ ਨਹੀਂ ਲੈ ਸਕਣਗੇ। ਦਸ ਸਾਲ ਦੇ ਅਰਸੇ ਬਾਅਦ ਉਨ੍ਹਾਂ ਨੂੰ ਗਰੀਨ ਕਾਰਡ ਮਿਲ ਸਕੇਗਾ ਅਤੇ ਇਸ ਨਾਲ ਸਿਟੀਜ਼ਨਸ਼ਿਪ ਲਈ ਰਾਹ ਪੱਧਰਾ ਹੋ ਜਾਵੇਗਾ। ਗਰੀਨ ਕਾਰਡ ਮਿਲਣ ਦੇ ਤਿੰਨ ਸਾਲ ਬਾਅਦ ਉਹ ਸਿਟੀਜ਼ਨਸ਼ਿਪ ਲਈ ਪਟੀਸ਼ਨ ਦਾਇਰ ਕਰ ਸਕਣਗੇ।

ਇਸ ਬਿਲ ਦੇ ਕਾਨੂੰਨ ਬਣਨ ਪਿਛੋਂ ਇਕ ਕਰੋੜ 10 ਲੱਖ ਗੈਰਕਾਨੂੰਨੀ ਪਰਵਾਸੀ ਘੱਟੋ ਘੱਟ 13 ਸਾਲ ਪਿਛੋਂ ਸਿਟੀਜ਼ਨਸ਼ਿਪ ਲੈ ਸਕਣਗੇ। ਉਨ੍ਹਾਂ ਨੂੰ 2000 ਡਾਲਰ ਦਾ ਜ਼ੁਰਮਾਨਾ ਅਤੇ ਹੋਰ ਟੈਕਸ ਦੇਣੇ ਪੈਣਗੇ। ਇਸ ਤੋਂ ਬਿਨਾ ਉਨ੍ਹਾਂ ਨੂੰ ਹੋਰ ਸ਼ਰਤਾਂ ਵੀ ਪੂਰੀਆਂ ਕਰਨੀਆਂ ਪੈਣਗੀਆਂ।

ਇਮੀਗ੍ਰੇਸ਼ਨ ਸੁਧਾਰ ਦੀ ਇਸ ਯੋਜਨਾ ਲਈ ਸਕਿਉਰਿਟੀ ਖਰਚਿਆਂ ਲਈ ਹੋਰ ਬਾਰਡਰ ਸਕਿਉਰਿਟੀ ਅਫਸਰ ਤੇ ਕਸਟਮ ਏਜੰਟ ਅਤੇ ਬਾਰਡਰ ਉਤੇ ਨਿਗਰਾਨੀ ਦਾ ਸਿਸਟਮ ਲਾਉਣ ਲਈ ਤਿੰਨ ਬਿਲੀਅਨ ਡਾਲਰ ਰੱਖੇ ਜਾਣਗੇ। ਇਸ ਤੋਂ ਇਲਾਵਾ ਬਾਰਡਰ ਉਤੇ ਵਾੜ ਲਾਉਣ ਵਾਸਤੇ ਡੇਢ ਮਿਲੀਅਨ ਡਾਲਰ ਰੱਖੇ ਜਾਣ ਦੀ ਵਿਵਸਥਾ ਹੈ। ਇਸ ਬਿਲ ਵਿਚ ਇਹ ਖਦਸ਼ੇ ਦੂਰ ਕਰਨ ਦਾ ਵੀ ਯਤਨ ਕੀਤਾ ਗਿਆ ਹੈ ਕਿ ਗੈਰਕਾਨੂੰਨੀ ਪਰਵਾਸੀਆਂ ਨੂੰ ਕਾਨੂੰਨੀ ਬਣਾਉਣ ਨਾਲ ਫੈਡਰਲ ਵੈਲਫੇਅਰ ਉਪਰ ਖਰਚਾ ਵਧੇਗਾ। ਬਿਲ ਵਿਚ ਦਾਅਵਾ ਕੀਤਾ ਗਿਆ ਹੈ ਕਿ ਪਰਵਾਸੀਆਂ ਨੂੰ ਆਪਣੀ ਅਰਜੀ ਵਿਚ ਇਹ ਵਾਅਦਾ ਕਰਨਾ ਪਵੇਗਾ ਕਿ ਉਹ ਸਰਕਾਰ ਉਤੇ ਬੋਝ ਨਹੀਂ ਬਣਨਗੇ।

ਬਿਲ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਇਹ ਇਮੀਗ੍ਰੇਸ਼ਨ ਸੁਧਾਰ ਆਮ ਮੁਆਫੀ ਨਹੀਂ ਹੈ ਸਗੋਂ ਕਾਨੂੰਨੀ ਰੁਤਬਾ ਹਾਸਲ ਕਰਨ ਦਾ ਇਕ ਰਾਸਤਾ ਹੈ। ਦੂਜੇ ਪਾਸੇ ਇਸ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਦੇਸ਼ ਦੇ ਬਾਰਡਰ ਨੂੰ ਸੁਰੱਖਿਅਤ ਬਣਾਉਣ ਤੋਂ ਪਹਿਲਾਂ ਹੀ ਹਰ ਗੈਰਕਾਨੂੰਨੀ ਪਰਵਾਸੀ ਲਈ ਕਾਨੂੰਨੀ ਪਰਵਾਸੀ ਬਣਨ ਦਾ ਰਾਹ ਖੋਲ੍ਹਿਆ ਜਾ ਰਿਹਾ ਹੈ। ਬੋਸਟਨ ਵਿਚ ਹੋਏ ਧਮਾਕਿਆਂ ਪਿਛੋਂ ਇਸ ਬਿਲ ਦੇ ਪਾਸ ਹੋਣ ਲਈ ਰਾਹ ਹੋਰ ਔਖਾ ਹੋ ਗਿਆ ਹੈ। ਸੈਨੇਟ ਵਿਚ ਪਾਸ ਹੋਣ ਤੋਂ ਬਾਅਦ ਇਹ ਬਿਲ ਕਾਂਗਰਸ ਵਿਚ ਜਾਏਗਾ ਅਤੇ ਉਥੋਂ ਪਾਸ ਹੋਣ ਤੋਂ ਬਾਅਦ ਰਾਸ਼ਟਰਪਤੀ ਓਬਾਮਾ ਦੇ ਦਸਤਖਤਾਂ ਲਈ ਪੇਸ਼ ਕੀਤਾ ਜਾਵੇਗਾ।

ਜਿਹੜੇ ਬੱਚਿਆਂ ਨੂੰ ਮਾਪੇ ਗੈਰਕਾਨੂੰਨੀ ਤੌਰ ‘ਤੇ ਅਮਰੀਕਾ ਲੈ ਕੇ ਆਏ ਉਨ੍ਹਾਂ ਲਈ ਕਾਨੂੰਨੀ ਪਰਵਾਸੀ ਬਣਨ ਲਈ ਰਾਹ ਸੌਖੇਰਾ ਹੋਵੇਗਾ। ਉਨ੍ਹਾਂ ਨੂੰ ਗਰੀਨ ਕਾਰਡ 5 ਸਾਲਾਂ ਦੇ ਅੰਦਰ ਮਿਲ ਸਕੇਗਾ ਅਤੇ ਉਸ ਪਿਛੋਂ ਉਹ ਤੁਰੰਤ ਸਿਟੀਜ਼ਨਸ਼ਿਪ ਲੈਣ ਦੇ ਯੋਗ ਹੋ ਜਾਣਗੇ।

ਇਮੀਗ੍ਰੇਸ਼ਨ ਬਿਲ ਦੇ ਪਾਸ ਹੋਣ ਨਾਲ ਉਨ੍ਹਾਂ ਖੇਤੀ ਕਾਮਿਆਂ ਨੂੰ ਬਲਿਊ ਕਾਰਡ ਮਿਲ ਸਕੇਗਾ ਜਿਨ੍ਹਾਂ ਨੇ ਅਮਰੀਕਾ ਵਿਚ ਪਿਛਲੇ ਦੋ ਸਾਲਾਂ ਅੰਦਰ ਸੌ ਦਿਨਾਂ ਲਈ ਖੇਤੀ ਦਾ ਕੰਮ ਕੀਤਾ ਹੋਵੇ। ਗੈਰਕਾਨੂੰਨੀ ਪਰਵਾਸੀਆਂ ਨੂੰ ਕਾਨੂੰਨੀ ਦਰਜਾ ਹਾਸਲ ਕਰਨ ਲਈ ਰਜਿਸਟਰਸ਼ੁਦਾ ਆਰਜੀ ਕਾਨੂੰਨੀ ਪਰਵਾਸੀ ਬਣਨ ਵਾਸਤੇ ਕੁਝ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ ਜਿਨ੍ਹਾਂ ਅਨੁਸਾਰ ਉਹ 31 ਦਸੰਬਰ 2012 ਤੋਂ ਪਹਿਲਾਂ ਅਮਰੀਕਾ ਰਹਿੰਦੇ ਹੋਣ, 2000 ਡਾਲਰ ਦਾ ਜ਼ੁਰਮਾਨਾ ਅਦਾ ਕੀਤਾ ਹੋਵੇ ਅਤੇ ਸਾਰੇ ਟੈਕਸ ਭਰੇ ਹੋਣ। ਉਨ੍ਹਾਂ ਨੂੰ ਇਹ ਵੀ ਸਾਬਤ ਕਰਨਾ ਪਵੇਗਾ ਕਿ ਉਹ ਵਧੀਆ ਰੁਜ਼ਗਾਰ ਹਾਸਲ ਕਰ ਸਕਦੇ ਹਨ ਅਤੇ ਉਨ੍ਹਾਂ ਦਾ ਪਿਛੋਕੜ ਜਰਾਇਮ ਰਹਿਤ ਹੈ।

ਨਵੇਂ ਇਮੀਗ੍ਰੇਸ਼ਨ ਕਾਨੂੰਨ ਬਾਰੇ ਗੱਲ ਕਰਦਿਆਂ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਜਿਨ੍ਹਾਂ ਗੈਰਕਾਨੂੰਨੀ ਪਰਵਾਸੀਆਂ ਦੇ ਡਿਪੋਰਟੇਸ਼ਨ ਦੇ ਆਖਰੀ ਹੁਕਮ ਜਾਰੀ ਹੋ ਚੁਕੇ ਹਨ, ਉਨ੍ਹਾਂ ਨੂੰ ਪਹਿਲਾਂ ਆਪਣਾ ਡਿਪੋਰਟੇਸ਼ਨ ਕੇਸ ਖੁਲ੍ਹਵਾਉਣਾ ਪਵੇਗਾ ਫਿਰ ਹੀ ਉਹ ਨਵੇਂ ਇਮੀਗ੍ਰੇਸ਼ਨ ਕਾਨੂੰਨ ਦਾ ਲਾਭ ਉਠਾ ਸਕਣਗੇ।

# ਸ਼ਿਕਾਗੋ ‘ਚ ਪੰਜਾਬੀ ਸਾਹਿਤ ਸਭਾ ਕਾਇਮ

**ਸ਼ਿਕਾਗੋ (ਬਿਊਰੋ):** ਸ਼ਿਕਾਗੋਲੈਂਡ ਵਿਚ ਪੰਜਾਬੀ ਸਾਹਿਤ ਦੀ ਰਚਨਾ ਅਤੇ ਪੜ੍ਹਨ ਨੂੰ ਉਤਸ਼ਾਹਿਤ ਕਰਨ ਲਈ ਪੰਜਾਬੀ ਸਾਹਿਤ ਸਭਾ ਦੀ ਸਥਾਪਨਾ ਕੀਤੀ ਗਈ ਹੈ। ਲੰਘੇ ਐਤਵਾਰ ਸ਼ਿਕਾਗੋ ਦੇ ਸਾਹਿਤ ਪ੍ਰੇਮੀਆਂ ਦੀ ਹੋਈ ਇਕ ਮੀਟਿੰਗ ਵਿਚ ਸੰਸਥਾ ਨੂੰ ਚਲਾਉਣ ਲਈ ਇਕ ਐਡਹਾਕ ਕਮੇਟੀ ਬਣਾਈ ਗਈ। ਪ੍ਰੋ. ਜਗਿੰਦਰ ਸਿੰਘ ਰਮਦੇਵ ਨੂੰ ਇਸ ਦਾ ਪ੍ਰਧਾਨ, ਗੁਰਸ਼ਰਨ ਸਿੰਘ ਉਰਫ ਗੁਰ ਸਿੰਘ ਨੂੰ ਕਾਰਜਕਾਰੀ ਸਕੱਤਰ, ਮੱਤ ਸਿੰਘ ਢਿੱਲੋਂ ਨੂੰ ਖਜ਼ਾਨਚੀ ਅਤੇ ਠਾਕਰ ਸਿੰਘ ਬਸਾਤੀ ਨੂੰ ਕੋਆਰਡੀਨੇਟਰ ਨਾਮਜ਼ਦ ਕੀਤਾ ਗਿਆ। ਸਭਾ ਸ਼ਿਕਾਗੋ ਆਏ ਪੰਜਾਬੀ ਲੇਖਕਾਂ ਨਾਲ ਰੂਬਰੂ ਦਾ ਵੀ ਇੰਤਜ਼ਾਮ ਕਰੇਗੀ।

ਮੀਟਿੰਗ ਵਿਚ ਸ. ਗੁਰ ਸਿੰਘ ਅਤੇ ਮੱਤ ਸਿੰਘ ਢਿੱਲੋਂ ਨੇ ਆਪਣੀਆਂ ਪੰਜਾਬੀ ਕਵਿਤਾਵਾਂ ਸੁਣਾਈਆਂ। ਸਭਾ ਦੀ ਅਗਲੀ ਮੀਟਿੰਗ ਸ. ਗੁਰ ਸਿੰਘ ਦੇ ਦਫਤਰ (482 ਨਾਰਥ ਮਿਲਵਾਕੀ ਰੋਡ, ਵ੍ਹੀਲਿੰਗ) ਵਿਚ 5 ਮਈ ਨੂੰ ਬਾਅਦ ਦੁਪਹਿਰ ਇਕ ਤੋਂ ਤਿੰਨ ਵਜੇ ਤੱਕ ਹੋਵੇਗੀ ਜਦੋਂਕਿ ਮਾਸਿਕ ਮੀਟਿੰਗ 19 ਮਈ ਨੂੰ ਪੈਲਾਟਾਈਨ ਦੀ ਪਬਲਿਕ ਲਾਇਬਰੇਰੀ ਵਿਚ ਬਾਅਦ ਦੁਪਹਿਰ ਇਕ ਵਜੇ ਤੋਂ ਤਿੰਨ ਵਜੇ ਤੱਕ ਹੋਵੇਗੀ। ਹੋਰ ਜਾਣਕਾਰੀ ਲਈ ਪ੍ਰੋ. ਰਮਦੇਵ ਨਾਲ ਫੋਨ 847-543-7565 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।


**SUPER TRAVEL**

**847-676-9090, 773-465-5566**

*E-mail: supertravel2003@yahoo.com*

**Lowest Fares With Excellent Service**

*United Airlines*
*British Airways*



*Jet Airways, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

**Domestic fares available**

**Travel Mart International**

**We offer lowest fares to India, Pakistan, Africa, Middle East & worldwide.**
**Best rates available with confirmed seats.**
**You tried the rest now try the best**

**Ph:773-764-3700**

**Fax # 773 751 5531 e-mail: travelmartintl@gmail.com**
**2600 W. Peterson Ave., Suite 103, Chicago Il 60659**

# Drivers & Owner Operators Wanted

# ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ

**A Chicago based trucking company Nationwide Trans Inc. is looking for experienced drivers and owner operators to add to our growing fleet. We pay up to $0.43 cents per mile for drivers. Per mile rate is based on experience. We also pay layover and detention. Nationwide Trans Inc. also offers a generous performance bonus for on-time deliveries, weekly mile averages, safe driving, and a one of a kind driver referral program.**

**We offer an industry first, pay option to all owner operators, with no forced dispatch, and flexible drive schedules.**

**Nationwide Trans Inc is looking to hire over the road, regional, local drivers, as well as experienced dispatchers.**

**We offer a wide variety of dedicated lanes (over the road, and regional).**

**Lease to own options on trucks and trailers, in house service, truck parking and professional business support to all owner operators.**

**Nationwide Trans Inc is a company owned and operated by current and former drivers who have your best interests in mind. Our company model ensures you will make the most money while you’re on the road.**



**If you’re interested in joining our growing family, please call (24/7)**

**ਹੋਰ ਜਾਣਕਾਰੀ ਲਈ ਕਾਲ ਕਰੋ**

**(815) 439-9369**

ਪੰਜਾਬ ਟਾਈਮਜ਼

*ਸਨਿਚਰਵਾਰ, 27 ਅਪਰੈਲ 2013*

## ਜ਼ਿਆਦਤੀਆਂ ਦੀਆਂ ਜੜ੍ਹਾਂ

ਦਿੱਲੀ ਦੀ ਇਕ ਨੰਨ੍ਹੀ ਜਾਨ ਨਾਲ ਹੋਈ ਵਧੀਕੀ ਨੇ ਇਕ ਵਾਰ ਫਿਰ ਸਭ ਨੂੰ ਝੰਜੋੜ ਸੁੱਟਿਆ ਹੈ। ਹਰ ਪਾਸੇ ਲੋਕਾਂ ਦਾ ਗੁੱਸਾ ਵੀ ਬਾਕਾਇਦਾ ਜਾਹਰ ਹੋ ਰਿਹਾ ਹੈ। ਇਕ ਵਾਰ ਫਿਰ ਚੁਫੇਰਿਉਂ ਬਿਆਨਾਂ ਦੀ ਝੜੀ ਲੱਗ ਗਈ ਹੈ ਅਤੇ ਇਹ ਘਿਣਾਉਣਾ ਕਾਰਾ ਕਰਨ ਵਾਲਿਆਂ ਨੂੰ ਫਾਂਸੀ ਉਤੇ ਲਟਕਾਉਣ ਦੀ ਮੰਗ ਕੀਤੀ ਜਾਣ ਲੱਗੀ ਹੈ। ਪੰਜਾਬ ਜਿੱਥੇ ਆਏ ਦਿਨ ਧੀਆਂ-ਭੈਣਾਂ ਦੀ ਇੱਜ਼ਤ ਸੜਕਾਂ ਉਤੇ ਰੋਲੀ ਜਾ ਰਹੀ ਹੈ, ਦਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਦਿੱਲੀ ਵਿਚ ਜਬਰ ਜਨਾਹ ਦੇ ਇਸ ਨਵੇਂ ਕੇਸ ਦੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦੀ ਮੰਗ ਕਰਨ ਤੋਂ ਪਿੱਛੇ ਨਹੀਂ ਰਿਹਾ। ਪਿਛਲੇ ਸਾਲ ਜਦੋਂ 16 ਦਸੰਬਰ ਨੂੰ ਦਿੱਲੀ ਵਿਚ ਜਬਰ ਜਨਾਹ ਦੀ ਘਟਨਾ ਤੋਂ ਬਾਅਦ ਲੋਕ ਰੋਹ ਭਖਿਆ ਸੀ, ਉਦੋਂ ਵੀ ਅਜਿਹੀ ਹੀ ਮੰਗ ਉਠੀ ਸੀ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੱਕ ਨੇ ਸਖਤ ਕਾਰਵਾਈਆਂ ਦੇ ਦਾਅਵੇ ਅਤੇ ਵਾਅਦੇ ਕੀਤੇ ਸਨ। ਹੁਣ ਵੀ ਅਜਿਹਾ ਹੀ ਹੋ ਰਿਹਾ ਹੈ। ਸਿਰਫ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਇਸ ਮਾਮਲੇ 'ਤੇ ਕੁਝ ਕੁ ਸੰਵੇਦਨਸ਼ੀਲਤਾ ਦਿਖਾਈ ਹੈ ਕਿ ਅਜਿਹੀਆਂ ਘਟਨਾਵਾਂ ਕਿਉਂਕਿ ਵਾਰ ਵਾਰ ਵਾਪਰ ਰਹੀਆਂ ਹਨ ਤੇ ਇਨ੍ਹਾਂ ਨੂੰ ਠੱਲ੍ਹ ਕਿਉਂ ਨਹੀਂ ਪੈ ਰਹੀ, ਇਸ ਲਈ ਹੁਣ ਸਾਨੂੰ ਇਸ ਵਰਤਾਰੇ ਦੀਆਂ ਜੜ੍ਹਾਂ ਫਰੋਲਣੀਆਂ ਚਾਹੀਦੀਆਂ ਹਨ। ਇਹ ਗੈਰ-ਸੰਵੇਦਨਸ਼ੀਲਤਾ ਦੀ ਹੱਦ ਹੀ ਹੈ ਕਿ ਰਾਸ਼ਟਰਪਤੀ ਦੇ ਇਸ ਬਿਆਨ ਨੂੰ ਨਾ ਮੀਡੀਆ ਅਤੇ ਨਾ ਹੀ ਕਿਸੇ ਹੋਰ ਨੇ ਬਹੁਤਾ ਗੌਲਿਆ ਹੈ। ਸਿਆਸੀ ਪਾਰਟੀਆਂ ਦੇ ਤਾਂ ਕਹਿਣੇ ਹੀ ਕੀ ਹਨ! ਉਹ ਤਾਂ ਇਸ ਭਿਆਨਕ ਵਾਰਦਾਤ 'ਤੇ ਵੀ ਸਿਆਸਤ ਕਰਨ ਤੋਂ ਬਾਜ਼ ਨਹੀਂ ਆ ਰਹੀਆਂ।

ਭਿਆਨਕਤਾ ਦੀ ਇਸ ਕੜੀ ਦੀ ਸ਼ੁਰੂਆਤ ਅਸਲ ਵਿਚ ਪੁਲਿਸ ਮਹਿਕਮੇ ਤੋਂ ਹੁੰਦੀ ਹੈ। ਦਿੱਲੀ ਦੀ ਇਸ ਤਾਜ਼ਾ ਘਟਨਾ ਸਮੇਂ ਪਹਿਲਾਂ ਤਾਂ ਗੁਰਬਤ ਮਾਰੇ ਮਾਪਿਆਂ ਦੀ ਗੱਲ ਹੀ ਨਾ ਸੁਣੀ ਗਈ ਅਤੇ ਜਦੋਂ ਗੱਲ ਮੀਡੀਆ ਵਿਚ ਫੈਲਣ ਲੱਗੀ ਤਾਂ ਦੋ ਹਜ਼ਾਰ ਰੁਪਏ ਦੇ ਕੇ ਚੁੱਪ ਕਰ ਜਾਣ ਲਈ ਕਹਿਣ ਦੀ ਜ਼ੁਅਰਤ ਕੀਤੀ ਗਈ। ਰੋਸ ਵਿਖਾਵੇ ਹੋਣੇ ਸ਼ੁਰੂ ਹੋਏ ਤਾਂ ਇਕ ਪੁਲਿਸ ਅਫਸਰ ਇਕ ਵਿਖਾਵਾਕਾਰੀ ਕੁੜੀ ਨੂੰ ਕੁੱਟਣ ਤੋਂ ਵੀ ਨਾ ਝਿਜਕਿਆ। ਇਸ ਤੋਂ ਬਾਅਦ ਪਰਦੇ ਪਾਉਣ ਦੀ ਕਵਾਇਦ ਅਰੰਭ ਹੋ ਗਈ। ਹੁਣ ਤਾਂ ਪੁਲਿਸ ਦੀ ਕਾਰਗੁਜ਼ਾਰੀ ਦਾ ਮਸਲਾ ਬਹੁਤ ਪਿਛਾਂਹ ਚਲਾ ਗਿਆ ਹੈ ਅਤੇ ਮਾਮੂਲੀ ਜਿਹਾ ਵੀ ਬਣ ਕੇ ਰਹਿ ਗਿਆ ਹੈ। ਹੁਣ ਫੜੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੀ ਮੁਹਾਰਨੀ ਸ਼ੁਰੂ ਹੈ। ਇਹ ਮੁਹਾਰਨੀ ਪਹਿਲੇ ਕੇਸਾਂ ਤੋਂ ਕਿਸੇ ਵੀ ਲਿਹਾਜ਼ ਵੱਖਰੀ ਨਹੀਂ ਹੈ। ਨਤੀਜਾ ਪਰਨਾਲਾ ਉਥੇ ਦਾ ਉਥੇ ਹੀ ਹੈ। ਜਾਪਦਾ ਇਉਂ ਹੈ ਕਿ ਕਰੂਰ ਹੋ ਗਏ ਸਮਾਜ ਦੇ ਵੱਖ ਵੱਖ ਹਿੱਸੇ ਚੱਲ ਰਹੇ ਇਸ ਨਾਟਕ ਵਿਚ ਆਪੋ-ਆਪਣਾ ਹਿੱਸਾ ਪਾ ਰਹੇ ਹਨ। ਬੱਸ ਪਾਤਰ ਹੀ ਬਦਲੇ ਹਨ, ਬਾਕੀ ਸਭ ਉਹੀ ਹੈ ਜੋ ਅਸੀਂ ਦਹਾਕਿਆਂ ਤੋਂ ਦੇਖ ਰਹੇ ਹਾਂ। ਐਨਾ ਕੋਹਣ ਤੋਂ ਬਾਅਦ ਵੀ ਸਭ ਲੋਕਾਂ ਦੇ ਸਬਰ ਦੇ ਪਿਆਲੇ ਅਜੇ ਊਣੇ ਜਾਪਦੇ ਹਨ। ਇਹੀ ਅਸਲ ਵਿਚ ਪੁਲਿਸ ਅਤੇ ਸਿਆਸਤਦਾਨਾਂ ਦੀ ਸਫਲਤਾ ਦਾ ਰਾਜ਼ ਹੈ।

ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ ਵਿਚ ਵੀ ਪਿਛਲੇ ਦਿਨੀਂ ਪੁਲਿਸ ਦੀ ਇਸ ਕਾਰਗੁਜ਼ਾਰੀ ਉਤੇ ਸਵਾਲ ਉਠਿਆ ਸੀ। ਇਸ ਕੇਸ ਨਾਲ ਤਾਂ ਲੰਗੜੀ ਨਿਆਂ ਪਾਲਿਕਾ ਦੀਆਂ ਤੰਦਾਂ ਵੀ ਜੁੜ ਗਈਆਂ ਸਨ। ਸਮਾਜ ਦਾ ਸੰਵੇਦਨਸ਼ੀਲ ਹਿੱਸਾ ਚਿਰਾਂ ਤੋਂ ਕੂਕ ਕੂਕ ਕੇ ਕਹਿ ਰਿਹਾ ਹੈ ਕਿ ਜਿਹੜਾ ਸਿਸਟਮ ਭਾਰਤੀ ਸਮਾਜ ਦੀਆਂ ਜੜ੍ਹਾਂ ਵਿਚ ਬੈਠ ਗਿਆ ਹੈ, ਉਸ ਉਤੇ ਸਵਾਲ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਬਦਲਿਆ ਜਾਣਾ ਚਾਹੀਦਾ ਹੈ। ਇਸੇ ਸਵਾਲ ਵਿਚ ਪ੍ਰੋ. ਭੁੱਲਰ ਵਰਗਿਆਂ ਦੇ ਸਵਾਲਾਂ ਦੇ ਜਵਾਬ ਲੁਕੇ ਹੋਏ ਹਨ, ਕਿ ਕਿਸ ਤਰ੍ਹਾਂ ਪੰਜਾਬ ਦੇ ਕਿਸੇ ਕਾਲਜ ਵਿਚ ਪੜ੍ਹ ਰਹੇ ਹੋਣਹਾਰ ਨੌਜਵਾਨ ਦਾ ਨਾਂ ਦਿੱਲੀ ਵਿਚ ਫਟੇ ਬਾਰੂਦ ਨਾਲ ਜੁੜ ਗਿਆ। ਕਿਸ ਤਰ੍ਹਾਂ ਸਭ ਰਾਹ ਹੋਣ ਦੇ ਬਾਵਜੂਦ ਸਭ ਨੇਮ ਛਿੱਕੇ ਟੰਗ ਕੇ ਇਕ ਇਕ ਕਰ ਕੇ ਸਾਰੇ ਰਾਹ ਉਹਦੇ ਲਈ ਬੰਦ ਕੀਤੇ ਜਾ ਰਹੇ ਹਨ। ਹੁਣ ਦਿੱਲੀ ਵਿਚ ਜਿਹੜੇ ਲਗਾਤਾਰ ਰੋਸ ਵਿਖਾਵੇ ਹੋ ਰਹੇ ਹਨ, ਉਹ ਇਨ੍ਹਾਂ ਜ਼ਿਆਦਤੀਆਂ ਖਿਲਾਫ ਸ਼ਾਇਦ ਕੋਈ ਰਾਹ ਹੀ ਲੱਭ ਰਹੇ ਹਨ। ਰਤਾ ਕੁ ਹੋਰ ਪਿਛਾਂਹ ਝਾਤੀ ਮਾਰੀਏ ਤਾਂ ਕਸ਼ਮੀਰੀ ਨੌਜਵਾਨ ਅਫਜ਼ਲ ਗੁਰੂ ਵਾਲਾ ਕੇਸ ਸਭ ਦੇ ਸਾਹਮਣੇ ਹੈ। ਉਸ ਨੇ ਆਪਣੀਆਂ ਚਿੱਠੀਆਂ ਵਿਚ ਉਸ ਨਾਲ ਹੋਈਆਂ ਵਧੀਕੀਆਂ ਬਾਰੇ ਦੱਸਣ ਦਾ ਯਤਨ ਕੀਤਾ ਸੀ ਪਰ ਉਸ ਦੀ ਆਵਾਜ਼ ਸੁਣੀ ਨਾ ਗਈ ਅਤੇ ਆਖਰਕਾਰ ਉਸ ਨੂੰ ਚੁੱਪ-ਚੁਪੀਤੇ ਫਾਂਸੀ ਉਤੇ ਲਟਕਾ ਦਿੱਤਾ ਗਿਆ, ਤੇ ਉਸ ਵੱਲੋਂ ਉਠਾਏ ਸਵਾਲ ਉਸ ਦੀ ਦੇਹ ਦੇ ਨਾਲ ਹੀ ਦਫਨ ਕਰ ਦਿੱਤੇ ਗਏ। ਇਹੀ ਉਹ ਪਹੁੰਚ ਹੈ ਜਿਸ ਨੂੰ ਫਰੋਲਣ ਦੀ ਗੱਲ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਕੀਤੀ ਹੈ। ਪ੍ਰਣਬ ਮੁਖਰਜੀ ਆਪ ਵੀ ਭਾਵੇਂ ਉਸੇ ਸਿਸਟਮ ਦਾ ਹਿੱਸਾ ਰਹੇ ਹਨ ਅਤੇ ਹੁਣ ਵੀ ਹਨ, ਪਰ ਜੇ ਦੇਸ਼ ਦਾ ਰਾਸ਼ਟਰਪਤੀ ਘਟਨਾਵਾਂ ਦੀ ਥਾਂ ਵਰਤਾਰੇ ਦੀ ਪੜਚੋਲ ਦੀ ਗੱਲ ਕਰ ਰਿਹਾ ਹੈ ਤਾਂ ਇਸ ਰਾਹ ਪੈਣ ਤੋਂ ਹਿਚਕਚਾਹਟ ਭਲਾ ਕਿਉਂ ਹੋਵੇ? ਇਥੇ ਮਸਲਾ ਸ਼ਾਇਦ ਪਹਿਲ ਦਾ ਹੈ। ਇਸ ਪਹਿਲ ਦਾ ਦੂਜਾ ਪਾਸਾ ਦਿਆਨਤਦਾਰੀ ਨਾਲ ਜੁੜਦਾ ਹੈ। ਪਹਿਲ ਕਰਨ ਲਈ ਫਿਲਹਾਲ ਕੋਈ ਰਾਜ਼ੀ ਨਹੀਂ ਅਤੇ ਦਿਆਨਤਦਾਰੀ ਦਾ ਪੱਲਾ ਹਰ ਵਾਰ ਛੁੱਟ ਜਾਂਦਾ ਰਿਹਾ ਹੈ। ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਅੰਨਾ ਹਜ਼ਾਰੇ ਦੇ ਅੰਦੋਲਨ ਵੇਲੇ ਸੜਕਾਂ ਉਤੇ ਨਿਕਲੇ ਲੋਕ ਕੁਝ ਕੀਤੇ ਬਗੈਰ ਹੀ ਘਰਾਂ ਨੂੰ ਮੁੜ ਜਾਂਦੇ। ਇਹ ਅੱਜ ਦੇ ਉਸ ਭਾਰਤ ਦੀ ਤਰਾਸਦੀ ਹੈ ਜਿਹੜਾ ਸੰਸਾਰ ਪੱਧਰ ਉਤੇ ਤਾਂ ਕਹਿੰਦੇ-ਕਹਾਉਂਦੇ ਦੇਸ਼ਾਂ ਨਾਲ ਵਰ ਮੇਚ ਰਿਹਾ ਹੈ, ਪਰ ਘਰੇ ਅੰਨ੍ਹੀ ਗਲੀ ਵਿਚ ਰਾਹ ਲੱਭਦਾ ਹਫਿਆ ਪਿਆ ਹੈ। ਇਹ ਪਾੜਾ ਇੰਨਾ ਜ਼ਿਆਦਾ ਹੈ ਕਿ ਨੇੜ ਭਵਿੱਖ ਵਿਚ ਇਸ ਦੇ ਪੂਰ ਹੋਣ ਦੇ ਆਸਾਰ ਵੀ ਨਜ਼ਰੀਂ ਨਹੀਂ ਪੈ ਰਹੇ। ਵਾਰ ਵਾਰ ਡਗੇ ਉਤੇ ਚੋਟ ਲੱਗਣ ਦੇ ਬਾਵਜੂਦ ਕਹਾਣੀ ਕੁਝ ਕੁ ਮੰਗਾਂ ਤੱਕ ਹੀ ਸਿਮਟ ਜਾਂਦੀ ਹੈ। ਦਰਅਸਲ ਜਿੰਨਾ ਚਿਰ ਇਹ ਸੰਕਟ ਨਹੀਂ ਕੱਟਿਆ ਜਾਂਦਾ, ਉਤਨਾ ਚਿਰ ਜਾਪਦਾ ਹੈ ਕਿ ਬੇਕਸੂਰ ਜਿੰਦੜੀਆਂ ਉਤੇ ਇਸੇ ਤਰ੍ਹਾਂ ਝਪਟਾਂ ਵੱਜਦੀਆਂ ਰਹਿਣੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਤਖਤ ਬਨਾਮ ਤਖਤਾ!*

ਅੰਨ੍ਹੇ ਹੋਏ ਹੰਕਾਰ ਵਿਚ ਹਾਕਮਾਂ ਨੂੰ, ਆਉਣਾ 'ਕਾਲ਼' ਵੀ ਨਹੀਂ ਵਿਸ਼ਵਾਸ ਹੁੰਦੈ।
ਖੁਦ ਨੂੰ ਸਹੀ ਠਹਿਰਾਉਣ ਲਈ ਬੋਲਦੇ ਜੋ, ਕੋਰਾ ਝੂਠ ਉਹ ਨਿਰੀ ਬਕਵਾਸ ਹੁੰਦੈ।
ਗਭਰੂ ਨਿੱਤਰਦੇ ਵਾਂਗ ਪ੍ਰਵਾਨਿਆਂ ਦੇ, ਮਸਲਾ ਕੌਮ ਲਈ ਜਦੋਂ ਕੋਈ ਖ਼ਾਸ ਹੁੰਦੈ।
ਹੱਕ ਲੈਣ ਲਈ ਜਦੋਂ ਉਹ ਜੂਝਦੇ ਨੇ, ਕਾਲ ਕੋਠੜੀ ਜੇਲ੍ਹਾਂ ਵਿਚ ਵਾਸ ਹੁੰਦੈ।
ਹੁੰਦਾ ਭਰਮ ਇਹ ਫੋਲ ਇਤਿਹਾਸ ਦੇਖੋ, ਆਸ ਭਲੇ ਦੀ ਰੱਖਣੀ ਸਕਤਿਆਂ 'ਤੇ।
ਮਾਲਕ ਦੇਸ਼ ਦੇ ਬੈਠ ਕੇ ਤਖਤ ਉਤੇ, ਘੱਟ-ਗਿਣਤੀਆਂ ਚਾੜ੍ਹਦੇ ਤਖਤਿਆਂ 'ਤੇ!

# ਬਦਲਾਲਊ ਰਾਜਨੀਤੀ ਦੇ ਨਤੀਜੇ

***ਵਿਰੋਧੀਆਂ ਦਾ ਦਮਨ ਕਰਨ ਦੀ ਗੱਲ ਬੰਗਾਲ ਦੀ ਰਾਜਨੀਤੀ ਵਿਚ ਸੰਸਥਾਗਤ ਰੂਪ ਅਖ਼ਤਿਆਰ ਕਰ ਚੁੱਕੀ ਹੈ। ਇਸ ਨੂੰ ਸਮਝਣ ਲਈ ਸੂਬੇ ਦੀ ਰਾਜਨੀਤੀ ਦੇ ਹਿੰਸਕ ਅਤੀਤ 'ਤੇ ਝਾਤ ਮਾਰਨੀ ਹੋਵੇਗੀ। ਆਜ਼ਾਦੀ ਤੋਂ ਬਾਅਦ ਪੱਛਮੀ ਬੰਗਾਲ ਵਿਚ 15 ਸਾਲ ਤੋਂ ਵੀ ਘੱਟ ਸਮੇਂ ਤੱਕ ਕਾਂਗਰਸ ਦੀ ਸਥਿਰ ਸਰਕਾਰ ਰਹੀ। 1968-71 ਦਾ ਸਮਾਂ ਵੱਡੀ ਸਮਾਜਕ ਬਦ-ਅਮਨੀ ਵਾਲਾ ਸੀ। ਇਸ ਸਮੇਂ ਦੌਰਾਨ 400 'ਸਿਆਸੀ ਗੜਬੜੀਆਂ', ਵਰਕਰਾਂ ਵੱਲੋਂ ਪ੍ਰਬੰਧਕਾਂ ਦੇ ਘਿਰਾਉ, ਬਿਨਾਂ ਮੁਕੱਦਮਿਆਂ ਤੋਂ 7400 ਗ੍ਰਿਫ਼ਤਾਰੀਆਂ, 1771 ਸਿਆਸੀ ਕਤਲ ਅਤੇ ਪੁਲਿਸ ਗੋਲੀਬਾਰੀ ਨਾਲ 200 ਮੌਤਾਂ ਵਰਗੀਆਂ ਘਟਨਾਵਾਂ ਵਾਪਰੀਆਂ। 1967 ਵਿਚ ਸ਼ੁਰੂ ਹੋਈ ਨਕਸਲਵਾਦੀ ਲਹਿਰ ਹੋਰ ਫੈਲ ਗਈ।***

ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਭਾਰਤ ਦੀ ਸਭ ਤੋਂ ਅਸਥਿਰ ਸੁਭਾਅ ਵਾਲੀ ਸਿਆਸੀ ਸ਼ਖ਼ਸੀਅਤ ਵਜੋਂ ਜਾਣੀ ਜਾਂਦੀ ਹੈ। ਉਸ ਨੇ ਭਾਰਤੀ ਕਮਿਊਨਿਸਟ ਪਾਰਟੀ-ਮਾਰਕਸਵਾਦੀ (ਸੀ.ਪੀ.ਐਮ.) ਦੇ ਕਾਰਕੁਨਾਂ ਵੱਲੋਂ ਕੀਤੇ ਗਏ ਰੋਸ ਪ੍ਰਦਰਸ਼ਨ ਮੌਕੇ ਆਪਣੀ ਝੁੰਜਲਾਹਟ ਜ਼ਾਹਰ ਕੀਤੀ। ਇਹ ਕਾਰਕੁਨ ਇਸ ਕਰ ਕੇ ਮੁਜ਼ਾਹਰਾ ਕਰ ਰਹੇ ਸਨ ਕਿ ਮਮਤਾ ਬੈਨਰਜੀ ਨੇ ਵਿਦਿਆਰਥੀ ਸੁਦੀਪਤਾ ਗੁਪਤਾ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਨੂੰ 'ਮਾਮੂਲੀ ਗੱਲ' ਦੱਸਿਆ ਸੀ।



**ਪ੍ਰਫੁੱਲ ਬਿਦਵਈ**

9 ਅਪ੍ਰੈਲ ਨੂੰ ਜਦੋਂ ਮਮਤਾ ਬੈਨਰਜੀ ਅਤੇ ਸੂਬੇ ਦੇ ਵਿੱਤ ਮੰਤਰੀ ਅਮਿਤ ਮਿੱਤਰਾ ਯੋਜਨਾ ਕਮਿਸ਼ਨ ਨਾਲ ਮੁਲਾਕਾਤ ਲਈ ਦਿੱਲੀ ਪਹੁੰਚੇ ਤਾਂ ਮਾਰਕਸੀ ਪਾਰਟੀ ਦੇ ਕਾਰਕੁਨ ਕਮਿਸ਼ਨ ਦੀ ਇਮਾਰਤ ਦੇ ਇਕ ਗੇਟ ਦੇ ਬਾਹਰ ਮੁਜ਼ਾਹਰਾ ਕਰ ਰਹੇ ਸਨ। ਪੁਲਿਸ ਨੇ ਮਮਤਾ ਨੂੰ ਕਿਹਾ ਕਿ ਉਹ ਇਮਾਰਤ ਦੇ ਦੂਜੇ ਗੇਟ ਰਾਹੀਂ ਚਲੀ ਜਾਵੇ ਜੋ ਬਿਲਕੁਲ ਸੁਰੱਖਿਅਤ ਹੈ ਪਰ ਉਸ ਨੇ ਇਨਕਾਰ ਕਰ ਦਿੱਤਾ ਅਤੇ ਪਹਿਲੇ ਗੇਟ ਰਾਹੀਂ ਜਾਣ 'ਤੇ ਹੀ ਜ਼ੋਰ ਦਿੱਤਾ। ਮੁਜ਼ਾਹਰਾ ਕਰ ਰਹੇ ਕਾਰਕੁਨਾਂ ਵੱਲੋਂ ਉਨ੍ਹਾਂ ਦਾ ਰਸਤਾ ਰੋਕ ਲਿਆ ਗਿਆ। ਇਸ ਦੌਰਾਨ ਹੋਈ ਧੱਕਾ-ਮੁੱਕੀ ਵਿਚ ਸ੍ਰੀ ਮਿੱਤਰਾ ਦਾ ਕੁੜਤਾ ਪਾਟ ਗਿਆ। ਕੋਈ ਜ਼ਖ਼ਮੀ ਨਹੀਂ ਹੋਇਆ। ਮਾਰਕਸੀ ਪਾਰਟੀ ਨੇ ਤੁਰੰਤ ਮੁਆਫ਼ੀ ਮੰਗ ਲਈ ਪਰ ਮਮਤਾ ਨੇ ਆਪਣੀਆਂ ਦਿੱਲੀ ਵਿਚਲੀਆਂ ਸਾਰੀਆਂ ਮੀਟਿੰਗਾਂ ਰੱਦ ਕਰ ਦਿੱਤੀਆਂ। ਗੁੱਸੇ ਵਿਚ ਕੋਲਕਾਤਾ ਪਰਤ ਗਈ ਅਤੇ ਤਿੰਨ ਦਿਨ ਹਸਪਤਾਲ ਵਿਚ ਬਿਤਾਏ।

ਦਿੱਲੀ ਵਿਚ ਵਾਪਰੀ ਘਟਨਾ ਦੇ ਪ੍ਰਤੀਕਰਮ ਵਜੋਂ ਤ੍ਰਿਣਮੂਲ ਕਾਂਗਰਸ ਦੇ ਵਰਕਰਾਂ ਨੇ ਪੱਛਮੀ ਬੰਗਾਲ ਵਿਚ ਮਾਰਕਸੀ ਪਾਰਟੀ ਦੇ ਸੈਂਕੜੇ ਦਫ਼ਤਰਾਂ ਦੀ ਤੋੜ-ਭੰਨ ਕੀਤੀ। ਦਿੱਲੀ ਵਿਚ ਕੀਤੇ ਗਏ ਮੁਜ਼ਾਹਰੇ ਦੀ ਮਾਰਕਸੀ ਪਾਰਟੀ ਨੂੰ ਭਾਰੀ ਕੀਮਤ ਅਦਾ ਕਰਨੀ ਪਈ। ਇਸ ਨੂੰ ਸਮਝ ਨਹੀਂ ਆ ਰਹੀ ਕਿ ਪੱਛਮੀ ਬੰਗਾਲ ਵਿਚ ਆਪਣੇ 'ਤੇ ਹੋ ਰਹੇ ਦਮਨ ਦਾ ਟਾਕਰਾ ਕਿਵੇਂ ਕੀਤਾ ਜਾਵੇ? ਸੂਬੇ ਵਿਚ ਹੋਣ ਵਾਲੀਆਂ ਪੰਚਾਇਤ ਚੋਣਾਂ ਦੀਆਂ ਤਰੀਕਾਂ ਸਬੰਧੀ ਵੀ ਮਮਤਾ ਬੈਨਰਜੀ ਸੂਬਾਈ ਚੋਣ ਕਮਿਸ਼ਨ ਨਾਲ ਟਕਰਾਅ ਵਾਲਾ ਰਾਹ ਅਪਣਾ ਰਹੀ ਹੈ। ਮਮਤਾ ਲਈ ਆਪਣਾ ਗਲਬਾ ਬਣਾਈ ਰੱਖਣ ਲਈ ਇਹ ਚੋਣਾਂ ਬੜੀਆਂ ਅਹਿਮ ਹਨ। ਇਹ ਸਪੱਸ਼ਟ ਹੈ ਕਿ ਜਦੋਂ ਵੀ ਚੋਣਾਂ ਹੋਣਗੀਆਂ ਤ੍ਰਿਣਮੂਲ ਕਾਂਗਰਸ ਮਾਰਕਸੀ ਪਾਰਟੀ ਨੂੰ ਕੁਝ ਅਜਿਹਾ ਡਰਾਏਗੀ ਕਿ ਉਹ ਤਕਰੀਬਨ ਇਕ-ਤਿਹਾਈ ਪੰਚਾਇਤਾਂ ਵਿਚ ਕਾਗਜ਼ ਹੀ ਦਾਖਲ ਨਾ ਕਰ ਸਕੇ। ਇਹ ਵਿਅੰਗ ਵਾਲੀ ਗੱਲ ਹੀ ਹੈ ਕਿ ਜੋ ਕੁਝ ਅੱਜ ਮਾਰਕਸੀ ਪਾਰਟੀ ਨਾਲ ਹੋ ਰਿਹਾ ਹੈ, ਉਹ ਸਭ ਕੁਝ ਦਾ ਦੁਹਰਾਅ ਹੀ ਹੈ ਜੋ ਇਹ ਖ਼ੁਦ ਆਪਣੇ ਸੱਤਾ-ਕਾਲ ਵੇਲੇ ਕਰਦੀ ਰਹੀ ਹੈ। ਵਿਰੋਧੀਆਂ ਦਾ ਦਮਨ ਕਰਨ ਦੀ ਗੱਲ ਬੰਗਾਲ ਦੀ ਰਾਜਨੀਤੀ ਵਿਚ ਸੰਸਥਾਗਤ ਰੂਪ ਅਖ਼ਤਿਆਰ ਕਰ ਚੁੱਕੀ ਹੈ। ਇਸ ਨੂੰ ਸਮਝਣ ਲਈ ਸੂਬੇ ਦੀ ਰਾਜਨੀਤੀ ਦੇ ਹਿੰਸਕ ਅਤੀਤ 'ਤੇ ਝਾਤ ਮਾਰਨੀ ਹੋਵੇਗੀ। ਆਜ਼ਾਦੀ ਤੋਂ ਬਾਅਦ ਪੱਛਮੀ ਬੰਗਾਲ ਵਿਚ 15 ਸਾਲ ਤੋਂ ਵੀ ਘੱਟ ਸਮੇਂ ਤੱਕ ਕਾਂਗਰਸ ਦੀ ਸਥਿਰ ਸਰਕਾਰ ਰਹੀ। 1968-71 ਦਾ ਸਮਾਂ ਵੱਡੀ ਸਮਾਜਕ ਬਦ-ਅਮਨੀ ਵਾਲਾ ਸੀ। ਇਸ ਸਮੇਂ ਦੌਰਾਨ 400 'ਸਿਆਸੀ ਗੜਬੜੀਆਂ', ਵਰਕਰਾਂ ਵੱਲੋਂ ਪ੍ਰਬੰਧਕਾਂ ਦੇ ਘਿਰਾਉ, ਬਿਨਾਂ ਮੁਕੱਦਮਿਆਂ ਤੋਂ 7400 ਗ੍ਰਿਫ਼ਤਾਰੀਆਂ, 1771 ਸਿਆਸੀ ਕਤਲ ਅਤੇ ਪੁਲਿਸ ਗੋਲੀਬਾਰੀ ਨਾਲ 200 ਮੌਤਾਂ ਵਰਗੀਆਂ ਘਟਨਾਵਾਂ ਵਾਪਰੀਆਂ। 1967 ਵਿਚ ਸ਼ੁਰੂ ਹੋਈ ਨਕਸਲਵਾਦੀ ਲਹਿਰ ਹੋਰ ਫੈਲ ਗਈ। ਸਨਅਤੀ ਪੂੰਜੀ ਬੰਗਾਲ ਵਿਚੋਂ ਪਲਾਇਨ ਕਰ ਗਈ। 1970-72 ਦੇ ਰਾਸ਼ਟਰਪਤੀ ਰਾਜ ਦੇ ਸਮੇਂ, ਉਸ ਤੋਂ ਬਾਅਦ 1972-75 ਦੇ ਸਿਧਾਰਥ ਸ਼ੰਕਰ ਰੇਅ ਦੀ ਅਗਵਾਈ ਹੇਠਲੀ ਕਾਂਗਰਸ ਦੇ ਸਮੇਂ ਅਤੇ ਫਿਰ ਐਮਰਜੈਂਸੀ ਕਾਲ ਸਮੇਂ ਦੌਰਾਨ ਹਿੰਸਾ ਹੋਰ ਵੀ ਵਧਦੀ ਗਈ। ਕਾਂਗਰਸ ਦੀ ਅਗਵਾਈ ਹੇਠਲੀ ਛਾਤਰ ਪ੍ਰੀਸ਼ਦ ਵਿਦਿਆਰਥੀ ਯੂਨੀਅਨ ਦੀ ਸਹਾਇਤਾ ਨਾਲ ਰੇਅ ਨੇ ਖੱਬੇ-ਪੱਖੀਆਂ ਦਾ ਬੁਰੀ ਤਰ੍ਹਾਂ ਦਮਨ ਕੀਤਾ। ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਤਸ਼ੱਦਦ ਕੀਤਾ ਗਿਆ ਅਤੇ ਸੈਂਕੜੇ ਕਾਰਕੁਨਾਂ ਨੂੰ ਕਤਲ ਕਰ ਕੇ ਜਮਹੂਰੀ ਰਾਜਨੀਤੀ ਨੂੰ ਕੁਚਲ ਕੇ ਰੱਖ ਦਿੱਤਾ ਗਿਆ। ਤ੍ਰਿਣਮੂਲ ਕਾਂਗਰਸ ਉਸੇ ਛਾਤਰ ਪ੍ਰੀਸ਼ਦ ਦੀ ਹੀ ਵਾਰਸ ਹੈ। 1970-72 ਦੌਰਾਨ ਮਾਰਕਸੀ ਪਾਰਟੀ ਦੇ 600 ਮੈਂਬਰ ਅਤੇ 320 ਨਕਸਲਵਾਦੀ ਜੇਲ੍ਹ ਵਿਚ ਮਾਰੇ ਗਏ। ਨਕਸਲਵਾਦੀਆਂ ਨਾਲ ਹਮਦਰਦੀ ਰੱਖਣ ਦੇ ਸ਼ੱਕ ਹੇਠ ਸੈਂਕੜੇ ਨੌਜਵਾਨਾਂ ਨੂੰ ਚਿੱਟੇ ਦਿਨ ਕਤਲ ਕਰ ਦਿੱਤਾ ਗਿਆ ਅਤੇ ਅਨੇਕਾਂ 'ਤੇ ਗੰਭੀਰ ਤਸ਼ੱਦਦ ਕੀਤੇ ਗਏ। ਖੱਬੇ-ਪੱਖੀਆਂ ਦੇ ਅੰਦਰੂਨੀ ਵਿਰੋਧਾਂ ਨੂੰ ਵਰਤ ਕੇ ਉਨ੍ਹਾਂ ਨੂੰ ਮਿਟਾਉਣ ਦੀ ਪੂਰੀ-ਪੂਰੀ ਕੋਸ਼ਿਸ਼ ਕੀਤੀ ਗਈ। ਮਨੁੱਖੀ ਅਧਿਕਾਰਾਂ ਦੀ ਵੱਡੀ ਪੱਧਰ 'ਤੇ ਉਲੰਘਣਾ ਹੋਈ। 1967 ਤੋਂ 1977 ਤੱਕ ਦਾ ਦਹਾਕਾ ਪੱਛਮੀ ਬੰਗਾਲ ਦੇ ਇਤਿਹਾਸ ਦਾ ਸਭ ਤੋਂ ਹਿੰਸਕ ਦਹਾਕਾ ਸੀ। 1977 ਵਿਚ ਖੱਬੇ ਮੋਰਚੇ ਦੀ ਸਰਕਾਰ ਹੋਂਦ ਵਿਚ ਆਉਣ ਨਾਲ ਹੀ ਸੂਬੇ ਵਿਚ ਜਮਹੂਰੀ ਅਮਲ ਮੁੜ ਸ਼ੁਰੂ ਹੋ ਸਕਿਆ ਅਤੇ ਅਮਨ ਅਤੇ ਕਾਨੂੰਨ ਦੀ ਮੁੜ ਸਥਾਪਨਾ ਹੋ ਸਕੀ। ਇਸ ਮੋਰਚੇ ਵਿਚ ਭਾਰਤੀ ਕਮਿਊਨਿਸਟ ਪਾਰਟੀ, ਰੈਵੇਲਿਊਸ਼ਨਰੀ ਸੋਸ਼ਲਿਸਟ ਪਾਰਟੀ ਅਤੇ ਫਾਰਵਰਡ ਬਲਾਕ ਸ਼ਾਮਿਲ ਸਨ। ਖੱਬੇ ਮੋਰਚੇ ਦੀ ਸਰਕਾਰ ਨੇ ਸਾਰੇ ਸਿਆਸੀ ਕੈਦੀਆਂ ਨੂੰ ਰਿਹਾਅ ਕਰ ਦਿੱਤਾ ਅਤੇ ਆਪਹੁਦਰੀ ਹੋਈ ਪੁਲਿਸ 'ਤੇ ਪੂਰੀ ਸਖ਼ਤੀ ਕੀਤੀ ਗਈ ਪਰ ਸਮਾਂ ਪੈਣ ਨਾਲ ਇਸ ਸਰਕਾਰ ਨੇ ਆਪਣੀ ਕ੍ਰਾਂਤੀਕਾਰੀ ਪਹੁੰਚ ਨੂੰ ਪਾਸੇ ਰੱਖਦਿਆਂ ਉਦਾਰਵਾਦੀ ਅਤੇ ਭਾਰਤੀ ਤਰਜ਼ ਵਾਲੀ ਸਮਾਜਕ ਜਮਹੂਰੀ ਸਿਆਸਤ ਅਪਣਾ ਲਈ; ਹਾਲਾਂ ਕਿ ਇਸ ਨੇ ਭੂਮੀ ਸੁਧਾਰ ਕਾਸ਼ਤਕਾਰਾਂ ਨੂੰ ਸੁਰੱਖਿਆ ਦੇਣ, ਪੰਚਾਇਤੀ ਰਾਜ ਨੂੰ ਉੱਚ ਪੱਧਰ 'ਤੇ ਲਿਜਾਣ ਅਤੇ ਕੇਂਦਰ-ਰਾਜ ਪ੍ਰਬੰਧਾਂ ਨੂੰ ਸੰਤੁਲਨ ਬਣਾਉਣ ਵਰਗੇ ਅਨੇਕਾਂ ਮਿਆਰੀ ਕੰਮ ਕੀਤੇ। 1980ਵਿਆਂ ਤੱਕ ਆਉਂਦਿਆਂ ਸੁਧਾਰਾਂ ਦੀ ਗੱਡੀ ਲੀਹੋਂ ਲਹਿ ਗਈ। ਮਾਰਕਸੀ ਪਾਰਟੀ ਦਾ ਕਾਡਰ ਸੱਤਾ ਦਾ ਆਦੀ ਹੋ ਗਿਆ। ਇਸ ਨੂੰ ਵੀ ਕਮਿਸ਼ਨਾਂ ਦੀ ਆਦਤ ਪੈ ਗਈ। ਪਾਰਟੀ ਵਿਚ ਭ੍ਰਿਸ਼ਟਾਚਾਰ ਅਤੇ ਧੌਂਸਵਾਦ ਦਾ ਰੁਝਾਨ ਭਾਰੂ ਹੋਣਾ ਸ਼ੁਰੂ ਹੋ ਗਿਆ। ਵਿਰੋਧੀਆਂ ਨੂੰ ਦਬਾਉਣ ਲਈ ਹਿੰਸਾ ਦੀ ਵਰਤੋਂ ਆਮ ਗੱਲ ਹੋ ਗਈ। ਇਸ ਦੇ ਕਾਡਰ ਆਪੋ-ਆਪਣੇ ਇਲਾਕਿਆਂ ਵਿਚ ਖ਼ੁਦ ਨੂੰ ਸਰਬ-ਸੱਤਾ ਸੰਪੰਨ ਸਮਝਣ ਲੱਗੇ। 1994 ਵਿਚ ਅੰਦਰੂਨੀ ਵਿਚਾਰ-ਵਟਾਂਦਰੇ ਤੋਂ ਬਿਨਾਂ ਖੱਬੇ-ਪੱਖੀਆਂ ਨੇ ਨਵੀਂ ਸਨਅਤੀ ਨੀਤੀ ਅਪਣਾਈ ਜੋ ਉਸ ਜਮਾਤ ਦੇ ਹੱਕ ਵਿਚ ਭੁਗਤਦੀ ਸੀ ਜਿਸ ਨੂੰ ਹੁਣ ਤੱਕ ਖੱਬੇ-ਪੱਖੀ 'ਵੱਡੇ ਬੁਰਜੂਆ' ਕਹਿ ਕੇ ਭੰਡਦੇ ਆਏ ਸਨ। ਬਾਅਦ ਵਿਚ ਅਪਣਾਈ ਗਈ ਧੱਕੇ ਨਾਲ ਜ਼ਮੀਨ ਗ੍ਰਹਿਣ ਕਰਨ ਦੀ ਨੀਤੀ ਨੇ ਖੱਬੇ-ਪੱਖੀਆਂ ਨੂੰ ਛੋਟੇ ਅਤੇ ਮੱਧ ਵਰਗੀ ਕਿਸਾਨਾਂ ਤੋਂ ਦੂਰ ਕਰ ਦਿੱਤਾ ਜੋ ਇਸ ਦੇ ਮੁੱਖ ਸਮਰਥਕ ਸਨ। ਸੂਬੇ ਵਿਚ ਸਿਹਤ, ਸਿੱਖਿਆ ਅਤੇ ਖ਼ੁਰਾਕ ਸੁਰੱਖਿਆ ਸਮੇਤ ਅਨੇਕਾਂ ਜਨਤਕ ਸੇਵਾਵਾਂ ਨੂੰ ਪੂਰੀ ਤਰ੍ਹਾਂ ਅੱਖੋਂ-ਪਰੋਖੇ ਕਰ ਦਿੱਤਾ ਗਿਆ। ਪੱਛਮੀ ਬੰਗਾਲ ਦੇ ਸਮਾਜਕ ਸੂਚਕ ਅੰਕ ਕਾਫੀ ਹੇਠਾਂ ਰਹਿ ਗਏ। ਇਸ ਨੇ ਪੂਰੀ ਤਰ੍ਹਾਂ ਸਨਅਤ-ਪੱਖੀ ਨੀਤੀ ਅਪਣਾ ਲਈ ਪਰ ਸੂਬਾ ਫਿਰ ਵੀ ਵੱਡੀ ਪੱਧਰ 'ਤੇ ਸਨਅਤ ਨੂੰ ਆਕਰਸ਼ਿਤ ਕਰਨ ਵਿਚ ਵੀ ਅਸਫ਼ਲ ਰਿਹਾ। ਬੇਰੁਜ਼ਗਾਰੀ ਅਤੇ ਬੇਚੈਨੀ ਦਾ ਆਲਮ ਵਧਦਾ ਗਿਆ। ਆਪਣੀਆਂ ਨੀਤੀਆਂ ਨੂੰ ਜਾਰੀ ਰੱਖਣ ਅਤੇ ਆਪਣਾ ਗਲਬਾ ਬਣਾਈ ਰੱਖਣ ਲਈ ਮਾਰਕਸੀ ਪਾਰਟੀ ਨੇ ਦੂਜੀਆਂ ਖੱਬੇ-ਪੱਖੀ ਪਾਰਟੀਆਂ ਨੂੰ ਕਮਜ਼ੋਰ ਕੀਤਾ ਅਤੇ ਆਪਣੇ ਆਲੋਚਕਾਂ ਨੂੰ ਦਬਾਉਣ ਦੀ ਨੀਤੀ ਅਪਣਾਈ। ਇਹ ਪੈਂਤੜਾ ਉਸ ਨੇ 1970-76 ਦੇ ਸਮੇਂ ਦੌਰਾਨ ਸਵੈ-ਰੱਖਿਆ ਦੇ ਅਮਲ 'ਚੋਂ ਸਿੱਖਿਆ ਸੀ। ਗਰੀਬਾਂ ਵਿਚ ਇਸ ਦਾ ਆਧਾਰ ਹੋਰ ਸੁੰਗੜਦਾ ਗਿਆ, ਪਰ ਇਹ ਲਗਾਤਾਰ 34 ਸਾਲ ਚੋਣਾਂ ਜਿੱਤਣ ਦਾ ਰਿਕਾਰਡ ਬਣਾਉਣ ਵਿਚ ਸਫ਼ਲ ਰਹੀ, ਕਿਉਂਕਿ 1997 ਵਿਚ ਮਮਤਾ ਬੈਨਰਜੀ ਵੱਲੋਂ ਕਾਂਗਰਸ ਨਾਲੋਂ ਨਾਤਾ ਤੋੜ ਕੇ ਆਪਣੀ ਵੱਖਰੀ ਤ੍ਰਿਣਮੂਲ ਕਾਂਗਰਸ ਬਣਾ ਲੈਣ ਨਾਲ ਵਿਰੋਧੀ ਧਿਰ ਹੋਰ ਕਮਜ਼ੋਰ ਹੋ ਗਈ ਸੀ। 2006 ਤੱਕ ਖੱਬੇ ਮੋਰਚੇ ਕੋਲ ਵਿਧਾਨ ਸਭਾ ਦੀਆਂ 294 'ਚੋਂ 235 ਸੀਟਾਂ ਸਨ, ਜਦੋਂ ਕਿ ਤ੍ਰਿਣਮੂਲ ਕੋਲ ਸਿਰਫ 30 ਸੀਟਾਂ ਸਨ। ਖੱਬੇ ਮੋਰਚੇ ਦਾ ਘਮੰਡ ਹੋਰ ਵਧਦਾ ਗਿਆ। ਫਿਰ ਸਿੰਗੂਰ ਅਤੇ ਨੰਦੀਗ੍ਰਾਮ (2007-08) ਦਾ ਘਟਨਾਕ੍ਰਮ ਵਾਪਰਿਆ ਜਿਸ ਨੇ ਖੱਬੇ ਮੋਰਚੇ ਦਾ ਆਧਾਰ ਤੇਜ਼ੀ ਨਾਲ ਖੋਰ ਕੇ ਰੱਖ ਦਿੱਤਾ। ਸੱਚਰ ਕਮੇਟੀ ਦੀ ਰਿਪੋਰਟ ਆਉਣ ਤੋਂ ਬਾਅਦ ਮੁਸਲਮਾਨ ਵੀ ਮੋਰਚੇ ਨਾਲੋਂ ਟੁੱਟ ਗਏ, ਕਿਉਂਕਿ ਇਸ ਰਿਪੋਰਟ ਨੇ ਸੂਬੇ ਵਿਚ ਉਨ੍ਹਾਂ ਦਾ ਪਛੜੇਵਾਂ ਜ਼ਾਹਿਰ ਕਰ ਦਿੱਤਾ ਸੀ। 2008 'ਚ ਖੱਬੇ-ਮੋਰਚੇ ਨੇ ਸਾਂਝੇ ਪ੍ਰਗਤੀਸ਼ੀਲ ਗਠਜੋੜ ਤੋਂ ਹਮਾਇਤ ਵਾਪਸ ਲੈ ਲਈ। ਨਤੀਜੇ ਵਜੋਂ ਤ੍ਰਿਣਮੂਲ ਕਾਂਗਰਸ ਦਾ ਕਾਂਗਰਸ ਨਾਲ ਗਠਜੋੜ ਬਣ ਗਿਆ ਜਿਸ ਨੇ 2009 ਦੀਆਂ ਲੋਕ ਸਭਾ ਚੋਣਾਂ ਅਤੇ 2011 ਵਿਚ ਵਿਧਾਨ ਸਭਾ ਚੋਣਾਂ ਵਿਚ ਹੂੰਝਾ ਫੇਰੂ ਜਿੱਤ ਹਾਸਲ ਕੀਤੀ। ਤ੍ਰਿਣਮੂਲ ਕਾਂਗਰਸ ਆਪਣਾ ਭਵਿੱਖ ਸੰਵਾਰਨ ਲਈ ਹਿੰਸਾ ਦੀ ਵਰਤੋਂ ਕਰ ਰਹੀ ਹੈ। ਇਸ ਦੀ ਇੱਛਾ (ਜੋ ਗ਼ਲਤ ਹੈ) ਖ਼ੁਦ ਨੂੰ ਮਾਰਕਸੀ ਪਾਰਟੀ ਵਾਂਗ ਸਥਾਪਿਤ ਕਰਨ ਦੀ ਹੈ। ਮਾਰਕਸੀ ਪਾਰਟੀ ਨੇ ਤਾਂ ਭਟਕ ਕੇ ਜਾਂ ਕਹਿ ਲਉ ਕਿ ਮਜਬੂਰ ਹੋ ਕੇ ਆਪਣੇ ਰਾਜ ਦੌਰਾਨ ਹਿੰਸਾ ਦੀ ਵਰਤੋਂ ਕੀਤੀ। ਤ੍ਰਿਣਮੂਲ ਹੈ ਹੀ ਹਿੰਸਕ, ਇਹ ਹੋਰ ਕੋਈ ਰਾਜਨੀਤੀ ਨਹੀਂ ਜਾਣਦੀ।

***ਇਹ ਸਪੱਸ਼ਟ ਹੈ ਕਿ ਜਦੋਂ ਵੀ ਚੋਣਾਂ ਹੋਣਗੀਆਂ ਤ੍ਰਿਣਮੂਲ ਕਾਂਗਰਸ ਮਾਰਕਸੀ ਪਾਰਟੀ ਨੂੰ ਕੁਝ ਅਜਿਹਾ ਡਰਾਏਗੀ ਕਿ ਉਹ ਤਕਰੀਬਨ ਇਕ-ਤਿਹਾਈ ਪੰਚਾਇਤਾਂ ਵਿਚ ਕਾਗਜ਼ ਹੀ ਦਾਖਲ ਨਾ ਕਰ ਸਕੇ। ਇਹ ਵਿਅੰਗ ਵਾਲੀ ਗੱਲ ਹੀ ਹੈ ਕਿ ਜੋ ਕੁਝ ਅੱਜ ਮਾਰਕਸੀ ਪਾਰਟੀ ਨਾਲ ਹੋ ਰਿਹਾ ਹੈ, ਉਹ ਸਭ ਕੁਝ ਦਾ ਦੁਹਰਾਅ ਹੀ ਹੈ ਜੋ ਇਹ ਖ਼ੁਦ ਆਪਣੇ ਸੱਤਾ-ਕਾਲ ਵੇਲੇ ਕਰਦੀ ਰਹੀ ਹੈ।***

# ਭੁੱਲਰ ਕੇਸ: ਭਾਰਤੀ ਨਿਆਂ ਢਾਂਚੇ ਦਾ ਟੀਰ ਜੱਗ-ਜਾਹਰ

## ਮੌਤ ਦੀ ਸਜ਼ਾ ਬਨਾਮ ਭੁੱਲਰ ਦੀ ਫਾਂਸੀ ਦਾ ਸਵਾਲ

***ਸਭ ਤੋਂ ਅਹਿਮ ਪਹਿਲੂ ਭਾਰਤ ਦੇ ਨਿਆਂ ਪ੍ਰਬੰਧ ਦੀ ਭੂਮਿਕਾ ਨੂੰ ਸਮਝਣ ਦਾ ਹੈ। ਇਕ ਪਾਸੇ ਮੁਲਕ ਦੀ ਸੁਪਰੀਮ ਕੋਰਟ ਵਾਰ ਵਾਰ ਕਹਿ ਰਹੀ ਹੈ ਕਿ ਪੁਲਿਸ ਦੀ ਹਿਰਾਸਤ ਦੌਰਾਨ ਕਿਸੇ ਬੰਦੇ ਦੇ ਲਿਖਤੀ ਜਾਂ ਰਿਕਾਰਡ ਕੀਤੇ 'ਇਕਬਾਲੀਆ ਬਿਆਨ' ਨੂੰ ਉਸ ਨੂੰ ਮੁਜਰਮ ਸਾਬਤ ਕਰਨ ਲਈ ਸਬੂਤ ਵਜੋਂ ਨਹੀਂ ਵਰਤਿਆ ਜਾ ਸਕਦਾ। ਦੂਜੇ ਪਾਸੇ, ਇਹੀ ਅਦਾਲਤਾਂ ਮਹਿਜ਼ ਇਕਬਾਲੀਆ ਬਿਆਨਾਂ ਦੇ ਆਧਾਰ 'ਤੇ ਪੁਲਿਸ ਵਲੋਂ ਦਰਜ ਕੀਤੇ ਮਾਮਲਿਆਂ ਨੂੰ ਆਧਾਰ ਬਣਾ ਕੇ ਨਾ ਸਿਰਫ ਫਾਂਸੀ ਦੀਆਂ ਸਜ਼ਾਵਾਂ ਦੇ ਰਹੀਆਂ ਹਨ, ਸਗੋਂ ਹਾਈ ਤੇ ਸੁਪਰੀਮ ਕੋਰਟਾਂ ਇਨ੍ਹਾਂ ਸਜ਼ਾਵਾਂ ਨੂੰ ਬਰਕਰਾਰ ਵੀ ਰੱਖ ਰਹੀਆਂ ਹਨ।***

ਹਾਲ ਹੀ ਵਿਚ ਦਵਿੰਦਰਪਾਲ ਭੁੱਲਰ ਨੂੰ ਫਾਂਸੀ ਦੀ ਸਜ਼ਾ ਬਰਕਰਾਰ ਰੱਖੇ ਜਾਣ ਖਿਲਾਫ਼ ਤਰ੍ਹਾਂ ਤਰ੍ਹਾਂ ਦੇ ਪ੍ਰਤੀਕਰਮ ਸਾਹਮਣੇ ਆ ਰਹੇ ਹਨ। ਸੱਤਾਧਾਰੀ ਬਾਦਲ ਅਕਾਲੀ ਦਲ, ਸਿੱਖ ਜਥੇਬੰਦੀਆਂ, ਮਨੁੱਖੀ ਅਧਿਕਾਰ ਸੰਸਥਾਵਾਂ ਆਦਿ ਕਈ ਤਾਕਤਾਂ ਨੇ ਉਸ ਨੂੰ ਫਾਂਸੀ ਨਾ ਦੇਣ ਦੀ ਮੰਗ ਕਰਦਿਆਂ ਆਵਾਜ਼ ਉਠਾਈ ਹੈ। ਆਪਣੇ ਪਹਿਲੇ ਕਿਰਦਾਰ ਅਨੁਸਾਰ ਕਮਿਊਨਿਸਟ ਧਿਰਾਂ ਦਾ ਵੱਡਾ ਹਿੱਸਾ ਇਸ ਮਾਮਲੇ ਬਾਰੇ ਮੁਜਰਮਾਨਾ ਹੱਦ ਤੱਕ ਖਾਮੋਸ਼ ਹੈ। ਲੱਗਦਾ ਹੈ, ਉਨ੍ਹਾਂ ਲਈ ਇਹ ਕੋਈ

**ਬੂਟਾ ਸਿੰਘ**
ਫ਼ੋਨ: 91-94634-74342

ਮੁੱਦਾ ਨਹੀਂ ਹੈ। ਭੁੱਲਰ ਨੂੰ ਫਾਂਸੀ ਦੀ ਸਜ਼ਾ ਰੱਦ ਕੀਤੇ ਜਾਣ ਦੀ ਮੰਗ ਜ਼ਰੂਰੀ ਵੀ ਹੈ ਅਤੇ ਪੂਰੀ ਤਰ੍ਹਾਂ ਹੱਕ ਬਜਾਨਬ ਵੀ; ਪਰ ਇਸ ਤੋਂ ਵੀ ਅਹਿਮ ਸਵਾਲ ਇਹ ਹੈ ਕਿ ਇਸ ਖਾਸ ਮਾਮਲੇ ਵਿਚ ਫਾਂਸੀ ਦਾ ਵਿਰੋਧ ਕਰ ਰਹੀਆਂ ਧਿਰਾਂ ਦੀ ਮੌਤ ਦੀ ਸਜ਼ਾ ਦੇ ਮੂਲ ਮੁੱਦੇ ਬਾਰੇ ਕੀ ਸਮਝ ਹੈ।

ਬਾਦਲ ਪਿਉ-ਪੁੱਤ, ਭੁੱਲਰ ਦੀ ਫਾਂਸੀ ਰੱਦ ਕਰਨ ਦੀ ਮੰਗ ਨੂੰ ਲੈ ਕੇ ਪ੍ਰਧਾਨ ਮੰਤਰੀ ਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲਣ ਸਮੇਂ ਦਲੀਲ ਦਿੰਦੇ ਹਨ ਕਿ ਭੁੱਲਰ ਦਾ ਮਾਮਲਾ ਸੂਬੇ ਵਿਚ ਜਜ਼ਬਾਤੀ ਮੁੱਦਾ ਬਣ ਗਿਆ ਹੈ ਜਿਸ ਨਾਲ ਸੂਬੇ ਦਾ 'ਅਮਨ-ਅਮਾਨ' ਭੰਗ ਹੋ ਸਕਦਾ ਹੈ ਅਤੇ ਉਸ ਦੀ ਮਾਨਸਿਕ ਸਿਹਤ ਫਾਂਸੀ ਦੇਣ ਦੇ ਕਾਬਲ ਨਹੀਂ ਹੈ। ਇਸ ਦਾ ਮਤਲਬ ਸਾਫ਼ ਤੌਰ 'ਤੇ ਇਹ ਹੈ ਕਿ ਬਾਦਲਕੇ ਨਾ ਤਾਂ ਆਮ ਰੂਪ 'ਚ ਫਾਂਸੀ ਦੀ ਸਜ਼ਾ ਦੇ ਖਿਲਾਫ਼ ਹਨ, ਨਾ ਭੁੱਲਰ ਨੂੰ ਫਾਂਸੀ ਦੇਣ ਦੇ। ਜਿਹੜੀ ਦਲੀਲ ਉਨ੍ਹਾਂ ਨੇ ਭੁੱਲਰ ਨੂੰ ਫਾਂਸੀ ਨਾ ਦੇਣ ਲਈ ਦਿੱਤੀ ਹੈ, ਲਗਭਗ ਇਹੀ ਦਲੀਲ ਉਨ੍ਹਾਂ ਨੇ ਪਿਛਲੇ ਵਰ੍ਹੇ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦੇ ਮਾਮਲੇ 'ਚ ਦਿੱਤੀ ਸੀ; ਭਾਵ ਜੇ ਇਹ ਜਜ਼ਬਾਤੀ ਮੁੱਦਾ ਨਾ ਬਣਿਆ ਹੋਵੇ ਤੇ ਅਮਨ-ਅਮਾਨ ਨੂੰ ਖਤਰਾ ਨਾ ਹੋਵੇ ਅਤੇ ਉਨ੍ਹਾਂ ਦੀ ਮਾਨਸਿਕ ਸਿਹਤ ਠੀਕ ਹੋਵੇ ਤਾਂ ਬਾਦਲਾਂ ਨੂੰ ਭੁੱਲਰ ਨੂੰ ਫਾਂਸੀ ਦੇਣ 'ਤੇ ਉੱਕਾ ਹੀ ਇਤਰਾਜ਼ ਨਹੀਂ ਹੈ!

ਇਨ੍ਹਾਂ ਆਗੂਆਂ ਦਾ ਦੋਹਰਾ ਕਿਰਦਾਰ ਸਭ ਨੂੰ ਪਤਾ ਹੈ। ਇਨ੍ਹਾਂ ਹੀ ਬਾਦਲਾਂ ਨੇ ਆਪਣੇ ਖਾਸ-ਮ-ਖਾਸ ਆਹਲਾ ਪੁਲਿਸ ਅਫਸਰ ਸੁਮੇਧ ਸੈਣੀ ਨੂੰ ਬਚਾਉਣ ਲਈ 2009 'ਚ ਭਾਰਤ ਦੀ ਸੁਪਰੀਮ ਕੋਰਟ ਵਿਚ ਹਲਫ਼ਨਾਮਾ ਦੇ ਕੇ ਕਿਹਾ ਸੀ-'ਅਤਿਵਾਦੀ' ਭੁੱਲਰ 'ਕੱਟੜ ਅਤੇ ਪੇਸ਼ੇਵਰ ਮੁਜਰਮ ਹੈ'। ਉਦੋਂ ਇਨ੍ਹਾਂ ਨੇ ਦਲੀਲ ਦਿੱਤੀ ਸੀ ਕਿ ਜੇ ਸੁਮੇਧ ਸੈਣੀ ਵਰਗੇ ਪੁਲਿਸ ਦੀ ਸ਼ਾਨ ਅਫਸਰਾਂ ਨੂੰ ਮੁਜਰਮ ਮੰਨ ਕੇ ਜਾਂਚ ਦੇ ਘੇਰੇ ਵਿਚ ਲਿਆਂਦਾ ਜਾਂਦਾ ਹੈ ਜਿਨ੍ਹਾਂ ਨੇ ਅਤਿਵਾਦ ਖਿਲਾਫ਼ ਬਹਾਦਰੀ ਨਾਲ ਲੜਾਈ ਲੜੀ, ਤਾਂ ਇਸ ਦਾ ਫ਼ਾਇਦਾ ਭੁੱਲਰ ਵਰਗੇ 'ਕੱਟੜ ਅਤੇ ਪੇਸ਼ੇਵਰ ਮੁਜਰਮ' ਉਠਾਉਣਗੇ। ਚੇਤੇ ਰਹੇ ਕਿ ਹਾਈ ਕੋਰਟ ਨੇ ਸੀ.ਬੀ.ਆਈ. ਨੂੰ ਹਦਾਇਤ ਕੀਤੀ ਸੀ ਕਿ 1991 ਵਿਚ ਸੁਮੇਧ ਸੈਣੀ ਵਲੋਂ ਭੁੱਲਰ ਦੇ ਬਾਪ, ਉਸ ਦੇ ਮਾਸੜ, ਇਕ ਸੇਵਾ-ਮੁਕਤ ਆਈ.ਏ.ਐਸ. ਅਧਿਕਾਰੀ ਦੇ ਫਰਜ਼ੰਦ ਬਲਵੰਤ ਸਿੰਘ ਮੁਲਤਾਨੀ ਅਤੇ ਇਕ ਹੋਰ ਨੌਜਵਾਨ ਨੂੰ ਅਗਵਾ ਕਰਕੇ ਮਾਰ-ਖਪਾ ਦੇਣ ਦੇ ਦੋਸ਼ਾਂ ਦੀ ਜਾਂਚ ਕੀਤੀ ਜਾਵੇ। ਉਦੋਂ ਸੈਣੀ ਚੰਡੀਗੜ੍ਹ ਦਾ ਐਸ.ਪੀ. ਸੀ। ਬਾਦਲਾਂ ਨੇ ਉਦੋਂ ਉਸ ਨੂੰ ਬਚਾਉਣ ਲਈ ਪੂਰਾ ਜ਼ੋਰ ਲਾ ਦਿੱਤਾ ਸੀ। ਇਹ ਮਹਿਜ਼ ਬਾਦਲਾਂ ਦੀ ਦੋਚਿੱਤੀ ਦਾ ਸਵਾਲ ਨਹੀਂ ਹੈ, ਜਿਵੇਂ ਸਮਝਿਆ ਜਾ ਰਿਹਾ ਹੈ। ਅੱਜ ਜਦੋਂ ਉਹ ਉਸੇ ਭੁੱਲਰ ਨੂੰ ਫਾਂਸੀ ਨਾ ਦੇਣ ਲਈ ਕਹਿ ਰਹੇ ਹਨ ਤਾਂ ਕਿਸੇ ਨੂੰ ਇਹ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਬਾਦਲਾਂ ਵਲੋਂ ਭੁੱਲਰ ਨੂੰ ਫਾਂਸੀ ਦਾ ਵਿਰੋਧ ਰਾਜਨੀਤਕ ਮਜਬੂਰੀਆਂ ਕਾਰਨ ਹੈ ਅਤੇ ਇਸ ਵਿਚ ਰੱਤਾ ਵੀ ਸੰਜੀਦਗੀ ਜਾਂ ਨਿਆਂ ਦੀ ਭਾਵਨਾ ਨਹੀਂ ਹੈ। ਸਿੱਖ ਜਥੇਬੰਦੀਆਂ ਭੁੱਲਰ ਅਤੇ ਰਾਜੋਆਣਾ ਨੂੰ ਫਾਂਸੀ ਦਾ ਵਿਰੋਧ ਤਾਂ ਕਰ ਰਹੀਆਂ ਹਨ ਅਤੇ ਇਸ ਸਬੰਧ 'ਚ ਉਨ੍ਹਾਂ ਨੇ ਜ਼ੋਰਦਾਰ ਮੁਹਿੰਮ ਵੀ ਚਲਾਈ ਹੈ, ਪਰ ਉਹ ਵੀ ਭੁੱਲਰ ਤੇ ਰਾਜੋਆਣਾ ਨੂੰ ਫਾਂਸੀ ਰੱਦ ਕਰਾਉਣ ਤੱਕ ਹੀ ਮਹਿਦੂਦ ਹਨ ਅਤੇ ਫਾਂਸੀ ਤੇ ਮੌਤ ਦੀ ਸਜ਼ਾ ਦੇ ਸਾਲਮ ਸਵਾਲ ਨੂੰ ਮੁਖਾਤਬ ਨਹੀਂ ਹੋ ਰਹੀਆਂ। ਦੁਨੀਆਂ ਭਰ 'ਚ ਇਹ ਪ੍ਰਵਾਨਤ ਸਮਝ ਹੈ ਕਿ ਮੌਤ ਦੀ ਸਜ਼ਾ ਦੀ ਜੁਰਮਾਂ ਨੂੰ ਠੱਲ੍ਹ ਪਾਉਣ 'ਚ ਕੋਈ ਭੂਮਿਕਾ ਨਹੀਂ ਹੈ। ਫਿਰ ਕਿਉਂ ਨਾ ਮੌਤ ਦੀ ਸਜ਼ਾ ਨੂੰ ਖ਼ਤਮ ਕੀਤੇ ਜਾਣ ਦੀ ਮੰਗ ਕੀਤੀ ਜਾਵੇ? ਭਾਰਤ ਦੀ ਨਿਆਂ ਪ੍ਰਣਾਲੀ ਵੱਲੋਂ ਸਿੱਖਾਂ ਦੇ ਕਤਲੇਆਮ ਦੇ ਮੁਜਰਮਾਂ ਨੂੰ ਸਜ਼ਾਵਾਂ ਨਾ ਦੇਣਾ, ਭੁੱਲਰ ਦੀ ਰਹਿਮ ਦੀ ਅਰਜ਼ੀ ਦਾ ਮੁਲਕ ਦੇ ਰਾਸ਼ਟਰਪਤੀ ਵੱਲੋਂ ਅੱਠ ਸਾਲ ਕੋਈ ਨਿਬੇੜਾ ਨਾ ਕਰਨਾ, ਉਸ ਨੂੰ ਫਾਂਸੀ ਦੀ ਸਜ਼ਾ ਦੀ ਤਲਵਾਰ ਲਟਕਾ ਕੇ ਸਾਲਾਂ ਬੱਧੀ ਜੇਲ੍ਹ 'ਚ ਡੱਕੀ ਰੱਖਣਾ; ਇਹ ਸਾਰੇ ਅਕੱਟ ਤੱਥ ਹਨ ਅਤੇ ਇਹ ਦਲੀਲਾਂ ਆਪਣੀ ਥਾਂ ਅਹਿਮ ਵੀ ਹਨ; ਪਰ ਇਸ ਸਵਾਲ ਨੂੰ ਇਨ੍ਹਾਂ ਸੀਮਤ, ਬਚਾਅਮੁਖੀ ਤੇ ਤਕਨੀਕੀ ਦਲੀਲਾਂ ਤੋਂ ਉੱਪਰ ਉੱਠ ਕੇ ਸਿਧਾਂਤਕ-ਰਾਜਨੀਤਕ ਤੌਰ 'ਤੇ ਮੁਖਾਤਬ ਹੋਣ ਦੀ ਲੋੜ ਹੈ।

ਸਭ ਤੋਂ ਵੱਧ ਅਹਿਮ ਸਵਾਲ ਮੌਤ ਦੀ ਸਜ਼ਾ ਬਾਰੇ ਦੋ-ਟੁੱਕ ਪੁਜੀਸ਼ਨ ਲੈਣ ਦਾ ਹੈ। ਇਸ ਬਾਰੇ ਦਿੱਲੀ ਦੀ ਜਮਹੂਰੀ ਹੱਕਾਂ ਦੀ ਨਾਮਵਰ ਜਥੇਬੰਦੀ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ (ਪੀ.ਯੂ.ਡੀ.ਆਰ.) ਸਹੀ ਤੇ ਅਸੂਲੀ ਲੜਾਈ ਦੇ ਰਹੀ ਹੈ। ਪੀ.ਯੂ.ਡੀ.ਆਰ. ਅਤੇ ਮੁਲਕ ਦੀਆਂ ਮਨੁੱਖੀ/ਜਮਹੂਰੀ ਹੱਕਾਂ ਦੀਆਂ 26 ਜਥੇਬੰਦੀਆਂ ਦਾ ਸਾਂਝਾ ਮੰਚ 'ਕੋਆਰਡੀਨੇਸ਼ਨ ਫਾਰ ਡੈਮੋਕਰੇਟਿਕ ਰਾਈਟਸ ਆਰਗੇਨਾਈਜ਼ੇਸ਼ਨਜ਼' (ਸੀ.ਡੀ.ਆਰ.ਓ.) ਫਾਂਸੀ ਜਾਂ ਕਿਸੇ ਹੋਰ ਰੂਪ



ਵਿਚ ਮੌਤ ਦੀ ਸਜ਼ਾ ਨੂੰ ਪੂਰੀ ਤਰ੍ਹਾਂ ਖ਼ਤਮ ਕੀਤੇ ਜਾਣ ਦੀ ਮੰਗ ਕਰ ਰਹੇ ਹਨ। ਇਨ੍ਹਾਂ ਜਥੇਬੰਦੀਆਂ ਨੇ ਭੁੱਲਰ ਨੂੰ ਫਾਂਸੀ ਦੀ ਸਜ਼ਾ ਨੂੰ ਰੱਦ ਕੀਤੇ ਜਾਣ ਦੀ ਮੰਗ ਕਰਦਿਆਂ ਮੌਤ ਦੀ ਸਜ਼ਾ ਨੂੰ ਖ਼ਤਮ ਕਰਨ 'ਤੇ ਜ਼ੋਰ ਦਿੱਤਾ ਹੈ। ਇਹ ਮੰਗ ਪੂਰੀ ਤਰ੍ਹਾਂ ਸਹੀ ਹੈ ਅਤੇ ਸਮੇਂ ਦੀ ਲੋੜ ਹੈ। ਪੀ.ਯੂ.ਡੀ.ਆਰ. ਵੱਲੋਂ ਭਾਰਤ ਦੀ ਸੁਪਰੀਮ ਕੋਰਟ ਵਿਚ ਅਰਜ਼ੀ ਦਾਇਰ ਕਰ ਕੇ ਉਨ੍ਹਾਂ ਸਾਰੇ ਬੰਦਿਆਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ 'ਚ ਬਦਲਣ ਮੰਗ ਕੀਤੀ ਗਈ ਜਿਨ੍ਹਾਂ ਦੀ ਰਹਿਮ ਦੀ ਅਪੀਲ ਰਾਸ਼ਟਰਪਤੀ ਕੋਲ 10 ਤੋਂ 15 ਸਾਲ ਲਟਕਦੀ ਰਹੀ ਸੀ। ਸੁਪਰੀਮ ਕੋਰਟ ਵੱਲੋਂ ਇਸ ਅਰਜ਼ੀ 'ਤੇ ਗ਼ੌਰ ਕਰਦਿਆਂ 3 ਅਪ੍ਰੈਲ 2013 ਨੂੰ 8 ਬੰਦਿਆਂ ਦੀ ਫਾਂਸੀ ਦੀ ਸਜ਼ਾ 'ਤੇ ਰੋਕ ਲਗਾ ਦਿੱਤੀ ਗਈ ਜੋ ਹਾਂਪੱਖੀ ਕਦਮ ਹੈ।

ਇਸ ਬਾਰੇ ਸਭ ਤੋਂ ਅਹਿਮ ਪਹਿਲੂ ਭਾਰਤ ਦੇ ਨਿਆਂ ਪ੍ਰਬੰਧ ਦੀ ਭੂਮਿਕਾ ਨੂੰ ਸਮਝਣ ਦਾ ਹੈ। ਇਕ ਪਾਸੇ ਮੁਲਕ ਦੀ ਸੁਪਰੀਮ ਕੋਰਟ ਵਾਰ ਵਾਰ ਕਹਿ ਰਹੀ ਹੈ ਕਿ ਪੁਲਿਸ ਦੀ ਹਿਰਾਸਤ ਦੌਰਾਨ ਕਿਸੇ ਬੰਦੇ ਦੇ ਲਿਖਤੀ ਜਾਂ ਰਿਕਾਰਡ ਕੀਤੇ 'ਇਕਬਾਲੀਆ ਬਿਆਨ' ਨੂੰ ਉਸ ਨੂੰ ਮੁਜਰਮ ਸਾਬਤ ਕਰਨ ਲਈ ਸਬੂਤ ਵਜੋਂ ਨਹੀਂ ਵਰਤਿਆ ਜਾ ਸਕਦਾ। ਦੂਜੇ ਪਾਸੇ, ਇਹੀ ਅਦਾਲਤਾਂ ਮਹਿਜ਼ ਇਕਬਾਲੀਆ ਬਿਆਨਾਂ ਦੇ ਆਧਾਰ 'ਤੇ ਪੁਲਿਸ ਵਲੋਂ ਦਰਜ ਕੀਤੇ ਮਾਮਲਿਆਂ ਨੂੰ ਆਧਾਰ ਬਣਾ ਕੇ ਨਾ ਸਿਰਫ਼ ਫਾਂਸੀ ਦੀਆਂ ਸਜ਼ਾਵਾਂ ਦੇ ਰਹੀਆਂ ਹਨ, ਸਗੋਂ ਹਾਈ ਤੇ ਸੁਪਰੀਮ ਕੋਰਟਾਂ ਇਨ੍ਹਾਂ ਸਜ਼ਾਵਾਂ ਨੂੰ ਬਰਕਰਾਰ ਵੀ ਰੱਖ ਰਹੀਆਂ ਹਨ। ਸਜ਼ਾਵਾਂ ਵੀ 'ਟਾਡਾ' ਵਰਗੇ ਉਨ੍ਹਾਂ ਕਾਨੂੰਨਾਂ ਤਹਿਤ ਦਿੱਤੀਆਂ ਜਾ ਰਹੀਆਂ ਹਨ ਜਿਨ੍ਹਾਂ ਨੂੰ ਪੂਰੀ ਤਰ੍ਹਾਂ ਗ਼ਲਤ ਕਰਾਰ ਦੇ ਕੇ ਇਕ ਦਹਾਕੇ ਤੋਂ ਵੀ ਵੱਧ ਸਮਾਂ ਪਹਿਲਾਂ ਖ਼ਤਮ ਕੀਤਾ ਜਾ ਚੁੱਕਾ ਹੈ। ਇਕ ਪਾਸੇ ਅਦਾਲਤ ਨੇ ਅਫ਼ਜ਼ਲ ਗੁਰੂ ਨੂੰ ਪੁਲਿਸ ਹਿਰਾਸਤ ਵਿਚ ਦਿੱਤੇ 'ਇਕਬਾਲੀਆ ਬਿਆਨ' ਦੇ ਆਧਾਰ 'ਤੇ ਦੋਸ਼ੀ ਠਹਿਰਾਉਣ ਨੂੰ ਨਾਜਾਇਜ਼ ਕਰਾਰ ਦਿੱਤਾ, ਪਰ ਸੁਪਰੀਮ ਕੋਰਟ ਨੇ 'ਅਵਾਮ ਦੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ' ਦੀ ਦਲੀਲ ਦੇ ਕੇ ਉਸ ਨੂੰ ਫਾਂਸੀ ਦੀ ਸਜ਼ਾ ਦੇਣਾ ਜ਼ਰੂਰੀ ਵੀ ਦੱਸਿਆ। ਭੁੱਲਰ ਉੱਪਰ ਥੋਪਿਆ 'ਇਕਬਾਲੀਆ ਬਿਆਨ' ਤਾਂ ਹੋਰ ਵੀ ਹਾਸੋਹੀਣਾ ਹੈ। ਇਹ ਸਿਰਫ਼ ਕਾਗਜ਼ 'ਤੇ ਟਾਈਪ ਕੀਤਾ ਹੋਇਆ ਜਿਸ ਨੂੰ ਵਿਗਿਆਨਕ ਨਿਆਂ ਸ਼ਾਸਤਰ ਕੋਈ ਸਬੂਤ ਹੀ ਨਹੀਂ ਮੰਨਦਾ। ਸੁਪਰੀਮ ਕੋਰਟ ਦੇ ਮੁੱਖ ਜੱਜ ਜਸਟਿਸ ਸ਼ਾਹ ਨੇ ਭੁੱਲਰ ਦੇ ਮਾਮਲੇ 'ਚ ਆਪਣੇ ਫ਼ੈਸਲੇ ਵਿਚ ਲਿਖਿਆ ਸੀ, "ਤਫ਼ਤੀਸ਼ੀ ਅਧਿਕਾਰੀ ਵਲੋਂ ਰਿਕਾਰਡ ਕੀਤਾ ਇਹੋ ਜਿਹਾ ਇਕਬਾਲੀਆ ਬਿਆਨ ਫਾਂਸੀ ਦੀ ਸਜ਼ਾ ਦਾ ਆਧਾਰ ਨਹੀਂ ਬਣ ਸਕਦਾ।" ਤੱਥ ਜੱਗ ਜ਼ਾਹਿਰ ਹਨ ਕਿ ਸੁਪਰੀਮ ਕੋਰਟ ਦੇ ਤਿੰਨ ਜੱਜਾਂ ਦੇ ਬੈਂਚ ਵਿਚੋਂ ਮੁੱਖ ਜੱਜ ਜਸਟਿਸ ਐਮ.ਬੀ. ਸ਼ਾਹ ਵਲੋਂ . ਭੁੱਲਰ ਨੂੰ ਬਾ-ਇੱਜ਼ਤ ਬਰੀ ਕੀਤਾ ਗਿਆ ਸੀ। ਬਾਕੀ ਦੋ ਜੱਜਾਂ ਵੱਲੋਂ ਹੀ ਹੇਠਲੀ ਵਿਸ਼ੇਸ਼ ਟਾਡਾ ਕੋਰਟ ਦੇ ਫਾਂਸੀ ਦੇ ਫ਼ੈਸਲੇ ਨੂੰ ਸਹੀ ਕਰਾਰ ਦਿੱਤਾ ਗਿਆ ਸੀ।

ਜ਼ਾਹਿਰ ਹੈ ਕਿ ਭਾਰਤ ਵਰਗੇ ਮੁਲਕਾਂ ਵਿਚ ਇਨਸਾਨ ਦੀ ਜ਼ਿੰਦਗੀ-ਮੌਤ ਵਰਗੇ ਸਭ ਤੋਂ ਅਹਿਮ ਅਦਾਲਤੀ ਫ਼ੈਸਲਿਆਂ ਦਾ ਆਧਾਰ ਵਿਗਿਆਨਕ ਨਿਆਂ ਸ਼ਾਸਤਰ ਨਹੀਂ, ਸਗੋਂ ਜੱਜਾਂ ਦੀ ਵਿਅਕਤੀਗਤ ਮਾਨਸਿਕਤਾ ਹੈ ਜਿਸ ਵਿਚ ਜੱਜਾਂ ਉੱਪਰ ਸੱਤਾ ਦਾ ਪ੍ਰਭਾਵ ਵੱਡੀ ਭੂਮਿਕਾ ਨਿਭਾਅ ਰਿਹਾ ਹੈ। ਭਾਰਤੀ ਹੁਕਮਰਾਨ ਜਮਾਤਾਂ 1947 ਦੀ ਸੱਤਾ ਬਦਲੀ ਦੇ ਸਮੇਂ ਤੋਂ ਹੀ ਆਪਣੇ ਸੌੜੇ ਹਿੱਤਾਂ ਲਈ ਮੁਲਕ ਦੇ ਅਵਾਮ ਨੂੰ ਗੁੰਮਰਾਹ ਕਰ ਕੇ ਝੂਠੀ ਆਮ ਸਹਿਮਤੀ ਸਿਰਜਦੀਆਂ ਆ ਰਹੀਆਂ ਹਨ ਅਤੇ ਇਸ ਦਾ ਲਾਹਾ ਲੈ ਕੇ ਮੁਲਕ ਦੇ ਹਿੱਤਾਂ ਦੇ ਨਾਂ 'ਤੇ ਆਪਣੇ ਮੁਲਕ ਵਿਰੋਧੀ ਏਜੰਡਿਆਂ ਨੂੰ ਮੌਜ ਨਾਲ ਹੀ ਸਮੂਹ ਨਾਗਰਿਕਾਂ ਉੱਪਰ ਥੋਪਦੀਆਂ ਆ ਰਹੀਆਂ ਹਨ। ਸਟੇਟ ਦੇ ਵੱਖੋ-ਵੱਖਰੇ ਅੰਗ-ਫ਼ੌਜ, ਪੁਲਿਸ, ਨੌਕਰਸ਼ਾਹੀ ਅਤੇ ਨਿਆਂ ਦੀ ਕੁਰਸੀ 'ਤੇ ਬੈਠਣ ਵਾਲੀਆਂ ਸ਼ਖਸੀਅਤਾਂ-ਸਥਾਪਤੀ ਦੀ ਰਾਜਨੀਤਕ ਵਿਚਾਰਧਾਰਾ ਅਨੁਸਾਰ ਕੰਮ ਕਰਦੇ ਸਾਫ਼ ਦੇਖੇ ਜਾ ਸਕਦੇ ਹਨ। ਇਥੇ 35ਵੇਂ ਲਾਅ ਕਮਿਸ਼ਨ ਦੀ ਰਿਪੋਰਟ ਦੇ ਉਸ ਹਿੱਸੇ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਜਿਸ ਦਾ ਹਵਾਲਾ ਭੁੱਲਰ ਦੀ ਫਾਂਸੀ ਦੀ ਸਜ਼ਾ ਨੂੰ ਬਰਕਰਾਰ ਰੱਖਦੇ ਸਮੇਂ ਸੁਪਰੀਮ ਕੋਰਟ ਦੇ ਬੈਂਚ ਵਲੋਂ ਦਿੱਤਾ ਗਿਆ: "ਭਾਰਤ ਦੇ ਹਾਲਾਤ, ਇਸ ਦੇ ਬਾਸ਼ਿੰਦਿਆਂ ਪਾਲਣ-ਪੋਸ਼ਣ ਦੇ ਵਖਰੇਵੇਂ, ਮੁਲਕ ਦੀ ਨੈਤਿਕਤਾ ਅਤੇ ਤਾਲੀਮ ਦੇ ਅਸਾਵੇਂਪਨ, ਇਸ ਦੀ ਵੰਨ-ਸੁਵੰਨੀ ਆਬਾਦੀ ਅਤੇ ਮੁਲਕ ਵਿਚ ਅਮਨ-ਕਾਨੂੰਨ ਕਾਇਮ ਰੱਖਣ ਦੀ ਸਭ ਤੋਂ ਵੱਡੀ ਲੋੜ ਦੇ ਮੱਦੇਨਜ਼ਰ ਇਸ ਸਮੇਂ ਭਾਰਤ ਮੌਤ ਦੀ ਸਜ਼ਾ ਨੂੰ ਖ਼ਤਮ ਕਰਨ ਦਾ ਤਜਰਬਾ ਕਰਨ ਦਾ ਜੋਖਮ ਨਹੀਂ ਲੈ ਸਕਦਾ।" ਇਥੇ ਕਮਿਸ਼ਨ ਅਤੇ ਸੁਪਰੀਮ ਕੋਰਟ ਦੇ ਜੱਜਾਂ ਦਾ ਝੁਕਾਅ ਸਾਫ਼ ਨਜ਼ਰ ਆ ਰਿਹਾ ਹੈ।

ਕਲਾਕਾਰ ਜਤਿਨ ਮਰੰਡੀ ਜਾਂ ਭੁੱਲਰ, ਕਿਸੇ ਨੂੰ ਵੀ ਫਾਂਸੀ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਜ਼ੋਰਦਾਰ ਵਿਰੋਧ ਦੇ ਬਾਵਜੂਦ ਅਫ਼ਜ਼ਲ ਗੁਰੂ ਨੂੰ ਫਾਂਸੀ 'ਤੇ ਲਟਕਾਇਆ ਜਾ ਸਕਦਾ ਹੈ। "ਖਾਸ ਵਿਚੋਂ ਵੀ ਸਭ ਤੋਂ ਖਾਸ ਮਾਮਲਿਆਂ ਵਿਚ ਹੀ ਫਾਂਸੀ ਦੀ ਸਜ਼ਾ ਦੇਣ" ਦਾ ਅਦਾਲਤੀ ਦਾਅਵਾ ਅੱਜ ਆਮ ਦਸਤੂਰ ਬਣ ਚੁੱਕਾ ਹੈ। ਸਾਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਜੇ 'ਮੁਜਰਮ' ਮਜ਼ਲੂਮ ਕੌਮੀਅਤ, ਮੁਸਲਮਾਨ ਜਾਂ ਸਿੱਖ ਧਾਰਮਿਕ ਘੱਟ-ਗਿਣਤੀ, ਦਲਿਤ ਜਾਂ ਆਦਿਵਾਸੀ ਭਾਈਚਾਰੇ ਨਾਲ ਸਬੰਧਤ ਹੈ, ਤਾਂ ਉਸ ਨੂੰ ਅਸਾਨੀ ਨਾਲ ਹੀ ਬਲੀ ਦਾ ਬੱਕਰਾ ਬਣਾ ਦਿੱਤਾ ਜਾਂਦਾ ਹੈ; ਪਰ ਜੇ ਇਹ ਹੁਕਮਰਾਨ ਕੁਲੀਨ ਜਮਾਤ ਦਾ ਅੰਗ ਹੈ ਤਾਂ ਉਸ ਦੇ ਘੋਰ ਨਾਕਾਬਲੇ-ਮੁਆਫ਼ੀ ਜੁਰਮ ਵੀ ਸਹਿਜੇ ਹੀ ਮੁਆਫ਼ ਕਰ ਦਿੱਤੇ ਜਾਂਦੇ ਹਨ। ਅਜਿਹੇ ਹਾਲਾਤ 'ਚ ਸਹੀ ਸਮਝ ਦੇ ਆਧਾਰ 'ਤੇ ਸਹੀ ਮੰਗ ਦੀ ਫ਼ੈਸਲਾਕੁਨ ਭੂਮਿਕਾ ਹੈ, ਕਿਉਂਕਿ ਅਵਾਮ ਦੀ ਜ਼ੋਰਦਾਰ ਆਵਾਜ਼ ਹੀ ਆਪਾਸ਼ਾਹ ਹੁਕਮਰਾਨਾਂ ਦੇ ਲਹੂ ਲਿਬੜੇ ਹੱਥਾਂ ਨੂੰ ਰੋਕ ਸਕਦੀ ਹੈ। ਸੱਤਾਧਾਰੀ ਜਮਾਤ ਦੇ ਉਨ੍ਹਾਂ ਆਪਾਸ਼ਾਹ ਅਧਿਕਾਰਾਂ ਨੂੰ ਖ਼ਤਮ ਕਰਨ ਲਈ ਅਵਾਮ ਨੂੰ ਜਾਗਰੂਕ ਕਰਨਾ ਅਤੇ ਵਿਸ਼ਾਲ ਜੱਦੋਜਹਿਦ ਉਸਾਰਨ ਲਈ ਜੀਅ-ਜਾਨ ਨਾਲ ਕੰਮ ਕਰਨਾ ਬਹੁਤ ਜ਼ਰੂਰੀ ਹੈ ਜੋ ਮੁਲਕ ਵਿਚ ਹੁਕਮਰਾਨਾਂ ਦੇ ਹੱਥ ਵਿਚ ਐਸੇ ਸੰਵਿਧਾਨਕ ਸੰਦ ਬਣੇ ਹੋਏ ਹਨ ਜਿਨ੍ਹਾਂ ਨੂੰ ਸਹਿਜੇ ਹੀ ਵਾਜਬ ਮੰਨ ਲਿਆ ਤੇ ਪ੍ਰਵਾਨ ਕਰ ਲਿਆ ਜਾਂਦਾ ਹੈ। ਇਸੇ ਕਾਰਨ ਮੌਤ ਦੀ ਸਜ਼ਾ ਨੂੰ ਹਮੇਸ਼ਾ ਲਈ ਖ਼ਤਮ ਕਰਨਾ ਜ਼ਰੂਰੀ ਹੈ ਤਾਂ ਜੋ ਸੱਤਾਧਾਰੀ ਆਪਣੀ ਖ਼ੁਦਗਰਜ਼ੀ ਖ਼ਾਤਰ ਕਿਸੇ ਦੀ ਜਾਨ ਨਾ ਲੈ ਸਕਣ। ਜੁਰਮਾਂ ਨੂੰ ਸਜ਼ਾਵਾਂ ਰਾਹੀਂ ਖ਼ਤਮ ਕਰਨ ਦਾ ਸਵਾਲ ਮੌਤ ਦੀ ਸਜ਼ਾ ਤੋਂ ਪੂਰੀ ਤਰ੍ਹਾਂ ਵੱਖਰਾ ਹੈ। ਜੁਰਮਾਂ ਨਾਲ ਨਜਿੱਠਣ ਦੇ ਹੋਰ ਬਥੇਰੇ ਵਿਗਿਆਨਕ ਤਰੀਕੇ ਹਨ। ਸਾਰੇ ਇਨਸਾਫ਼ਪਸੰਦ ਲੋਕਾਂ ਤੇ ਜਥੇਬੰਦੀਆਂ ਨੂੰ ਮੌਤ ਦੀ ਸਜ਼ਾ ਬਾਰੇ ਸਪਸ਼ਟ ਪੈਂਤੜਾ ਲੈ ਕੇ ਇਸ ਨੂੰ ਖ਼ਤਮ ਕਰਨ ਦੀ ਮੰਗ 'ਤੇ ਜ਼ੋਰ ਦੇਣਾ ਚਾਹੀਦਾ ਹੈ। ਭੁੱਲਰ ਜਾਂ ਕਿਸੇ ਵੀ ਹੋਰ ਦੀ ਫਾਂਸੀ ਦੀ ਸਜ਼ਾ ਰੱਦ ਕਰਨ ਦੇ ਸਵਾਲ ਨੂੰ ਇਸ ਵਿਆਪਕ ਮੁੱਦੇ ਦੇ ਹਿੱਸੇ ਵਜੋਂ ਹੀ ਉਠਾਇਆ ਜਾਣਾ ਚਾਹੀਦਾ ਹੈ।

---

# ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ਼ ਕਰਨ ਲਈ ਆਧਾਰ ਮੌਜੂਦ

ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਦਵਿੰਦਰਪਾਲ ਸਿੰਘ ਭੁੱਲਰ ਜਿਸ ਵੱਲੋਂ ਰਹਿਮ ਦੀ ਪਟੀਸ਼ਨ ਦੇ ਫ਼ੈਸਲੇ 'ਤੇ ਹੋਈ ਦੇਰੀ ਦੇ ਆਧਾਰ 'ਤੇ ਆਪਣੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਲਈ ਪਾਈ ਗਈ ਪਟੀਸ਼ਨ 12 ਅਪ੍ਰੈਲ ਨੂੰ ਸੁਪਰੀਮ ਕੋਰਟ ਵੱਲੋਂ ਰੱਦ ਕਰ ਦਿੱਤੀ ਗਈ ਸੀ, ਲਈ ਉਮੀਦ ਦੀ ਕਿਰਨ ਅਜੇ ਵੀ ਬਾਕੀ ਹੈ।

**ਜਸਟਿਸ ਐਮ.ਬੀ. ਸ਼ਾਹ**

ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਐਮ.ਬੀ. ਸ਼ਾਹ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਿਆ ਜਾ ਸਕਦਾ ਹੈ।

1993 ਵਿਚ ਨਵੀਂ ਦਿੱਲੀ ਵਿਚ ਹੋਏ ਬੰਬ ਧਮਾਕਿਆਂ ਜਿਨ੍ਹਾਂ ਵਿਚ 9 ਬੰਦੇ ਮਾਰੇ ਗਏ ਸਨ ਅਤੇ 17 ਜ਼ਖ਼ਮੀ ਹੋਏ ਸਨ, ਦੇ ਮਾਮਲੇ ਵਿਚ ਟਾਡਾ ਅਦਾਲਤ ਵੱਲੋਂ ਦੋਸ਼ੀ ਠਹਿਰਾ ਕੇ ਮੌਤ ਦੀ ਸਜ਼ਾ ਸੁਣਾਏ ਜਾਣ ਖਿਲਾਫ਼ ਭੁੱਲਰ ਨੇ ਸੁਪਰੀਮ ਕੋਰਟ ਵਿਚ ਅਪੀਲ ਕੀਤੀ ਸੀ। ਇਸ ਅਪੀਲ ਦੀ ਸੁਣਵਾਈ ਕਰਦਿਆਂ ਜਸਟਿਸ ਐਮ.ਬੀ. ਸ਼ਾਹ ਨੇ ਬੈਂਚ ਵਿਚਲੇ ਬਾਕੀ ਦੋ ਜੱਜਾਂ ਨਾਲ ਸਹਿਮਤ ਨਾ ਹੁੰਦਿਆਂ ਭੁੱਲਰ ਨੂੰ ਨਿਰਦੋਸ਼ ਮੰਨਿਆ ਸੀ ਪਰ ਬਾਕੀ ਦੋ ਜੱਜਾਂ ਨੇ ਉਸ ਨੂੰ ਦੋਸ਼ੀ ਮੰਨਦਿਆਂ ਉਸ ਦੀ ਅਪੀਲ ਰੱਦ ਕਰ ਦਿੱਤੀ ਸੀ। ਜਸਟਿਸ ਸ਼ਾਹ ਨੇ ਦੁਬਾਰਾ ਇਸ ਬੈਂਚ ਵਿਚਲੇ ਆਪਣੇ ਦੋਵਾਂ ਸਾਥੀਆਂ ਤੋਂ ਉਲਟ ਰਾਇ ਜ਼ਾਹਰ ਕਰਦਿਆਂ ਭੁੱਲਰ ਦੀ ਨਜ਼ਰਸਾਨੀ ਪਟੀਸ਼ਨ ਅੰਸ਼ਿਕ ਤੌਰ 'ਤੇ ਪ੍ਰਵਾਨ ਕਰ ਲਈ ਸੀ ਅਤੇ ਇਸ ਨੂੰ ਪ੍ਰਵਾਨ ਕਰਦਿਆਂ ਭੁੱਲਰ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਲਈ ਕਿਹਾ ਸੀ। ਉਨ੍ਹਾਂ ਵੱਲੋਂ ਜ਼ਾਹਿਰ ਕੀਤੀ ਗਈ ਵੱਖਰੀ ਰਾਇ ਕਾਰਨ ਇਸ ਕੇਸ ਨੂੰ 'ਵਿਰਲੇ ਤੋਂ ਵਿਰਲਾ' ਮਾਮਲਾ ਨਹੀਂ ਮੰਨਿਆ ਜਾ ਸਕਦਾ।

ਹੁਣ ਅਹਿਮਦਾਬਾਦ ਵਿਚ ਰਹਿ ਰਹੇ ਜਸਟਿਸ ਸ਼ਾਹ ਨੇ ਦੱਸਿਆ ਹੈ ਕਿ ਮੌਤ ਦੀ ਸਜ਼ਾ ਵਾਲੇ ਕੇਸਾਂ ਵਿਚ ਆਮ ਕਰ ਕੇ ਇਹੀ ਅਮਲ ਅਪਣਾਇਆ ਜਾਂਦਾ ਹੈ ਕਿ ਬੈਂਚ ਵਿਚਲੇ ਕਿਸੇ ਜੱਜ ਵੱਲੋਂ ਅਸਹਿਮਤੀ ਪ੍ਰਗਟਾਏ ਜਾਣ ਦੀ ਸੂਰਤ ਵਿਚ ਸਜ਼ਾ ਉਮਰ ਕੈਦ ਵਿਚ ਬਦਲ ਜਾਂਦੀ ਹੈ। ਜਦੋਂ ਉਨ੍ਹਾਂ ਨੂੰ ਬਹੁ-ਸੰਮਤੀ ਜੱਜਾਂ ਵੱਲੋਂ ਦਿੱਤੇ ਇਸ ਸੁਝਾਅ (2002 ਵਿਚਲੇ ਉਨ੍ਹਾਂ ਦੇ ਵੱਖਰੇ ਫ਼ੈਸਲੇ ਬਾਰੇ) ਪੁੱਛਿਆ ਗਿਆ ਕਿ ਸਰਕਾਰ, ਜਸਟਿਸ ਸ਼ਾਹ ਦੀ ਅਸਹਿਮਤੀ ਨੂੰ ਅਪਰਾਧਕ ਦੰਡ ਵਿਧਾਨ ਦੀ ਧਾਰਾ 432(2) ਤਹਿਤ ਵਿਚਾਰ ਸਕਦੀ ਹੈ ਤਾਂ ਉਨ੍ਹਾਂ ਕਿਹਾ ਕਿ ਪਤਾ ਨਹੀਂ ਇਸ ਮਾਮਲੇ ਵਿਚ ਅਜਿਹਾ ਕਿਉਂ ਨਹੀਂ ਕੀਤਾ ਗਿਆ।

ਇਸ ਧਾਰਾ ਵਿਚ ਵਿਵਸਥਾ ਹੈ ਕਿ ਜਦੋਂ ਸਰਕਾਰ ਕੋਲ ਸਜ਼ਾ ਦੀ ਮੁਅੱਤਲੀ ਜਾਂ ਮੁਆਫ਼ੀ ਲਈ ਕੋਈ ਅਰਜ਼ੀ ਆਉਂਦੀ ਹੈ ਤਾਂ ਸਰਕਾਰ ਵੱਲੋਂ ਸਜ਼ਾ ਸੁਣਾਉਣ ਵਾਲੀ ਅਦਾਲਤ ਦੇ ਪ੍ਰੀਜ਼ਾਈਡਿੰਗ ਜੱਜ ਕੋਲੋਂ ਰਾਇ ਲਈ ਜਾਂਦੀ ਹੈ ਕਿ ਸਬੰਧਤ ਅਰਜ਼ੀ 'ਤੇ ਕੀ ਫ਼ੈਸਲਾ ਕੀਤਾ ਜਾਵੇ ਅਤੇ ਨਾਲ ਹੀ ਉਹ ਇਸ ਦੇ ਕਾਰਨ ਵੀ ਜਾਣ ਸਕਦੀ ਹੈ। ਰਾਇ ਲੈਣ ਦੀ ਅਜਿਹੀ ਲੋੜ ਭਾਵੇਂ ਸਰਕਾਰ ਸਾਹਮਣੇ ਇਕ ਬਦਲ ਹੁੰਦੀ ਹੈ, ਪਰ ਬਹੁ-ਸੰਮਤੀ ਜੱਜਾਂ ਨੇ ਇਸ ਦਾ ਸੁਝਾਅ ਉਸ ਦੋਚਿੱਤੀ ਦੇ ਹੱਲ ਵਜੋਂ ਦਿੱਤਾ ਸੀ ਜੋ ਜਸਟਿਸ ਸ਼ਾਹ ਦੀ ਅਸਹਿਮਤੀ ਕਰ ਕੇ ਪੈਦਾ ਹੋਈ ਸੀ। ਇਸ ਤੋਂ ਸਪਸ਼ਟ ਰੂਪ ਵਿਚ ਜ਼ਾਹਿਰ ਹੁੰਦਾ ਹੈ ਕਿ ਬਹੁ-ਸੰਮਤੀ ਵਾਲੇ ਜੱਜ ਵੀ ਇਹੀ ਚਾਹੁੰਦੇ ਸਨ ਕਿ ਧਾਰਾ 432(2) ਵਿਚ ਮੌਜੂਦ ਵਿਵਸਥਾ ਰਾਹੀਂ ਅੰਤ ਨੂੰ ਭੁੱਲਰ ਦੀ ਸਜ਼ਾ ਉਮਰ ਕੈਦ ਵਿਚ ਬਦਲ ਜਾਵੇ। 2002 ਵਿਚ ਭੁੱਲਰ ਦੀ ਅਰਜ਼ੀ ਰੱਦ ਕਰਨ ਵਾਲੇ ਬੈਂਚ ਦੇ ਪ੍ਰੀਜ਼ਾਈਡਿੰਗ ਜੱਜ ਜਸਟਿਸ ਐਮ.ਬੀ. ਸ਼ਾਹ ਸਨ, ਜਦ ਕਿ ਦੂਜੇ ਦੋ ਜੱਜ ਜਸਟਿਸ ਅਰਿਜੀਤ ਪਸਾਇਤ ਅਤੇ ਜਸਟਿਸ ਬੀ.ਐਨ. ਅਗਰਵਾਲ ਸਨ।

ਜਦੋਂ ਜਸਟਿਸ ਸ਼ਾਹ ਨੂੰ ਪੁੱਛਿਆ ਕਿ ਕੀ ਸਜ਼ਾ ਮੁਆਫ਼ੀ ਸਬੰਧੀ ਫ਼ੈਸਲਾ ਕਰਦਿਆਂ ਧਾਰਾ 432(2) ਤਹਿਤ ਉਨ੍ਹਾਂ ਦੀ ਰਾਇ ਲਈ ਹੀ ਜਾਣੀ ਚਾਹੀਦੀ ਸੀ, ਤਾਂ ਜਸਟਿਸ ਸ਼ਾਹ ਨੇ ਜਵਾਬ ਦਿੱਤਾ-"ਮਾਮਲੇ ਸਬੰਧੀ ਅਮਲ ਨਿਰਧਾਰਿਤ ਹਨ ਅਤੇ ਮੈਂ ਇਸ ਬਾਰੇ ਟਿੱਪਣੀ ਨਹੀਂ ਕਰਨਾ ਚਾਹੁੰਦਾ ਕਿ ਮੇਰੀ ਰਾਇ ਹੀ ਜਾਣੀ ਚਾਹੀਦੀ ਸੀ ਜਾਂ ਨਹੀਂ। ਮੈਂ ਉਦੋਂ ਤੱਕ ਰਿਟਾਇਰ ਵੀ ਹੋ ਚੁੱਕਾ ਸੀ।" ਭੁੱਲਰ ਨੇ 14 ਜਨਵਰੀ, 2003 ਨੂੰ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਦਾਖਲ ਕੀਤੀ ਸੀ। ਜਸਟਿਸ ਸ਼ਾਹ 24 ਸਤੰਬਰ, 2003 ਨੂੰ ਸੁਪਰੀਮ ਕੋਰਟ ਤੋਂ ਸੇਵਾ-ਮੁਕਤ ਹੋਏ ਸਨ। ਭੁੱਲਰ ਦੀ ਸਜ਼ਾ ਮੁਆਫ਼ੀ ਦੀ ਅਰਜ਼ੀ ਰੱਦ ਕਰਨ ਲਈ ਗ੍ਰਹਿ ਮੰਤਰਾਲੇ ਨੇ ਆਪਣੀ ਸਿਫਾਰਸ਼ 11 ਮਈ, 2005 ਨੂੰ ਤਤਕਾਲੀ ਰਾਸ਼ਟਰਪਤੀ ਅਬਦੁਲ ਕਲਾਮ ਆਜ਼ਾਦ ਨੂੰ ਭੇਜੀ ਸੀ। ਫਿਰ ਉਨ੍ਹਾਂ ਤੋਂ ਬਾਅਦ ਰਾਸ਼ਟਰਪਤੀ ਬਣੀ ਪ੍ਰਤਿਭਾ ਪਾਟਲ ਨੇ 2011 ਵਿਚ ਉਦੋਂ ਭੁੱਲਰ ਦੀ ਰਹਿਮ ਦੀ ਅਰਜ਼ੀ ਰੱਦ ਕਰ ਦਿੱਤੀ, ਜਦੋਂ ਗ੍ਰਹਿ ਮੰਤਰਾਲੇ ਨੇ ਇਸ ਸਬੰਧੀ ਸਿਫ਼ਾਰਸ਼ ਕੀਤੀ।

ਇਸ ਸਾਰੇ ਮਾਮਲੇ ਦੀਆਂ ਘਟਨਾਵਾਂ ਦੀ ਲੜੀ ਸਪਸ਼ਟ ਕਰਦੀ ਹੈ ਕਿ ਜੇ ਉਦੋਂ ਦੀ ਕੌਮੀ ਜਮਹੂਰੀ ਗਠਜੋੜ ਸਰਕਾਰ ਚਾਹੁੰਦੀ ਤਾਂ ਉਹ 2003 ਵਿਚ ਜਸਟਿਸ ਸ਼ਾਹ ਦੇ ਸੇਵਾ-ਮੁਕਤ ਹੋਣ ਤੋਂ ਪਹਿਲਾਂ ਦੰਡ ਵਿਧਾਨ ਦੀ ਧਾਰਾ 432(2) ਤਹਿਤ ਉਨ੍ਹਾਂ ਦੀ ਰਾਇ ਲੈ ਸਕਦੀ ਸੀ, ਜਿਵੇਂ ਬਹੁ-ਸੰਮਤੀ ਜੱਜਾਂ ਵੱਲੋਂ ਸੁਝਾਅ ਦਿੱਤਾ ਗਿਆ ਸੀ। ਅਜਿਹੇ ਮਾਮਲਿਆਂ ਵਿਚ ਧਾਰਾ 432(2) ਅਧੀਨ ਅਪਣਾਏ ਜਾਂਦੇ ਸਾਧਾਰਨ ਅਮਲ ਵੱਲ ਅਤੇ ਇਸ ਮਾਮਲੇ ਵਿਚ ਸੁਪਰੀਮ ਕੋਰਟ ਵੱਲੋਂ ਸੁਝਾਏ ਗਏ ਅਮਲ ਦੀ ਪਾਲਣਾ ਕਰਨ ਵਿਚ ਸਰਕਾਰ ਦੀ ਅਸਫ਼ਲਤਾ ਵੱਲ ਜਸਟਿਸ ਸ਼ਾਹ ਵੱਲੋਂ ਕੀਤਾ ਗਿਆ ਸੰਕੇਤ ਆਪਣੇ-ਆਪ ਵਿਚ ਅਹਿਮੀਅਤ ਰੱਖਦਾ ਹੈ।

***(ਜਸਟਿਸ ਐਮ.ਬੀ. ਸ਼ਾਹ ਸੁਪਰੀਮ ਕੋਰਟ ਉਸ ਤਿੰਨ ਮੈਂਬਰੀ ਬੈਂਚ ਵਿਚ ਸ਼ਾਮਲ ਸਨ ਜਿਸ ਨੇ ਦਵਿੰਦਰਪਾਲ ਸਿੰਘ ਭੁੱਲਰ ਕੇਸ ਦਾ ਫੈਸਲਾ ਸੁਣਾਇਆ ਸੀ। ਉਸ ਨੇ ਭੁੱਲਰ ਨੂੰ ਬਰੀ ਕੀਤਾ ਸੀ ਜਦਕਿ ਦੂਜੇ ਦੋ ਜੱਜਾਂ ਨੇ ਫਾਂਸੀ ਦਾ ਫੈਸਲਾ ਸੁਣਾਇਆ। ਬਹੁਮਤ ਦੇ ਆਧਾਰ 'ਤੇ ਦੋ ਜੱਜਾਂ ਵਾਲਾ ਫੈਸਲਾ ਮੰਨਿਆ ਗਿਆ।)***

# ਅਕਾਲੀ ਆਗੂ ਮੰਗਤ ਰਾਏ ਬਾਂਸਲ ਸਣੇ 22 ਨੂੰ 7-7 ਸਾਲ ਕੈਦ

**ਪਟਿਆਲਾ:** ਚੌਲਾਂ ਦੇ ਮਾਮਲੇ ਵਿਚ ਹੋਈ ਧੋਖਾਧੜੀ ਦੇ ਇਕ ਕੇਸ ਵਿਚ ਸੀ.ਬੀ.ਆਈ ਦੀ ਵਿਸ਼ੇਸ਼ ਅਦਾਲਤ ਨੇ ਅਕਾਲੀ ਆਗੂ ਤੇ ਜ਼ਿਲ੍ਹਾ ਯੋਜਨਾ ਬੋਰਡ ਮਾਨਸਾ ਦੇ ਚੇਅਰਮੈਨ ਮੰਗਤ ਰਾਏ ਬਾਂਸਲ, ਭਾਰਤੀ ਖ਼ੁਰਾਕ ਨਿਗਮ ਦੇ ਤਿੰਨ ਅਧਿਕਾਰੀਆਂ ਤੇ ਡੇਢ ਦਰਜਨ ਤੋਂ ਵੱਧ ਚੌਲ ਮਿੱਲ ਮਾਲਕਾਂ ਨੂੰ ਕੈਦ ਤੇ ਜੁਰਮਾਨਾ ਕੀਤਾ ਹੈ। ਦੋ ਵਿਅਕਤੀਆਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਹੈ। ਇਸ ਮਾਮਲੇ ਵਿਚ ਕੁੱਲ 28 ਵਿਅਕਤੀਆਂ ਖ਼ਿਲਾਫ਼ ਕੇਸ ਚਲਾਇਆ ਗਿਆ ਸੀ, ਜਿਨ੍ਹਾਂ ਵਿਚੋਂ ਮੰਗਤ ਰਾਏ ਬਾਂਸਲ ਸਮੇਤ 22 ਦੋਸ਼ੀਆਂ ਨੂੰ 7-7 ਸਾਲ ਦੀ ਕੈਦ ਤੇ 20-20 ਹਜ਼ਾਰ ਰੁਪਏ ਜੁਰਮਾਨਾ, 2 ਦੋਸ਼ੀਆਂ ਨੂੰ 3-3 ਸਾਲ ਦੀ ਕੈਦ ਤੇ 10-10 ਹਜ਼ਾਰ ਰੁਪਏ ਜੁਰਮਾਨਾ, 2 ਨੂੰ ਬਾਇੱਜ਼ਤ ਬਰੀ ਕਰ ਦਿੱਤਾ ਹੈ। ਇਸ ਤੋਂ ਇਲਾਵਾ ਦੋ ਵਿਅਕਤੀਆਂ ਬੰਤ ਸਿੰਘ ਤੇ ਸੁਸ਼ੀਲ ਕੁਮਾਰ ਦੀ ਮੌਤ ਹੋ ਚੁੱਕੀ ਹੈ। ਜਿਨ੍ਹਾਂ ਨੂੰ ਬਰੀ ਕੀਤਾ ਹੈ, ਉਨ੍ਹਾਂ ਵਿਚ ਬਚਨੀ ਦੇਵੀ ਤੇ ਪਰਵਿੰਦਰ ਸਿੰਘ ਸ਼ਾਮਲ ਹਨ। ਇਸ ਤੋਂ ਇਲਾਵਾ ਭਗਵਾਨ ਦਾਸ ਤੇ ਭਾਗੀਰਥ ਨੂੰ ਤਿੰਨ-ਤਿੰਨ ਸਾਲ ਦੀ ਸਜ਼ਾ ਹੋਈ ਹੈ।

ਇਹ ਮਾਮਲਾ ਸਾਲ 1999 ਦਾ ਹੈ, ਜਦੋਂ ਪੰਜਾਬ ਤੇ ਹਰਿਆਣਾ ਉਚ ਅਦਾਲਤ ਵਿਚ ਇਕ ਜਨ ਹਿਤ ਪਟੀਸ਼ਨ ਪਾਈ ਗਈ ਸੀ, ਜਾਂਚ ਸੀ.ਬੀ.ਆਈ ਨੂੰ ਸਾਪੀ ਗਈ। ਸਤੰਬਰ 1999 ਵਿਚ ਵੱਖ-ਵੱਖ ਚੌਲ ਮਿੱਲਾਂ ਤੋਂ ਤਕਰੀਬਨ 62 ਨਮੂਨੇ ਲਏ ਗਏ, ਜਿਨ੍ਹਾਂ ਵਿਚੋਂ 53 ਨਮੂਨੇ ਫ਼ੇਲ੍ਹ ਹੋ ਗਏ ਸਨ।

ਇਸ ਕੇਸ ਵਿਚ ਸੀ.ਬੀ.ਆਈ ਨੇ ਜਾਂਚ ਕਰਨ ਉਪਰੰਤ ਜਿਨ੍ਹਾਂ ਵਿਅਕਤੀਆਂ ਵਿਰੁੱਧ ਦੋਸ਼ ਪੱਤਰ 12 ਅਗਸਤ 2003 ਨੂੰ ਅਦਾਲਤ ਵਿਚ ਪੇਸ਼ ਕੀਤਾ, ਉਨ੍ਹਾਂ ਵਿਚ ਐਮ.ਐਸ ਤੋਮਰ ਤਕਨੀਕੀ ਸਹਾਇਕ-2 ਬਰੇਟਾ ਮੰਡੀ, ਜੇ.ਆਰ ਮੋਂਗਾ ਤਕਨੀਕੀ ਸਹਾਇਕ ਭਾਰਤੀ ਖ਼ੁਰਾਕ ਨਿਗਮ ਬਰੇਟਾ ਮੰਡੀ, ਪਵਨ ਕੁਮਾਰ ਸਿੰਗਲਾ ਜੋ ਮੈਸਰਜ਼ ਰੰਗੀ ਰਾਮ ਰਾਈਸ ਮਿਲ ਬਰੇਟਾ, ਪ੍ਰੇਮ ਕੁਮਾਰ ਬਾਂਸਲ ਹਿੱਸੇਦਾਰ ਦੁਰਗਾ ਰਾਈਸ ਮਿੱਲ ਬਰੇਟਾ, ਰਾਜ ਕੁਮਾਰ ਹਿੱਸੇਦਾਰ ਦੁਰਗਾ ਰਾਈਸ ਮਿੱਲ ਬਰੇਟਾ, ਇਸ ਕੋਲ ਮੁਖ਼ਤਿਆਰਨਾਮਾ ਵੀ ਹੈ, ਸੁਰਿੰਦਰ ਕੁਮਾਰ ਬਾਂਸਲ ਰਾਈਸ ਮਿੱਲ ਬਰੇਟਾ, ਧਰਮਪਾਲ ਹਿੱਸੇਦਾਰ ਭਾਰਤ ਕਾਟਨ ਐਂਡ ਜਨਰਲ ਮਿੱਲ ਬਰੇਟਾ, ਸੁਰੇਸ਼ ਕੁਮਾਰ ਹਿੱਸੇਦਾਰ ਭਾਰਤ ਕਾਟਨ ਤੇ ਜਨਰਲ ਮਿੱਲ ਬਰੇਟਾ, ਬਚਨੀ ਦੇਵੀ ਹਿੱਸੇਦਾਰ ਭਾਰਤ ਕਾਟਨ ਤੇ ਜਨਰਲ ਮਿੱਤਲ ਬਰੇਟਾ, ਤਰਸੇਮ ਚੰਦ ਤਾਇਲ ਰਾਮਾ ਰਾਇਸ ਮਿੱਲ ਬਰੇਟਾ, ਰਾਜ ਕੁਮਾਰ ਗਰਗ ਹਿੱਸੇਦਾਰ ਤੇ ਮੁਖ਼ਤਿਆਰਨਾਮਾ ਪ੍ਰਾਪਤ ਸ਼ੰਕਰ ਰਾਈਸ ਮਿੱਲ ਬਰੇਟਾ ਤੇ ਗਣਪਤੀ ਰਾਈਸ ਮਿੱਲ, ਗੋਬਿੰਦ ਰਾਮ, ਗੋਪਾਲ ਕ੍ਰਿਸ਼ਨ ਤੇ ਬਲਦੇਵ ਸਿੰਘ ਹਿੱਸੇਦਾਰ ਸ਼ੰਕਰ ਰਾਈਸ ਮਿੱਲ, ਮੰਗਤ ਰਾਏ ਜੋ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਹਨ ਤੇ ਭਗਵਾਨ ਦਾਸ ਗੋਲਡਨ ਰਾਈਸ ਐਂਡ ਜਨਰਲ ਮਿੱਲ ਬਰੇਟਾ, ਪਰਵਿੰਦਰ ਸਿੰਘ ਮਾਲਕ ਮਿਲਖਾ ਸਿੰਘ ਤੇ ਮਹਿੰਦਰ ਸਿੰਘ ਰਾਈਸ ਮਿਲਜ਼ ਬਰੇਟਾ, ਸੁਰੇਸ਼ ਕੁਮਾਰ ਮਾਲਕ ਸ਼ਿਵ ਸ਼ਕਤੀ ਰਾਈਸ ਮਿੱਲ ਬਰੇਟਾ, ਰਜਿੰਦਰ ਕੁਮਾਰ ਸਿੰਗਲਾ ਹਿੱਸੇਦਾਰ ਓਮ ਪ੍ਰਕਾਸ਼ ਰਾਈਸ ਮਿਲਜ਼ ਬਰੇਟਾ, ਸੁਸ਼ੀਲ ਕੁਮਾਰ ਹਿੱਸੇਦਾਰ ਤੇ ਮੁਖਤਿਆਰਨਾਮਾ ਮਾਲਕ ਤੇ ਪ੍ਰਸ਼ੋਤਮ ਦਾਸ ਓਮ ਰਾਈਸ ਮਿਲ ਬਰੇਟਾ, ਭਾਗੀਰਥ ਲਾਲ ਸਿੰਘ ਵਿਸ਼ਨੂੰ ਮੱਲ ਪੂਰਨ ਚੰਦ ਰਾਈਸ ਮਿੱਲ ਬਰੇਟਾ, ਕੁਲਵੰਤ ਰਾਏ ਹਿੱਸੇਦਾਰ, ਲਛਮਣ ਦਾਸ ਤੇ ਕੇਵਲ ਕੁਮਾਰ ਗਣਪਤੀ ਰਾਈਸ ਮਿੱਲ, ਬੰਤ ਰਾਮ ਸ਼ਿਵ ਕਾਟਨ ਫ਼ੈਕਟਰੀ ਬਰੇਟਾ, ਰਾਮ ਗੋਪਾਲ ਸ਼ਿਵ ਕਾਟਨ ਫ਼ੈਕਟਰੀ ਬਰੇਟਾ ਸ਼ਾਮਲ ਹਨ। ਇਨ੍ਹਾਂ ਸਾਰਿਆਂ ਵਿਰੁੱਧ ਸੀ.ਬੀ.ਆਈ ਨੇ ਭਾਰਤੀ ਦੰਡਾਵਲੀ ਦੀ ਧਾਰਾ 420 ਅਤੇ 120ਬੀ ਤਹਿਤ ਦੋਸ਼ ਪੱਤਰ ਦਾਇਰ ਕੀਤਾ, ਜਦੋਂਕਿ ਭਾਰਤੀ ਖ਼ੁਰਾਕ ਨਿਗਮ ਦੇ ਅਧਿਕਾਰੀਆਂ ਜਿਨ੍ਹਾਂ ਵਿਚ ਐਮ.ਐਸ ਤੋਮਰ, ਪੀ.ਐਨ ਅਗਰਵਾਲ ਅਤੇ ਜੇ.ਆਰ ਮੋਂਗਾ ਸ਼ਾਮਲ ਹਨ, ਵਿਰੁੱਧ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 13(1)(ਡੀ), 13(2) 1980 ਵੀ ਲਾਈ ਗਈ ਹੈ।

ਸੀ.ਬੀ.ਆਈ ਵਕੀਲਾਂ ਮੁਤਾਬਕ ਉਪਰੋਕਤ ਦੋਸ਼ੀਆਂ ਨੇ ਭਾਰਤੀ ਖ਼ੁਰਾਕ ਨਿਗਮ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਜੋ ਚੌਲ ਵਾਪਸ ਭਾਰਤੀ ਖ਼ੁਰਾਕ ਨਿਗਮ ਨੂੰ ਕੀਤੇ, ਉਨ੍ਹਾਂ ਦੇ ਨਮੂਨੇ ਫ਼ੇਲ੍ਹ ਹੋ ਗਏ ਸਨ ਅਤੇ ਭਾਰਤੀ ਖ਼ੁਰਾਕ ਨਿਗਮ ਨੂੰ ਵੱਡਾ ਘਾਟਾ ਪਿਆ।

ਇਸ ਤਰ੍ਹਾਂ ਕੁੱਲ ਉਸ ਵੇਲੇ 1.8 ਕਰੋੜ ਦਾ ਘਪਲਾ ਹੋਇਆ ਸੀ। ਦੋਸ਼ ਪੱਤਰ ਵਿਚ ਆਖਿਆ ਗਿਆ ਹੈ ਕਿ ਇਨ੍ਹਾਂ ਸੈਂਪਲਾਂ ਦੇ ਜਦੋਂ ਨਮੂਨੇ ਭੇਜੇ ਗਏ ਤਾਂ ਉਹ ਸਹੀ ਮਿਆਰ ਦੇ ਨਹੀਂ ਸਨ।ਜਿਨ੍ਹਾਂ ਚੌਲਾਂ ਦੇ ਨਮੂਨੇ ਕਰਵਾਏ ਗਏ ਸਨ, ਉਨ੍ਹਾਂ ਵਿਚੋਂ ਬਾਕੀ ਨੂੰ ਮੋਹਰਬੰਦ ਕਰਕੇ ਸੀ.ਬੀ.ਆਈ ਨੇ ਆਪਣੇ ਕੋਲ ਰੱਖ ਲਿਆ ਸੀ, ਕਿਉਂਕਿ ਗੋਦਾਮਾਂ ਵਿਚ ਪਏ ਚੌਲ ਅਗਲੀ ਫ਼ਸਲ ਤੋਂ ਪਹਿਲਾਂ ਅੱਗੇ ਭੇਜਣੇ ਸਨ।

ਗੌਰਤਲਬ ਹੈ ਕਿ ਨਮੂਨਿਆਂ ਸਬੰਧੀ ਸੀ.ਬੀ.ਆਈ ਵਕੀਲਾਂ ਦਾ ਕਹਿਣਾ ਸੀ ਕਿ ਜਿਸ ਵੇਲੇ ਨਮੂਨੇ ਲਏ ਗਏ ਸਨ ਉਸ ਤੋਂ ਬਾਅਦ 10 ਸਾਲ ਇਹ ਕੇਸ ਸੁਣਵਾਈ ਅਧੀਨ ਰਿਹਾ। ਜੇਕਰ ਬਾਂਸਲ ਜਾਂਚ ਹੋਰਨਾਂ ਨੂੰ ਨਮੂਨਿਆਂ ਦੀ ਰਿਪੋਰਟ 'ਤੇ ਕੋਈ ਸ਼ੱਕ ਸੀ ਤਾਂ ਉਹ ਸਫ਼ਾਈ ਧਿਰ ਰਾਹੀਂ ਆਪਣਾ ਪੱਖ ਅਦਾਲਤ ਵਿਚ ਰੱਖ ਸਕਦੇ ਸਨ।



## ਦਲ ਬਦਲੀ ਦਾ ਸ਼ੌਕ ਰੱਖਦੇ ਆਏ ਹਨ ਬਾਂਸਲ

**ਮਾਨਸਾ:** ਸੀ.ਬੀ.ਆਈ ਦੀ ਇਕ ਅਦਾਲਤ ਵੱਲੋਂ 7 ਸਾਲ ਦੀ ਸਜ਼ਾ ਸੁਣਾਏ ਜਾਣ ਕਾਰਨ ਰਾਏ ਬਾਂਸਲ ਦੇ ਸਿਆਸੀ ਜੀਵਨ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਜ਼ਿਲ੍ਹਾ ਸੰਗਰੂਰ ਦੇ ਪਿੰਡ ਡਸਕਾ ਵਿਚ 1958 ਵਿਚ ਜਨਮੇ ਤੇ ਅੱਜ ਕੱਲ੍ਹ ਮਾਨਸਾ ਵਿਚ ਰਹਿ ਰਹੇ ਸ੍ਰੀ ਬਾਂਸਲ ਨੇ ਆਪਣਾ ਰਾਜਸੀ ਸਫ਼ਰ ਬਹੁਜਨ ਸਮਾਜ ਪਾਰਟੀ ਦੇ ਮੈਂਬਰ ਤੋਂ ਸ਼ੁਰੂ ਕੀਤਾ ਸੀ। 2002 ਵਿਚ ਉਨ੍ਹਾਂ ਬੁਢਲਾਡਾ ਤੋਂ ਬਸਪਾ ਦੇ ਉਮੀਦਵਾਰ ਵਜੋਂ ਚੋਣ ਲੜੀ ਪਰ ਉਹ ਸ਼੍ਰੋਮਣੀ ਅਕਾਲੀ ਦਲ ਦੇ ਹਰਬੰਤ ਸਿੰਘ ਦਾਤੇਵਾਸ ਤੋਂ ਚੋਣ ਹਾਰ ਗਏ। ਕੁਝ ਸਮੇਂ ਉਪਰੰਤ ਉਹ ਕਾਂਗਰਸ ਵਿਚ ਸ਼ਾਮਲ ਹੋ ਗਏ ਤੇ 2007 ਦੀਆਂ ਚੋਣਾਂ ਵਿਚ ਬੁਢਲਾਡਾ ਤੋਂ ਕਾਂਗਰਸ ਦੇ ਉਮੀਦਵਾਰ ਵਜੋਂ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹ ਗਏ। 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨੇ ਉਨ੍ਹਾਂ ਨੂੰ ਬੁਢਲਾਡਾ ਹਲਕਾ ਰਾਖਵਾਂ ਹੋਣ ਕਾਰਨ ਮੌੜ ਹਲਕੇ ਤੋਂ ਟਿਕਟ ਦਿੱਤੀ ਪਰ ਉਹ ਅਕਾਲੀ ਦਲ ਦੇ ਜਨਮੇਜਾ ਸਿੰਘ ਸੇਖੋਂ ਤੋਂ ਮਾਤ ਖਾ ਗਏ। 25 ਸਤੰਬਰ 2012 ਨੂੰ ਉਹ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਅਤੇ ਲੰਘੀ 12 ਜਨਵਰੀ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਨੂੰ ਜ਼ਿਲ੍ਹਾ ਯੋਜਨਾ ਬੋਰਡ ਮਾਨਸਾ ਦਾ ਚੇਅਰਮੈਨ ਥਾਪ ਕੇ ਨਿਵਾਜਿਆ ਸੀ।

# ਤਨਖਾਹ ਲਈ ਹੀ ਦਫਤਰ ਵੜਦੇ ਨੇ ਬਾਦਲਾਂ ਦੇ ਲਾਡਲੇ

**ਚੰਡੀਗੜ੍ਹ**: ਪੰਜਾਬ ਸਰਕਾਰ ਵੱਲੋਂ ਲੱਖਾਂ ਦੇ ਹਿਸਾਬ ਨਾਲ ਪ੍ਰਤੀ ਮਹੀਨਾ ਤਨਖ਼ਾਹ ਲੈਣ ਵਾਲੇ ਸੀਨੀਅਰ ਅਧਿਕਾਰੀਆਂ ਪ੍ਰਤੀ ਵੀ 'ਜੀ ਹਜ਼ੂਰੀ' ਵਾਲੀ ਨੀਤੀ ਅਪਣਾਈ ਜਾਂਦੀ ਹੈ। ਇਹੀ ਕਾਰਨ ਹੈ ਕਿ ਸੂਬੇ ਵਿਚ ਇਕ ਤੋਂ ਵੱਧ ਅਹਿਮ ਵਿਭਾਗਾਂ ਦੀ ਜ਼ਿੰਮੇਵਾਰੀ ਸਾਂਭਣ ਵਾਲੇ ਅਧਿਕਾਰੀਆਂ ਦੇ ਨਾਲ-ਨਾਲ ਅਜਿਹੇ 'ਲਾਡਲੇ ਅਫਸਰ' ਵੀ ਹਨ ਜੋ ਬਿਨਾਂ ਕਿਸੇ ਕੰਮਕਾਜ ਤੋਂ ਸਰਕਾਰੀ ਖ਼ਜ਼ਾਨੇ ਦੇ ਹਿੱਸੇਦਾਰ ਬਣੇ ਬੈਠੇ ਹਨ। ਸਰਕਾਰ ਦੀ ਇਸ ਮੇਹਰਬਾਨੀ ਦਾ ਅਜਿਹੇ ਅਧਿਕਾਰੀ ਰੱਜ ਕੇ ਫ਼ਾਇਦਾ ਉਠਾ ਰਹੇ ਹਨ। ਮੁੱਖ ਮੰਤਰੀ ਦਫ਼ਤਰ ਦੇ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਕਾਡਰ ਦੇ ਕਈ ਆਈ.ਏ.ਐਸ ਅਫਸਰ ਅਜਿਹੇ ਹਨ ਜਿਨ੍ਹਾਂ ਦਾ ਕੰਮਕਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪਸੰਦ ਨਹੀਂ ਤੇ ਕਈ ਅਫਸਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਨਾ ਪਸੰਦੀਦਾ ਸੂਚੀ ਵਿਚ ਸ਼ਾਮਲ ਹਨ। ਮਹੱਤਵਪੂਰਨ ਤੱਥ ਇਹ ਹੈ ਕਿ ਪ੍ਰਮੁੱਖ ਸਕੱਤਰ ਦੇ ਰੈਂਕ ਤੱਕ ਪਹੁੰਚੇ ਆਈ.ਏ.ਐਸ ਅਧਿਕਾਰੀ ਦੀ ਪ੍ਰਤੀ ਮਹੀਨਾ ਤਨਖਾਹ ਤਕਰੀਬਨ 1 ਲੱਖ ਰੁਪਏ ਹੈ। ਇਸ ਤੋਂ ਬਿਨਾਂ ਇਕ ਅਧਿਕਾਰੀ ਨੂੰ ਏਅਰ ਕੰਡੀਸ਼ਨਰ ਦਫ਼ਤਰ, ਦਫ਼ਤਰੀ ਅਮਲਾ, ਕਾਰ ਤੇ ਚੰਡੀਗੜ੍ਹ ਵਿਚ ਰਿਹਾਇਸ਼ ਦੀ ਸਹੂਲਤ ਵੀ ਹੈ। ਇਸ ਤਰ੍ਹਾਂ ਇਕ ਅਧਿਕਾਰੀ ਦੋ ਲੱਖ ਰੁਪਏ ਤੋਂ ਵੱਧ ਦੀਆਂ ਸਹੂਲਤਾਂ ਸਰਕਾਰ ਤੋਂ ਪ੍ਰਤੀ ਮਹੀਨਾ ਲੈਂਦਾ ਹੈ ਪਰ ਸਰਕਾਰ ਕਈ ਅਫਸਰਾਂ ਤੋਂ ਕੰਮ ਲੈਣ ਲਈ ਰਾਜ਼ੀ ਨਹੀਂ ਹੈ। ਪੰਜਾਬ ਸਰਕਾਰ ਵਿਚ ਜਿਨ੍ਹਾਂ ਅਫਸਰਾਂ ਦੀ ਪਿਛਲੇ 6 ਸਾਲਾਂ ਤੋਂ ਚਾਂਦੀ ਮੰਨੀ ਜਾਂਦੀ ਹੈ ਉਨ੍ਹਾਂ ਵਿਚ ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ

### ਜੀ ਹਜ਼ੂਰੀ ਨਾ ਕਰਨ ਵਾਲੇ ਅਧਿਕਾਰੀ ਕਈ-ਕਈ ਵਿਭਾਗਾਂ ਦੀ ਜ਼ਿੰਮੇਵਾਰੀ ਸਾਂਭਣ ਲਈ ਮਜਬੂਰ

ਗਗਨਦੀਪ ਸਿੰਘ ਬਰਾੜ ਨੂੰ ਡਾਇਰੈਕਟਰ ਸ਼ਹਿਰੀ ਹਵਾਬਾਜ਼ੀ ਤੇ ਸਕੱਤਰ ਦਿਹਾਤੀ ਵਿਕਾਸ ਬੋਰਡ ਲਾਇਆ ਹੋਇਆ ਹੈ। ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਸੰਤੋਸ਼ ਕੁਮਾਰ ਸੰਧੂ ਜਿਨ੍ਹਾਂ ਕੋਲ ਵਿੱਤੀ ਕਮਿਸ਼ਨਰ (ਸਹਿਕਾਰਤਾ) ਦਾ ਵਿਭਾਗ ਵੀ ਹੈ। ਵਿੱਤੀ ਕਮਿਸ਼ਨਰ (ਮਾਲ) ਨਵਰੀਤ ਸਿੰਘ ਕੰਗ ਨੂੰ ਲੋਕ ਸੰਪਰਕ ਵਿਭਾਗ ਦਾ ਵਾਧੂ ਚਾਰਜ ਦਿੱਤਾ ਹੋਇਆ ਹੈ। ਵਿੱਤੀ ਕਮਿਸ਼ਨਰ (ਵਿਕਾਸ) ਸੁਰੇਸ਼ ਕੁਮਾਰ ਦਿਹਾਤੀ ਜਲ ਸਪਲਾਈ ਵਿਭਾਗ ਦਾ ਕੰਮ ਦੇਖਦੇ ਹਨ। ਵਿੱਤ ਕਮਿਸ਼ਨਰ (ਕਰ ਤੇ ਆਬਕਾਰੀ) ਡੀ.ਪੀ. ਰੈਡੀ ਪ੍ਰਮੁੱਖ ਸਕੱਤਰ (ਵਿੱਤ) ਵੀ ਹਨ। ਸਕੱਤਰ (ਬਿਜਲੀ) ਅਨਿਰੁਧ ਤਿਵਾੜੀ ਨੂੰ ਸਾਇੰਸ ਤਕਨਾਲੋਜੀ ਤੇ ਵਾਤਾਵਰਨ ਵਿਭਾਗ ਦਾ ਕੰਮ ਦਿੱਤਾ ਗਿਆ ਹੈ। ਪ੍ਰਮੁੱਖ ਸਕੱਤਰ (ਸ਼ਹਿਰੀ ਵਿਕਾਸ) ਏ. ਵੇਣੂ ਪ੍ਰਸ਼ਾਦ ਨੂੰ ਸਕੱਤਰ ਸ਼ਹਿਰੀ ਹਵਾਬਾਜ਼ੀ ਵਿਭਾਗ, ਪ੍ਰਮੁੱਖ ਸਕੱਤਰ (ਸਿਹਤ ਤੇ ਪਰਿਵਾਰ) ਭਲਾਈ ਵਿੰਨੀ ਮਹਾਜਨ ਨੂੰ ਪ੍ਰਮੁੱਖ ਸਕੱਤਰ ਮੈਡੀਕਲ ਸਿੱਖਿਆ ਦਾ ਕੰਮ, ਸਕੱਤਰ (ਪ੍ਰਸੋਨਲ) ਸਰਵਜੀਤ ਸਿੰਘ ਨੂੰ ਵੀ ਕਈ ਵਾਧੂ ਵਿਭਾਗਾਂ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਤਾਇਨਾਤ ਸਕੱਤਰ ਪੱਧਰ ਤੇ ਦੋ ਅਫਸਰਾਂ ਪੀ.ਐਸ. ਔਜਲਾ ਨੂੰ ਸਕੱਤਰ ਲੋਕ ਨਿਰਮਾਣ ਵਿਭਾਗ ਤੇ ਮਨਵੇਸ਼ ਸਿੱਧੂ ਨੂੰ ਪੂਡਾ ਦਾ ਮੁੱਖ ਪ੍ਰਸ਼ਾਸਕ ਲਾਇਆ ਹੋਇਆ ਹੈ।

ਹੁਸਨ ਲਾਲ ਸਕੱਤਰ ਸਮਾਜਕ ਸੁਰੱਖਿਆ ਹੋਣ ਦੇ ਨਾਲ ਪੰਜਾਬ ਸਿਹਤ ਨਿਗਮ ਦੇ ਐਮ.ਡੀ.ਵੀ ਹਨ, ਮੁੱਖ ਮੰਤਰੀ ਦੇ ਦੋ ਵਿਸ਼ੇਸ਼ ਪ੍ਰਮੁੱਖ ਸਕੱਤਰ ਕੇ.ਜੇ.ਐਸ ਚੀਮਾ ਤੇ ਗੁਰਕੀਰਤ ਕਿਰਪਾਲ ਵੀ ਇਸੇ ਸੂਚੀ ਵਿਚ ਸ਼ਾਮਲ ਹਨ। ਪੰਜਾਬ ਸਰਕਾਰ ਨੇ 4 ਅਫਸਰਾਂ ਨੂੰ ਤਾਂ ਇਕ ਤਰ੍ਹਾਂ ਨਾਲ ਕੋਈ ਕੰਮ ਹੀ ਨਹੀਂ ਦਿੱਤਾ। ਸੀਨੀਅਰ ਆਈ.ਏ.ਐਸ ਹਿੰਮਤ ਸਿੰਘ ਮਹਿਲਾ ਕਮਿਸ਼ਨ ਦੇ ਸਕੱਤਰ, ਸੀ.ਐਸ ਸ੍ਰੀਵਾਸਤਵਾ ਨੂੰ ਪ੍ਰਮੁੱਖ ਸਕੱਤਰ ਲੋਕ ਪਾਲ, ਸੁਜਾਤਾ ਦਾਸ ਨੂੰ ਟ੍ਰਿਬਿਊਨਲ ਦੀ ਮੁਖੀ ਤੇ ਬੀ. ਸਰਕਾਰ ਕੋਲ ਵੀ ਕੋਈ ਖਾਸ ਕੰਮ ਨਹੀਂ ਹੈ। ਕਿਰਪਾ ਸ਼ੰਕਰ ਸਿਰੋਜ ਕਈ ਸਾਲਾਂ ਤੋਂ ਮੈਗਸੀਪਾ ਵਿਚ ਤਾਇਨਾਤ ਹਨ। ਜਿਨ੍ਹਾਂ ਅਫਸਰਾਂ ਕੋਲ ਬਹੁਤ ਘੱਟ ਕੰਮ ਮੰਨਿਆ ਜਾਂਦਾ ਹੈ ਉਨ੍ਹਾਂ ਵਿਚ ਆਈ.ਏ.ਐਸ ਅਫਸਰ ਐਸੋਸੀਏਸ਼ਨ ਦੇ ਪ੍ਰਧਾਨ ਸਰਵੇਸ਼ ਕੌਸ਼ਲ ਨੂੰ ਪ੍ਰਮੁੱਖ ਸਕੱਤਰ ਸੁਤੰਤਰਤਾ ਸੰਗਰਾਮੀਏ, ਵਿਸ਼ਵਾਜੀਤ ਖੰਨਾ ਨੂੰ ਸਾਬਕਾ ਸੈਨਿਕਾਂ ਦੀ ਭਲਾਈ ਵਿਭਾਗ, ਟੀ.ਆਰ. ਸਾਰੰਗਲ ਨੂੰ ਚੋਣਾਂ, ਆਰ.ਸੀ ਨਈਅਰ ਨੂੰ ਪੈਨਸ਼ਨ ਤੇ ਸ਼ਿਕਾਇਤ ਨਿਵਾਰਨ, ਰੌਸ਼ਨ ਸੰਕਾਰੀਆ ਨੂੰ ਸੰਸਦੀ ਮਾਮਲੇ ਵਿਭਾਗ ਦਿੱਤਾ ਹੋਇਆ ਹੈ। ਵਿਜੇ ਕੁਮਾਰ ਜੰਜੂਆ ਤੇ ਡਾ. ਅਰਵਿੰਦਰ ਸਿੰਘ ਵੀ ਇਸ ਤਰ੍ਹਾਂ ਦੇ ਵਿਭਾਗਾਂ ਵਿਚ ਹੀ ਲੱਗੇ ਹੋਏ ਹਨ। ਖੁੱਡੇ ਲਾਈਨ ਲੱਗੇ ਅਫਸਰਾਂ ਵਿਚੋਂ ਬਹੁਤ ਘੱਟ ਹੀ ਆਪਣੇ ਦਫ਼ਤਰਾਂ ਵਿਚ ਦੇਖੇ ਜਾਂਦੇ ਹਨ। ਜਿਹੜੇ ਅਫਸਰ ਆਉਂਦੇ ਵੀ ਹਨ ਉਹ ਸਕੱਤਰੇਤ ਦੀ ਮੁਫ਼ਤ ਦੀ ਚਾਹ ਤੇ ਸਮੋਸਿਆਂ ਦਾ ਆਨੰਦ ਜ਼ਿਆਦਾ ਲੈਂਦੇ ਹਨ।

# ਜਲੰਧਰੀਆਂ ਨੇ ਥਾਣੇਦਾਰ ਦੀ ਭੁਗਤ ਸਵਾਰੀ

**ਜਲੰਧਰ:** ਜਲੰਧਰ ਦੇ ਭਾਰਗੋ ਕੈਂਪ ਵਾਸੀਆਂ ਨੇ ਲੰਘੇ ਦਿਨੀਂ ਇਕ ਥਾਣੇਦਾਰ ਦੀ ਚੰਗੀ ਤਰ੍ਹਾਂ ਛਿੱਤਰ ਪਰੇਡ ਕੀਤੀ ਤੇ ਉਸ ਦੀ ਵਰਦੀ ਵੀ ਲੀਰੋ-ਲੀਰ ਕਰ ਦਿੱਤੀ। ਦਿਲਚਸਪ ਗੱਲ ਇਹ ਰਹੀ ਕਿ ਤਿੰਨ ਦਿਨ ਪਹਿਲਾਂ ਬਹਾਲ ਹੋਏ ਐਸ ਐਚ ਓ ਧਰਮਵੀਰ ਨੂੰ ਮੁੜ ਮੁਅੱਤਲ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਵੀ ਧਰਮਵੀਰ ਜਦੋਂ ਥਾਣਾ ਡਿਵੀਜ਼ਨ ਨੰਬਰ ਤਿੰਨ ਵਿਚ ਐਸ ਐਚ ਓ ਸੀ ਤਾਂ ਉਸ ਦੀ ਪਤਨੀ ਨੇ ਉਸ ਨੂੰ ਭਾਰਗੋ ਕੈਂਪ ਇਲਾਕੇ ਵਿਚ ਪ੍ਰੇਮਿਕਾ ਨਾਲ ਫੜ ਕੇ ਉਸ ਦੀ ਚੰਗੀ ਛਿੱਤਰ ਪਰੇਡ ਕੀਤੀ ਸੀ।

ਲੰਘੇ ਦਸੰਬਰ ਦੇ ਆਖਰੀ ਹਫਤੇ ਧਰਮਵੀਰ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਉਹ ਭਾਰਗੋ ਕੈਂਪ ਇਲਾਕੇ ਵਿਚ ਰਹਿੰਦੀ ਇਕ ਲੜਕੀ ਨੂੰ ਆਪਣੀ ਪਤਨੀ ਦੱਸਦਾ ਸੀ ਤੇ ਉਸ ਦੀ ਅਸਲ ਪਤਨੀ ਨੇ ਉਥੇ ਹੀ ਉਸ ਦੀ ਕੁੱਟਮਾਰ ਕੀਤੀ ਸੀ। ਐਸ ਐਚ ਓ ਦੀ ਪਤਨੀ ਤੇ ਉਸ ਦੀ ਭੈਣ ਵਿਰੁੱਧ ਇਸ ਲੜਕੀ ਨੇ ਕੇਸ ਦਰਜ ਕਰਵਾ ਦਿੱਤਾ ਸੀ। ਧਰਮਵੀਰ ਉਦੋਂ ਕੁੱਟਮਾਰ ਪਿਛੋਂ ਦੌੜ ਗਿਆ ਸੀ।

ਉਸ ਦੀ 'ਦੂਜੀ ਪਤਨੀ' ਰੀਮਾ ਨੇ ਪੁਲਿਸ ਨੂੰ ਦੱਸਿਆ ਸੀ ਕਿ ਧਰਮਵੀਰ ਨੇ ਉਨ੍ਹਾਂ ਦੇ ਘਰ 2011 ਵਿਚ ਉਦੋਂ ਆਉਣਾ-ਜਾਣਾ ਸ਼ੁਰੂ ਕੀਤਾ ਜਦੋਂ ਉਸ ਦੇ ਭਰਾ ਨੂੰ ਪੁਲਿਸ ਨੇ ਕਿਸੇ ਚੋਰੀ ਦੇ ਕੇਸ ਵਿਚ ਫਸਾ ਦਿੱਤਾ। ਧਰਮਵੀਰ ਨੇ ਬਾਅਦ ਵਿਚ ਰੀਮਾ ਨਾਲ 19 ਨਵੰਬਰ, 2011 ਨੂੰ ਮੰਗਲ ਸੂਤਰ ਪਾ ਕੇ ਆਪਣੀ ਪਤਨੀ ਬਣਾ ਲਿਆ।

ਧਰਮਵੀਰ ਨੇ ਦੱਸਿਆ ਕਿ ਉਹ ਅਜੇ ਤੱਕ ਕੁਆਰਾ ਹੈ। ਧਰਮਵੀਰ ਦੀ ਪਤਨੀ ਨੂੰ ਉਦੋਂ ਸ਼ੱਕ ਪੈ ਗਿਆ ਸੀ ਜਦੋਂ ਉਹ ਕਈ-ਕਈ ਰਾਤਾਂ ਘਰੋਂ ਬਾਹਰ ਰਹਿਣ ਲੱਗ ਪਿਆ।

# ਅਕਾਲੀ ਸਰਕਾਰ ਦੇ ਕੰਨ ਖੜ੍ਹੇ ਕਰ ਗਈ ਰਾਹੁਲ ਦੀ ਪੰਜਾਬ ਫੇਰੀ




**ਖੰਨਾ:** ਕਾਂਗਰਸ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਅਚਨਚੇਤ ਪੰਜਾਬ ਫੇਰੀ ਤੇ ਫਿਰ ਬਲਾਕ ਪ੍ਰਧਾਨਾਂ ਤੋਂ ਲੈ ਕੇ ਆਮ ਪਾਰਟੀ ਵਰਕਰਾਂ ਨਾਲ ਗੁਪਤ ਮੀਟਿੰਗਾਂ ਇਸ ਗੱਲ ਦਾ ਸਬੂਤ ਹਨ ਕਿ 'ਕਾਂਗਰਸੀ ਯੁਵਰਾਜ' ਪੰਜਾਬ ਵਿਚ ਪਾਰਟੀ ਦੀ ਪਤਲੀ ਹਾਲਤ 'ਤੇ ਚੋਖੇ ਫ਼ਿਕਰਮੰਦ ਹਨ। ਰਾਹੁਲ ਗਾਂਧੀ ਨੇ ਇਸ ਫੇਰੀ ਦੌਰਾਨ ਪੰਜਾਬ ਦੇ ਕਾਂਗਰਸੀ ਵਰਕਰ ਤੇ ਆਗੂਆਂ ਨੂੰ ਅਕਾਲੀ ਸਰਕਾਰ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਦਾ ਦਲੇਰੀ ਨਾਲ ਸਾਹਮਣਾ ਕਰਨ ਦਾ ਵੀ ਸੱਦਾ ਦਿੱਤਾ। ਮਾਲਵਾ ਜ਼ੋਨ ਨੰਬਰ 1 ਦੇ 4 ਪਾਰਲੀਮਾਨੀ ਹਲਕਿਆਂ ਅਨੰਦਪੁਰ ਸਾਹਿਬ, ਫਤਿਹਗੜ੍ਹ ਸਾਹਿਬ, ਲੁਧਿਆਣਾ ਤੇ ਪਟਿਆਲਾ ਵਿਚ ਪੈਂਦੇ ਸਾਰੇ ਸੰਸਦ ਮੈਂਬਰਾਂ, 36 ਵਿਧਾਨ ਸਭਾ ਹਲਕਿਆਂ ਦੇ 2012 ਵਿਚ ਜਿੱਤੇ ਹਾਰੇ ਕਾਂਗਰਸੀ ਉਮੀਦਵਾਰਾਂ, ਜ਼ਿਲ੍ਹਾ ਪ੍ਰਧਾਨਾਂ ਤੇ ਬਲਾਕ ਪ੍ਰਧਾਨਾਂ ਦੀ ਇਕ ਗੁਪਤ ਮੀਟਿੰਗ ਵਿਚ ਰਾਹੁਲ ਗਾਂਧੀ ਨੇ ਖੁੱਲ੍ਹ ਕੇ ਸੂਬੇ ਵਿਚ ਪਾਰਟੀ ਦੀ ਹਾਲਾਤ 'ਤੇ ਚਰਚਾ ਕੀਤੀ। ਇਸ ਮੀਟਿੰਗ ਵਿਚ ਪੱਤਰਕਾਰਾਂ ਨੂੰ ਜਾਣ ਦੀ ਮਨਾਹੀ ਸੀ। ਇਸ ਬਾਰੇ ਕਾਂਗਰਸੀ ਆਗੂਆਂ ਤੇ ਵਰਕਰਾਂ ਨੂੰ ਖਾਸ ਹਦਾਇਤ ਸੀ ਕਿ ਇਸ ਬਾਰੇ ਕਿਸੇ ਨੂੰ ਨਾ ਦੱਸਿਆ ਜਾਵੇ। ਮੀਟਿੰਗ ਵਿਚ ਰਾਹੁਲ ਗਾਂਧੀ ਤੇ ਪ੍ਰਤਾਪ ਸਿੰਘ ਬਾਜਵਾ ਦੇ ਆਉਣ ਬਾਰੇ ਕਾਂਗਰਸ ਦੇ ਬਹੁਤੇ ਨੇਤਾਵਾਂ ਨੂੰ ਵੀ ਪਤਾ ਨਹੀਂ ਸੀ। ਬਾਅਦ ਵਿਚ ਰਾਹੁਲ ਗਾਂਧੀ ਪੱਤਰਕਾਰਾਂ ਨਾਲ ਬਿਨਾਂ ਕੋਈ ਗੱਲ ਕੀਤੇ ਕਾਹਲੀ-ਕਾਹਲੀ ਵਿਚ ਚਲੇ ਗਏ। ਬਾਅਦ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਦੀ ਅਕਾਲੀ ਸਰਕਾਰ ਨੇ 2012 ਦੀਆਂ ਚੋਣਾਂ ਵਿਚ 47 ਵਾਅਦੇ ਕੀਤੇ ਸਨ ਪਰ ਹੁਣ ਤੱਕ ਇਨ੍ਹਾਂ ਵਾਅਦਿਆਂ ਵਿਚ ਇਕ ਵੀ ਪੂਰਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 2007 ਵਿਚ ਕਿਹਾ ਸੀ ਕਿ 2010 ਤੱਕ ਪੰਜਾਬ ਵਾਧੂ ਬਿਜਲੀ ਵਾਲਾ ਸੂਬਾ ਬਣ ਜਾਵੇਗਾ ਪਰ 2013 ਵਿਚ ਵੀ ਬਿਜਲੀ ਦਾ ਬੁਰਾ ਹਾਲ ਹੈ। ਸਾਡੇ ਰਾਜ ਵੇਲੇ ਕਿਸਾਨਾਂ ਨੂੰ ਰੋਜ਼ਾਨਾ 8 ਤੋਂ 10 ਘੰਟੇ ਬਿਜਲੀ ਮਿਲਦੀ ਸੀ ਜਦੋਂ ਕਿ ਹੁਣ ਇਕ ਦਿਨ ਛੱਡ ਕੇ 4 ਘੰਟੇ ਹੀ ਮਿਲ ਰਹੀ ਹੈ। ਗੌਰਤਲਬ ਹੈ ਕਿ ਪੰਜਾਬ ਕਾਂਗਰਸ ਨੇ 'ਸੰਗਠਨ ਨਿਰਮਾਣ ਸਮਾਗਮ' ਦੇ ਨਾਂਅ ਤਹਿਤ ਪੰਜਾਬ ਨੂੰ 4 ਹਿੱਸਿਆਂ ਵਿਚ ਵੰਡ ਕੇ 4 ਅਜਿਹੀਆਂ ਮੀਟਿੰਗਾਂ ਕਰਨੀਆਂ ਸਨ।

# ਦਹਿਸ਼ਤ ਦੀ ਦਹਿਲੀਜ਼




***ਬੋਸਟਨ ਵਿਚ ਹੋਏ ਧਮਾਕਿਆਂ ਨੇ ਅਮਰੀਕੀ ਅਵਾਮ ਅਤੇ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਕੇਸ ਦੀਆਂ ਕੜੀਆਂ ਜਿਸ ਤਰ੍ਹਾਂ ਦਹਿਸ਼ਤ ਨਾਲ ਜੁੜੀਆਂ ਹਨ, ਉਸ ਨੇ ਬਹੁਤ ਸਾਰੇ ਸਵਾਲ ਖੜ੍ਹੇ ਕੀਤੇ ਹਨ। ਅਜਿਹੇ ਸਵਾਲ 9/11 ਦੇ ਹਮਲਿਆਂ ਵੇਲੇ ਵੀ ਸਾਹਮਣੇ ਆਏ ਸਨ। ਹੁਣ ਵਾਲੇ ਹਮਲੇ ਨਾਲ ਜੁੜੇ ਦੋਹਾਂ ਨੌਜਵਾਨਾਂ ਦੇ ਕਿਸੇ ਦਹਿਸ਼ਤਪਸੰਦ ਜਮਾਤ ਨਾਲ ਸਬੰਧ ਸਾਹਮਣੇ ਨਹੀਂ ਆਏ। ਉਹ ਸਿਰਫ ਲੋਕਾਂ ਉਤੇ ਹੋਈਆਂ ਵਧੀਕੀਆਂ ਦੇਖ ਕੇ ਹੌਲੀ ਹੌਲੀ ਜਹਾਦ ਨਾਲ ਜੁੜ ਗਏ। ਇਸ ਵਿਸ਼ੇਸ਼ ਰਿਪੋਰਟ ਵਿਚ ਦਹਿਸ਼ਤ ਦੀਆਂ ਇਨ੍ਹਾਂ ਜੜ੍ਹਾਂ ਬਾਰੇ ਸਮਝ ਬਣਾਉਣ ਦੀ ਕੋਸ਼ਸ਼ ਕੀਤੀ ਗਈ ਹੈ।***

## ਬੋਸਟਨ ਧਮਾਕੇ, ਵਾਇਆ ਚੇਚਨੀਆ

ਬੋਸਟਨ ਧਮਾਕਿਆਂ ਨਾਲ ਸਬੰਧਤ ਭਰਾਵਾਂ ਤਾਮਰਲੈਨ ਤਸਰਨਾਇਵ ਅਤੇ ਦਜ਼ੋਖਾਰ ਤਸਰਨਾਇਵ ਬਾਰੇ ਮੁਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਉਨ੍ਹਾਂ ਦਾ ਸਬੰਧ ਕਿਸੇ ਦਹਿਸ਼ਤਪਸੰਦ ਜਥੇਬੰਦੀ ਨਾਲ ਨਹੀਂ ਹੈ। ਦੂਜੇ ਉਹ ਕਦੀ ਚੇਚਨੀਆ ਨਹੀਂ ਗਏ ਜਿਸ ਨੂੰ ਜਹਾਦੀਆਂ ਦਾ ਗੜ੍ਹ ਮੰਨਿਆ ਜਾ ਰਿਹਾ ਹੈ। ਕੁਝ ਸਿਆਸੀ ਵਿਸ਼ਲੇਸ਼ਣਕਾਰਾਂ ਦਾ ਕਹਿਣਾ ਹੈ ਕਿ ਚੇਚਨੀਆ ਵਿਚ ਪਿਛਲੇ ਸਮਿਆਂ ਦੌਰਾਨ ਉਜਾੜਾ ਹੀ ਇੰਨਾ ਹੋਇਆ ਹੈ ਕਿ ਹਰ 5ਵਾਂ ਚੇਚਨ ਪਰਦੇਸੀ ਹੋਇਆ ਪਿਆ ਹੈ। ਉਥੇ ਹੋ ਰਹੀਆਂ ਜ਼ਿਆਦਤੀਆਂ ਦੇ ਇੰਨੇ ਕਿੱਸੇ ਹਨ ਕਿ ਦੇਖਣ ਵਾਲੇ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਤਸਰਨਾਇਵ ਭਰਾ ਜਿਹੜੇ ਮਜ਼ਹਬ ਵਿਚ ਬੜਾ ਯਕੀਨ ਰੱਖਦੇ ਸਨ, ਇਨ੍ਹਾਂ ਜ਼ਿਆਦਤੀਆਂ ਬਾਰੇ ਜਾਣ ਕੇ ਆਪੇ ਵਿਚ ਨਾ ਰਹਿ ਸਕੇ ਅਤੇ ਉਹ ਹੌਲੀ ਹੌਲੀ ਜਹਾਦੀਆਂ ਖਿਲਾਫ ਮਹਿੰਮ ਚਲਾ ਰਹੇ ਅਮਰੀਕਾ ਨੂੰ ਨਫਰਤ ਕਰਨ ਲੱਗ ਪਏ।

ਇਤਿਹਾਸ ਗਵਾਹ ਹੈ ਕਿ ਚੇਚਨੀਆਂ ਦੀ ਸੁਰ ਮੁੱਢ ਤੋਂ ਹੀ ਵਿਦਰੋਹੀ ਰਹੀ ਹੈ। ਸਦੀਆਂ ਤੋਂ ਉਥੋਂ ਦੇ ਲੋਕ ਵਕਤ ਨਾਲ ਆਢਾ ਲਾਉਂਦੇ ਰਹੇ ਹਨ। ਬਹੁਤ ਸਮਾਂ ਪਹਿਲਾਂ ਚੇਚਨ-ਇੰਗਸ਼ ਖੁਦਮੁਖਤਾਰ ਸੋਵੀਅਤ ਸੋਸ਼ਲਿਸਟ ਰਿਪਬਲਿਕ ਸੀ। ਪਹਿਲਾਂ-ਪਹਿਲ ਇੰਗਸ਼ੇਤੀਆ 1810 ਵਿਚ ਜੰਗ ਤੋਂ ਬਾਅਦ ਰੂਸੀ ਸਾਮਰਾਜ ਦਾ ਹਿੱਸਾ ਬਣਿਆ। 1817-1864 ਵਾਲੀ ਜੰਗ ਦੌਰਾਨ 1859 ਵਿਚ ਚੇਚਨੀਆ ਵੀ ਨਾਲ ਰਲ ਗਿਆ। 1917 ਦੇ ਰੂਸੀ ਇਨਕਲਾਬ ਤੋਂ ਬਾਅਦ ਚੇਚਨੀਆਂ ਤੇ ਇੰਗਸ਼ੇਤੀਆ, ਰੂਸ ਨਾਲ ਰਲ ਗਏ। 1936 ਵਿਚ ਦੋਹਾਂ ਨੂੰ ਰਲਾ ਕੇ ਚੇਚਨ-ਇੰਗਸ਼ ਖੁਦਮੁਖਤਾਰ ਸੋਵੀਅਤ ਸੋਸ਼ਲਿਸਟ ਰਿਪਬਲਿਕ ਹੋਂਦ ਵਿਚ ਆਇਆ। ਦੂਜੇ ਸੰਸਾਰ ਯੁੱਧ ਦੌਰਾਨ ਜਰਮਨੀ ਨੇ ਇਸ ਉਤੇ ਕਬਜ਼ਾ ਕਰ ਲਿਆ, ਪਰ 40 ਹਜ਼ਾਰ ਚੇਚਨ ਰੂਸ ਲਈ ਲੜੇ। ਇਸ ਦੌਰਾਨ ਲੋਕਾਂ ਉਤੇ ਹਮਲਾਵਰ ਨਾਲ ਰਲਣ ਅਤੇ ਵੱਖਵਾਦ ਦੇ ਦੋਸ਼ ਲਾ ਕੇ ਰਿਪਬਲਿਕ ਤੋੜ ਦਿੱਤਾ ਗਿਆ। ਮਗਰੋਂ ਰੂਸੀ ਰਾਸ਼ਟਰਪਤੀ ਨਿਕਿਤਾ ਖਰੁਸ਼ਚੇਵ ਨੇ 9 ਜਨਵਰੀ 1957 ਨੂੰ ਰਿਪਬਲਿਕ ਬਹਾਲ ਕੀਤਾ। ਨਵੰਬਰ 1990 ਵਿਚ ਰਿਪਬਲਿਕ ਨੇ ਆਪਣੀ ਆਜ਼ਾਦੀ ਦਾ ਐਲਾਨ ਕਰ ਦਿੱਤਾ। ਮਈ 1991 ਵਿਚ ਚੇਚਨ-ਇੰਗਸ਼ ਰਿਪਬਲਿਕ ਦਾ ਐਲਾਨ ਹੋ ਗਿਆ। ਮਗਰੋਂ ਚੇਚਨ ਅਤੇ ਇੰਗਸ਼ ਵੱਖਰੇ ਰਿਪਬਲਿਕ ਬਣ ਗਏ। ਅੱਜਕੱਲ੍ਹ ਦੋਵੇਂ ਰੂਸ ਦਾ ਹਿੱਸਾ ਹਨ। ਇਸੇ ਦੌਰਾਨ ਅਮਰੀਕੀ ਏਜੰਸੀਆਂ ਦੇ ਕੰਮ ਢੰਗ ਬਾਰੇ ਵੀ ਲਗਾਤਾਰ ਸਵਾਲ ਉਠ ਰਹੇ ਹਨ। ਬਹੁਤ ਸਾਰੇ ਅਮਰੀਕੀ ਕਾਨੂੰਨਸਾਜ਼ਾਂ ਨੇ ਬੋਸਟਨ ਧਮਾਕਿਆਂ ਦੇ ਇਕ ਮਸ਼ਕੂਕ ਬਾਰੇ ਰੂਸ ਤੋਂ ਮਿਲੀ ਜਾਣਕਾਰੀ ਨਾਲ ਨਜਿੱਠਣ ਦੇ ਐਫ.ਬੀ.ਆਈ. ਦੇ ਤੌਰ-ਤਰੀਕਿਆਂ 'ਤੇ ਕਿੰਤੂ ਕੀਤਾ ਹੈ ਅਤੇ ਪੁੱਛ-ਪੜਤਾਲ ਤੋਂ ਬਾਅਦ ਉਸ ਨੂੰ ਰਿਹਾਅ ਕਰ ਦੇਣ ਬਾਰੇ ਸਵਾਲ ਉਠਾਏ ਹਨ। ਕਾਂਗਰਸਮੈਨ ਪੀਟਰ ਕਿੰਗਜ਼ ਨੇ ਕਿਹਾ ਕਿ ਜਿਥੋਂ ਤੱਕ ਅਗਾਊਂ ਜਾਣਕਾਰੀ ਹਾਸਲ ਹੋਣ ਅਤੇ ਢੁੱਕਵੀਂ ਕਾਰਵਾਈ ਨਾ ਕਰਨ ਦਾ ਸਬੰਧ ਹੈ, ਐਫ.ਬੀ.ਆਈ. ਕਿਸੇ ਅਜਿਹੇ ਸ਼ਖਸ ਨੂੰ ਰੋਕਣ ਵਿਚ ਨਾਕਾਮ ਰਹੀ ਹੈ ਜੋ ਅੰਤ ਨੂੰ ਇਕ ਦਹਿਸ਼ਤਪਸੰਦ ਹਤਿਆਰੇ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਐਫ.ਬੀ.ਆਈ. ਨੂੰ ਜਦੋਂ ਬੋਸਟਨ ਧਮਾਕਿਆਂ ਦੇ ਮਸ਼ਕੂਕ ਤਾਮਰਲੈਨ ਤਸਰਨਾਇਵ (26) ਬਾਰੇ ਸੂਹ ਮਿਲੀ ਸੀ ਤਾਂ ਉਸ ਉਤੇ ਕਾਰਵਾਈ ਕਿਉਂ ਨਾ ਕੀਤੀ ਗਈ? ਤਾਮਰਲੈਨ ਪੁਲੀਸ ਵੱਲੋਂ ਛਾਪਾ ਮਾਰਨ ਮੌਕੇ ਮਾਰਿਆ ਗਿਆ ਸੀ। ਉਸ ਦੇ ਭਰਾ ਅਤੇ ਦਜ਼ੋਖਾਰ ਤਸਰਨਾਇਵ ਨੂੰ ਕਾਫੀ ਭੱਜ-ਨੱਠ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਹੈ। ਬੋਸਟਨ ਵਿਚ ਇਕ ਮਸਜਿਦ ਦੇ ਇਮਾਮ ਮੁਤਾਬਕ ਇਕ ਸਭਾ ਦੌਰਾਨ ਇਕ ਬੁਲਾਰੇ ਵੱਲੋਂ ਪੈਗੰਬਰ ਮੁਹੰਮਦ ਦੀ ਮਾਰਟਿਨ ਲੂਥਰ ਕਿੰਗ ਨਾਲ ਤੁਲਨਾ ਕਰਨ 'ਤੇ ਤਾਮਰਮੈਨ ਉਸ ਦੇ ਗਲ ਪੈ ਗਿਆ ਸੀ, ਪਰ ਲੋਕਾਂ ਨੇ ਉਸ ਨੂੰ ਉਥੋਂ ਖਦੇੜ ਦਿੱਤਾ ਸੀ। ਪਤਾ ਇਹ ਵੀ ਲੱਗਾ ਹੈ ਕਿ ਦਜ਼ੋਖਾਰ ਤਸਰਨਾਇਵ ਨੇ ਆਪਣੀ ਬੀ.ਐਮ. ਕਾਰ 'ਤੇ 'ਟੈਰਰਿਸਟਾ ਨੰਬਰ ਇਕ' ਲਿਖਾਇਆ ਹੋਇਆ ਸੀ।



## ਦੋ ਦਹਾਕੇ ਦੀ ਦੌੜ

1991: ਸੋਵੀਅਤ ਰੂਸ ਢਹਿ-ਢੇਰੀ। ਦਜ਼ੋਖਾਰ ਦਦਾਯੇਵ ਰਾਸ਼ਰਪਤੀ ਬਣੇ। ਆਜ਼ਾਦੀ ਦਾ ਐਲਾਨ।
1994: ਰੂਸੀ ਫੌਜਾਂ ਨੇ ਆਜ਼ਾਦੀ ਦੀ ਲਹਿਰ ਕੁਚਲੀ। 20 ਮਹੀਨਿਆਂ ਦੀ ਜੰਗ ਵਿਚ ਇਕ ਲੱਖ ਲੋਕ ਮਰੇ।
1996: ਖਾਸਵਯੁਰਤ ਸਮਝੌਤਾ ਹੋਇਆ। ਜੰਗਬੰਦੀ ਦਾ ਐਲਾਨ ਪਰ ਆਜ਼ਾਦੀ ਨਹੀਂ।
1997: ਅਸਲਾਨ ਮਸਖ਼ਾਦੋਵ ਰਾਸ਼ਟਰਪਤੀ ਬਣੇ। ਰੂਸੀ ਫੌਜਾਂ ਦੀ ਵਾਪਸੀ।
1999: ਰੂਸ ਵੱਲੋਂ ਚੇਚਨੀਆ 'ਤੇ ਬੰਬ ਧਮਾਕਿਆਂ ਦੇ ਦੋਸ਼। ਰੂਸੀ ਫੌਜਾਂ ਫਿਰ ਚੇਚਨੀਆ ਭੇਜੀਆਂ।
2000: ਮੌਲਵੀ ਅਖ਼ਮਦ ਕਾਦੀਰੋਵ ਨੂੰ ਮੁੱਖ ਪ੍ਰਸ਼ਾਸਕ ਲਾਇਆ।
2003: ਨਵੇਂ ਸੰਵਿਧਾਨ ਵਿਚ ਚੇਚਨੀਆਂ ਹੋਰ ਖੁਦਮੁਖਤਾਰੀ ਦਿੱਤੀ। ਅਖ਼ਮਦ ਕਾਦੀਰੋਵ ਰਾਸ਼ਟਰਪਤੀ ਬਣੇ।
2004: ਰਾਸ਼ਟਰਪਤੀ ਕਾਦੀਰੋਵ ਬੰਬ ਧਮਾਕੇ ਵਿਚ ਹਲਾਕ। ਰੂਸ ਪੱਖੀ ਅਲੂ ਅਲਖ਼ਾਨੋਵ ਰਸ਼ਟਰਪਤੀ ਬਣੇ।
ਮਾਰਚ 2005: ਵੱਖਵਾਦੀ ਆਗੂ ਅਸਲਾਨ ਮਖਖਾਦੋਵ ਰੂਸੀ ਫੌਜਾਂ ਹੱਥੋਂ ਹਲਾਕ। ਉਸ ਦੀ ਥਾਂ ਅਬਦੁਲ ਖਲੀਮ ਸਈਦ ਉਲਾਯੇਵ ਨੇ ਕਮਾਲ ਸੰਭਾਲੀ।
ਮਾਰਚ 2006: ਕਤਲ ਹੋਏ ਰਾਸ਼ਟਰਪਤੀ ਅਖ਼ਮਦ ਕਾਦੀਰੋਵ ਦਾ ਪੁੱਤਰ ਰਮਜਾਨ ਕਾਦੀਰੋਵ ਪ੍ਰਧਾਨ ਮੰਤਰੀ ਬਣਿਆ।
ਜੂਨ 2006: ਫੌਜ ਹੱਥੋਂ ਅਬਦੁਲ ਖਲੀਮ ਸਈਦ ਉਲਾਯੇਵ ਹਲਾਕ। ਉਸ ਦੀ ਥਾਂ ਦੋਕਾ ਉਮਰੋਵ ਨੇ ਕਮਾਨ ਸੰਭਾਲੀ।
ਜੁਲਾਈ 2006: ਇੰਗਸ਼ੇਤੀਆ ਵਿਚ ਇਕ ਧਮਾਕੇ ਦੌਰਾਨ ਜਹਾਦੀ ਆਗੂ ਸ਼ਮੀਲ ਬਸਾਯੇਵ ਹਲਾਕ।
ਮਾਰਚ 2007: ਰਮਜਾਨ ਕਾਦੀਰੋਵ ਰਾਸ਼ਟਰਪਤੀ ਬਣਿਆ।



## ਭਾਰਤੀ ਡਾਕਟਰ ਬਣਿਆ ਹੀਰੋ

**ਬੋਸਟਨ:** ਭਾਰਤੀ ਮੂਲ ਦੇ ਡਾਕਟਰ ਨੇ ਬੋਸਟਸ ਮੈਰਾਥਨ ਦੌਰਾਨ ਹੋਏ ਦੋ ਧਮਾਕਿਆਂ ਵਿਚ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਜ਼ਖ਼ਮੀਆਂ ਨੂੰ ਸੰਭਾਲਿਆ ਜਿਸ ਕਾਰਨ ਉਹ ਅਮਰੀਕੀਆਂ ਦੀ ਨਜ਼ਰ ਵਿਚ ਹੀਰੋ ਬਣ ਗਿਆ। ਮੈਰਾਥਨ ਦੌਰਾਨ ਹੋਏ ਧਮਾਕਿਆਂ ਵਿਚ ਤਿੰਨ ਵਿਅਕਤੀ ਮਾਰੇ ਗਏ ਸਨ ਤੇ 180 ਫੱਟੜ ਹੋਏ ਸਨ।

ਹੱਡੀਆਂ ਦਾ ਇਹ ਡਾਕਟਰ ਵਿਵੇਕ ਸ਼ਾਹ ਵੀ ਦੌੜ ਵਿਚ ਹਿੱਸਾ ਲੈ ਰਿਹਾ ਸੀ। ਉਹ ਵੀ ਜੇਤੂ ਲਾਈਨ ਤੱਕ ਪੁੱਜ ਰਿਹਾ ਸੀ, ਜਦੋਂ ਧਮਾਕੇ ਹੋਏ। ਉਹ ਬੋਸਟਨ ਵਿਖੇ ਨਿਊ ਇੰਗਲੈਂਡ ਬੈਪਿਸਟ ਹਸਪਤਾਲ ਵਿਚ ਨਿਯੁਕਤ ਹੈ। ਜਦੋਂ ਉਹ ਦੌੜ ਰਿਹਾ ਸੀ ਤਾਂ ਉਸ ਨੂੰ ਧਮਾਕਾ ਸੁਣਿਆ ਪਰ ਉਸ ਨੇ ਧਮਾਕੇ ਵੱਲ ਧਿਆਨ ਨਾ ਦੇ ਕੇ ਜੇਤੂ ਲਾਈਨ ਵੱਲ ਦੌੜਨਾ ਜਾਰੀ ਰੱਖਿਆ। ਉਹ ਲਾਈਨ ਦੇ ਨੇੜੇ ਪੁੱਜਿਆ ਹੀ ਸੀ ਕਿ ਦੂਜਾ ਧਮਾਕਾ ਹੋ ਗਿਆ ਅਤੇ ਉਥੇ ਭਾਜੜ ਪੈ ਗਈ। ਸਾਰੇ ਦੌੜਾਕ ਅਤੇ ਦਰਸ਼ਕ ਉਸ ਵੱਲ ਦੌੜੇ, ਪਰ ਡਾਕਟਰ ਦਾ ਸਾਰਾ ਪਰਿਵਾਰ ਜੇਤੂ ਲਾਈਨ 'ਤੇ ਉਸ ਨੂੰ ਦੇਖਣ ਲਈ ਖੜ੍ਹਾ ਰਿਹਾ। ਉਸ ਨੇ ਦੌੜਨਾ ਜਾਰੀ ਰੱਖਿਆ। ਇਸ ਦੌਰਾਨ ਸ਼ਾਹ ਸਮਝ ਗਿਆ ਕਿ ਕੁਝ ਗਲਤ ਹੋਇਆ ਹੈ। ਹਰ ਪਾਸੇ ਚੀਕ-ਚਿਹਾੜਾ ਮਚਿਆ ਹੋਇਆ ਸੀ ਤੇ ਖੂਨ ਹੀ ਖੂਨ ਨਜ਼ਰ ਆ ਰਿਹਾ ਸੀ। ਇਸ 'ਤੇ ਇਸ ਭਾਰਤੀ ਮੂਲ ਦੇ ਡਾਕਟਰ ਨੇ ਜ਼ਖ਼ਮੀਆਂ ਦੀ ਮਦਦ ਸ਼ੁਰੂ ਕਰ ਦਿੱਤੀ ਅਤੇ ਐਮਰਜੈਂਸੀ ਸੇਵਾਵਾਂ ਵਾਲੇ ਵੀ ਪੁੱਜ ਗਏ। ਬਹੁਤ ਸਾਰੇ ਜ਼ਖ਼ਮੀਆਂ ਦੀ ਮਦਦ ਕਰਨ ਮਗਰੋਂ ਸ਼ਾਹ ਨੇ ਆਪਣੇ ਪਰਿਵਾਰ ਨੂੰ ਲੱਭਣਾ ਸ਼ੁਰੂ ਕੀਤਾ ਕਿਉਂਕਿ ਉਹ ਧਮਾਕੇ ਵਾਲੀ ਥਾਂ ਤੋਂ 25 ਗਜ਼ ਦੂਰ ਸਨ। ਆਖਰ ਪਰਿਵਾਰ ਨੂੰ ਮਿਲਣ ਮਗਰੋਂ ਉਸ ਨੇ ਜ਼ਖ਼ਮੀਆਂ ਦੀ ਮਦਦ ਮੁੜ ਸ਼ੁਰੂ ਕਰ ਦਿੱਤੀ।

***ਹਰ ਪਾਸੇ ਚੀਕ-ਚਿਹਾੜਾ ਮਚਿਆ ਹੋਇਆ ਸੀ ਤੇ ਖ਼ੂਨ ਹੀ ਖ਼ੂਨ ਨਜ਼ਰ ਆ ਰਿਹਾ ਸੀ। ਇਸ 'ਤੇ ਇਸ ਭਾਰਤੀ ਮੂਲ ਦੇ ਵਿਵੇਕ ਨੇ ਜ਼ਖ਼ਮੀਆਂ ਦੀ ਮਦਦ ਸ਼ੁਰੂ ਕਰ ਦਿੱਤੀ ਅਤੇ ਐਮਰਜੈਂਸੀ ਸੇਵਾਵਾਂ ਵਾਲੇ ਵੀ ਪੁੱਜ ਗਏ।***

## ਸਿੱਖ ਭਾਈਚਾਰਾ ਫਿਕਰਾਂ ਵਿਚ ਘਿਰਿਆ

ਵਾਸ਼ਿੰਗਟਨ: ਬੋਸਟਨ ਮੈਰਾਥਨ ਵਿਚ ਹੋਏ ਬੰਬ ਧਮਾਕਿਆਂ ਦੇ ਮੱਦੇਨਜ਼ਰ ਅਮਰੀਕੀ ਸਿੱਖ ਭਾਈਚਾਰੇ ਨੂੰ ਆਪਣੇ ਜਾਨ-ਮਾਲ 'ਤੇ ਹਮਲਿਆਂ ਦਾ ਡਰ ਪੈਦਾ ਹੋ ਗਿਆ। ਭਾਈਚਾਰੇ ਦੇ ਆਗੂਆਂ ਮੁਤਾਬਕ ਜਿਵੇਂ 9/11 ਦੇ ਹਮਲੇ ਮਗਰੋਂ ਸਿੱਖਾਂ 'ਤੇ ਹਮਲੇ ਹੋਏ, ਉਹੋ ਜਿਹੇ ਹਮਲੇ ਬੋਸਟਨ ਧਮਾਕਿਆਂ ਮਗਰੋਂ ਵੀ ਹੋ ਸਕਦੇ ਸਨ। ਸਿੱਖ ਕੌਂਸਲ ਆਨ ਰਿਲੀਜਨ ਐਂਡ ਐਜੂਕੇਸ਼ਨ ਦੇ ਚੇਅਰਮੈਨ ਡਾ. ਰਾਜਵੰਤ ਸਿੰਘ ਨੇ ਕਿਹਾ ਹੈ ਕਿ ਬੀਤੇ ਸਮੇਂ ਦੌਰਾਨ ਜਦੋਂ ਕਦੇ ਵੀ ਅਤਿਵਾਦੀ ਹਮਲਿਆਂ ਵਿਚ ਅਮਰੀਕੀਆਂ ਦੀ ਮੌਤ ਹੋਈ, ਉਸ ਨਾਲ ਸਿੱਖਾਂ 'ਤੇ ਹਮਲੇ ਸ਼ੁਰੂ ਹੋ ਗਏ। ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਬੋਸਟਨ ਧਮਾਕਿਆਂ ਮਗਰੋਂ ਵੀ ਅਜਿਹਾ ਡਰ ਫੈਲ ਗਿਆ ਸੀ।

ਉਨ੍ਹਾਂ ਕਿਹਾ ਕਿ ਸਿੱਖ ਹਾਲੇ ਵਿਸਕਾਨਸਿਨ ਗੁਰਦੁਆਰਾ ਕਾਂਡ ਦੇ ਦੁੱਖ ਤੋਂ ਵੀ ਨਹੀਂ ਉਭਰੇ ਕਿ ਬੋਸਟਨ ਧਮਾਕਿਆਂ ਨੇ ਉਨ੍ਹਾਂ ਦੇ ਜ਼ਖਮ ਮੁੜ ਹਰੇ ਕਰ ਦਿੱਤੇ। ਰੌਕਵਿਲੇ ਵਿਖੇ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਦੇ ਚੇਅਰਮੈਨ ਇੰਦਰਪਾਲ ਸਿੰਘ ਨੇ ਕਿਹਾ ਕਿ ਅਮਰੀਕਾ ਵਿਚ ਬੋਸਟਨ ਧਮਾਕਿਆਂ ਦੌਰਾਨ ਫੈਲੇ ਸੋਗ 'ਚ ਸਾਰੇ ਸਿੱਖਾਂ ਤੇ ਗੈਰ-ਸਿੱਖਾਂ ਨੂੰ ਇਕਮੁੱਠਤਾ ਦਿਖਾਉਣੀ ਚਾਹੀਦੀ ਹੈ। ਇਸ ਨਾਲ ਉਨ੍ਹਾਂ ਸਿੱਖਾਂ ਨੂੰ ਚੌਕਸ ਰਹਿਣ ਦੀ ਵੀ ਅਪੀਲ ਕੀਤੀ।



*ਵਿਸਕੌਨਸਿਨ ਵਿਚ ਗੁਰਦੁਆਰੇ ਵਿਚ ਚੱਲੀ ਗੋਲੀ ਤੋਂ ਬਾਅਦ ਵਿਲਕ ਰਹੇ ਸਿੱਖ ਭਾਈਚਾਰੇ ਦੇ ਇਕ ਪਰਿਵਾਰ ਦੀ ਪੁਰਾਣੀ ਤਸਵੀਰ।*




*ਸ਼ਿਕਾਗੋ ਵਿਚ ਭਾਰਤੀ ਕੌਂਸਲੇਟ ਦੇ ਸਾਹਮਣੇ ਮੁਜਾਹਰਾ ਕਰਦੇ ਹੋਏ ਸਿੱਖ*

# ਪ੍ਰੋ. ਭੁੱਲਰ ਨੂੰ ਫਾਂਸੀ ਵਿਰੁਧ ਸ਼ਿਕਾਗੋ ਵਿਚ ਮੁਜਾਹਰਾ

**ਸ਼ਿਕਾਗੋ (ਬਿਊਰੋ):** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਸੰਭਾਵੀ ਫਾਂਸੀ ਵਿਰੁਧ ਸ਼ਿਕਾਗੋ, ਇੰਡੀਆਨਾ, ਵਿਸਕਾਨਸਿਨ ਅਤੇ ਮਿਸ਼ੀਗਨ ਸਟੇਟਾਂ ਦੇ ਸਿੱਖ ਭਾਈਚਾਰੇ ਵਲੋਂ ਇਥੇ ਭਾਰਤੀ ਕੌਂਸਲੇਟ ਦੇ ਸਾਹਮਣੇ 18 ਅਪਰੈਲ ਨੂੰ ਬਾਅਦ ਦੁਪਹਿਰ ਦੋ ਵਜੇ ਤੋਂ ਚਾਰ ਵਜੇ ਤਕ ਮੁਜਾਹਰਾ ਕੀਤਾ ਗਿਆ। ਬਾਅਦ ਵਿਚ ਸਿੱਖ ਭਾਈਚਾਰੇ ਦੇ ਇਕ ਵਫਦ ਵਲੋਂ ਭਾਰਤੀ ਕੌਂਸਲ ਜਨਰਲ ਨੂੰ ਇਕ ਯਾਦ ਪੱਤਰ ਵੀ ਦਿਤਾ ਗਿਆ ਜਿਸ ਵਿਚ ਪ੍ਰੋ. ਭੁੱਲਰ ਦੀ ਫਾਂਸੀ ਰੱਦ ਕਰਨ ਅਤੇ ਫਾਂਸੀ ਦੀ ਸਜ਼ਾ ਖਤਮ ਕਰਨ ਦੀ ਮੰਗ ਕੀਤੀ ਗਈ ਸੀ।

ਮੁਜਾਹਰਾਕਾਰੀਆਂ ਨੇ ਐਨ ਬੀ ਸੀ ਟਾਵਰ, ਜਿਥੇ ਕਿ ਭਾਰਤੀ ਕੌਂਸਲੇਟ ਦਾ ਦਫਤਰ ਹੈ, ਦੇ ਬਾਹਰ ਜੁੜੇ ਆਮ ਲੋਕਾਂ ਨੂੰ ਫਲਾਇਰ ਵੀ ਵੰਡੇ ਜਿਨ੍ਹਾਂ ਵਿਚ ਪ੍ਰੋ. ਭੁੱਲਰ ਨੂੰ ਫਾਂਸੀ ਦਿਤੇ ਜਾਣ ਵਿਰੁਧ ਆਵਾਜ਼ ਉਠਾਈ ਗਈ ਸੀ। ਵੰਡੇ ਗਏ ਫਲਾਇਰਾਂ ਵਿਚ ਪ੍ਰੋ. ਭੁੱਲਰ, ਉਸ ਦੇ ਪਰਿਵਾਰ ਅਤੇ ਸਮੁਚੇ ਸਿੱਖ ਭਾਈਚਾਰੇ ਪ੍ਰਤੀ ਕੀਤੇ ਗਏ ਵਿਤਕਰੇ ਦਾ ਵੇਰਵਾ ਦਿਤਾ ਗਿਆ ਸੀ। ਮੁਜਾਹਰਾਕਾਰੀਆਂ ਨੂੰ ਸੰਬੋਧਨ ਕਰਦਿਆਂ ਵਖ ਵਖ ਬੁਲਾਰਿਆਂ ਨੇ ਪ੍ਰੋ. ਭੁੱਲਰ ਨੂੰ ਰਿਹਾ ਕਰਨ ਤੇ ਫਾਂਸੀ ਦੀ ਸਜ਼ਾ ਖਤਮ ਕਰਨ ਦੀ ਮੰਗ ਕਰਦਿਆਂ ਸਾਰੀਆਂ ਘੱਟ ਗਿਣਤੀਆਂ ਪ੍ਰਤੀ ਦੋਹਰਾ ਮਾਪਦੰਡ ਵਰਤੇ ਜਾਣ ਦਾ ਵਿਰੋਧ ਕੀਤਾ। ਬੁਲਾਰਿਆਂ ਨੇ ਇਹ ਵੀ ਕਿਹਾ ਕਿ ਕਿਸੇ ਇਨਕਲਾਬੀ ਨੂੰ ਤਾਂ ਖਤਮ ਕੀਤਾ ਜਾ ਸਕਦਾ ਹੈ ਪਰ ਇਨਕਲਾਬ ਨੂੰ ਕੋਈ ਖਤਮ ਨਹੀਂ ਕਰ ਸਕਦਾ।

ਇਸ ਮੁਜਾਹਰੇ ਦਾ ਪ੍ਰਬੰਧ ਗੁਰਦੁਆਰਾ ਪੈਲਾਟਾਈਨ ਦੇ ਪ੍ਰਬੰਧਕਾਂ ਵਲੋਂ ਕੀਤਾ ਗਿਆ। ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੇ ਮੌਜੂਦਾ ਪ੍ਰਧਾਨ ਸ. ਸੋਖੀ ਸਿੰਘ ਅਤੇ ਸਾਬਕਾ ਪ੍ਰਧਾਨ ਬੀਬੀ ਸੁਖਦੇਵ ਕੌਰ ਘੁਮਾਣ ਇਸ ਮੁਜਾਹਰੇ ਵਿਚ ਸ਼ਾਮਲ ਹੋਣ ਵਾਲੇ ਮੁਖ ਡੈਲੀਗੇਟਾਂ ਵਿਚ ਸ਼ਾਮਲ ਸਨ। ਮੁਜਾਹਰਾ ਸ਼ਾਮੀ ਚਾਰ ਵਜੇ ਅਮਨ ਅਮਾਨ ਨਾਲ ਖਤਮ ਹੋ ਗਿਆ।



# ਸੰਤ ਹਰਨਾਮ ਸਿੰਘ ਤੇ ਸੰਤ ਈਸ਼ਰ ਸਿੰਘ ਦੀਆਂ ਜਨਮ ਸ਼ਤਾਬਦੀਆਂ ਮਨਾਈਆਂ

**ਡੈਲਸ, ਟੈਕਸਸ (ਹਰਜੀਤ ਢੇਸੀ):** ਸੰਤ ਹਰਨਾਮ ਸਿੰਘ ਭੁਚੋਕਲਾਂ ਅਤੇ ਸੰਤ ਈਸ਼ਰ ਸਿੰਘ ਕਲੇਰਾਂ ਵਾਲਿਆਂ ਦੀਆਂ ਜਨਮ ਸ਼ਤਾਬਦੀਆਂ ਇਥੇ ਗੁਰਦੁਆਰਾ ਅਕਾਲ ਜੋਤਿ ਗਾਰਲੈਂਡ ਵਿਖੇ ਸੰਗਤਾਂ ਨੇ ਸ਼ਰਧਾ ਨਾਲ ਮਨਾਈਆਂ। ਜ਼ਿਕਰਯੋਗ ਹੈ ਕਿ ਸੰਤ ਈਸ਼ਰ ਸਿੰਘ ਨਾਨਕਸਰ ਕਲੇਰਾਂ ਸੰਪਰਾਏ ਦੇ ਬਾਨੀ ਬਾਬਾ ਨੰਦ ਸਿੰਘ ਦੇ ਵਰੋਸਾਏ ਹੋਏ ਸਨ। ਉਨ੍ਹਾਂ ਸਾਢੇ ਸੱਤ ਲੱਖ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਾਇਆ। ਜਨਮ ਸ਼ਤਾਬਦੀਆਂ ਸਬੰਧੀ ਲੰਘੀ 17, 18 ਅਤੇ 19 ਅਪਰੈਲ ਨੂੰ ਜਪ, ਤਪ ਸਮਾਗਮ ਅਤੇ ਕੀਰਤਨ ਦਰਬਾਰ ਕਰਵਾਏ ਗਏ।

ਇਨ੍ਹਾਂ ਸਮਾਗਮਾਂ ਵਿਚ ਇੰਡੀਆ ਤੋਂ ਨਾਨਕਸਰ ਕਲੇਰਾਂ ਸੰਪਰਾਏ ਤੋਂ ਸੰਤ ਬਲਜੀਤ ਸਿੰਘ, ਸੰਤ ਗੁਰਚਰਨ ਸਿੰਘ ਅਤੇ ਬਾਬਾ ਸੇਵਾ ਸਿੰਘ ਪਹੁੰਚੇ ਹੋਏ ਸਨ ਜਿਨ੍ਹਾਂ ਨੇ ਸੰਗਤਾਂ ਨੂੰ ਅੰਮ੍ਰਿਤ ਬਾਣੀ ਦੇ ਕੀਰਤਨ ਨਾਲ ਨਿਹਾਲ ਕੀਤਾ। ਭਾਈ ਹਰਜੀਤ ਸਿੰਘ ਖਾਲਸਾ, ਭਾਈ ਸਰਬਜੀਤ ਸਿੰਘ, ਭਾਈ ਬਲਕਾਰ ਸਿੰਘ ਜਲੰਧਰ ਵਾਲਿਆਂ, ਭਾਈ ਹਰਨਾਮ ਸਿੰਘ ਖੁਸ਼ਦਿਲ ਅਤੇ ਭਾਈ ਦਵਿੰਦਰ ਸਿੰਘ ਲੁਧਿਆਣੇ ਵਾਲਿਆਂ ਦੇ ਜਥਿਆਂ ਨੇ ਗੁਰਬਾਣੀ ਕੀਰਤਨ ਦੀ ਛਹਿਬਰ ਲਾਈ।



# ਸਿੱਖ ਵਫਦ ਵਲੋਂ ਡੈਮੋਕਰੈਟ ਡਿਨਰ ’ਚ ਸ਼ਮੂਲੀਅਤ

**ਕਲੀਵਲੈਂਡ, ਓਹਾਇਓ (ਬਿਊਰੋ):** ਕਲੀਵਲੈਂਡ ਦੇ ਸਿੱਖ ਭਾਈਚਾਰੇ ਵਿਚੋਂ ਸਿੱਖ ਡੈਮੋਕਰੈਟਾਂ ਨੇ ਇਥੇ ਇੰਟਰ ਕੋਆਰਡੀਨੇਟਰ ਹੋਟਲ ਵਿਚ ਕੂਆਹੋਗਾ ਕਾਊਂਟੀ ਡੈਮੋਕਰੈਟ ਪਾਰਟੀ ਦੇ 2013 ਦੇ ਸਾਲਾਨਾ ਡਿਨਰ ਵਿਚ ਸ਼ਮੂਲੀਅਤ ਕੀਤੀ। ਸਿੱਖ ਡੈਮੋਕਰੈਟ ਵਫਦ ਵਿਚ ਕੌਂਸਲਮੈਨ ਅਜਾਦਜੀਤ ਸਿੰਘ, ਗੁਰਦੁਆਰਾ ਗੁਰੂ ਗੋਬਿੰਦ ਸਿੰਘ ਆਫ ਗਰੇਟਰ ਕਲੀਵਲੈਂਡ ਦੇ ਸਾਬਕਾ ਪ੍ਰਧਾਨ ਕਮਲਜੀਤ ਸਿੰਘ ਜੰਡਾ, ਸਿੱਖ ਡੈਮੋਕਰੈਟਸ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ, ਗੁਰੂ ਘਰ ਦੇ ਮੌਜੂਦਾ ਸਿੱਖਿਆ ਸਕੱਤਰ ਹਰੀ ਸਿੰਘ ਢਿੱਲੋਂ ਤੋਂ ਇਲਾਵਾ ਡਾ. ਸੁਰਿੰਦਰ ਸਿੰਘ ਚੌਹਾਨ, ਅਜੀਤ ਸਿੰਘ ਵਾਲੀਆ, ਕੰਵਰ ਸਿੰਘ, ਹਰਜੀਤ ਸਿੰਘ ਢਿੱਲੋਂ, ਮਹਿੰਦਰਜੀਤ ਸਿੰਘ ਹੋਠੀ ਅਤੇ ਚਮਕੌਰ ਸਿੰਘ ਹਾਂਸ ਸ਼ਾਮਲ ਸਨ।

ਇਸ ਡਿਨਰ ਸਮਾਗਮ ਦੌਰਾਨ ਸਿੱਖ ਵਫਦ ਨੇ ਅਮਰੀਕੀ ਸਦਨ ਵਿਚ ਡੈਮੋਕਰੈਟ ਲੀਡਰ ਨੈਂਸੀ ਪਲੋਸੀ ਨਾਲ ਮੁਲਾਕਾਤ ਕੀਤੀ ਅਤੇ ਸਿੱਖ ਭਾਈਚਾਰੇ ਬਾਰੇ ਜਾਣਕਾਰੀ ਦਿੱਤੀ। ਨੈਂਸੀ ਪਲੋਸੀ ਨੇ ਪਿਛਲੇ ਸਾਲ ਗੁਰਦੁਆਰਾ ਓਕ ਕਰੀਕ ਵਿਚ ਹੋਏ ਹੱਤਿਆ ਕਾਂਡ ਬਾਰੇ ਸਿੱਖ ਭਾਈਚਾਰੇ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਇਸ ਵਫਦ ਨੇ ਗਿਆਰਵੇਂ ਡਿਸਟ੍ਰਿਕਟ ਤੋਂ ਕਾਂਗਰਸਵੂਮਨ ਮਾਰਸ਼ੀਆ ਫੱਜ ਅਤੇ ਨੌਂਵੇਂ ਡਿਸਟ੍ਰਿਕਟ ਤੋਂ ਕਾਂਗਰਸਵੂਮਨ ਮਾਰਸੀ ਕੈਪਟੂਰ ਨਾਲ ਵੀ ਮੁਲਾਕਾਤ ਕੀਤੀ। ਓਹਾਇਓ ਸਦਨ ਵਿਚ ਡੈਮੋਕਰੈਟ ਲੀਡਰ ਆਰਮੰਡ ਬੁਡਿਸ਼ ਸਿੱਖ ਵਫਦ ਨੂੰ ਮਿਲ ਕੇ ਖੁਸ਼ ਹੋਏ ਅਤੇ ਉਨ੍ਹਾਂ ਸਿੱਖ ਭਾਈਚਾਰੇ ਵਲੋਂ ਅਮਰੀਕੀ ਅਰਥਚਾਰੇ ਵਿਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਵਫਦ ਨੇ ਕੂਆਹੋਗਾ ਕਾਊਂਟੀ ਦੇ ਕਾਰਜਕਾਰੀ ਅਤੇ ਓਹਾਇਓ ਗਵਰਨਰ ਲਈ ਉਮੀਦਵਾਰ ਐਡ ਫਿਟਜ਼ਗਰਾਲਡ ਨੂੰ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਦੇ ਦਰਸ਼ਨਾਂ ਨੂੰ ਆਉਣ ਲਈ ਸੱਦਾ ਦਿੱਤਾ ਜਿਸ ਨੂੰ ਉਨ੍ਹਾਂ ਖਿੜੇ ਮੱਥੇ ਪ੍ਰਵਾਨ ਕੀਤਾ ਅਤੇ ਜਲਦ ਹੀ ਗੁਰੂ ਘਰ ਆਉਣ ਬਾਰੇ ਵਾਅਦਾ ਕੀਤਾ।



# ਹਰੀ ਓਮ ਮੰਦਿਰ ਵਿਚ ਵਿਸਾਖੀ ਦੀਆਂ ਰੌਣਕਾਂ

**ਸ਼ਿਕਾਗੋ (ਬਿਊਰੋ):** ਹਰੀ ਓਮ ਮੰਦਿਰ, ਮੈਡਾਈਨਾ ਵਿਚ ਵਿਸਾਖੀ ਦਾ ਦਿਨ ਰਵਾਇਤੀ ਉਤਸ਼ਾਹ ਅਤੇ ਭਜਨ ਬੰਦਗੀ ਨਾਲ ਮਨਾਇਆ ਗਿਆ। ਸਭ ਤੋਂ ਪਹਿਲਾਂ ਮੰਦਿਰ ਦੇ ਪੁਜਾਰੀ ਵਲੋਂ ਪੂਜਾ ਅਰਚਨਾ ਕੀਤੀ ਗਈ। ਤੁਲਸੀ ਦਾਸ, ਮੀਰਾ ਅਤੇ ਹੋਰ ਭਜਨ ਇਸ ਮੌਕੇ ਗਾਏ ਗਏ। ਮੋਨਿਕਾ ਸ਼ਰਮਾ ਅਤੇ ਮੇਘਨਾਥ ਸ਼ਰਮਾ ਨੇ ਪ੍ਰਭੂ ਭਗਤੀ ਦੇ ਭਜਨ ਗਾਏ। ਇਨ੍ਹਾਂ ਦੋਹਾਂ ਨੇ ਅਜੇ ਕੁਝ ਦਿਨ ਪਹਿਲਾਂ ਹੀ ਨਾਰਥ ਈਸਟਰਨ ਇਲੀਨਾਏ ਯੂਨੀਵਰਸਿਟੀ ਵਿਚ ਭੰਗੜਾ ਪੇਸ਼ ਕੀਤਾ ਸੀ।



ਮੰਦਿਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਬ੍ਰਿਜ ਸ਼ਰਮਾ ਨੇ ਇਨ੍ਹਾਂ ਦੋਹਾਂ ਲੜਕੀਆਂ ਵਲੋਂ ਭਾਰਤੀ ਨ੍ਰਿਤ ਪਰੰਪਰਾ ਵਿਚ ਪਾਏ ਗਏ ਯੋਗਦਾਨ ਅਤੇ ਭਾਰਤੀ ਭਾਈਚਾਰੇ ਦਾ ਨਾਂ ਚਮਕਾਉਣ ਦੀ ਤਾਰੀਫ ਕੀਤੀ। ਸ੍ਰੀ ਸ਼ਰਮਾ ਨੇ ਵਿਸਾਖੀ ਦੇ ਦਿਹਾੜੇ ਦੇ ਪਿਛੋਕੜ ਦੀ ਗੱਲ ਕਰਦਿਆਂ ਕਿਹਾ ਕਿ ਇਸ ਦਿਹਾੜੇ ‘ਤੇ 1699 ਵਿਚ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ ਸੀ। 1875 ਵਿਚ ਸਵਾਮੀ ਦਿਆਨੰਦ ਨੇ ਇਸੇ ਦਿਹਾੜੇ ‘ਤੇ ਆਰੀਆ ਸਮਾਜ ਦੀ ਸਥਾਪਨਾ ਕੀਤੀ। ਹਰੀ ਓਮ ਮੰਦਿਰ ਦੇ ਸ਼ਰਧਾਲੂਆਂ ਲਈ ਇਹ ਦਿਹਾੜਾ ਇਸ ਗੱਲੋਂ ਵੀ ਅਹਿਮ ਹੈ ਕਿ ਹਰੀ ਓਮ ਮੰਦਿਰ ਦੀ ਸਥਾਪਨਾ ਇਸੇ ਪਵਿੱਤਰ ਦਿਹਾੜੇ ‘ਤੇ ਕੀਤੀ ਗਈ ਸੀ। ਇਸ ਤੋਂ ਬਿਨਾਂ ਹਿੰਦੂ ਭਾਈਚਾਰੇ ਦੇ ਲੋਕ ਗੰਗਾ ਅਤੇ ਹੋਰ ਪਵਿੱਤਰ ਦਰਿਆਵਾਂ ‘ਤੇ ਵਿਸਾਖੀ ਮਨਾਉਂਦੇ ਹਨ। ਸ੍ਰੀ ਸ਼ਰਮਾ ਨੇ ਆਉਣ ਵਾਲੇ ਹਫਤੇ ਸ੍ਰੀ ਰਾਮ ਨੌਮੀ ਦੇ ਤਿਓਹਾਰ ਮਨਾਏ ਜਾਣ ਬਾਰੇ ਵੀ ਜਾਣਕਾਰੀ ਦਿੱਤੀ।

ਯੂਥ ਗਰੁਪ ਦੇ ਅਹੁਦਾ ਛੱਡ ਰਹੇ ਪ੍ਰਧਾਨ ਦੇਵਾਂਸ਼ੂ ਭਾਰੇਲ ਦਾ ਇਲੀਨਾਏ ਸਟੇਟ ਵਿਚ ਕੰਪਿਊਟਰ ਸਾਇੰਸ ਦਾ ਇਨਾਮ ਜਿੱਤਣ ਲਈ ਮਾਣ ਸਨਮਾਨ ਕੀਤਾ ਗਿਆ। ਦੇਵਾਂਸ਼ੂ ਨੇਪਰਵਿਲ ਸੈਂਟਰਲ ਹਾਈ ਸਕੂਲ ਦਾ ਵਿਦਿਆਰਥੀ ਹੈ ਅਤੇ ਉਸ ਨੂੰ ਕੰਪਿਊਟਰ ਦੇ ਜਾਵਾ ਪ੍ਰੋਗਰਾਮ ਵਿਚ ਪ੍ਰਵੀਨਤਾ ਹਾਸਲ ਹੈ। ਤੁਸ਼ਾਰ ਸ਼ਰਮਾ ਨੂੰ ਯੂਥ ਕਮੇਟੀ ਦਾ ਪ੍ਰਧਾਨ ਥਾਪਿਆ ਗਿਆ। ਉਸ ਨੇ ਨਵੀਂ ਯੂਥ ਕਮੇਟੀ ਦੀ ਜਾਣ ਪਛਾਣ ਕਰਾਈ ਜਿਸ ਵਿਚ ਰਿਧਿਮਾ ਸ਼ਰਮਾ, ਦੇਵਾਂਸ਼ੂ ਭਾਰੇਲ ਅਤੇ ਅਮਰ ਭਾਰਦਵਾਜ ਸ਼ਾਮਲ ਹਨ।

ਮੰਦਿਰ ਕਮੇਟੀ ਦੇ ਬਾਨੀ ਪ੍ਰਧਾਨ ਜਗਦੀਸ਼ ਸੂਦ ਨੇ 1987 ਵਿਚ ਮੰਦਿਰ ਦੀ ਸਥਾਪਨਾ ਦੀ ਗੱਲ ਕਰਦਿਆਂ ਦੱਸਿਆ ਕਿ ਉਸ ਸਮੇਂ ਮੰਦਿਰ ਵਾਸਤੇ ਲੂਥਰਨ ਚਰਚ ਖਰੀਦਿਆ ਗਿਆ ਅਤੇ ਭਗਵਾਨ ਕ੍ਰਿਸ਼ਨ ਦੀ ਮੂਰਤੀ ਦੀ ਸਥਾਪਨਾ ਕੀਤੀ ਗਈ। ਉਨ੍ਹਾਂ ਸਲਵਾਨ ਪਰਿਵਾਰ ਦੀ ਉਚੇਚੀ ਤਾਰੀਫ ਕੀਤੀ ਜਿਨ੍ਹਾਂ ਦੀ ਸਖਤ ਮਿਹਨਤ ਅਤੇ ਸ਼ਰਧਾ ਕਰਕੇ ਇਸ ਮੰਦਿਰ ਨੇ ਪਿਛਲੇ ਵੀਹ ਸਾਲਾਂ ਵਿਚ ਵੱਡੀ ਤਰੱਕੀ ਕੀਤੀ ਹੈ। ਪਹਿਲਾਂ ਇਹ ਮੰਦਿਰ ਸਿਰਫ ਐਤਵਾਰ ਹੀ ਖੁੱਲ੍ਹਿਆ ਕਰਦਾ ਸੀ ਪਰ ਹੁਣ ਮੰਦਿਰ ਹਫਤੇ ਦੇ ਸੱਤੇ ਦਿਨ ਖੁਲ੍ਹਦਾ ਹੈ। ਉਨ੍ਹਾਂ ਸ਼ਿਕਾਗੋਲੈਂਡ ਦੇ ਹੋਰ ਮੰਦਿਰਾਂ ਨਾਲ ਮਿਲਵਰਤਣ ਦੀ ਲੋੜ ਉਤੇ ਵੀ ਜ਼ੋਰ ਦਿੱਤਾ। ਉਨ੍ਹਾਂ ਇਹ ਵੀ ਦੱਸਿਆ ਕਿ ਵੇਦ ਗ੍ਰੰਥ ਜਿਸ ਵਿਚੋਂ ਪੁਜਾਰੀ ਯੋਗੇਸ਼ ਪਾਂਡੇ ਵਲੋਂ ਮੰਤਰ ਪੜ੍ਹੇ ਜਾਂਦੇ ਹਨ, ਬਹੁਤ ਹੀ ਪੁਰਾਣਾ ਗ੍ਰੰਥ ਹੈ ਅਤੇ ਇਸ ਨੂੰ ਮੰਦਿਰ ਵਿਚ ਸੰਭਾਲ ਕੇ ਰੱਖਿਆ ਜਾਵੇਗਾ।

ਪੂਜਾ ਅਰਚਨਾ ਦੇ ਅਖੀਰ ‘ਤੇ ਮੋਨਾ ਸ਼ਰਮਾ ਅਤੇ ਉਸ ਦੀਆਂ ਸਾਥਣਾਂ ਵਲੋਂ ਗਿੱਧਾ ਪਾਇਆ ਗਿਆ ਜਦੋਂਕਿ ਦੀਪਕ ਸ਼ਰਮਾ ਅਤੇ ਉਸ ਦੇ ਸਾਥੀਆਂ ਵਲੋਂ ਭੰਗੜਾ ਪਾਇਆ ਗਿਆ।





*ਤਸਵੀਰਾਂ: ਏਸ਼ੀਅਨ ਮੀਡੀਆ*

**Punjab Times**
*Ph: 847-359-0746*
*Visit us on the web:*
*punjabtimesusa.com*

# ਹੁਣ ਬੈਰੀਅਰਾਂ ਤੋਂ ਆਕੜ ਕੇ ਲੰਘਣਗੇ ਟੈਕਸ ਚੋਰ

## ਪੁਲਿਸ ਨੇ ਆਬਕਾਰੀ ਤੇ ਕਰ ਵਿਭਾਗ ਵਿਚ ਤਾਇਨਾਤ ਮੁਲਾਜ਼ਮ ਵਾਪਸ ਬੁਲਾਏ

**ਚੰਡੀਗੜ੍ਹ:** ਆਰਥਿਕ ਮੰਦਹਾਲੀ ਤੇ ਮਾੜੀ ਕਾਨੂੰਨ ਵਿਵਸਥਾ ਦਾ ਤੋੜ ਲੱਭਣ ਵਿਚ ਲੱਗੀ ਪੰਜਾਬ ਸਰਕਾਰ ਨੂੰ ਹਰ ਫੈਸਲਾ ਪੁੱਠਾ ਪੈ ਰਿਹਾ ਹੈ। ਬੇਤੁਕੇ ਟੈਕਸਾਂ ਕਾਰਨ ਆਪਣੀ ਭਾਈਵਾਲ ਭਾਜਪਾ ਤੇ ਕਾਂਗਰਸ ਪਾਰਟੀ ਦੀ ਨੁਕਤਾਚੀਨੀ ਦਾ ਸ਼ਿਕਾਰ ਹੋਣ ਪਿੱਛੋਂ ਹੁਣ ਆਬਕਾਰੀ ਤੇ ਕਰ ਵਿਭਾਗ ਵਿਚ ਡੈਪੂਟੇਸ਼ਨ 'ਤੇ ਤਾਇਨਾਤ ਪੁਲਿਸ ਮੁਲਾਜ਼ਮਾਂ ਵਿਚੋਂ 50 ਫੀਸਦੀ ਦੀ ਤਾਇਨਾਤੀ ਕਾਨੂੰਨ ਵਿਵਸਥਾ ਲਈ ਕਰਨ ਦਾ ਫੈਸਲਾ ਟੈਕਸ ਚੋਰਾਂ ਦੇ ਹੱਕ ਵਿਚ ਗਿਆ ਹੈ।

ਸੂਤਰਾਂ ਮੁਤਾਬਕ ਆਬਕਾਰੀ ਤੇ ਕਰ ਵਿਭਾਗ ਦੇ ਮੋਬਾਈਲ ਵਿੰਗਾਂ ਤੇ ਜ਼ਿਲ੍ਹਾ ਆਬਕਾਰੀ ਵਿੰਗਾਂ ਤੋਂ ਪੁਲਿਸ ਫੋਰਸ ਨੂੰ ਤਕਰੀਬਨ ਹਟਾ ਲਿਆ ਗਿਆ ਹੈ। ਇਸ ਨਾਲ ਰਾਤ ਸਮੇਂ ਕਰ ਚੋਰੀ ਕਰਨ ਵਾਲੇ ਟਰੱਕਾਂ ਦੀ ਫੜੋ-ਫੜੀ ਤੇ ਵਿਭਾਗ ਦੇ ਅਧਿਕਾਰੀਆਂ ਵੱਲੋਂ ਕਰ ਚੋਰੀ ਰੋਕਣ ਲਈ ਛਾਪੇ ਮਾਰਨ ਦਾ ਕੰਮ ਠੱਪ ਹੋ ਕੇ ਰਹਿ ਗਿਆ ਹੈ। ਵਿੱਤ ਕਮਿਸ਼ਨਰ (ਕਰ ਤੇ ਆਬਕਾਰੀ) ਨੇ ਵਿਭਾਗ ਵਿਚ ਤਾਇਨਾਤ ਪੁਲਿਸ ਫੋਰਸ ਨੂੰ ਵਾਪਸ ਬੁਲਾਉਣ ਦਾ ਵਿਰੋਧ ਵੀ ਕੀਤਾ ਪਰ ਪੁਲਿਸ ਨੇ ਵਿਭਾਗ ਦੀ ਇਕ ਨਾ ਸੁਣੀ। ਪੁਲਿਸ ਨੂੰ ਵਾਪਸ ਬੁਲਾਏ ਜਾਣ ਦਾ ਫੈਸਲਾ ਦਵਿੰਦਰ ਪਾਲ ਸਿੰਘ ਭੁੱਲਰ ਦੀ



ਸੁਪਰੀਮ ਕੋਰਟ ਵੱਲੋਂ ਅਪੀਲ ਰੱਦ ਕੀਤੇ ਜਾਣ ਪਿੱਛੋਂ ਲਿਆ ਗਿਆ ਸੀ। ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਪਿਛਲੇ ਛੇ ਮਹੀਨਿਆਂ ਦੌਰਾਨ ਕਰ ਦੀ ਵਸੂਲੀ ਵਿਚ ਭੂਮਿਕਾ ਨਿਭਾਉਂਦੀ ਪੁਲਿਸ ਨੂੰ ਦੋ ਵਾਰੀ ਵਾਪਸ ਬੁਲਾਇਆ ਗਿਆ ਹੈ। ਪੰਜਾਬ ਸਰਕਾਰ ਨੇ ਪੁਲਿਸ ਦੀਆਂ ਦੋ ਬਟਾਲੀਅਨਾਂ ਆਈ.ਆਰ.ਬੀ ਪਹਿਲੀ ਅਤੇ ਛੇਵੀਂ ਦਾ ਡੈਪੂਟੇਸ਼ਨ ਆਬਕਾਰੀ ਤੇ ਕਰ ਵਿਭਾਗ ਵਿਚ ਕੀਤਾ ਹੋਇਆ ਹੈ।ਇਨ੍ਹਾਂ ਦੋਹਾਂ ਬਟਾਲੀਅਨਾਂ ਦੀ ਕੁੱਲ ਨਫਰੀ ਤਕਰੀਬਨ 800 ਦੇ ਬਣਦੀ ਹੈ, ਜਿਸ ਨੂੰ ਗੁਆਂਢੀ ਸੂਬਿਆਂ 'ਤੇ ਪੈਂਦੇ ਟੈਕਸ ਬੈਰੀਅਰਾਂ, 8 ਮੋਬਾਈਲ ਵਿੰਗਾਂ ਅਤੇ ਜ਼ਿਲ੍ਹਿਆਂ ਦੇ ਆਬਕਾਰੀ ਵਿੰਗਾਂ ਵਿਚ ਤਾਇਨਾਤ ਕੀਤਾ ਹੋਇਆ ਹੈ। ਪੰਜਾਬ ਪੁਲਿਸ ਨੇ ਕੁਝ ਦਿਨ ਪਹਿਲਾਂ 400 ਮੁਲਾਜ਼ਮ ਵਾਪਸ ਬੁਲਾ ਲਏ ਸਨ। ਇਨ੍ਹਾਂ ਮੁਲਾਜ਼ਮਾਂ ਨੂੰ ਕਾਨੂੰਨ ਵਿਵਸਥਾ ਦੀ ਡਿਊਟੀ 'ਤੇ ਲਗਾਇਆ ਗਿਆ ਹੈ। 400 ਮੁਲਾਜ਼ਮਾਂ ਨੂੰ ਵਾਪਸ ਬੁਲਾਉਣ ਦੀ ਨਤੀਜਾ ਇਹ ਨਿਕਲਿਆ ਕਿ ਪਿਛਲੇ ਦਿਨਾਂ ਤੋਂ ਆਬਕਾਰੀ ਤੇ ਕਰ ਵਿਭਾਗ ਦੇ ਮੋਬਾਈਲ ਵਿੰਗ ਤੇ ਜ਼ਿਲ੍ਹਾ ਆਬਕਾਰੀ ਵਿੰਗ ਦੀਆਂ ਗਤੀਵਿਧੀਆਂ ਠੱਪ ਹੋ ਰਹਿ ਗਈਆਂ ਹਨ। ਵਿਭਾਗ ਦੇ ਅਧਿਕਾਰੀਆਂ ਮੁਤਾਬਕ ਪੁਲਿਸ ਫੋਰਸ ਦੀ ਸਹਾਇਤਾਂ ਤੋਂ ਬਿਨਾਂ ਟੈਕਸ ਚੋਰਾਂ ਨੂੰ ਹੱਥ ਪਾਉਣਾ ਖ਼ਤਰੇ ਤੋਂ ਖਾਲੀ ਨਹੀਂ ਕਿਉਂਕਿ ਟੈਕਸ ਚੋਰ ਕਈ ਵਾਰੀ ਅਧਿਕਾਰੀਆਂ 'ਤੇ ਹਮਲੇ ਵੀ ਕਰ ਦਿੰਦੇ ਹਨ। ਵਿਭਾਗ ਦੇ ਮੋਬਾਈਲ ਵਿੰਗ ਵਿਚ 10 ਤੋਂ 12 ਪੁਲਿਸ ਮੁਲਾਜ਼ਮ ਪ੍ਰਤੀ ਵਿੰਗ ਤਾਇਨਾਤ ਹੁੰਦੇ ਹਨ ਤੇ ਜ਼ਿਲ੍ਹਿਆਂ ਦੇ ਆਬਕਾਰੀ ਵਿੰਗ ਵਿਚ ਪ੍ਰਤੀ ਵਿੰਗ 20 ਪੁਲਿਸ ਕਰਮਚਾਰੀ ਹੁੰਦੇ ਹਨ। ਬੈਰੀਅਰਾਂ 'ਤੇ 35 ਤੋਂ 40 ਮੁਲਾਜ਼ਮ ਤਾਇਨਾਤ ਰਹਿੰਦੇ ਹਨ। ਸੂਬੇ ਵਿਚ ਕੁੱਲ 37 ਬੈਰੀਅਰ ਹਨ। ਟੈਕਸ ਦੀ ਚੋਰੀ ਜ਼ਿਆਦਾਤਰ ਰਾਤ ਸਮੇਂ ਹੁੰਦੀ ਹੈ ਜਦੋਂ ਟੈਕਸ ਅਦਾ ਕੀਤੇ ਬਿਨਾਂ ਮਾਲ ਫੈਕਟਰੀ 'ਚੋਂ ਸਿੱਧਾ ਦੂਜੇ ਰਾਜਾਂ ਨੂੰ ਭੇਜ ਦਿੱਤਾ ਜਾਂਦਾ ਹੈ।ਵਿਭਾਗ ਨੇ ਇਹ ਮਾਮਲਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਧਿਆਨ ਵਿਚ ਵੀ ਲਿਆਂਦਾ ਹੈ। ਪੰਜਾਬ ਪੁਲਿਸ ਨੇ ਕੁਝ ਮਹੀਨੇ ਪਹਿਲਾਂ ਵੀ ਇਸੇ ਤਰ੍ਹਾਂ ਕਰ ਤੇ ਆਬਕਾਰੀ ਵਿਭਾਗ ਵਿਚ ਤਾਇਨਾਤ ਅੱਧੇ ਮੁਲਾਜ਼ਮਾਂ ਨੂੰ ਹੋਰਨਾਂ ਸੇਵਾਵਾਂ ਲਈ ਲਾ ਦਿੱਤਾ ਸੀ।

ਜਾਣਕਾਰੀ ਮੁਤਾਬਕ ਸਾਲ 2011-12 ਦੌਰਾਨ ਟੈਕਸ ਦੀ ਵਸੂਲੀ 12227 ਕਰੋੜ ਰੁਪਏ ਤੇ 2012-13 ਦੌਰਾਨ 14500 ਕਰੋੜ ਰੁਪਏ ਸੀ ਅਤੇ ਚਲੰਤ ਮਾਲੀ ਸਾਲ ਦੌਰਾਨ ਸਰਕਾਰ ਨੇ ਟੈਕਸ ਦੀ ਵਸੂਲੀ ਦਾ ਟੀਚਾ 20 ਹਜ਼ਾਰ ਕਰੋੜ ਮਿੱਥਿਆ ਹੈ। ਪੰਜਾਬ ਪੁਲਿਸ ਵੱਲੋਂ ਵਿਭਾਗ ਵਿਚ ਤਾਇਨਾਤ ਫੋਰਸ ਦਾ ਵੱਡਾ ਹਿੱਸਾ ਵਾਪਸ ਬੁਲਾਏ ਜਾਣ ਕਾਰਨ ਯਕੀਨਨ ਹੀ ਵਿਭਾਗ ਦੀ ਕਾਰਗੁਜ਼ਾਰੀ 'ਤੇ ਅਸਰ ਪਿਆ ਹੈ।

## ਪੰਜਾਬ 'ਚ ਤਿੰਨ ਅਤਿ ਅਧੁਨਿਕ ਜੇਲ੍ਹਾਂ ਲਈ ਯੋਜਨਾ ਨੂੰ ਪ੍ਰਵਾਨਗੀ

**ਚੰਡੀਗੜ੍ਹ:** ਪੰਜਾਬ ਦੇ ਅੰਮ੍ਰਿਤਸਰ, ਬਠਿੰਡਾ ਤੇ ਮੁਕਤਸਰ ਜ਼ਿਲ੍ਹਿਆਂ ਵਿਚ ਦੋ ਸਾਲਾਂ ਵਿਚ 447 ਕਰੋੜ ਰੁਪਏ ਦੀ ਲਾਗਤ ਨਾਲ ਅਤਿ ਆਧੁਨਿਕ ਉੱਚ ਸੁਰੱਖਿਆ ਵਾਲੀਆਂ ਜੇਲ੍ਹਾਂ ਬਣਨਗੀਆਂ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਨ੍ਹਾਂ ਜੇਲ੍ਹਾਂ ਦੇ ਡਿਜ਼ਾਈਨ ਤੇ ਯੋਜਨਾ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਬਾਰੇ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਵਲੋਂ ਆਪਣੀ ਸਰਕਾਰੀ ਰਿਹਾਇਸ਼ 'ਤੇ ਜੇਲ੍ਹ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਇਸ ਬਾਰੇ ਅਹਿਮ ਮੀਟਿੰਗ ਦੀ ਪ੍ਰਧਾਨਗੀ ਕੀਤੀ ਗਈ। ਮੁੱਖ ਮੰਤਰੀ ਨੇ ਜੇਲ੍ਹ ਵਿਭਾਗ ਦੇ ਅਧਿਕਾਰੀਆਂ ਨੂੰ ਹੁਕਮ ਦਿੱਤੇ ਕਿ ਤਿੰਨਾਂ ਜੇਲ੍ਹਾਂ ਨੂੰ ਸਮਾਂਬੱਧ ਤਿਆਰ ਕਰਵਾਉਣ ਲਈ ਜੂਨ ਅੰਤ ਤੱਕ ਟੈਂਡਰਾਂ ਬਾਰੇ ਸਾਰੀ ਪ੍ਰਕਿਰਿਆ ਪੂਰੀ ਕਰ ਲਈ ਜਾਵੇ। ਉਨ੍ਹਾਂ ਇਹ ਹੁਕਮ ਵੀ ਦਿੱਤੇ ਕਿ ਟੈਂਡਰ ਤੇ ਸਮਝੌਤੇ ਦੇ ਦਸਤਾਵੇਜ਼ਾਂ ਵਿਚ ਇਹ ਸਖ਼ਤ ਸ਼ਰਤ ਜ਼ਰੂਰ ਰੱਖੀ ਜਾਵੇ ਕਿ ਜੇਕਰ ਕਿਸੇ ਠੇਕੇਦਾਰ ਜਾਂ ਕੰਪਨੀ ਨੇ ਆਪਣਾ ਕੰਮ ਅੱਗੇ ਕਿਸੇ ਹੋਰ ਨੂੰ ਸੌਂਪਿਆ ਤਾਂ ਸਬੰਧਤ ਕੰਪਨੀ ਨੂੰ ਭਾਰੀ ਜੁਰਮਾਨਾ ਕੀਤਾ ਜਾਵੇਗਾ। ਸ. ਬਾਦਲ ਨੇ ਸੂਬੇ ਦੀਆਂ ਜੇਲ੍ਹਾਂ ਵਿਚ ਵੱਖ-ਵੱਖ ਤਰ੍ਹਾਂ ਦੇ ਛੋਟੇ ਉਦਯੋਗਿਕ ਯੂਨਿਟ ਸਥਾਪਤ ਕਰਨ ਦੀ ਯੋਜਨਾ ਲਈ ਵੀ 2.50 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ।

## ਸਿਪਾਹੀ ਵੱਲੋਂ ਸੱਸ ਤੇ ਭੂਆ ਦੀ ਹੱਤਿਆ

**ਚੰਡੀਗੜ੍ਹ:** ਮੁਅੱਤਲ ਸਿਪਾਹੀ ਨੇ ਅਸਲਾਖ਼ਾਨੇ ਵਿਚੋਂ ਬੰਦੂਕ ਲੈ ਕੇ ਅਤੇ ਵਰਦੀ ਪਹਿਨ ਕੇ ਸੋਨੀਪਤ ਵਿਖੇ ਆਪਣੇ ਸਹੁਰਾ ਪਰਿਵਾਰ 'ਤੇ ਅੰਧਾ ਧੁੰਦ ਗੋਲੀ ਚਲਾ ਦਿੱਤੀ ਜਿਸ ਨਾਲ ਉਸ ਦੀ ਸੱਸ ਤੇ ਭੂਆ ਦੀ ਮੌਤ ਹੋ ਗਈ। ਗੰਭੀਰ ਜ਼ਖ਼ਮੀ ਹੋਏ ਉਸ ਦੇ ਸਾਲੇ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ।

ਜਾਣਕਾਰੀ ਮੁਤਾਬਕ ਚੰਡੀਗੜ੍ਹ ਪੁਲਿਸ ਦੀ ਆਈ.ਆਰ.ਬੀ ਬਟਾਲੀਅਨ ਵਿਚ ਤਾਇਨਾਤ ਤੇ ਮੁਅੱਤਲ ਚੱਲ ਰਿਹਾ ਸਿਪਾਹੀ ਬਸੰਤ ਮੂਲ ਰੂਪ ਵਿਚ ਹਰਿਆਣਾ ਦਾ ਰਹਿਣ ਵਾਲਾ ਹੈ ਤੇ ਉਸ ਨੇ ਕੁਝ ਸਮਾਂ ਪਹਿਲਾਂ ਪ੍ਰੇਮ ਵਿਆਹ ਕਰਵਾਇਆ ਸੀ, ਪਰ ਪ੍ਰੇਮ ਵਿਆਹ ਕਰਵਾਉਣ ਪਿਛੋਂ ਉਸ ਦੀਆਂ ਪਰਿਵਾਰਕ ਉਲਝਣਾਂ ਸ਼ੁਰੂ ਹੋ ਗਈਆਂ, ਜਿਸ ਕਾਰਨ ਉਹ ਅਕਸਰ ਹੀ ਨੌਕਰੀ ਤੋਂ ਗ਼ੈਰ ਹਾਜ਼ਰ ਰਹਿਣ ਲੱਗ ਪਿਆ। 26 ਮਾਰਚ ਨੂੰ ਉਸ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ ਤੇ ਉਹ ਸੈਕਟਰ 26 ਪੁਲਿਸ ਲਾਈਨ ਵਿਚ ਰਹਿ ਰਿਹਾ ਸੀ। ਘਟਨਾ ਪਿੱਛੇ ਅਸਲ ਕਾਰਨ ਉਸ ਦੇ ਪ੍ਰੇਮ ਵਿਆਹ ਨੂੰ ਹੀ ਸਮਝਿਆ ਜਾ ਰਿਹਾ ਹੈ।

# ਭਰਾ ਦੀ ਗੋਲੀ ਨਾਲ ਹੋਈ ਸੀ ਪੌਂਟੀ ਚੱਢਾ ਦੀ ਮੌਤ

**ਨਵੀਂ ਦਿੱਲੀ:** ਪੁਲਿਸ ਨੇ ਅਦਾਲਤ 'ਚ ਚਾਰਜਸ਼ੀਟ ਪੇਸ਼ ਕਰਦਿਆਂ ਦਾਅਵਾ ਕੀਤਾ ਹੈ ਕਿ ਸ਼ਰਾਬ ਦੇ ਕਾਰੋਬਾਰੀ ਪੌਂਟੀ ਚੱਢਾ ਦੀ ਮੌਤ ਉਸ ਦੇ ਭਰਾ ਹਰਦੀਪ ਚੱਢਾ ਦੀ ਗੋਲੀ ਨਾਲ ਹੋਈ ਸੀ।ਇਹ ਕਤਲ ਕਾਂਡ ਬੀਤੇ ਸਾਲ ਨਵੰਬਰ ਮਹੀਨੇ ਵਿਚ ਇਥੇ ਇਕ ਫਾਰਮ ਹਾਊਸ ਵਿਚ ਵਾਪਰਿਆ ਸੀ। ਪੁਲਿਸ ਨੇ ਇਸ ਬਾਰੇ ਫਰਦ ਜੁਰਮ ਚੀਫ ਮੈਟਰੋਪੌਲਿਟਨ ਮੈਜਿਸਟਰੇਟ ਰਾਜ ਕੁਮਾਰ ਤ੍ਰਿਪਾਠੀ ਦੀ ਅਦਾਲਤ ਵਿਚ ਪੇਸ਼ ਕੀਤੀ। ਪੁਲਿਸ ਨੇ ਚਾਰਜਸ਼ੀਟ ਵਿਚ ਲਿਖਿਆ ਹੈ ਕਿ ਜਾਂਚ ਤੋਂ ਸਾਹਮਣੇ ਆਇਆ ਹੈ ਕਿ ਹਰਦੀਪ ਸਿੰਘ ਚੱਢਾ ਨੇ ਨਰਿੰਦਰ ਅਹਿਲਾਵਤ (ਪੌਂਟੀ ਦਾ ਮੈਨੇਜਰ) ਨੂੰ ਗੰਭੀਰ ਜ਼ਖ਼ਮੀ ਕੀਤਾ ਤੇ ਗੁਰਦੀਪ ਸਿੰਘ ਉਰਫ ਪੌਂਟੀ ਚੱਢਾ ਦੀ ਜਾਨ ਲਈ। ਇਸ ਵਿਚ ਕਿਹਾ ਗਿਆ ਹੈ ਕਿ ਹਰਦੀਪ ਦੀ ਮੌਤ



ਐਸ.ਐਸ ਨਾਮਧਾਰੀ (ਉੱਤਰਾਖੰਡ ਘੱਟ ਗਿਣਤੀ ਕਮਿਸ਼ਨ ਦਾ ਬਰਖ਼ਾਸਤ ਕੀਤਾ ਗਿਆ ਮੁਖੀ) ਤੇ ਸਚਿਨ ਤਿਆਗੀ (ਨਾਮਧਾਰੀ ਦਾ ਪੀ.ਐਸ.ਓ) ਵੱਲੋਂ ਚਲਾਈਆਂ ਗੋਲੀਆਂ ਕਾਰਨ ਹੋਈ। ਜਾਂਚ ਵਿਚ ਹੋਰ ਕਿਸੇ ਵਿਅਕਤੀ ਦੀ ਉਪਰੋਕਤ ਸੱਟਾਂ/ਮੌਤਾਂ ਵਿਚ ਸ਼ਮੂਲੀਅਤ ਦਾ ਪਤਾ ਨਹੀਂ ਲੱਗਦਾ।

ਇਸ ਤੋਂ ਪਹਿਲਾਂ ਪੁਲਿਸ ਨੇ ਇਕ ਵੱਖਰੇ ਕੇਸ ਵਿਚ ਪੌਂਟੀ, ਨਾਮਧਾਰੀ ਤੇ ਤਿਆਗੀ ਖ਼ਿਲਾਫ਼ ਕਤਲ ਤੇ ਹੋਰ ਦੋਸ਼ਾਂ ਤਹਿਤ ਚਾਰਜਸ਼ੀਟ ਦਾਖਲ ਕੀਤੀ ਸੀ। ਪੁਲਿਸ ਨੇ ਇਸ ਚਾਰਜਸ਼ੀਟ ਵਿਚ 19 ਹੋਰਾਂ ਨੂੰ ਵੀ ਇਰਾਦਾ ਕਤਲ, ਨੁਕਸਾਨ ਪਹੁੰਚਾਉਣ, ਦੰਗੇ, ਫਸਾਦ, ਅਗਵਾ ਤੇ ਨਾਜਾਇਜ਼ ਕਬਜ਼ੇ ਵਰਗੀਆਂ ਧਾਰਾਵਾਂ ਤਹਿਤ ਮੁਲਜ਼ਮ ਬਣਾਇਆ ਸੀ।

## ਦਸ ਸਾਲਾ ਬੱਚੇ ਦਾ ਸਿਰ ਕਲਮ

**ਮਾਹਿਲਪੁਰ:** ਬਲਾਕ ਦੇ ਪਿੰਡ ਜੰਡੋਲੀ ਵਿਖੇ ਇਕ ਵਿਅਕਤੀ ਨੇ ਆਪਣੀ ਛੋਟੀ ਭੈਣ ਨਾਲ ਘਰ ਪਰਤ ਰਹੇ ਇਕ 10 ਸਾਲਾ ਬੱਚੇ ਦਾ ਤੇਜ਼ਧਾਰ ਹਥਿਆਰ ਨਾਲ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਬੱਚਾ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਸ ਦੇ ਨਾਲ ਆ ਰਹੀ ਉਸ ਦੀ ਛੋਟੀ ਭੈਣ ਮੌਕੇ 'ਤੇ ਹੀ ਬੇਹੋਸ਼ ਹੋ ਗਈ। ਉਸ ਨੂੰ 10 ਮਿੰਟ ਪਿੱਛੋਂ ਜਦ ਹੋਸ਼ ਆਈ ਤਾਂ ਉਸ ਨੇ ਆਪਣੇ ਪਰਿਵਾਰ ਨੂੰ ਸਾਰੀ ਜਾਣਕਾਰੀ ਦਿੱਤੀ। ਪਿੰਡ ਜੰਡੋਲੀ ਦੇ ਜਸਵਿੰਦਰ ਸਿੰਘ ਉਰਫ ਬਿੰਦਾ (50) ਨੇ ਪਿੰਡ ਤੋਂ ਬਾਹਰਵਾਰ ਇਕ ਧਾਰਮਿਕ ਸਥਾਨ ਲਾਗੇ ਖੇਤਾਂ ਵਿਚੋਂ ਤੂੜੀ ਲੈ ਕੇ ਆਪਣੀ ਛੋਟੀ ਭੈਣ ਰਾਜਵਿੰਦਰ ਕੌਰ ਨਾਲ ਘਰ ਨੂੰ ਪੈਦਲ ਆ ਰਹੇ ਲੜਕੇ ਬਲਕਾਰ ਚੰਦ (10) ਪੁੱਤਰ ਅਸ਼ੋਕਪਾਲ 'ਤੇ ਬਿਨਾਂ ਕਿਸੇ ਕਾਰਨ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਕੇ ਉਸ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਸਾਰਾ ਪਿੰਡ ਘਟਨਾ ਦਾ ਪਤਾ ਲਗਦਿਆਂ ਹੀ ਮੌਕੇ 'ਤੇ ਪਹੁੰਚ ਗਿਆ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਗਿਆ ਹੈ।

## ਪੁਲਿਸ ਤੋਂ ਸਤਾਏ ਬੰਦੇ ਵੱਲੋਂ ਖੁਦਕੁਸ਼ੀ

**ਜੈਂਤੀਪੁਰ:** ਪੁਲਿਸ ਤੋਂ ਸਤੇ ਇਕ ਵਿਅਕਤੀ ਨੇ ਇਥੇ ਰੇਲਵੇ ਸਟੇਸ਼ਨ ਨੇੜੇ ਗੱਡੀ ਥੱਲੇ ਆ ਕੇ ਖੁਦਕੁਸ਼ੀ ਕਰ ਲਈ। ਮਿਲੀ ਜਾਣਕਾਰੀ ਮੁਤਾਬਕ ਸੀ.ਆਈ.ਏ ਸਟਾਫ ਬਟਾਲਾ ਦੇ ਇੰਚਾਰਜ ਨੇ ਪੈਸਿਆਂ ਦੇ ਲੈਣ ਦੇਣ ਬਾਰੇ ਫੁਰਮਾਨ ਮਸੀਹ ਪੁੱਤਰ ਕੈਲੋਂ ਮਸੀਹ ਵਾਸੀ ਪਿੰਡ ਉਗੜੂ ਖੈੜਾ ਜ਼ਿਲ੍ਹਾ ਗੁਰਦਾਸਪੁਰ ਦੇ ਲੜਕੇ ਹੈਪੀ ਤੇ ਮਨੂੰ ਪੁੱਤਰ ਤੁੰਗਾ ਮਸੀਹ ਨੂੰ 12 ਅਪ੍ਰੈਲ ਨੂੰ ਥਾਣੇ ਵਿਚ ਡੱਕੀ ਰੱਖਿਆ। ਇਸੇ ਦਰਮਿਆਨ ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ ਦੇ ਚੇਅਰਮੈਨ ਰਜਿੰਦਰ ਕੁਮਾਰ ਪੱਪੂ ਨੇ ਦੋਵਾਂ ਧਿਰਾਂ ਦਾ ਰਾਜੀਨਾਮਾ ਕਰਵਾ ਦਿੱਤਾ ਜਿਸ 'ਤੇ ਤੈਸ਼ ਵਿਚ ਆਏ ਸੀ.ਆਈ.ਏ ਸਟਾਫ਼ ਦੇ ਇੰਚਾਰਜ ਵਿਦਿਆ ਸਾਗਰ ਨੇ ਫੁਰਮਾਨ ਮਸੀਹ ਨੂੰ ਡਰਾਉਣਾ-ਧਮਕਾਉਣਾ ਸ਼ੁਰੂ ਕਰ ਦਿੱਤਾ। ਇਸ 'ਤੇ ਉਸ ਨੇ 80 ਹਜ਼ਾਰ ਰੁਪਏ ਦੀ ਰਕਮ ਇੰਜਾਰਜ ਨੂੰ ਦਿੱਤੀ ਪਰ ਉਸ ਨੇ ਹੋਰ ਪੈਸਿਆਂ ਦੀ ਮੰਗ ਕੀਤੀ ਤੇ ਕਿਹਾ ਕਿ ਪੈਸੇ ਨਾ ਦੇਣ ਦੀ ਸੂਰਤ ਵਿਚ ਉਸ ਦਾ ਸਾਰਾ ਟੱਬਰ ਥਾਣੇ ਵਿਚ ਡੱਕ ਦਿਆਂਗਾ। ਉਸ ਦੇ ਨਾਲ ਗਏ ਮੋਹਤਬਰਾਂ ਨੂੰ ਵੀ ਮਾਨਸਿਕ ਤੌਰ 'ਤੇ ਜ਼ਲੀਲ ਕੀਤਾ ਗਿਆ। ਨਮੋਸ਼ੀ ਕਾਰਨ ਫੁਰਮਾਨ ਮਸੀਹ ਪਿੰਡ ਨਾ ਪਹੁੰਚਿਆ ਤੇ ਉਸ ਨੇ ਰੇਲਵੇ ਸਟੇਸ਼ਨ ਜੈਂਤੀਪੁਰ ਨੇੜੇ ਗੱਡੀ ਹੇਠਾਂ ਆ ਕੇ ਖੁਦਕੁਸ਼ੀ ਕਰ ਲਈ। ਕੌਮੀ ਐਸ.ਸੀ.ਐਸ.ਟੀ ਕਮਿਸ਼ਨ ਦੇ ਉਪ ਚੇਅਰਮੈਨ ਡਾ. ਰਾਜ ਕੁਮਾਰ ਵੇਰਕਾ ਨੇ ਕਿਹਾ ਕਿ ਉਹ ਤੁਰੰਤ ਇਸ ਬਾਰੇ ਰਿਪੋਰਟ ਤਲਬ ਕਰਨਗੇ।

# ਪੰਜਾਬ ਬਣਿਆ ਨਸ਼ੀਲੇ ਪਦਾਰਥਾਂ ਤੇ ਜਾਅਲੀ ਕਰੰਸੀ ਦਾ ਧੁਰਾ

## ਪਾਕਿਸਤਾਨੀ ਤਸਕਰਾਂ ਲਈ ਪੰਜਾਬ ਦੀ ਸਰਹੱਦ ਸਭ ਤੋਂ ਸੌਖਾ ਰਾਹ

**ਅੰਮ੍ਰਿਤਸਰ:** ਪਾਕਿਸਤਾਨੀ ਤਸਕਰ ਭਾਰਤ ਵਿਚ ਨਸ਼ੀਲੇ ਪਦਾਰਥ ਹੈਰੋਇਨ ਤੇ ਜਾਅਲੀ ਕਰੰਸੀ ਦੀ ਸਪਲਾਈ ਲਈ ਪੰਜਾਬ ਸਰਹੱਦ ਰਸਤੇ ਨੂੰ ਸਭ ਤੋਂ ਸੌਖਾ ਤੇ ਸੁਰੱਖਿਅਤ ਲਾਂਘਾ ਮੰਨ ਰਹੇ ਹਨ। ਭਾਰਤੀ ਕਰੰਸੀ ਦੀ ਬਰਾਮਦਗੀ ਦੇ ਅੰਕੜਿਆਂ 'ਤੇ ਨਿਗ੍ਹਾ ਪਾਈ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ 70% ਤਸਕਰੀ ਪੰਜਾਬ ਸਰਹੱਦ ਰਸਤੇ ਤੇ ਬਾਕੀ 30 ਫ਼ੀਸਦੀ ਭਾਰਤ-ਨੇਪਾਲ ਸਰਹੱਦ ਤੇ ਹੋਰ ਰਸਤਿਆਂ ਰਾਹੀਂ ਹੋ ਰਹੀ ਹੈ।

ਪੰਜਾਬ ਵਿਚੋਂ ਕੀਤੀ ਗਈ ਕੁਲ ਬਰਾਮਦਗੀ ਵਿਚੋਂ 65 ਫੀਸਦੀ ਬਰਾਮਦਗੀ ਬੀਐਸਐਫ ਤੇ ਬਾਕੀ 35 ਫੀਸਦੀ ਹੋਰ ਸੁਰੱਖਿਆ ਏਜੰਸੀਆਂ ਦੀ ਕਾਰਗੁਜ਼ਾਰੀ ਹੈ। ਬੀਐਸਐਫ ਨੇ 2012 ਵਿਚ ਸਰਹੱਦ ਤੋਂ 288 ਕਿਲੋ ਹੈਰੋਇਨ, 540 ਗ੍ਰਾਮ ਅਫੀਮ, 5 ਕਿਲੋ ਭੁੱਕੀ, 46 ਲੱਖ 21 ਹਜ਼ਾਰ ਰੁਪਏ ਦੀ ਜਾਅਲੀ ਭਾਰਤੀ ਕਰੰਸੀ, 33 ਹਥਿਆਰ ਤੇ ਤਸਕਰ ਆਦਿ ਕਾਬੂ ਕੀਤੇ ਸਨ। 2013 ਵਿਚ ਹੁਣ ਤੱਕ ਸਿਰਫ ਸਾਢੇ ਤਿੰਨ ਮਹੀਨਿਆਂ ਵਿਚ 144 ਕਿਲੋ ਹੈਰੋਇਨ, 237 ਕਿਲੋ ਭੁੱਕੀ, 48 ਲੱਖ ਦੀ ਜਾਅਲੀ ਭਾਰਤੀ ਕਰੰਸੀ ਤੇ ਤਿੰਨ ਹਥਿਆਰ ਬਰਾਮਦ ਕੀਤੇ ਜਾ ਚੁੱਕੇ ਹਨ। ਵੇਰਵੇ ਦੱਸਦੇ ਹਨ ਕਿ ਪੰਜਾਬ ਨਾਲ ਲੱਗਦੀ ਪਾਕਿਸਤਾਨ ਦੀ ਤਕਰੀਬਨ 550 ਕਿਲੋਮੀਟਰ




ਤੋਂ ਵਧੇਰੇ ਲੰਮੀ ਸਰਹੱਦ 'ਤੇ 21 ਕਿਲੋਮੀਟਰ ਦਾ ਖੇਤਰ ਅਜਿਹਾ ਹੈ, ਜਿਥੇ ਭੂਗੋਲਿਕ ਸਥਿਤੀਆਂ ਕਾਰਨ ਕੰਡਿਆਲੀ ਤਾਰ ਦਾ ਕੋਈ ਪ੍ਰਭਾਵ ਨਹੀਂ ਹੈ। ਇਸ ਖੇਤਰ ਵਿਚ ਉਬੜ-ਖਾਬੜ ਤੇ ਉੱਚੀ ਨੀਵੀਂ ਜ਼ਮੀਨ ਤੋਂ ਇਲਾਵਾ 9 ਕਿਲੋਮੀਟਰ ਦਾ ਖੇਤਰ ਦਰਿਆਈ ਇਲਾਕਾ ਹੈ, ਜਿਥੇ ਕਈ ਵਾਰ ਕੰਡਿਆਲੀ ਤਾਰ ਲਾਈ ਜਾ ਚੁੱਕੀ ਹੈ ਪਰ ਪਾਣੀ ਦੇ ਤੇਜ਼ ਵਹਾਅ ਕਾਰਨ ਇਹ ਰੁੜ੍ਹ ਜਾਂਦੀ ਹੈ। ਇਨ੍ਹਾਂ ਨਾਜ਼ੁਕ ਥਾਵਾਂ 'ਤੇ ਬੀਐਸਐਫ ਵੱਲੋਂ ਵਧੇਰੇ ਚੌਕਸੀ ਦੇ ਪ੍ਰਬੰਧ ਵੀ ਹਨ ਪਰ ਤਸਕਰੀ ਦੀਆਂ ਘਟਨਾਵਾਂ ਪੂਰੀ ਤਰ੍ਹਾਂ ਕਾਬੂ ਹੇਠ ਨਹੀਂ ਹਨ। ਇਨ੍ਹਾਂ ਤੋਂ ਇਲਾਵਾ ਪਾਕਿਸਤਾਨੀ ਸਰਹੱਦ ਵਾਲੇ ਪਾਸੇ ਭਾਰਤੀ ਜ਼ਮੀਨ, ਜੋ ਕੰਡਿਆਲੀ ਤਾਰ ਤੋਂ ਪਾਰ ਹੈ, ਉਪਰ ਲੱਗੀ ਫਸਲ ਦਾ ਵੀ ਤਸਕਰਾਂ ਨੂੰ ਲਾਭ ਮਿਲਦਾ ਹੈ। ਜਦੋਂ ਇਹ ਫਸਲ ਜਵਾਨ ਹੁੰਦੀ ਹੈ ਤਾਂ ਤਸਕਰਾਂ ਵੱਲੋਂ ਇਸ ਫਸਲ ਵਿਚ ਲੁਕ ਕੇ ਰਾਤ ਸਮੇਂ ਤਸਕਰੀ ਨੂੰ ਅੰਜਾਮ ਦਿੱਤਾ ਜਾਂਦਾ ਹੈ।

ਬੀਐਸਐਫ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਤਸਕਰਾਂ ਨੂੰ ਅਤਿਵਾਦੀਆਂ ਤੇ ਪਾਕਿਸਤਾਨ ਖੁਫ਼ੀਆ ਏਜੰਸੀ ਆਈਐਸਆਈ ਦੀ ਸ਼ਹਿ ਪ੍ਰਾਪਤ ਹੈ। ਉਨ੍ਹਾਂ ਇਹ ਵੀ ਮੰਨਿਆ ਕਿ ਪਾਕਿਸਤਾਨ ਸਰਹੱਦ 'ਤੇ ਤਾਇਨਾਤ ਪਾਕਿ ਰੇਂਜਰਾਂ ਦਾ ਵੀ ਤਸਕਰਾਂ ਨੂੰ ਸਹਿਯੋਗ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਬਾਰੇ ਬੀਐਸਐਫ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਸਰਹੱਦ 'ਤੇ ਬੀਐਸਐਫ ਦੀ ਵਧੇਰੇ ਚੌਕਸੀ ਕਾਰਨ ਹੀ ਤਸਕਰੀ ਦੀਆਂ ਘਟਨਾਵਾਂ ਨੂੰ ਅਸਫ਼ਲ ਬਣਾਇਆ ਜਾ ਚੁੱਕਾ ਹੈ। ਪੰਜਾਬ ਸਰਹੱਦ ਨੂੰ ਸੁਰੱਖਿਆ ਤੇ ਚੌਕਸੀ ਪੱਖੋਂ ਹੋਰ ਮਜ਼ਬੂਤ ਕਰਨ ਲਈ ਇਥੇ ਬੀਐਸਐਫ ਦੀ ਇਕ ਹੋਰ ਬਟਾਲੀਅਨ ਦਾ ਵਾਧਾ ਕੀਤਾ ਜਾ ਰਿਹਾ ਹੈ ਜਿਸ ਨਾਲ ਨਾਜ਼ੁਕ ਥਾਵਾਂ 'ਤੇ ਵਧੇਰੇ ਚੌਕਸੀ ਵਧਾਈ ਜਾ ਸਕੇਗੀ।

## ਕਿਊਬਾ ਦੇ ਫਿਲਮ ਨਿਰਮਾਤਾ ਅਲਫਰੈਡੋ ਗੁਏਰਾ ਦੀ ਮੌਤ

**ਹਵਾਨਾ:** ਕਿਊਬਾ ਦੇ ਪ੍ਰਸਿੱਧ ਫਿਲਮ ਨਿਰਮਾਤਾ, ਬੁੱਧੀਜੀਵੀ ਤੇ ਸਭਿਆਚਾਰਕ ਲਹਿਰ ਦੇ ਆਗੂ ਅਲਫਰੈਡੋ ਗੁਏਰਾ ਦੀ ਮੌਤ ਹੋ ਗਈ ਹੈ। ਉਹ 87 ਵਰ੍ਹਿਆਂ ਦੇ ਸਨ। ਸ੍ਰੀ ਗੁਏਰਾ ਸਾਬਕਾ ਰਾਸ਼ਟਰਪਤੀ ਫੀਦਲ ਕਾਸਤਰੋ ਤੇ ਰਾਊਲ ਕਾਸਤਰੋ ਦੇ ਕਾਫੀ ਕਰੀਬੀ ਸਨ। 1959 ਦੇ ਕਿਊਬਾ ਇਨਕਲਾਬ ਤੋਂ ਬਾਅਦ ਉਹ ਸਿਰਕੱਢ ਸਭਿਆਚਾਰਕ ਕਾਮਾ ਬਣ ਗਏ।

# ਪੰਜਾਬ ਸਪੋਰਟਸ

# ਅੰਤਰਰਾਸ਼ਟਰੀ ਕਬੱਡੀ ਕੱਪ ਮੇਲਾ



ਸਵਰਗੀ ਸ. ਮੇਜਰ ਸਿੰਘ ਮੌਜੀ

## ਪਹਿਲਾ ਇਨਾਮ
## ਸੂਬੇਦਾਰ ਬਾਪੂ ਕਰਤਾਰ ਸਿੰਘ ਦੀ ਯਾਦ ਵਿਚ

### ਦੂਜਾ ਇਨਾਮ

ਵਰਿੰਦਰ ਸਾਹੀ, ਦਰਸ਼ਨ ਸਿੰਘ ਦਰੜ ਤੇ ਪ੍ਰਿਥਪਾਲ ਸਿੰਘ ਘੋਤੜਾ





ਦਲਜੀਤ ਸਿੰਘ ਰਾਜਪੁਰਾ ਚੇਅਰਮੈਨ



ਅਜਮੇਰ ਸਿੰਘ ਪੰਨੂ (ਪ੍ਰਧਾਨ)



ਦਰਸ਼ਨ ਸਿੰਘ ਧਾਲੀਵਾਲ, ਜਥੇਦਾਰ ਤਾਰਾ ਸਿੰਘ ਸੱਲ੍ਹਾਂ, ਬਲਦੇਵ ਸਿੰਘ ਸੱਲ੍ਹਾਂ, ਪਾਖਰ ਸਿੰਘ ਸਿੱਧੂ, ਬਚਨ ਸਿੰਘ ਗਿੱਲ, ਸ਼ਮਸ਼ੇਰ ਸਿੰਘ ਬੋਪਾਰਾਏ, ਅਮਰਜੀਤ ਸਿੰਘ ਸੰਧਰ, ਹਰਭਜਨ ਸਿੰਘ ਸੰਧਾਵਾਲੀਆ, ਬਲਬੀਰ ਸਿੰਘ ਸੈਣੀ, ਡਾ. ਹਰਜਿੰਦਰ ਸਿੰਘ ਖਹਿਰਾ



ਹਰਜੀਤ ਸਾਹੀ, ਬਲਵਿੰਦਰ ਸਿੰਘ ਸੰਧੂ, ਡਾ. ਗੁਰਚਰਨ ਸਿੰਘ ਗਰੇਵਾਲ, ਦਵਿੰਦਰ ਗੋਰਾਇਆ, ਪਰਮਜੀਤ ਸਿੱਧੂ, ਹਰਜੀਤ ਸੰਧਰ, ਕੁਲਵੰਤ ਢਿੱਲੋਂ, ਬਹਾਦਰ ਸਿੰਘ, ਹਰਿੰਦਰ ਚਾਹਲ, ਲਾਲੀ ਸਿੱਧੂ, ਹਰਪਾਲ ਟਾਂਡਾ, ਨਰਿੰਦਰ ਮੁੰਦਰ



ਜਸਵਿੰਦਰ ਜੱਸੀ, ਨਿੱਕ ਗਾਖਲ, ਗੁਲਜ਼ਾਰ ਮੁਲਤਾਨੀ, ਜਗਮੀਤ ਸਿੰਘ, ਬਾਬ ਹੁੰਦਲ, ਬਲਵਿੰਦਰ ਸਿੰਘ, ਹਰਜਿੰਦਰ ਸੰਧੂ, ਸੁਖਮੇਲ ਅਟਵਾਲ, ਲਵ ਮਿਨਹਾਸ, ਬੇਅੰਤ ਸਿੰਘ ਬੋਪਾਰਾਏ, ਭੁਪਿੰਦਰ ਸਿੰਘ ਬੋਪਾਰਾਏ, ਰੁਪਿੰਦਰ ਅਰੋੜਾ



ਜਗਦੀਸ਼ਰ ਕਲੇਰ, ਅਜੀਤ ਸਿੰਘ ਸੁੱਖੀ (ਅੰਬਰ ਪੈਲੇਸ), ਜੱਸੀ ਧਾਲੀਵਾਲ, ਬੌਬੀ ਅਤੇ ਮਨਜੀਤ ਸਿੰਘ, ਸੁਖਮਿੰਦਰ ਪੰਧੇਰ, ਦਲਜੀਤ ਚਾਹਲ, ਜਸਵਿੰਦਰ ਲੱਖਣ, ਕਿੰਟੂ ਬਾਵਾ, ਮੁਖਤਿਆਰ ਸੇਖੋਂ, ਗੁਰਿੰਦਰ ਢਿੱਲੋਂ, ਜਸਵੀਰ ਸੰਧੂ

ਸਪਾਂਸਰ- ਸ਼ਿਕਾਗੋ: ਜਸਵਿੰਦਰ ਸਿੰਘ ਗਿੱਲ ਤੇ ਨਾਜਰ ਸਿੰਘ ਗਿੱਲ (ਪਿੰਡ ਗਿੱਲਾਂ, ਲੁਧਿਆਣਾ), ਅਯੁਧਿਆ ਸਲਵਾਨ (ਸਟਾਰ ਫੂਡਜ਼), ਜੱਸੀ ਸਹੋਤਾ, ਪਾਲ ਡੰਡੋਨਾ, ਗੁਰਮੁਖ ਭੁਲਰ, ਜੱਸੀ ਸੰਧੂ, ਜਰਨੈਲ ਸਿੰਘ ਮੱਲ੍ਹੀ, ਹਰਵਿੰਦਰ ਸਿੰਘ ਕੰਗ, ਚਰਨ ਸਿੰਘ (ਦੀਵਾਨ ਐਂਡ ਕਲਾਕ ਆਟੋ), ਪਰਮਿੰਦਰ ਸਿੰਘ ਹੈਪੀ, ਸਤਵਿੰਦਰ ਸਿੰਘ, ਬਿਕਰਮ ਸਿੰਘ ਸਿੱਧੂ, ਜਸਵੀਰ ਸੋਢੀ, ਬਲਦੇਵ ਸਿੰਘ ਬਾਗੜੀ, ਅੰਮ੍ਰਿਤਪਾਲ ਸਿੰਘ ਰੰਧਾਵਾ, ਸੁਖਵੀਰ ਸਿੰਘ ਗੋਗਨਾ, ਹਰਜੀਤ ਸਿੰਘ, ਗੁਰਮੀਤ ਸਿੰਘ ਭੋਲਾ, ਗੁਰਦਿੱਤ ਸਿੰਘ ਸੈਣੀ, ਰਵੀ (ਆਰ ਕੇ ਕਾਰਪੈਟਸ), ਪਰਦੀਪ ਸਲਵਾਨ (ਆਪਣਾ ਫੂਡਜ਼), ਇੰਦਰ ਦੇਵ (ਪੰਜਾਬੀ ਢਾਬਾ), ਸੁਰਿੰਦਰ ਜੈਨ (ਆਸ਼ਿਆਨਾ ਬੈਂਕੁਇਟ), ਮਹਾਰਾਜਾ ਰੈਸਟੋਰੈਂਟ (ਰੋਜ਼ਮਾਂਟ), ਡਾ. ਗੁਰਦਿਆਲ ਸਿੰਘ ਬਸਰਾਨ, ਡਾ. ਹਰਗੁਰਮੁਖਪਾਲ ਸਿੰਘ, ਹਰਦਿਆਲ ਸਿੰਘ ਦਿਓਲ, ਠਾਕਰ ਸਿੰਘ ਬਸਾਤੀ, ਪ੍ਰੋ. ਜੋਗਿੰਦਰ ਸਿੰਘ ਰਮਦੇਵ, ਦਲੀਪ ਪਟੇਲ, ਜਗਜੀਤ ਸਿੰਘ ਢੀਂਡਸਾ, ਸਤਪਾਲ ਸਿੰਘ ਸੰਧੂ, ਕਾਬਲ ਸਿੰਘ ਭੁੱਲਰ, ਮੰਗੀ ਟਿਵਾਣਾ, ਹਰਪ੍ਰੀਤ ਗਿੱਲ, ਜਗਜੀਤ ਨਾਹਲ, ਗਗਨਪ੍ਰੀਤ ਸਿੰਘ, ਦੀਪਾ ਵਿਰਕ ਅਤੇ ਸ਼ਿਕਾਗੋ ਟਰੱਕ ਯੂਨੀਅਨ, ਸ਼ਿਕਾਗੋ ਲਿਮੋਜ਼ੀਨ ਯੂਨੀਅਨ, ਦਰਸ਼ਨ ਸਿੰਘ ਪੰਮਾ, ਲਖਵੀਰ ਸਿੰਘ ਸੰਧੂ, ਜੈਰਾਮ ਸਿੰਘ ਕਾਹਲੋਂ, ਗੁਰਬਚਨ ਸਿੰਘ ਢੁੱਡੀਕੇ, ਮਹਿੰਦਰ ਸਿੰਘ ਭੱਠਲ, ਤਾਲੀ ਭੱਠਲ, ਕਲਸੀ ਕੰਸਟਰਕਸ਼ਨਜ਼, ਸੂਗਾ ਬਿਲਡਰਜ਼, ਅਟਾਰਨੀ ਪਾਲ ਚਾਵਲਾ, ਜਸਬੀਰ ਅਤੇ ਪੀਟ ਦਿਓਲ, ਰੌਕੀ ਭੱਲਾ, ਬਲਵਿੰਦਰ ਗਿਰਨ, ਸੰਨੀ ਤੇ ਰੌਨੀ ਕੁਲਾਰ, ਪਾਲ ਲੈਲ, ਅਰਵਿੰਦ ਗਾਖਲ, ਸੰਘੇੜਾ ਪਰਿਵਾਰ, ਗਾਖਲ ਪਰਿਵਾਰ, ਬਾਗੜੀ ਪਰਿਵਾਰ, ਸੰਘਾ ਪਰਿਵਾਰ, ਹੁੰਦਲ ਪਰਿਵਾਰ। ਡਿਕੇਟਰ ਅਤੇ ਬਲੂਮਿੰਗਟਨ: ਸੋਨੀ ਤੇ ਰਾਜ ਘੋਤੜਾ, ਬਿੱਲਾ ਤੇ ਜੱਸੀ ਮਿਆਣੀ, ਸ਼ਮਸ਼ੇਰ ਸਿੰਘ, ਟੋਨੀ, ਲੱਕੀ ਪੇਲੀਆ, ਇੰਦਰਜੀਤ ਅਤੇ ਰੋਮੀ (ਫੇਮਸ ਲਿੱਕਰ), ਸੁਰਜੀਤ ਸਿੰਘ ਢੇਸੀ, ਸਰਬਜੀਤ ਸਿੰਘ (ਪੂਰਨ ਰੈਸਟੋਰੈਂਟ), ਛਿੰਦਾ ਚੀਮਾ, ਸੰਜੀਵ ਬਿੱਲੂ, ਬਲਬੀਰ ਸਿੰਘ ਨਿੱਜਰ ਅਤੇ ਸੱਤੀ ਭਾਅ ਜੀ (ਪਿਊਰੀਆ), ਕੁਲਦੀਪ ਸਿੰਘ-ਹੈਰਾ ਕੰਸਟਰਕਸ਼ਨ। ਮਿਲਵਾਕੀ: ਸੁਰਜੀਤ ਤੂਰ, ਆਗਿਆਪਾਲ ਸਿੰਘ ਚਾਹਲ, ਤੇਜਿੰਦਰ ਗਿੱਪੀ, ਤਲਵਿੰਦਰ ਸਿੰਘ ਸੂਸ, ਹਰਭਜਨ ਸਿੰਘ ਚਾਹਲ, ਸੁਰਜੀਤ ਢਿੱਲੋਂ। ਆਇਓਵਾ: ਜੱਸੀ ਰੱਬ, ਚੰਨਾ ਤਲਵੰਡੀ, ਗੁਰਸ਼ਰਨ ਸਿੰਘ ਸਹੋਤਾ, ਭਜਨ ਗੋਰਾਇਆ, ਸ਼ਾਨ ਛੀਨਾ, ਆਮਿਰ ਹਨੀਫ। ਮਿਸ਼ੀਗਨ: ਕੁਲਵਿੰਦਰ ਗਿੱਲ, ਗੁਰਦੀਪ ਸਿੰਘ ਪਾਲੀ, ਕੁਲਦੀਪ ਗਿੱਲ, ਬਲਦੇਵ ਸਿੰਘ, ਹਰਦੇਵ ਸਿੰਘ, ਸਿਕੰਦਰ ਸਿੰਘ, ਪਲਵਿੰਦਰ ਬਾਠ, ਮਨਜਿੰਦਰ ਬੈਣੀਪਾਲ, ਦਲਬਾਰਾ ਸਿੰਘ ਮਾਂਗਟ, ਅਵਤਾਰ ਸਿੰਘ, ਸਤਪਾਲ ਸਿੰਘ, ਗਿਆਨ ਸਿੰਘ, ਗੁਰਮੇਲ ਸਿੰਘ, ਤਰਸੇਮ ਸਿੰਘ, ਸਤਨਾਮ ਸਿੰਘ, ਹਰਪ੍ਰੀਤ ਸਿੰਘ ਹੈਪੀ, ਹਰਦੀਪ ਸਿੰਘ, ਮਨਦੀਪ ਸਿੰਘ ਧਾਲੀਵਾਲ (ਬੈਟਲ ਕਰੀਕ), ਕਰਨੈਲ ਸਿੰਘ, ਜਰਨੈਲ ਸਿੰਘ, ਗੁਰਜਿੰਦਰ ਸਿੰਘ ਡਿੰਪਲ, ਲਾਡੀ ਮੁਲਤਾਨੀ, ਰਿੰਕੂ, ਰਾਜ ਜਾਮਾਰਾਏ, ਕਰਨ ਗਿੱਲ, ਰਾਜ ਸੀਹੜਾ, ਕਰਮਬੀਰ ਸਿੰਘ, ਭਾਈ ਗੁਰਦੇਵ ਸਿੰਘ, ਮਨਜੀਤ ਸਿੰਘ ਨੰਨਣ, ਰਾਜਬੀਰ ਸਿੰਘ ਬੋਪਾਰਾਏ, ਤੀਰਥ ਸਿੰਘ ਬੋਦਲਾਂ, ਲੱਕੀ ਚਾਹਲ, ਹਰਪਾਲ ਸਿੰਘ, ਹਰਦੀਪ ਸਿੰਘ, ਜੱਸੀ ਗੁਰਦਾਸਪੁਰੀਆ, ਜੇ ਬੀ ਸਿੰਘ ਸਰਾਂ, ਭੋਲਾ ਬੁੱਦਰਜ਼। ਇੰਡੀਆਨਾ: ਤਰਲੋਚਨ ਸਿੰਘ ਸੰਘਾ, ਮੁਖਤਿਆਰ ਸਿੰਘ, ਓਂਕਾਰ ਸਿੰਘ, ਸੋਨੂੰ ਪਹਿਲਵਾਨ, ਮਨਦੀਪ ਸਿੰਘ (ਲੱਕੀ) ਘੋਤੜਾ, ਅਵਤਾਰ ਸਿੰਘ, ਮਨਜੀਤ ਸਿੰਘ ਮੁੰਦਰ, ਮੌਟੀ, ਸੋਨੀ, ਸਾਹਬ ਸਿੰਘ ਸੇਖੋਂ। ਕਰਾਊਨ ਪੁਆਇੰਟ: ਸਰਵਣ ਸਿੰਘ ਟਿਵਾਣਾ, ਕਮਲਜੀਤ ਵਿਰਕ, ਹਰਿੰਦਰ ਸਿੰਘ ਤੂਰ, ਮੱਖਣ ਸਿੰਘ ਗਿੱਲ, ਲਖਵੀਰ ਸਿੰਘ ਚੀਮਾ, ਪਾਲੀ ਗਰੇਵਾਲ, ਜਸਪਾਲ ਸਿੰਘ ਘੋਤੜਾ, ਸਤਵਿੰਦਰ ਸੱਤਾ, ਰਣਜੀਤ ਸਿੰਘ ਕਾਹਲੋਂ, ਪ੍ਰਿੰਸ, ਗੁਰਿੰਦਰ ਗਿੱਲ, ਸੁਖਵਿੰਦਰ ਤੇ ਰਿੱਕੀ ਬਸਰਾ, ਹੈਰੀ ਢੱਟ,

# ਕਲੱਬ, ਸ਼ਿਕਾਗੋ



ਖਾਣਾ ਫਰੀ, ਪਾਰਕਿੰਗ ਫਰੀ

## 25 ਮਈ 2013

(ਸਨਿਚਰਵਾਰ, ਸਵੇਰੇ 11 ਤੋਂ ਰਾਤ 9 ਵਜੇ ਤੱਕ)

**Odeum Expo Center**

**1033 North Villa Avenue, Villa Park, IL 60181**

ਇਸ ਵਾਰ ਦਾ ਮੇਲਾ ਸਵਰਗੀ ਸ. ਮੇਜਰ ਸਿੰਘ ਮੌਜੀ ਨੂੰ ਸਮਰਪਿਤ ਹੋਵੇਗਾ

*ਲੋਕ ਗਾਇਕ ਸੁਰਿੰਦਰ ਛਿੰਦਾ ਅਤੇ ਹੋਰ ਨਾਮੀ ਗਾਇਕ ਸਰੋਤਿਆਂ ਦਾ ਗੀਤ-ਸੰਗੀਤ ਦੇ ਪ੍ਰੋਗਰਾਮ ਰਾਹੀਂ ਮਨੋਰੰਜਨ ਕਰਨਗੇ*



ਮੁੱਖ ਮਹਿਮਾਨ



ਸੁਰਜੀਤ ਸਿੰਘ ਰੱਖੜਾ
ਕੈਬਨਿਟ ਮੰਤਰੀ



ਮਨਜੀਤ ਸਿੰਘ ਦਸੂਹਾ | ਜਸਵੀਰ ਸਿੰਘ ਲਾਲੀ | ਹਰਵਿੰਦਰ ਸਿੰਘ ਵਾਲੀਆ | ਵਰਿੰਦਰ ਸਾਹੀ | ਪ੍ਰਿਥਪਾਲ ਘੋਤੜਾ | ਦਰਸ਼ਨ ਸਿੰਘ ਦਰੜ | ਮਨਜੀਤ ਸਿੰਘ ਨਾਗਰਾ | ਇੰਦਰਜੀਤ ਸਿੰਘ | ਮਨਜਿੰਦਰ ਭੰਮਰਾ | ਜਗਜੀਤ ਸਿੰਘ ਸਿੱਧੂ | ਸੋਹਣ ਗਿੱਲ



ਅਵਤਾਰ ਲੱਖਾ | ਸੋਨੂੰ | ਗੁਰਬਚਨ ਪੱਪੂ | ਰਾਣਾ ਵਿਰਕ | ਰਾਜਿੰਦਰ ਬੈਂਸ | ਲਾਲੀ ਧਾਲੀਵਾਲ | ਓਂਕਾਰ ਕਾਰੀ | ਬਲਵਿੰਦਰ ਸਿੰਘ ਗਿਲਜੀਆਂ | ਰੇਸ਼ਮ ਸਿੰਘ ਖੱਖ | ਗੁਰਦੇਵ ਸਿੰਘ | ਮੱਖਣ ਸਿੰਘ | ਮਨਜੀਤ ਗਰੇਵਾਲ



ਰਿੰਪੀ ਖੱਟੜਾ | ਧਰਮਿੰਦਰ ਖੱਟੜਾ | ਮਨਦੀਪ ਭੂਰਾ | ਕੁਲਦੀਪ ਟਾਂਡਾ | ਕੁਲਦੀਪ ਲੰਗ | ਪਿੰਕਾ ਪਾਲੀਆ | ਸੁਖਦੇਵ ਸਮਰਾ | ਲਖਬੀਰ ਸੀਹਰਾ | ਓਮ ਨਰਾਲਾ



ਚੰਨਾ ਕੈਲਮਜ਼ੂ | ਖੇਮ ਵਿਰਕ | ਲਖਬੀਰ ਢੀਂਡਸਾ | ਗੁਰਮੀਤ ਸਿੰਘ | ਸਿਕੰਦਰ ਬਿੱਟੂ | ਕ੍ਰਿਸ਼ਨ ਸਿੰਘ | ਸੁਰਜੀਤ ਤੂਰ | ਤਲਵਿੰਦਰ ਸੂਸ | ਜੇ ਪੀ ਖਹਿਰਾ



*ਬਾਬਾ ਮੱਖਣ ਸ਼ਾਹ ਕਮੇਟੀ, ਸਾਊਥਬੈਂਡ*

ਨਿਧਾਨ ਸਿੰਘ ਮਟੋਟ, ਸਿਕੰਦਰ ਸਿੰਘ ਬਿੱਟੂ, ਜਸਵੀਰ ਸਿੰਘ ਪਾਲੀਆ, ਸ. ਮੇਹਰ ਸਿੰਘ, ਲੱਕੀ ਤੇ ਵਿੱਕੀ, ਮਨਜੀਤ ਕਹਿਲ, ਵਰਿੰਦਰ ਨਾਗਰਾ, ਰਾਜ ਭੁੱਲਰ। **ਇੰਡੀਅਨਐਪੋਲਿਸ:** ਗੁਰਮੀਤ ਡਿਪਟੀ, ਜਸਬੀਰ ਡਿਪਟੀ, ਤੀਰਥ ਅਟਵਾਲ (ਮਿੱਤਰਾਂ ਦਾ ਢਾਬਾ), ਸਤਵੰਤ ਨਿੱਜਰ, ਨਾਡਾ ਰਾਣਾ, ਬਲਦੇਵ ਥਿੰਦ, ਸ਼ਿੰਗਾਰਾ ਸਿੰਘ, ਸੰਨੀ ਗਿੱਲ, ਸੰਨੀ ਤੇ ਬੀਨੂੰ ਡਾਲਾ, ਸਾਹਬ ਸਿੰਘ ਸੇਖੋਂ ਕੁਆਲਿਟੀ-ਇਨ ਹੋਟਲ (ਲੇਫੀਅਟ)। **ਸਹਿਯੋਗੀ ਸੰਸਥਾਵਾਂ:** ਪੀ ਸੀ ਐਸ, ਪੀ ਐਚ ਓ, ਪੀ ਏ ਓ, ਪੰਜਾਬੀ ਅਮੈਰਿਕਨ ਯੂਥ ਕਲੱਬ ਆਫ ਇੰਡੀਆਨਾ, ਬਾਬਾ ਮੱਖਣ ਸ਼ਾਹ ਲੁਬਾਣਾ-ਸਾਊਥਬੈਂਡ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਕਰਾਊਨ ਪੁਆਇੰਟ, ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ, ਫਾਈਵ ਰਿਵਰ ਐਂਟਰਟੇਨਮੈਂਟ-ਇੰਡੀਅਨਐਪੋਲਿਸ, ਪੀ ਸੀ ਓ-ਮਿਲਵਾਕੀ, ਪੀ ਸੀ ਐਸ-ਫੋਰਟਵੇਨ, ਪੰਜਾਬ ਸਪੋਰਟਸ ਕਲੱਬ-ਸਿਨਸਿਨੈਟੀ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਸਿਨਸਿਨੈਟੀ, ਪੰਜਾਬ ਸਪੋਰਟਸ ਕਲੱਬ-ਕਲੀਵਲੈਂਡ, ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਡਿਟਰਾਇਟ, ਗੁਰੂ ਨਾਨਕ ਸਿੱਖ ਸੈਂਟਰ-ਮਿਸ਼ਵਾਕਾ।

***ਕਬੱਡੀ ਕੁਮੈਂਟੇਟਰ: ਪ੍ਰਿੰ. ਸਰਵਣ ਸਿੰਘ ਅਤੇ ਪ੍ਰੋ. ਮੱਖਣ ਹਕੀਮਪੁਰੀ***

**ਹੋਰ ਜਾਣਕਾਰੀ ਲਈ ਸੰਪਰਕ ਕਰੋ:** ਅਜਮੇਰ ਸਿੰਘ ਪੰਨੂ ਫੋਨ:630-440-3458,
ਸੰਤੋਖ ਸਿੰਘ ਡੀ ਸੀ ਫੋਨ:847-338-3866, ਨਰਿੰਦਰ ਸਿੰਘ ਸਰਾਂ ਫੋਨ:630-205-9264
ਹਰਵਿੰਦਰ ਸਿੰਘ ਘੋਤੜਾ ਫੋਨ:708-228-8520, ਜਸਕਰਨ ਧਾਲੀਵਾਲ ਫੋਨ:630-290-7993
ਹੈਪੀ ਹੀਰ ਫੋਨ: 630-205-6575, ਅਜੈਬ ਸਿੰਘ ਲੱਖਣ ਫੋਨ: 847-544-1788
ਲੱਕੀ ਸਹੋਤਾ ਫੋਨ: 847-489-7773, ਅਮਰੀਕ ਸਿੰਘ ਫੋਨ: 773-507-8043
ਲਵਦੀਪ ਸਿੰਘ ਦੂਲਤ ਫੋਨ:224-425-0705, ਬਲਦੇਵ ਸਿੰਘ ਗਿੱਲ ਫੋਨ: 847-239-4700
ਗੁਰਪ੍ਰੀਤ ਗਿੱਲ ਫੋਨ: 630-818-5159, ਗਿਆਨ ਸਿੰਘ ਸੀਹਰਾ ਫੋਨ: 630-841-6537

**ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ:** ਲਖਵਿੰਦਰ ਸਿੰਘ ਲੱਖਾ (ਇੰਡੀਆਨਾ), ਹਰਦੀਪ ਸਿੰਘ ਤਾਊ, ਲਾਲੀ ਸਿੱਧੂ (ਮਿਲਵਾਕੀ), ਸਰੂਪ ਢਿਲੋਂ, ਗੁਰਿੰਦਰ ਢਿਲੋਂ (ਸਿਨਸਿਨੈਟੀ ਓਹਾਇਓ), ਰਾਜਿੰਦਰ ਦਿਆਲ, ਜੁਝਾਰ ਸਿੰਘ ਕੰਗ, ਹਰਿੰਦਰ ਸਿੰਘ ਸਰਾਂ, ਪਰਮਿੰਦਰ ਸਿੰਘ ਕਾਹਲੋਂ, ਅਜਮੇਰ ਸਿੰਘ ਲੱਖਣ, ਮਹਿੰਦਰ ਸਿੰਘ ਰਕਾਲਾ, ਦਰਸ਼ਨ ਡਿਡਰਾਲ, ਰੁਪਿੰਦਰ ਸਿੰਘ ਕੰਗ, ਰਘਬੀਰ ਸਿੰਘ ਕੰਗ, ਰਾਣਾ ਭੰਡਾਲ, ਗੁਰਦੀਪ ਸਿੰਘ ਢਿੱਲੋਂ, ਡਾ. ਸ਼ਰਨਜੀਤ ਸਿੰਘ ਰੰਧਾਵਾ, ਜਗਮੋਹਨ ਸਿੰਘ ਅੰਤਾਲ, ਆਗਿਆਪਾਲ ਸਿੰਘ ਚਾਹਲ।

# ਟੈਕਸਸ ਦੀ ਫੈਕਟਰੀ 'ਚ ਧਮਾਕਾ, 15 ਮੌਤਾਂ



*ਖਾਦ ਫੈਕਟਰੀ ਵਿਚ ਧਮਾਕੇ ਨਾਲ ਮਚੀ ਤਬਾਹੀ।*

**ਹਿਊਸਟਨ:** ਟੈਕਸਸ ਸਟੇਟ ਦੇ ਪੱਛਮ ਵਿਚ ਸਥਿਤ ਵੈਸਟ ਟਾਊਨ ਵਿਚ ਇਕ ਖਾਦ ਫੈਕਟਰੀ ਵਿਚ ਬੁੱਧਵਾਰ ਨੂੰ ਹੋਏ ਇਕ ਜ਼ਬਰਦਸਤ ਧਮਾਕੇ ਕਾਰਨ 15 ਵਿਅਕਤੀ ਮਾਰੇ ਗਏ ਤੇ 160 ਤੋਂ ਵੱਧ ਫੱਟੜ ਹੋ ਗਏ। ਪ੍ਰਸ਼ਾਸਨਿਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਕ ਵਾਰ ਤਾਂ ਇੰਜ ਲੱਗਿਆ ਕਿ ਪਰਮਾਣੂ ਧਮਾਕਾ ਹੋ ਗਿਆ। ਧਮਾਕੇ ਮਗਰੋਂ ਅਸਮਾਨ ਵਿਚ ਵਾਂਗੂ ਬੱਦਲ ਬਿਲਕੁਲ ਉਵੇਂ ਛਾ ਗਏ ਜਿਵੇਂ ਪਰਮਾਣੂ ਬੰਬ ਫਟਣ ਮਗਰੋਂ ਛਾਉਂਦੇ ਹਨ। ਬਹੁਤ ਸਾਰੇ ਲੋਕ ਫੱਟੜ ਹੋ ਗਏ ਹਨ। 100 ਘਰਾਂ ਤੇ ਹੋਰ ਅਦਾਰਿਆਂ ਦੇ ਪੂਰੀ ਤਰ੍ਹਾਂ ਤਬਾਹ ਹੋ ਜਾਣ ਦੀ ਰਿਪੋਰਟ ਹੈ। ਨੇੜਲੇ ਇਲਾਕੇ ਵਾਕੋ ਪੁਲਿਸ ਵਿਭਾਗ ਦੇ ਸਾਰਜੈਂਟ ਵਿਲੀਅਮ ਪੈਟਰਿਕ ਸਵੈਨਟੋਨ ਨੇ ਕਿਹਾ ਕਿ 15 ਵਿਅਕਤੀ ਮਾਰੇ ਗਏ ਹਨ। ਅਮਰੀਕੀ ਭੂ-ਵਿਗਿਆਨ ਸਰਵੇਖਣ ਮੁਤਾਬਕ ਵੈਸਟ ਖਾਦ ਪਲਾਂਟ ਵਿਚ ਹੋਏ ਧਮਾਕੇ ਨਾਲ 50 ਮੀਲ ਦੂਰ ਤੱਕ ਦੇ ਘਰ ਹਿੱਲ ਗਏ। ਇੰਜ ਲੱਗਾ ਜਿਵੇਂ ਭੂਚਾਲ ਆ ਗਿਆ। ਵੈਸਟ ਸ਼ਹਿਰ ਵਿਚ ਚੈਕ ਗਣਰਾਜ ਦੇ ਪਰਵਾਸੀਆਂ ਦੀ ਭਰਮਾਰ ਹੈ। ਧਮਾਕੇ ਮਗਰੋਂ ਪਲਾਂਟ ਦੇ ਨੇੜਲੇ ਇਲਾਕੇ ਦੀ ਬੱਤੀ ਗੁੱਲ ਹੋ ਗਈ।

# ਸੋਨੀਆ, ਮਨਮੋਹਨ ਤੇ ਰਾਹੁਲ ਏਸ਼ੀਆ ਦੀਆਂ 5 ਅਹਿਮ ਹਸਤੀਆਂ 'ਚ ਸ਼ਾਮਲ

**ਲੰਡਨ:** ਦੁਨੀਆਂ ਭਰ ਵਿਚੋਂ 100 ਸਭ ਤੋਂ ਵੱਧ ਸ਼ਕਤੀਸ਼ਾਲੀ ਏਸ਼ਿਆਈ ਹਸਤੀਆਂ ਵਿਚ ਪਹਿਲੇ ਪੰਜਾਂ ਦੀ ਸੂਚੀ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਆਉਂਦੇ ਹਨ ਜਦਕਿ ਚੀਨ ਦੇ ਨਵੇਂ ਸਦਰ ਜ਼ੀ ਜਿਨਪਿੰਗ ਦਾ ਨਾਂ ਸਭ ਤੋਂ ਉਪਰ ਹੈ। ਲੰਡਨ ਵਿਚ ਸਾਲਾਨਾ ਏਸ਼ੀਅਨ ਐਵਾਰਡਜ਼ ਮੌਕੇ ਜਾਰੀ ਇਸ ਸੂਚੀ ਵਿਚ ਸ੍ਰੀਮਤੀ ਗਾਂਧੀ ਦੂਜੇ ਮੁਕਾਮ 'ਤੇ ਹਨ ਜਿਨ੍ਹਾਂ ਤੋਂ ਬਾਅਦ ਚੀਨ ਦੇ ਪ੍ਰਧਾਨ ਮੰਤਰੀ ਲੀ ਕੇਜਿਆਂਗ ਦਾ ਨਾਂ ਆਉਂਦਾ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਚੌਥੇ ਨੰਬਰ 'ਤੇ ਹਨ ਜੋ 1.2 ਅਰਬ ਭਾਰਤੀਆਂ ਤੇ 2 ਖਰਬ ਡਾਲਰ ਦੀ ਅਰਥ ਵਿਵਸਥਾ ਉਪਰ ਸ਼ਾਸਨ ਚਲਾ ਰਹੇ ਹਨ। ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਪੰਜਵੇਂ ਸਥਾਨ 'ਤੇ ਹਨ ਜਿਨ੍ਹਾਂ ਦਾ ਨਾਂ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਵਜੋਂ ਉਭਾਰਿਆ ਜਾ ਰਿਹਾ ਹੈ। ਏਸ਼ੀਅਨ ਐਵਾਰਡਜ਼ ਸੂਚੀ ਦੇ ਬਾਨੀ ਪਾਲ ਸੈਗੂ ਮੁਤਾਬਕ ਸੂਚੀ ਨੂੰ ਤਿਆਰ ਕਰਨ ਲਈ ਬਹੁਤ ਸਾਰੀ ਖੋਜ ਤੇ ਵਿਚਾਰ-ਚਰਚਾ ਕੀਤੀ ਗਈ ਹੈ। ਇਸ ਦਾ ਮੰਤਵ ਬਹੁਤ ਸਾਫ਼ ਹੈ ਕਿ ਸਭ ਤੋਂ ਵੱਧ ਪ੍ਰਭਾਵਸ਼ਾਲੀ ਏਸ਼ਿਆਈਆਂ ਨੂੰ ਦੁਨੀਆਂ ਦੇ ਸਾਹਮਣੇ ਪੇਸ਼ ਕਰਨਾ। ਸੂਚੀ ਵਿਚ ਸਭ ਤੋਂ ਉੱਪਰ ਚੀਨ ਦੇ ਰਾਸ਼ਟਰਪਤੀ ਜ਼ੀ ਜਿਨਪਿੰਗ ਦਾ ਨਾਂ ਹੈ ਜੋ ਚੀਨ ਦੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਵੀ ਹਨ।





ਰਿਲਾਇੰਸ ਇੰਡਸਟਰੀ ਦਾ ਮਾਲਕ ਮੁਕੇਸ਼ ਅੰਬਾਨੀ ਨੌਵੇਂ, ਰਾਸ਼ਟਰਪਤੀ ਪ੍ਰਣਬ ਮੁਖਰਜੀ 19ਵੇਂ ਤੇ ਸਟੀਲ ਕਾਰੋਬਾਰੀ ਲਕਸ਼ਮੀ ਨਰਾਇਣ ਮਿੱਤਲ 20ਵੇਂ ਸਥਾਨ 'ਤੇ ਹਨ। ਮੋਹਰੀ 100 ਸ਼ਖ਼ਸੀਅਤਾਂ ਵਿਚੋਂ 39 ਭਾਰਤੀ, 15 ਚੀਨ ਤੋਂ ਅਤੇ ਛੇ ਫਿਲਪੀਨਜ਼ ਤੋਂ ਹਨ। ਇਨਫੋਸਿਸ ਦੇ ਬਾਨੀ ਨਰਾਇਣ ਮੂਰਤੀ ਨੂੰ ਸਾਲ ਦਾ ਦਾਨੀ ਅਤੇ ਆਦੀ ਗੋਦਰੇਜ ਨੂੰ ਸਾਲ ਦਾ ਉੱਦਮੀ ਕਰਾਰ ਦਿੱਤਾ ਗਿਆ ਤੇ ਐਸਾਰ ਗਰੁੱਪ ਦੇ ਰਵੀ ਰੂਈਆ ਨੂੰ ਹੰਢਣਸਾਰਤਾ ਦੇ ਖੇਤਰ ਵਿਚ ਪਾਏ ਯੋਗਦਾਨ ਬਦਲੇ ਸਨਮਾਨਤ ਕੀਤਾ ਗਿਆ। ਅਨੁਪਮ ਖੇਰ ਅਤੇ ਨੀਨਾ ਵਾਡੀਆ ਨੂੰ ਸਿਨੇਮਾ ਅਤੇ ਟੈਲੀਵਿਜ਼ਨ ਦੇ ਖੇਤਰ ਵਿਚ ਤੇ ਹਨੀਫ਼ ਕੁਰੈਸ਼ੀ ਨੂੰ ਕਲਾ ਦੇ ਖੇਤਰ ਵਿਚ ਵਿਲੱਖਣ ਯੋਗਦਾਨ ਬਦਲੇ ਸਨਮਾਨਿਆ ਗਿਆ ਹੈ।

# ਨਵੇਂ ਅਮਰੀਕੀ ਬਿੱਲ ਦੀਆਂ ਤਜਵੀਜ਼ਾਂ ਭਾਰਤੀ ਕੰਪਨੀਆਂ ਦੇ ਖ਼ਿਲਾਫ਼

**ਵਾਸ਼ਿੰਗਟਨ:** ਭਾਰਤੀ ਸਨਅਤਾਂ ਦੇ ਅਦਾਰੇ ਸੀ.ਆਈ.ਆਈ. ਨੇ ਅਮਰੀਕਾ ਦੇ ਵਿਆਪਕ ਇਮੀਗਰੇਸ਼ਨ ਬਿੱਲ ਦੀਆਂ ਐਚ-1ਬੀ ਵੀਜ਼ੇ ਬਾਰੇ ਤਜਵੀਜ਼ਾਂ ਨੂੰ ਭਾਰਤੀ ਕੰਪਨੀਆਂ ਦੇ ਖ਼ਿਲਾਫ਼ ਦੱਸਿਆ ਹੈ। ਸੰਸਥਾ ਨੇ ਅਮਰੀਕਾ ਨੂੰ ਅਪੀਲ ਕੀਤੀ ਹੈ ਕਿ ਇਨ੍ਹਾਂ ਤਜਵੀਜ਼ਾਂ ਨੂੰ ਰੱਦ ਕਰ ਦਿੱਤਾ ਜਾਵੇ ਕਿਉਂਕਿ ਇਹ ਭਾਰਤ ਤੇ ਅਮਰੀਕਾ ਦੀ ਵੱਧ ਰਹੀ ਰਣਨੀਤਕ ਭਾਈਵਾਲੀ ਦੀ ਭਾਵਨਾ ਦੇ ਖ਼ਿਲਾਫ਼ ਹਨ।

ਸੀ.ਆਈ.ਆਈ. ਦੇ ਡਾਇਰੈਕਟਰ ਜਨਰਲ ਚੰਦਰਜੀਤ ਬੈਨਰਜੀ ਮੁਤਾਬਕ ਸੀ.ਆਈ.ਆਈ. ਦਾ ਖ਼ਿਆਲ ਹੈ ਕਿ ਖਾਸਕਰ ਐਚ1-ਬੀ ਵੀਜ਼ਿਆਂ ਬਾਰੇ ਤਜਵੀਜ਼ਾਂ ਭਾਰਤੀ ਕੰਪਨੀਆਂ ਦੇ ਹਿੱਤਾਂ ਦੇ ਖ਼ਿਲਾਫ਼ ਹਨ ਤੇ ਉਨ੍ਹਾਂ ਨੂੰ ਬਰਾਬਰੀ ਦੇ ਮੌਕੇ ਨਹੀਂ ਦਿੰਦੀਆਂ। ਉਨ੍ਹਾਂ ਕਿਹਾ ਕਿ ਅਜਿਹੀਆਂ ਤਜਵੀਜ਼ਾਂ ਜਿਨ੍ਹਾਂ ਵਿਚ ਗ਼ੈਰ-ਇਮੀਗ੍ਰੈਂਟ ਵੀਜ਼ਿਆਂ ਬਾਰੇ ਨਵੀਆਂ ਤਜਵੀਜ਼ਾਂ ਵੀ ਸ਼ਾਮਲ ਹਨ, ਨੂੰ ਜੇ ਪਾਸ ਕੀਤਾ ਜਾਂਦਾ ਹੈ ਤਾਂ ਇਹ ਸਾਰੇ ਬਿਨੈਕਾਰਾਂ ਉੱਤੇ ਲਾਗੂ ਹੋਣੀਆਂ ਚਾਹੀਦੀਆਂ ਹਨ। ਗੌਰਤਲਬ ਹੈ ਕਿ ਅਮਰੀਕੀ ਕਾਂਗਰਸ ਦੇ ਦੋਵੇਂ ਪਾਰਟੀਆਂ ਨਾਲ ਸਬੰਧਤ ਇਕ ਗਰੁੱਪ ਨੇ ਇਹ ਤਜਵੀਜ਼ਾਂ ਪੇਸ਼ ਕੀਤੀਆਂ ਹਨ। ਇਸ ਅੱਠ ਮੈਂਬਰੀ ਗਰੁੱਪ ਵਿਚ ਦੋਵੇਂ ਡੈਮੋਕਰੈਟਿਕ ਤੇ ਰਿਪਬਲੀਕਨ ਪਾਰਟੀਆਂ ਦੇ ਚਾਰ-ਚਾਰ ਮੈਂਬਰ ਹਨ ਜਿਸ ਨੂੰ 'ਗੈਂਗ ਆਫ ਏਟ' ਕਿਹਾ ਜਾਂਦਾ ਹੈ। ਇਸ ਬਾਰੇ ਬਿੱਲ ਪੇਸ਼ ਕੀਤੇ ਜਾਣ ਤੋਂ ਬਾਅਦ ਸੀ.ਆਈ.ਆਈ. ਨੇ ਇਹ ਪ੍ਰਤੀਕਿਰਿਆ ਜ਼ਾਹਿਰ ਕੀਤੀ ਹੈ। ਇਸ ਵਿਆਪਕ ਇਮੀਗ੍ਰੇਸ਼ਨ ਬਿੱਲ ਵਿਚ ਤਕਰੀਬਨ 1.10 ਕਰੋੜ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਨਾਗਰਿਕਤਾ ਦੇਣ ਦਾ ਤਰੀਕਾ ਵੀ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਵਿਚ ਤਕਰੀਬਨ ਤਿੰਨ ਲੱਖ ਭਾਰਤੀ ਹਨ।

# ਆਈ.ਟੀ. ਪ੍ਰੋਫੈਸ਼ਨਲਾਂ ਨੂੰ ਰਾਹਤ ਦੇਵੇਗਾ ਇਮੀਗ੍ਰੇਸ਼ਨ ਬਿੱਲ

**ਵਾਸ਼ਿੰਗਟਨ:** ਅਮਰੀਕਾ ਦੇ ਤਜਵੀਜ਼ਸ਼ੁਦਾ ਇਮੀਗ੍ਰੇਸ਼ਨ ਬਿੱਲ ਦਾ ਇਥੇ ਰਹਿੰਦੇ ਭਾਰਤੀ ਆਈ.ਟੀ. ਪ੍ਰੋਫੈਸ਼ਨਲਾਂ ਨੇ ਕਈ ਪੱਖਾਂ ਤੋਂ ਸਵਾਗਤ ਕੀਤਾ ਹੈ। ਉਨ੍ਹਾਂ ਨੇ ਗਰੀਨ ਕਾਰਡ, ਮੈਰਿਟ ਆਧਾਰਤ ਵੀਜ਼ਾ ਲਾਗੂ ਕਰਨ ਤੇ ਐਚ-1ਬੀ ਵੀਜ਼ਾ ਕੋਟਾ ਵਧਾਉਣ ਨੂੰ ਵਧੀਆ ਕਰਾਰ ਦਿੱਤਾ ਹੈ।

ਹਜ਼ਾਰਾਂ ਭਾਰਤੀ ਆਈ.ਟੀ. ਪ੍ਰੋਫੈਸ਼ਨਲ ਜਿਨ੍ਹਾਂ ਵਿਚੋਂ ਬਹੁਤੇ ਇਥੇ ਐਚ-1ਬੀ ਵੀਜ਼ਾ 'ਤੇ ਕੰਮ ਕਰ ਰਹੇ ਹਨ, ਇਸ ਤਜਵੀਜ਼ ਤੋਂ ਬੇਹੱਦ ਖ਼ੁਸ਼ ਹਨ। ਇਸ ਤਜਵੀਜ਼ ਤਹਿਤ ਉਨ੍ਹਾਂ ਨੂੰ ਵਰਤਮਾਨ ਨੌਕਰੀ ਖੁੱਸਣ ਤੋਂ ਮਗਰੋਂ ਨਵੀਂ ਨੌਕਰੀ ਭਾਲਣ ਲਈ 60 ਦਿਨ ਦਾ ਸਮਾਂ ਮਿਲੇਗਾ। ਵਰਤਮਾਨ ਵਿਵਸਥਾ ਅਧੀਨ, ਜੇਕਰ ਕਿਸੇ ਆਈ.ਟੀ. ਪ੍ਰੋਫੈਸ਼ਨਲ ਦੀ ਨੌਕਰੀ ਚਲੀ ਜਾਂਦੀ ਹੈ ਤਾਂ ਉਸ ਨੂੰ ਉਸੇ ਦਿਨ ਦੇਸ਼ ਛੱਡਣਾ ਪਏਗਾ। ਭਾਰਤੀ ਆਈ.ਟੀ. ਪ੍ਰੋਫੈਸ਼ਨਲਾਂ ਦੀ ਉੱਤਰੀ ਅਮਰੀਕਾ ਦੀ ਇਕ ਐਸੋਸੀਏਸ਼ਨ (ਐਨ.ਏ.ਏ.ਆਈ.ਆਈ.ਪੀ.) ਮੁਤਾਬਕ ਐਚ-1ਬੀ ਵੀਜ਼ਾ ਦਾ ਇਹ ਬੜਾ ਵੱਡਾ ਨੁਕਸ ਸੀ ਤੇ ਇਸ ਵੀਜ਼ੇ ਅਧੀਨ ਆਉਂਦੇ ਸਾਰੇ ਕਾਮੇ ਬਹੁਤ ਫਿਕਰਮੰਦ ਸਨ। ਇਸ ਵੀਜ਼ੇ ਤਹਿਤ ਕੰਮ ਕਰਦੇ ਕਾਮਿਆਂ ਨੂੰ ਐਂਪਲਾਇਰ ਬੁਰੀ ਤਰ੍ਹਾਂ ਨਚੋੜ ਸੁੱਟਦੇ ਸਨ ਤੇ ਉਨ੍ਹਾਂ ਤੋਂ ਬਹੁਤ ਕੰਮ ਲੈਂਦੇ ਸਨ।

17 ਸਫਿਆਂ ਦੇ ਬਿੱਲ ਦੇ ਖਾਕੇ ਵਿਚ ਕਿਹਾ ਗਿਆ ਹੈ ਕਿ ਐਚ-1ਬੀ ਵੀਜ਼ਾ ਕਾਮਿਆਂ ਨੂੰ ਨੌਕਰੀ ਲੱਭਣ ਜਾਂ ਬਦਲਣ ਲਈ 60 ਦਿਨ ਦਾ ਸਮਾਂ ਦੇਣ ਦੀ ਵਿਵਸਥਾ ਕੀਤੀ ਜਾਏਗੀ। ਇਸ ਵੇਲੇ ਇਸ ਦੀ ਵਿਵਸਥਾ ਨਹੀਂ ਹੈ ਤੇ ਐਚ-1ਬੀ ਕਾਮਿਆਂ ਨੂੰ ਨੌਕਰੀ ਛੁੱਟਦਿਆਂ ਸਾਰ ਦੇਸ਼ ਛੱਡਣਾ ਪੈਂਦਾ ਹੈ। ਬਿੱਲ ਵਿਚ ਕਿਹਾ ਗਿਆ ਹੈ ਕਿ ਯੋਗ ਆਈ.ਟੀ. ਪ੍ਰੋਫੈਸ਼ਨਲਾਂ ਨੂੰ ਇਥੇ ਰੱਖਿਆ ਜਾਣਾ ਚਾਹੀਦਾ ਹੈ।

## ਅਤਿਵਾਦ ਦੇ ਦੋਸ਼ ਵਿਚ ਚਾਰ ਨੂੰ 44 ਸਾਲ ਕੈਦ

**ਲੰਡਨ:** ਬਰਤਾਨਵੀ ਮੂਲ ਦੇ ਚਾਰ ਵਿਅਕਤੀਆਂ ਨੂੰ ਅਤਿਵਾਦੀ ਗਤੀਵਿਧੀਆਂ ਦੇ ਦੋਸ਼ ਵਿਚ ਇਥੋਂ ਦੀ ਇਕ ਅਦਾਲਤ ਨੇ 44 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਵੱਲੋਂ ਬਰਤਾਨੀਆ ਦੇ ਲੂਟਨ ਫੌਜੀ ਕੈਂਪ ਨੂੰ ਖਿਡਾਉਣਾ ਕਾਰ ਨਾਲ ਰਿਮੋਟ ਕੰਟਰੋਲ ਰਾਹੀਂ ਉਡਾਉਣ ਦੀ ਸਾਜ਼ਿਸ਼ ਰਚੀ ਜਾ ਰਹੀ ਸੀ ਤੇ ਇਸ ਦੇ ਨਾਲ ਹੀ ਇਹ ਲੋਕ ਐਮ. 15, ਇੰਗਲਿਸ਼ ਡਿਫੈਂਸ ਲੀਗ ਤੇ ਸਥਾਨਕ ਸ਼ਾਪਿੰਗ ਸੈਂਟਰਾਂ ਨੂੰ ਉਡਾਉਣ ਦੀ ਵੱਡੀ ਯੋਜਨਾ ਬਣਾ ਰਹੇ ਸਨ।

ਗੈਂਗ ਦੇ ਲੀਡਰ 31 ਸਾਲਾ ਜਾਹਿਦ ਇਕਬਾਲ ਤੇ ਉਸ ਦੇ ਸਾਥੀ ਨੇ ਕੰਪਿਊਟਰ ਤੋਂ ਘਰੇਲੂ ਵਸਤੂਆਂ ਨੂੰ ਵਰਤ ਕੇ ਬੰਬ ਬਣਾਉਣ ਦੀ ਵਿਧੀ ਬਾਰੇ ਪੜ੍ਹਿਆ ਸੀ। ਇਕਬਾਲ ਪਾਕਿਸਤਾਨ ਜਾ ਕੇ ਅਤਿਵਾਦੀ ਗਤੀਵਿਧੀਆਂ ਲਈ ਜਹਾਦੀਆਂ ਨੂੰ ਟ੍ਰੇਨਿੰਗ ਲੈਣ ਵਿਚ ਮਦਦ ਕਰਦਾ ਸੀ। ਬੀਤੇ ਸਾਲ ਅਪ੍ਰੈਲ ਵਿਚ ਪੁਲਿਸ ਤੇ ਸੁਰੱਖਿਆ ਦਸਤਿਆਂ ਵੱਲੋਂ ਸਾਂਝੇ ਤੌਰ 'ਤੇ ਗ੍ਰਿਫਤਾਰ ਕੀਤੇ ਗਏ ਇਨ੍ਹਾਂ ਵਿਅਕਤੀਆਂ ਨੇ ਆਪਣੇ ਦੋਸ਼ ਮੰਨ ਲਏ ਸਨ। ਵੂਲਿਚ ਕਰਾਊਨ ਕੋਰਟ ਵਿਚ ਮਿਸਟਰ ਜਸਟਿਸ ਵਿਲਕੀ ਕਿਊ ਸੀ ਨੇ 31 ਸਾਲਾ ਇਕਬਾਲ ਨੂੰ 16 ਸਾਲ 3 ਮਹੀਨੇ ਕੈਦ, 25 ਸਾਲਾ ਮੁਹੰਮਦ ਸ਼ਰਫਰਾਜ਼ ਅਹਿਮਦ ਨੂੰ 16 ਸਾਲ 3 ਮਹੀਨੇ ਕੈਦ, 24 ਸਾਲਾ ਉਮਰ ਅਰਸ਼ਿਦ ਨੂੰ 6 ਸਾਲ 9 ਮਹੀਨੇ ਤੇ 22 ਸਾਲਾ ਸਈਅਦ ਹੁਸੈਨ ਨੂੰ 5 ਸਾਲ 3 ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ।

# ਮਲਾਲਾ ਸੰਯੁਕਤ ਰਾਸ਼ਟਰ ਵਿਚ ਦੇਵੇਗੀ ਪਲੇਠਾ ਭਾਸ਼ਣ

**ਨਿਊ ਯਾਰਕ:** ਔਰਤਾਂ ਦੇ ਹੱਕਾਂ ਅਤੇ ਪੜ੍ਹਾਈ ਦੀ ਵਕਾਲਤ ਕਰਨ ਵਾਲੀ ਪਾਕਿਸਤਾਨੀ ਕੁੜੀ ਮਲਾਲਾ ਯੂਸਫਜ਼ਈ ਆਪਣੀ ਪਹਿਲੀ



ਜਨਤਕ ਤਕਰੀਰ ਨਿਊਯਾਰਕ ਵਿਚ ਸੰਯੁਕਤ ਰਾਸ਼ਟਰ ਵਿਖੇ ਆਪਣੇ 16ਵੇਂ ਜਨਮ ਦਿਨ ਮੌਕੇ 12 ਜੁਲਾਈ ਨੂੰ ਦੇਵੇਗੀ। ਇਸ ਦਿਨ ਨੂੰ 'ਮਲਾਲਾ ਦਿਵਸ' ਵਜੋਂ ਜਾਣਿਆ ਜਾਵੇਗਾ। ਜ਼ਿਕਰਯੋਗ ਹੈ ਕਿ ਮਲਾਲਾ ਨੂੰ ਕੁੜੀਆਂ ਦੀ ਸਿੱਖਿਆ ਦੀ ਹਮਾਇਤ ਕਰਨ ਬਦਲੇ ਪਾਕਿਸਤਾਨ ਵਿਚ ਤਾਲਿਬਾਨ ਨੇ ਗੋਲੀ ਮਾਰ ਦਿੱਤੀ ਸੀ।

ਆਲਮੀ ਸਿੱਖਿਆ ਬਾਰੇ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਏਲਚੀ ਗੌਰਡਨ ਬਰਾਊਨ ਨੇ ਇਥੇ ਦੱਸਿਆ ਕਿ ਮਲਾਲਾ ਕੁੜੀਆਂ ਦੀ ਪੜ੍ਹਾਈ ਬਾਰੇ ਆਪਣੀ ਮੁਹਿੰਮ ਨੂੰ ਜਾਰੀ ਰੱਖਣ ਲਈ ਦ੍ਰਿੜ੍ਹ ਹੈ। ਉਹ ਸੰਯੁਕਤ ਰਾਸ਼ਟਰ ਵਿਖੇ ਸੱਦੀ ਜਾਣ ਵਾਲੀ ਦੁਨੀਆਂ ਭਰ ਦੇ ਨੌਜਵਾਨਾਂ ਦੀ ਇਕੱਤਰਤਾ ਵਿਚ ਇਹ ਭਾਸ਼ਣ ਦੇਵੇਗੀ। ਉਸ ਦੇ ਪਹਿਲੇ ਜਨਤਕ ਸੰਬੋਧਨ ਦਾ ਪ੍ਰਬੰਧ ਸ੍ਰੀ ਬਰਾਊਨ ਤੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਪ੍ਰਧਾਨ ਵੁਕ ਜੇਰੇਮਿਕ ਵੱਲੋਂ ਕੀਤਾ ਜਾ ਰਿਹਾ ਹੈ।

ਇਸ ਮੌਕੇ ਮੁੱਢਲੀ ਸਿੱਖਿਆ ਯਕੀਨੀ ਬਣਾਉਣ ਲਈ ਮੁਹਿੰਮ ਛੇੜੀ ਜਾਵੇਗੀ ਤੇ ਇਸ ਵਿਚ ਦੁਨੀਆਂ ਭਰ ਦੇ ਤਕਰੀਬਨ ਚਾਰ ਹਜ਼ਾਰ ਨੌਜਵਾਨਾਂ ਵੱਲੋਂ ਸ਼ਿਰਕਤ ਕਰਨ ਦੇ ਆਸਾਰ ਹਨ। ਇਕ ਅੰਦਾਜ਼ੇ ਮੁਤਾਬਕ ਅੱਜ ਵੀ ਦੁਨੀਆਂ ਭਰ ਦੇ 6.10 ਕਰੋੜ ਬੱਚਿਆਂ ਨੂੰ ਇਕ ਦਿਨ ਲਈ ਵੀ ਸਕੂਲੇ ਜਾਣਾ ਨਸੀਬ ਨਹੀਂ ਹੁੰਦਾ।

# ਅਮਰੀਕੀ ਸੈਨੇਟ ਵੱਲੋਂ ਗੰਨ ਕੰਟਰੋਲ ਬਿੱਲ ਖਾਰਜ

**ਵਾਸ਼ਿੰਗਟਨ:** ਅਮਰੀਕੀ ਸੈਨੇਟ ਨੇ ਸਖ਼ਤ ਗੰਨ ਕੰਟਰੋਲ ਬਿੱਲ ਖ਼ਾਰਜ ਕਰ ਦਿੱਤਾ ਹੈ। ਰਾਸ਼ਟਰਪਤੀ ਬਰਾਕ ਓਬਾਮਾ ਨੇ ਇਸ ਫੈਸਲੇ ਨੂੰ ਸ਼ਰਮਨਾਕ ਕਰਾਰ ਦਿੰਦਿਆਂ ਕਿਹਾ ਕਿ ਕਈ ਕਾਨੂੰਨਸਾਜ਼ਾਂ ਨੇ ਹਥਿਆਰਾਂ ਦੇ ਵਪਾਰੀਆਂ ਦੀ ਸ਼ਕਤੀਸ਼ਾਲੀ ਲੌਬੀ ਅੱਗੇ ਗੋਡੇ ਟੇਕ ਦਿੱਤੇ ਹਨ।

ਇਹ ਬਿੱਲ 54-46 ਵੋਟਾਂ ਨਾਲ ਫੇਲ੍ਹ ਹੋ ਗਿਆ। ਬਿੱਲ ਪਾਸ ਕਰਨ ਲਈ ਘੱਟੋ-ਘੱਟ 60 ਵੋਟਾਂ ਦਰਕਾਰ ਸਨ। ਸ੍ਰੀ ਓਬਾਮਾ ਦੀ ਪਾਰਟੀ ਦੇ ਹੀ ਕੁਝ ਸੈਨੇਟਰ ਇਸ ਦੇ ਖ਼ਿਲਾਫ਼ ਭੁਗਤੇ ਜਦਕਿ ਚਾਰ ਰਿਪਬਲਿਕਨ ਸੈਨੇਟਰਾਂ ਤੋਂ ਹੀ ਇਸ ਨੂੰ ਹਮਾਇਤ ਮਿਲ ਸਕੀ। ਕਾਂਗਰਸ ਵਿਚੋਂ ਪਾਸ ਹੋ ਕੇ ਜੇ ਇਹ ਬਿੱਲ ਕਾਨੂੰਨ ਦੀ ਸ਼ਕਲ ਅਖ਼ਤਿਆਰ ਕਰ ਲੈਂਦਾ ਤਾਂ ਗੰਨ ਨੁਮਾਇਸ਼ਾਂ ਤੇ ਇੰਟਰਨੈੱਟ 'ਤੇ ਹਰ ਤਰ੍ਹਾਂ ਦੇ ਹਥਿਆਰਾਂ ਦੀ ਖਰੀਦੋ-ਫਰੋਖਤ ਉਪਰ ਸਖ਼ਤ ਰੋਕਾਂ ਆਇਦ ਹੋ ਜਾਣੀਆਂ ਸਨ। ਇਸ ਬਿੱਲ ਤਹਿਤ ਅਜਿਹੇ ਕਿਸੇ ਵੀ ਮੈਗਜ਼ੀਨ ਨੂੰ ਦਰਾਮਦ, ਨਿਰਮਾਣ, ਧਾਰਨ ਕਰਨ ਜਾਂ ਤਬਦੀਲ ਕਰਨ 'ਤੇ ਪਾਬੰਦੀ ਲੱਗ ਜਾਂਦੀ ਸੀ ਜਿਸ ਵਿਚ




*ਗੰਨ ਕੰਟਰੋਲ ਲਈ ਕੀਤੇ ਰੋਸ ਵਿਖਾਵੇ ਵਿਚ ਹਿੱਸਾ ਲੈ ਰਹੇ ਬੱਚੇ ਤੇ ਉਨ੍ਹਾਂ ਦੇ ਮਾਪੇ।*

10 ਤੋਂ ਵੱਧ ਰੌਂਦ ਪੈਣ ਦੀ ਸਮਰੱਥਾ ਹੋਵੇ। 1982 ਤੋਂ ਲੈ ਕੇ ਹੁਣ ਤਕ ਜਿੰਨੇ ਵੀ ਸਮੂਹਕ ਗੋਲੀ ਕਾਂਡ ਹੋਏ ਹਨ ਉਨ੍ਹਾਂ ਵਿਚ ਉੱਚ-ਸਮਰੱਥਾ ਵਾਲੇ ਮੈਗਜ਼ੀਨਾਂ ਦੀ ਵਰਤੋਂ ਕੀਤੀ ਗਈ ਸੀ। ਨਿਊਟਾਊਨ ਅਤੇ ਟਕਸਨ ਤਰਾਸਦੀਆਂ ਤੋਂ ਇਲਾਵਾ ਫੋਰਟ ਹੁੱਡ, ਵਰਜੀਨੀਆ ਟੈਕ, ਆਰੋਰਾ ਅਤੇ ਓਕ ਕਰੀਕ ਵਿਖੇ ਹੋਏ ਗੋਲੀ ਕਾਂਡਾਂ ਵਿਚ ਇਨ੍ਹਾਂ ਉੱਚ ਸਮਰੱਥਾ ਵਾਲੇ ਹਥਿਆਰਾਂ ਦਾ ਇਸਤੇਮਾਲ ਕੀਤਾ ਗਿਆ ਸੀ।

ਰਾਸ਼ਟਰਪਤੀ ਓਬਾਮਾ ਨੇ ਇਸ ਬਾਰੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਇਹ ਵਾਸ਼ਿੰਗਟਨ ਲਈ ਸ਼ਰਮਨਾਕ ਦਿਨ ਹੈ। ਸੈਨੇਟ ਵਿਚ ਇਹ ਬਿੱਲ ਪਾਸ ਨਾ ਹੋ ਸਕਣ ਕਾਰਨ ਉਨ੍ਹਾਂ ਨੂੰ ਵੱਡਾ ਧੱਕਾ ਲੱਗਿਆ ਹੈ ਜਦਕਿ ਨੈਸ਼ਨਲ ਰਾਈਫਲ ਐਸੋਸੀਏਸ਼ਨ (ਐਨ.ਆਰ.ਏ.) ਵੱਲੋਂ ਗੰਨ ਕੰਟਰੋਲ ਬਿੱਲ ਖ਼ਿਲਾਫ਼ ਵੱਡੀ ਮੁਹਿੰਮ ਚਲਾਈ ਜਾ ਰਹੀ ਸੀ। ਉਧਰ, ਐਨ.ਆਰ.ਏ. ਨੇ ਬਿੱਲ ਡਿੱਗਣ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਬਿੱਲ ਨਾਲ ਆਮ ਨਾਗਰਿਕਾਂ ਵੱਲੋਂ ਹਥਿਆਰਾਂ ਦੀ ਖਰੀਦੋ-ਫਰੋਖਤ ਨੂੰ ਅਪਰਾਧ ਦਾ ਦਰਜਾ ਮਿਲ ਜਾਣਾ ਸੀ ਅਤੇ ਸਾਡਾ ਤਜਰਬਾ ਹੈ ਕਿ ਪਿਛੋਕੜ ਬਾਰੇ ਪੜਤਾਲ ਨਾਲ ਗੰਨ ਹਿੰਸਾ ਵਿਚ ਬਹੁਤਾ ਫਰਕ ਨਹੀਂ ਪਿਆ।

# ਅਰਮਾਨ ਅਟਵਾਲ ਨੇ ਜਿਮਨਾਸਟਿਕਸ ਵਿਚ ਫਿਰ ਮਾਰੀਆਂ ਮੱਲਾਂ

**ਸ਼ਿਕਾਗੋ (ਬਿਊਰੋ):** ਅਰਮਾਨ ਅਟਵਾਲ ਉਨ੍ਹਾਂ ਬੱਚਿਆਂ ਵਿਚੋਂ ਹੈ ਜਿਨ੍ਹਾਂ ਨੇ ਖੇਡਾਂ ਦੇ ਖੇਤਰ ਵਿਚ ਆਪਣੀਆਂ ਪ੍ਰਾਪਤੀਆਂ ਰਾਹੀਂ ਆਪਣਾ ਤੇ ਆਪਣੇ ਮਾਂ-ਪਿਓ ਦਾ ਨਾਂ ਹੀ ਰੋਸ਼ਨ ਨਹੀਂ ਕੀਤਾ ਸਗੋਂ ਸਿੱਖ ਭਾਈਚਾਰੇ ਦਾ ਮਾਣ ਵੀ ਵਧਾਇਆ ਹੈ। ਤੀਜੀ ਕਲਾਸ ਵਿਚ ਪੜ੍ਹਦੇ 9 ਸਾਲ ਦੇ ਅਰਮਾਨ ਦਾ ਨਾਂ ਪਿਛਲੇ ਸਾਲ ਜ਼ਿਮਨਾਸਟਿਕ ਮੁਕਾਬਲਿਆਂ ਵਿਚ ਇਲੀਨਾਏ ਸਟੇਟ ਲੈਵਲ 'ਤੇ ਕੋਈ 30 ਮੈਡਲ ਜਿੱਤਣ ਕਰਕੇ ਅਖਬਾਰੀ ਸੁਰਖੀਆਂ 'ਚ ਆਇਆ ਸੀ।

ਅਰਮਾਨ ਨੇ ਪਿਛਲੇ ਸਾਲ ਦੀਆਂ ਆਪਣੀਆਂ ਪ੍ਰਾਪਤੀਆਂ ਨੂੰ ਅਗੇ ਤੋਰਦਿਆਂ ਜਿਮਨਾਸਟਿਕਸ ਦੇ ਛੇਵੇਂ ਲੈਵਲ ਵਿਚ ਇਸ ਸਾਲ 32 ਮੈਡਲ ਅਤੇ ਕੁਝ ਟਰਾਫੀਆਂ ਜਿੱਤੀਆਂ ਹਨ। ਮੈਮ ਮੈਮੋਰੀਅਲ ਚੈਂਪੀਅਨਸ਼ਿਪ ਵਿਚ ਉਸ ਨੇ ਪਹਿਲਾ ਨੰਬਰ ਲਿਆ ਹੈ ਜਦੋਂ ਕਿ ਸੇਂਟ ਵੈਲਨਟਾਈਨ ਡੇਅ ਕਲਾਸਿਕ ਚੈਂਪੀਅਨਸ਼ਿਪ ਵਿਚ ਉਹ ਤੀਜੇ ਨੰਬਰ 'ਤੇ ਆਇਆ। ਇਸੇ ਤਰ੍ਹਾਂ ਗਰੇਟ ਵੈਸਟਰਨ ਚੈਂਪੀਅਨਸ਼ਿਪ ਵਿਚ ਅਰਮਾਨ ਦੂਜੇ ਅਤੇ ਜੋਅ ਜੀ ਚੈਂਪੀਅਨਸ਼ਿਪ ਵਿਚ ਚੌਥੇ ਥਾਂ ਰਿਹਾ।



ਅਰਮਾਨ ਅਟਵਾਲ

ਮੁੰਡਿਆਂ ਦੀ ਸਟੇਟ ਚੈਂਪੀਅਨਸ਼ਿਪ ਲਈ ਉਸ ਨੇ ਕੁਆਲੀਫਾਈ ਕਰਕੇ 62.2 ਸਕੋਰ ਲੈ ਕੇ ਛੇਵੀਂ ਪੁਜੀਸ਼ਨ ਹਾਸਲ ਕੀਤੀ। ਸਟੇਟ ਲੈਵਲ ਦੇ ਮੁਕਾਬਲਿਆਂ ਪਿਛੋਂ ਉਹ ਰੀਜ਼ਨ 5 ਚੈਂਪੀਅਨਸ਼ਿਪ ਲਈ ਕੁਆਲੀਫਾਈ ਕਰ ਗਿਆ। ਇਸ ਮੁਕਾਬਲੇ ਵਿਚ ਇਲੀਨਾਏ, ਇੰਡੀਆਨਾ, ਓਹਾਇਓ, ਮਿਸ਼ੀਗਨ ਅਤੇ ਕੈਨਟੱਕੀ-5 ਸਟੇਟਾਂ ਦੇ 33 ਬੈਸਟ ਐਥਲੀਟ ਸ਼ਾਮਲ ਹੋਏ ਅਤੇ ਅਰਮਾਨ ਨੇ ਇਸ ਮੁਕਾਬਲੇ ਵਿਚ ਆਪਣੇ ਉਮਰ ਗਰੁਪ ਵਿਚ ਸਮੁਚੇ ਤੌਰ 'ਤੇ 62.7 ਦੇ ਸਕੋਰ ਨਾਲ 8ਵੀਂ ਪੁਜੀਸ਼ਨ ਹਾਸਲ ਕੀਤੀ। ਅਰਮਾਨ ਇਲੀਨਾਏ ਆਲ ਸਟੇਟ ਟੀਮ ਵਾਸਤੇ ਕੁਆਲੀਫਾਈ ਕਰ ਚੁਕਾ ਹੈ ਜਿਸ ਲਈ ਕਿ 8 ਮੁੰਡੇ ਚੁਣੇ ਜਾਂਦੇ ਹਨ। ਅਰਮਾਨ ਦਾ ਸੁਪਨਾ ਹੈ ਕਿ ਉਹ ਵਡਾ ਹੋ ਕੇ ਆਪਣੇ ਮਾਤਾ-ਪਿਤਾ ਦਾ ਨਾਂ ਰੋਸ਼ਨ ਕਰੇ। ਇਥੇ ਪੈਲਾਟਾਈਨ ਰਹਿੰਦੇ ਉਸ ਦੇ ਪਰਿਵਾਰ ਨਾਲ ਸੰਪਰਕ ਫੋਨ 847-991-7571 ਰਾਹੀਂ ਹੋ ਸਕਦਾ ਹੈ।

## ਖਹਿਰਾ ਦੀ ਪੰਜਾਬ ਕਾਂਗਰਸ ਦੇ ਬੁਲਾਰੇ ਵਜੋਂ ਨਿਯੁਕਤੀ

**ਚੰਡੀਗੜ੍ਹ:** ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਬੁਲਾਰਾ ਨਿਯੁਕਤ ਕੀਤਾ ਗਿਆ ਹੈ।



ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਦੱਸਿਆ ਕਿ ਆਲ ਇੰਡੀਆ ਕਾਂਗਰਸ ਕਮੇਟੀ ਦੀ ਮਨਜ਼ੂਰੀ ਤੋਂ ਬਾਅਦ ਇਹ ਨਿਯੁਕਤੀ ਕੀਤੀ ਗਈ ਹੈ।

ਇਸ ਤੋਂ ਪਹਿਲਾਂ ਜਦੋਂ ਸ੍ਰੀ ਬਾਜਵਾ ਨੇ ਖਹਿਰਾ ਨੂੰ ਪਾਰਟੀ ਦਾ ਮੁੱਖ ਬੁਲਾਰਾ ਤੇ ਆਪਣੇ ਭਰਾ ਤੇ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਫਤਹਿਜੰਗ ਸਿੰਘ ਬਾਜਵਾ ਨੂੰ ਕਾਂਗਰਸ ਪਾਰਟੀ ਦੇ ਦਫਤਰ ਦਾ ਇੰਚਾਰਜ ਤੇ ਤਿੰਨ ਹੋਰ ਆਗੂਆਂ ਨੂੰ ਸਕੱਤਰ ਨਿਯੁਕਤ ਕੀਤਾ ਸੀ ਤਾਂ ਹਾਈਕਮਾਂਡ ਨੇ ਉਸ ਦੀ ਮਨਜ਼ੂਰੀ ਤੋਂ ਬਿਨਾਂ ਇਹ ਨਿਯੁਕਤੀਆਂ ਕਰਨ ਦਾ ਬੁਰਾ ਮਨਾਇਆ ਸੀ ਜਿਸ ਕਾਰਨ ਪ੍ਰਧਾਨ ਨੂੰ ਮਜਬੂਰਨ ਇਨ੍ਹਾਂ ਨਿਯੁਕਤੀਆਂ ਉਪਰ ਰੋਕ ਲਾਉਣੀ ਪਈ ਸੀ।

## ਬਾਪੂ ਗੁਰਬਖਸ਼ ਸਿੰਘ ਭੱਗੂਪੁਰ ਦਾ ਦੇਹਾਂਤ

**ਪੱਟੀ:** ਦੇਸ਼ ਦੀ ਆਜ਼ਾਦੀ ਲਈ ਅਹਿਮ ਰੋਲ ਨਿਭਾਉਣ ਵਾਲੇ ਬਾਪੂ ਗੁਰਬਖਸ਼ ਸਿੰਘ ਭੱਗੂਪੁਰ (82) ਸੰਖੇਪ ਬਿਮਾਰੀ ਪਿੱਛੋਂ ਅੰਮ੍ਰਿਤਸਰ ਦੇ ਹਸਪਤਾਲ 'ਚ ਚਲਾਣਾ ਕਰ ਗਏ। ਮਰਹੂਮ ਗੁਰਬਖਸ਼ ਸਿੰਘ ਨੇ ਭਾਰਤ ਦੇ ਮਰਹੂਮ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ, ਮਰਹੂਮ ਸ਼ਸ਼ੀ ਭੂਸ਼ਣ ਐਮ.ਪੀ., ਮਰਹੂਮ ਕਾਮਰੇਡ ਰਾਮ ਕ੍ਰਿਸ਼ਨ ਨਾਲ ਲੰਬਾ ਸਮਾਂ ਲਾਹੌਰ ਵਿਚ ਜੇਲ੍ਹ ਕੱਟੀ ਸੀ ਅਤੇ ਦੇਸ਼ ਵਾਸੀਆਂ ਨੂੰ ਅੰਗਰੇਜ਼ੀ ਹਕੂਮਤ ਦੀ ਗੁਲਾਮੀ 'ਚੋਂ ਆਜ਼ਾਦ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ।


ਦੇਸੀ ਵਰਲਡ ਰੇਡੀਓ ਵਲੋਂ ਪੇਸ਼ ਹੈ
ਦੁਨੀਆਂ ਦਾ ਪਹਿਲਾ ਖਾਲਸ



ਦੇਸੀ ਰੇਡੀਓ
ਜਿਸ ਰਾਹੀਂ ਤੁਸੀਂ ਆਪਣੀ ਮਨ ਪਸੰਦ ਦਾ ਰੇਡੀਓ ਸੁਣ ਸਕਦੇ ਹੋ।
35000 ਤੋਂ ਵੱਧ ਰੇਡੀਓ ਸਟੇਸ਼ਨਾਂ ਨਾਲ ਲੈਸ,
WIFI ਇੰਟਰਨੈਟ ਰੇਡੀਓ 24 ਘੰਟੇ

*ਹਰਿਮੰਦਰ ਸਾਹਿਬ ਤੋਂ ਸ਼ਬਦ ਕੀਰਤਨ ਸੁਣੋ। ਇਸ ਤੋਂ ਇਲਾਵਾ 27 ਹੋਰ ਧਾਰਮਿਕ ਸਟੇਸ਼ਨ ਜਿਥੋਂ ਲਗਾਤਾਰ ਕਥਾ ਕੀਰਤਨ ਸੁਣੇ ਜਾ ਸਕਦੇ ਹਨ। ਪੰਜਾਬੀ ਗੀਤ-ਸੰਗੀਤ, ਖਬਰਾਂ ਤੇ ਚਲੰਤ ਮਾਮਲਿਆਂ ਉਤੇ ਪ੍ਰੋਗਰਾਮ 125 ਤੋਂ ਵੱਧ ਰੇਡੀਓ ਸਟੇਸ਼ਨਾਂ 'ਤੇ ਸੁਣੋ
*ਭਾਰਤ, ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਅਤੇ ਨਿਊਜ਼ੀਲੈਂਡ ਦੇ ਰੇਡੀਓ ਸਟੇਸ਼ਨ ਸੁਣੋ। ਰੇਡੀਓ ਹਮਸਫਰ, ਸ਼ੇਰੇ ਪੰਜਾਬ, ਧਮਾਲ ਰੇਡੀਓ, ਹੱਸਦਾ ਪੰਜਾਬ, ਦੇਸ ਪਰਦੇਸ, ਸਾਡੀ ਆਵਾਜ਼, ਪੰਜ ਪਾਣੀ, ਚੜ੍ਹਦੀ ਕਲਾ, ਦੇਸੀ ਰੇਡੀਓ, ਅੰਮ੍ਰਿਤ ਬਾਣੀ, ਬੀ ਬੀ ਸੀ ਹਿੰਦੀ, ਆਕਾਸ਼ਵਾਣੀ, ਪੰਜਾਬੀ ਰੇਡੀਓ, ਸ਼ਬਨਮ ਰੇਡੀਓ, ਢੋਲ ਰੇਡੀਓ ਅਤੇ ਹੋਰ ਹਿੰਦੀ, ਉਰਦੂ ਅਤੇ ਮਨਪਸੰਦ ਜ਼ੁਬਾਨਾਂ ਦੇ ਸੈਂਕੜੇ ਹੀ ਰੇਡੀਓ ਸੁਣੋ।
*ਰੇਡੀਓ ਰਿਮੋਟ ਕੰਟਰੋਲ ਨਾਲ ਉਪਲਬਧ *ਰੇਡੀਓ ਵਰਤਣਾ ਬਹੁਤ ਹੀ ਆਸਾਨ *ਰੇਡੀਓ ਵਿਚ ਦੋ ਅਲਾਰਮ ਹਨ-ਹਰਿਮੰਦਰ ਸਾਹਿਬ ਜਾਂ ਕੋਈ ਵੀ ਹੋਰ ਸਟੇਸ਼ਨ ਆਪਣੇ ਅਲਾਰਮ ਵਿਚ ਫਿਟ ਕਰਕੇ ਸੁਣ ਸਕਦੇ ਹੋ।

Punjabi, Hindi, Urdu, Fijian, South Indian Radio Stations.

www.desiworldradio.com 'ਤੇ Login ਕਰਕੇ ਸਾਡਾ ਰੇਡੀਓ ਵੀ ਸੁਣ ਸਕਦੇ ਹੋ, ਇਸ ਵਿਚ ਸਾਰਾ ਦਿਨ ਟਾਕ ਸ਼ੋਅ, ਨਵੇਂ ਗੀਤ ਅਤੇ ਖਬਰਾਂ ਆਉਂਦੀਆਂ ਰਹਿੰਦੀਆਂ ਹਨ।

ਡੀਲਰਸ਼ਿਪ ਲੈ ਕੇ ਚੰਗੇ ਪੈਸੇ ਕਮਾਓ

Listen our Radio on any phone, just dial 832-551-5031
Our skype id: desiworldradio

ਹੋਰ ਜਾਣਕਾਰੀ ਲਈ
www.desiworldradio.com, info@desiworldradio.com
Toll Free Number: 1-800-604-6024





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼ ✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.726.6103 • 408.659.9400



INDIAN BAZAAR ਇੰਡੀਅਨ ਬਜ਼ਾਰ
334 S. Emerson Ave., GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਅਤੇ ਮਿਠਾਈਆਂ ਲਈ ਮਸ਼ਹੂਰ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ
- ਸਭ ਧਰਮਾਂ ਦੇ ਧਾਰਮਿਕ ਪ੍ਰੋਗਰਾਮਾਂ ਲਈ 10% ਛੂਟ

ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।
ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ
ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ



Ph: 317-534-5151, 317-997-9140



ਆਪਣੇ ਰੂਪ ਨੂੰ ਚਾਰ ਚੰਨ ਲਾਓ
DESIGNER LEHANGAS, SUITS, SAREES, KIDS WEAR
ਡਿਜ਼ਾਈਨਰ ਲਹਿੰਗੇ, ਸੂਟ ਤੇ ਸਾੜੀਆਂ
ਬੱਚਿਆਂ ਦੀਆਂ ਪੁਸ਼ਾਕਾਂ
Gidha Bhangra Dresess On Rent
Preet BOUTIQUE
ਵਿਆਹ-ਸ਼ਾਦੀ ਦੇ ਸ਼ਗਨਾਂ ਲਈ ਕਲੀਰੇ, ਗਾਨੇ, ਸੁਰਮੇਦਾਨੀ, ਕਿਰਪਾਨ, ਕਲਗੀ, ਸਿਹਰਾ, ਚੂੜਾ, ਜਾਗੋ ਮਟਕੀ, ਪਰਾਂਦੀ ਤੇ ਹੋਰ ਸਭ ਕੁਝ ਮਿਲਦਾ ਹੈ
Call: 317-603-4018, 317-332-1387
E-mail:spkaurus@yahoo.co.in
Facebook preetboutique

ਭਾਰ ਘਟਾਓ, ਰੋਗਾਂ ਤੋਂ ਬਚੋ
ਕੀ ਤੁਸੀਂ ਭਾਰ ਵਧਣ, ਸੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕੇ ਰਹਿਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?
> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।
Safe & Easy Weight Loss
Ph:317-886-4858
www.punjabiweightloss.blogspot.com
www.goherbalife.com/skaur

# ਫਿਲਮਸਾਜ਼ ਅਜੈ ਦੀਆਂ ਪੁਰਾਣੇ ਪੰਜਾਬ ਨੂੰ ਹਾਕਾਂ

ਕਲਾ ਪਰਿਕਰਮਾ

*1947 ਦੀ ਵੰਡ ਨੇ ਪੰਜਾਬੀਆਂ ਨੂੰ ਬਹੁਤ ਡੂੰਘੇ ਜ਼ਖਮ ਦਿੱਤੇ ਹਨ। ਕਲਾ ਦੀਆਂ ਵੱਖ ਵੱਖ ਵੰਨਗੀਆਂ ਵਿਚ ਇਨ੍ਹਾਂ ਜ਼ਖਮਾਂ ਦਾ ਦਰਦ ਬਿਆਨ ਹੋਇਆ ਹੈ। ਇਹ ਦਰਦ ਉਨ੍ਹਾਂ ਵੇਲਿਆਂ ਦੇ ਲੇਖਕਾਂ/ਕਲਾਕਾਰਾਂ ਨੇ ਸਾਰੇ ਜੱਗ ਨੂੰ ਦੱਸਿਆ। ਬਾਅਦ ਦੀਆਂ ਪੀੜ੍ਹੀਆਂ ਨੇ ਆਪਣੇ ਪੁਰਖਿਆਂ ਤੋਂ ਕਹਾਣੀਆਂ ਸੁਣ ਕੇ ਜਾਂ ਪੜ੍ਹ ਕੇ ਇਹ ਦਰਦ ਮਹਿਸੂਸ ਕੀਤਾ ਹੈ। ਫਿਲਮਸਾਜ਼ ਅਜੈ ਭਾਰਦਵਾਜ ਅਜਿਹਾ ਹੀ ਕਲਾਕਾਰ ਹੈ ਜਿਸ ਨੇ ਵੰਡ ਬਾਰੇ ਆਪਣੀ ਬਾਤ ਫਿਲਮਾਂ ਰਾਹੀਂ ਸੁਣਾਈ ਹੈ। ਉਹਦੇ ਪੁਰਖਿਆਂ ਦਾ ਪਿੰਡ ਅਕਾਲਗੜ੍ਹ (ਲੁਧਿਆਣਾ) ਹੈ ਤੇ ਅੱਜਕੱਲ੍ਹ ਦਿੱਲੀ ਵੱਸਦਾ ਹੈ। ਵੰਡ ਦੇ ਦਰਦ ਬਾਰੇ ਉਸ ਨੇ ਵਿਲੱਖਣ ਤਿੰਨ ਦਸਤਾਵੇਜ਼ੀ ਫਿਲਮਾਂ ਬਣਾਈਆਂ ਹਨ। ਸੰਜਮਪ੍ਰੀਤ ਸਿੰਘ ਨੇ ਇਨ੍ਹਾਂ ਫਿਲਮਾਂ ਨੂੰ ਆਧਾਰ ਬਣਾ ਕੇ ਉਸ ਬਾਰੇ ਕੁਝ ਗੱਲਾਂ ਕੀਤੀਆਂ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। -ਸੰਪਾਦਕ*



ਸੰਜਮਪ੍ਰੀਤ ਸਿੰਘ
ਫੋਨ: 91-98720-21979

ਬਾਬਾ ਹਾਜੀ ਰਤਨ...ਡੋਗਰ ਛਪਾਰਵਾਲਾ...ਕਿੱਕਰ ਸਿੰਘ...ਗੁਲਾਮ...

ਇਹ ਸਾਰੇ ਨਾਂ ਹੁਣ ਜ਼ਿਹਨ ਵਿਚ ਕੋਈ ਤੁਣਕਾ ਜਿਹਾ ਨਹੀਂ ਮਾਰਦੇ। ਇੱਦਾਂ ਕਿਉਂ? ਹਿੰਦੋਸਤਾਨ ਦੀ ਵੰਡ, ਜਾਂ ਜਿਸ ਤਰ੍ਹਾਂ ਕੁਝ ਲੋਕ ਕਹਿੰਦੇ ਹਨ, ਪੰਜਾਬ ਦੀ ਵੰਡ ਨੇ ਇਨ੍ਹਾਂ ਸਭ ਨੂੰ ਭੂਤਕਾਲ ਵਿਚ ਦਫਨ ਕਰ ਦਿੱਤਾ ਹੈ।

ਇਨ੍ਹਾਂ ਸਾਰੇ ਗੁਆਚ ਗਏ ਨਾਵਾਂ ਨੂੰ ਫਿਲਮਸਾਜ਼ ਅਜੈ ਭਾਰਦਵਾਜ ਨੇ ਆਪਣੀ ਦਸਤਾਵੇਜ਼ੀ ਫਿਲਮ 'ਮਿਲਾਂਗੇ ਬਾਬੇ ਰਤਨ ਦੇ ਮੇਲੇ' ਵਿਚ ਨਵੇਂ ਸਿਰਿਉਂ ਪਛਾਣ ਦਿੱਤੀ ਹੈ। 48 ਵਰ੍ਹਿਆਂ ਨੂੰ ਢੁੱਕਿਆ ਅਤੇ ਦਿੱਲੀ ਵੱਸਦਾ ਅਜੈ ਭਾਰਦਵਾਜ ਪੰਜਾਬ ਬਾਰੇ ਬਣਾਈ ਆਪਣੀ ਇਸ ਫਿਲਮ ਵਿਚ ਪੰਜਾਬ ਦੀਆਂ ਗੱਲਾਂ ਕਰਦਾ/ਸੁਣਾਉਂਦਾ ਹੈ; ਉਹ ਪੰਜਾਬ ਜਿਸ ਉਤੇ ਇਸਲਾਮ ਆਪਣੇ ਪੂਰੇ ਰੰਗ ਨਾਲ ਅਸਰ ਪਾਉਂਦਾ ਹੈ; ਜਿੱਥੇ ਜੀਣ-ਥੀਣ ਦੀਆਂ ਨਿੱਤ ਨਵੀਂਆਂ ਲਗਰਾਂ ਫੁੱਟਦੀਆਂ ਹਨ। ਪੁੱਛਣ 'ਤੇ ਉਹ ਆਖਦਾ ਹੈ: "ਪੰਜਾਬ ਅਤੇ ਇਸਲਾਮ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਸਾਡੀਆਂ ਬਾਤਾਂ, ਕਿੱਸੇ ਅਤੇ ਭਾਸ਼ਾ ਦੀਆਂ ਜੜ੍ਹਾਂ ਇਸਲਾਮ ਵਿਚ ਲੱਗੀਆਂ ਹੋਈਆਂ ਹਨ। ਅਣਵੰਡੇ ਪੰਜਾਬ ਦਾ ਇਕ ਵਾਰ ਤੁਸੀਂ ਰੰਗ ਤਾਂ ਦੇਖੋ...ਸਾਂਝ ਦੀਆਂ ਕਿਆ ਬਾਤਾਂ ਨੇ...!"

ਪੰਜਾਬ ਬਾਰੇ ਹੀ ਅਜੈ ਦੀਆਂ ਦੋ ਹੋਰ ਫਿਲਮਾਂ ਹਨ: 'ਰੱਬਾ ਹੁਣ ਕੀ ਕਰੀਏ' ਅਤੇ 'ਕਿਤੇ ਮਿਲ ਵੇ ਮਾਹੀ'। ਇਨ੍ਹਾਂ ਫਿਲਮਾਂ ਵਿਚ ਵੀ ਪੰਜਾਬ ਦੀ ਸਾਂਝ ਦੀਆਂ ਤੰਦਾਂ ਦੀ ਤਾਣੀ ਤਣੀ ਹੋਈ ਹੈ।

ਬਾਬੇ ਰਤਨ ਦਾ ਮੇਲਾ ਬਠਿੰਡਾ ਜ਼ਿਲ੍ਹੇ ਵਿਚ ਬਾਬਾ ਹਾਜੀ ਰਤਨ ਦੀ ਦਰਗਾਹ 'ਤੇ ਭਰਦਾ ਹੁੰਦਾ ਸੀ। ਵੰਡ ਤੋਂ ਪਹਿਲਾਂ ਦੀਆਂ ਗੱਲਾਂ ਹਨ, ਇਸ ਮੇਲੇ ਉਤੇ ਹਰ ਧਰਮ ਅਤੇ ਜਾਤ ਦੇ ਲੋਕ ਪੁੱਜਦੇ ਸਨ। ਕੱਵਾਲ, ਫਕੀਰ ਤੇ ਹੋਰ ਗਾਉਣ ਵਾਲੇ ਪੂਰਾਂ ਸਮਾਂ ਬੰਨ੍ਹਦੇ। ਮੇਲੇ ਵਿਚ ਆਏ ਮੇਲੀ, ਵਿਛੜਨ ਵੇਲੇ ਆਖਦੇ ਹੁੰਦੇ ਸਨ: "ਮਿਲਾਂਗੇ ਬਾਬੇ ਰਤਨ ਦੇ ਮੇਲੇ...।" 1947 ਵਿਚ ਹੋਈ ਵਤਨ ਦੀ ਵੰਡ ਨੇ ਇਹ ਰੰਗ ਫਿੱਕੇ ਪਾ ਦਿੱਤੇ। ਵੰਡ ਸਮਝੋ ਇਸ ਮੇਲੇ ਦੀਆਂ ਜੜ੍ਹਾਂ ਵਿਚ ਬੈਠ ਗਈ। ਜੜ੍ਹਾਂ 'ਚ ਵੀ ਕਿੱਥੇ ਬੈਠੀ; ਸਮਝੋ ਜੜ੍ਹਾਂ ਵਿਚ ਦਾਤੀ ਹੀ ਫੇਰ ਗਈ!



*ਅਜੈ ਭਾਰਦਵਾਜ ਦੀ ਫਿਲਮ 'ਕਿਤੇ ਮਿਲ ਵੇ ਮਾਹੀ' ਵਿਚ ਸਮਰਾਲੇ ਵਾਲਾ ਇਨਕਲਾਬੀ ਸ਼ਾਇਰ ਲਾਲ ਸਿੰਘ ਦਿਲ।*

ਅਜੈ ਭਾਰਦਵਾਜ ਜਿਹੜਾ ਵੰਡ ਵੇਲੇ ਜੰਮਿਆ ਵੀ ਨਹੀਂ ਸੀ, ਵੰਡ ਦਾ ਉਹ ਦਰਦ ਹੰਢਾਅ ਰਿਹਾਅ ਪ੍ਰਤੀਤ ਹੁੰਦਾ ਹੈ। ਉਹ ਸਿੰਮਦੇ ਦਰਦ ਨਾਲ ਕਹਿੰਦਾ ਹੈ: "ਵੰਡ ਨੇ ਲੋਕਾਂ ਨੂੰ ਆਪੋ-ਆਪਣੀਆਂ ਪਛਾਣਾਂ ਵੱਲ ਧੱਕ ਦਿੱਤਾ। ਤੇਰ-ਮੇਰ ਦਿਲਾਂ ਵਿਚ ਮੱਲੋ-ਮੱਲੀ ਘੁਸੜ ਗਈ। ਮੁਸਲਮਾਨ, ਸਿੱਖ ਅਤੇ ਹਿੰਦੂ ਵੰਡੇ ਗਏ। ਇਨ੍ਹਾਂ ਵਿਚ ਪਾੜਾ ਪੈ ਗਿਆ ਅਤੇ ਫਿਰ ਵਧੀ ਗਿਆ। ਅਚਾਨਕ ਸਾਂਝਾਂ ਗੈਰ-ਹਾਜ਼ਰ ਹੋ ਗਈਆਂ। ਪੰਜਾਬ ਬਾਰੇ ਮੇਰੀਆਂ ਤਿੰਨੇ ਫਿਲਮਾਂ ਇਸੇ ਗੈਰ-ਹਾਜ਼ਰੀ ਦੀਆਂ ਬਾਤਾਂ ਹਨ।"

ਅਸਲ ਵਿਚ ਅਜੈ ਭਾਰਦਵਾਜ ਹੁਣ ਇੰਨੇ ਵਰ੍ਹਿਆਂ ਬਾਅਦ, ਇਸ ਗੈਰ-ਹਾਜ਼ਰੀ ਵਿਚੋਂ ਕੋਈ ਹਾਜ਼ਰੀ ਭਾਲ ਰਿਹਾ ਹੈ। ਉਹ ਬੋਲੀ ਜਾ ਰਿਹਾ ਹੈ: "ਲੁਧਿਆਣੇ ਪਿੰਡ ਅਕਾਲਗੜ੍ਹ ਵਿਚ ਮੇਰੇ ਦਾਦਕਿਆਂ ਦੇ ਘਰ ਦੇ ਪਿਛਵਾੜੇ ਭੀੜੀ ਜਿਹੀ ਗਲੀ ਸੀ। ਲੋਕ ਇਹਨੂੰ ਰਾਜਪੂਤਾਂ ਦੀ ਗਲੀ ਆਂਹਦੇ ਸਨ। ਹੁਣ ਵੀ ਇਸ ਦਾ ਇਹੀ ਨਾਂ ਹੈ। ਵੰਡ ਤੋਂ ਪਹਿਲਾਂ ਇਸ ਗਲੀ ਵਿਚ ਰਾਜਪੂਤ ਮੁਸਲਮਾਨ ਵੱਸਦੇ ਸਨ। ਅਕਾਲਗੜ੍ਹ ਵਿਚ ਇਕ ਗੁਰਦੁਆਰਾ ਹੈ। ਇਹਦਾ ਨਾਂ ਮਸੀਤ ਵਾਲਾ ਗੁਰਦੁਆਰਾ ਪਿਆ ਹੋਇਆ ਹੈ।" ਇਹ ਆਖਦਾ ਆਖਦਾ ਅਜੈ ਸਿੱਧਾ ਅੱਖਾ ਵਿਚ ਝਾਕਦਾ ਹੈ। ਤਰਲ ਅੱਖਾਂ ਵਿਚੋਂ ਕੋਈ ਦਰਦ ਸਿੰਮਦਾ ਜਾਪਦਾ ਹੈ। ਟੁੱਟਦੀਆਂ ਸਾਂਝਾਂ ਦੀ ਦਗੜ-ਦਗੜ ਮਹਿਸੂਸ ਹੋਣ ਲਗਦੀ ਹੈ। ਇਹ ਦਰਦ ਉਸ ਦੀਆਂ ਫਿਲਮਾਂ ਦੀ ਜਿੰਦ-ਜਾਨ ਹੈ।

ਪਿਛਲੀ, ਬਹੁਤ ਮੂੰਹ-ਜ਼ੋਰ 20ਵੀ ਸਦੀ ਦੇ ਅਜੇ ਤਿੰਨ ਕੁ ਸਾਲ ਬਚਦੇ ਸਨ ਜਦੋਂ ਅਜੈ ਨੇ ਫਿਲਮਾਂ ਬਣਾਉਣੀਆਂ ਆਰੰਭ ਕੀਤੀਆਂ। ਉਹ ਪੰਜਾਬ ਦੇ ਲਗਾਤਾਰ ਸੁੰਗੜ ਰਹੇ ਸਭਿਆਚਾਰਕ ਪਿੜ ਬਾਰੇ ਬੜਾ ਫਿਕਰਮੰਦ ਹੈ। ਉਹਦਾ ਝੋਰਾ ਹੈ: "ਮੰਡੀ ਨੇ ਸਭਿਆਚਾਰ ਦੇ ਮਾਪਦੰਡ ਹੀ ਬਦਲ ਦਿੱਤੇ ਹਨ।" ਉਹਦਾ ਇਹ ਝੋਰਾ ਸੱਚਾ ਹੀ ਤਾਂ ਹੈ। ਡੋਗਰ ਛਪਾਰਵਾਲਾ ਵਰਗੇ ਗਾਇਕ ਤੇ ਕਿੱਕਰ ਸਿੰਘ ਤੇ ਗੁਲਾਮ ਵਰਗੇ ਭਲਵਾਨ ਹੁਣ ਕਿੱਥੇ ਨੇ ਭਲਾ? ਇਹ ਪੰਜਾਬ ਦੇ ਮੁਹਾਵਰੇ 'ਚੋਂ ਹੌਲੀ ਹੌਲੀ ਕਰ ਕੇ ਗਾਇਬ ਹੋ ਗਏ ਹਨ। ਇਨ੍ਹਾਂ ਦੇ ਚਿੱਤਰ ਛਪਾਰ ਵਿਚ ਗੁੱਗਾ ਮਾੜੀ ਪੀਰ ਦੀ ਦਰਗਾਹ ਦੀਆਂ ਕੰਧਾਂ ਉਤੇ ਹੀ ਰਹਿ ਗਏ ਹਨ। ਉਥੇ ਵੀ ਇਹ ਕਦੋਂ ਤੱਕ ਰਹਿਣਗੇ? ਉਹ ਚਾਹੁੰਦਾ ਹੈ ਕਿ ਅਣਵੰਡੇ ਪੰਜਾਬ ਦਾ ਖਜ਼ਾਨਾ ਅਤੇ ਉਹਦੀ ਫਿਲਮ 'ਮਿਲਾਂਗੇ ਬਾਬੇ ਰਤਨ ਦੇ ਮੇਲੇ' ਦਾ 'ਹੀਰੋ' ਮਛੰਦਰ ਖਾਨ ਮਸਕੀਨ ਇਸ ਖਿੱਤੇ ਦੇ ਸਭਿਆਚਾਰ ਦਾ ਅੰਗ ਬਣੇ!

ਆਪਣੇ ਅਗਲੇ ਪ੍ਰੋਜੈਕਟਾਂ ਬਾਰੇ ਅਜੈ ਨੇ ਅਜੇ ਕੁਝ ਨਹੀਂ ਸੋਚਿਆ। ਉਹਦੇ ਜ਼ਿਹਨ ਵਿਚ ਕਈ ਕਹਾਣੀਆਂ ਚੱਲ ਰਹੀਆਂ ਹਨ। ਉਂਜ, ਉਹ ਭਾਵੇਂ ਕੁਝ ਵੀ ਬਣਾਵੇ, ਪਰ ਉਹਦੀਆਂ ਤਿੰਨੇ ਫਿਲਮਾਂ ਦੇਖ ਕੇ ਪੱਕੀ ਗੱਲ ਇਹੀ ਹੈ ਕਿ ਉਹਦੀ ਅਗਲੀ ਰਚਨਾ ਵਿਚ ਵੀ ਪੰਜਾਬ ਬੋਲੇਗਾ। ਉਦੋਂ ਤੱਕ ਇਸ 'ਫਿਲਮਸਾਜ਼, ਕਲਾਕਾਰ, ਆਜ਼ਾਦ ਪੰਛੀ' ਜਿਸ ਤਰ੍ਹਾਂ ਉਸ ਨੇ ਆਪਣੀ ਵੈੱਬਸਾਈਟ ਉਤੇ ਆਪਣੀ ਪਛਾਣ ਦਿੱਤੀ ਹੋਈ ਹੈ, ਨੂੰ ਅਲਵਿਦਾ! ਉਦੋਂ ਫਿਰ ਮਿਲਾਂਗੇ ਜਿੱਦਾਂ ਵੰਡ ਤੋਂ ਪਹਿਲਾਂ ਪੰਜਾਬ ਦੇ ਲੋਕ ਬਾਬੇ ਰਤਨ ਦੇ ਮੇਲੇ 'ਤੇ ਮਿਲਦੇ ਹੁੰਦੇ ਸਨ।









*ਅਜੈ ਭਾਰਦਵਾਜ (ਵਿਚਕਾਰ) ਦੀਆਂ ਦੋ ਫਿਲਮਾਂ ਦੇ ਟਾਈਟਲ।*

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 4 ਮਈ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-62




*ਕਿੰਨੀਆਂ ਸੋਹਣੀਆਂ ਜੀਪਾਂ ਪੁੱਤਰੋ, ਪਰ ਕੀ ਚਾੜ੍ਹਿਆ ਚੰਦ।*
*ਬੀਬੇ ਬੰਦੇ ਨਿੰਦਣਗੇ ਜੋ, ਤੁਸੀਂ ਲਿਖਾਏ ਬੰਦ।*
*ਅਤਿ ਬਦੀ ਦਾ ਚੜ੍ਹਿਆ ਏਥੇ, ਪਹਿਲਾਂ ਈ ਬੜਾ ਕੜਾਹਾ।*
*ਰੋਕ ਲਵੋ ਕਰਜ਼ਾਈ ਜੱਟ ਨੂੰ, ਨਿੱਤ ਲੈਣ ਤੋਂ ਫਾਹਾ।*

## ਕੈਪਸ਼ਨ ਮੁਕਾਬਲਾ-60



ਨਿਕੜੀ ਪ੍ਰੀਤ ਨੂੰ ਘਰੇ ਬਿਠਾ ਕੇ,
ਮਾਂ ਕੰਮ 'ਤੇ ਤੁਰ ਗਈ।
ਹੈਡਫੋਨ ਲਾ ਬੈਡ 'ਤੇ ਬਹਿ ਧੀ,
ਗਾਣੇ ਸੁਣਦੀ ਪਈ।
ਸਾਰਾ ਦਿਨ ਕੰਮ ਕਰ ਕੇ ਮੰਮੀ,
ਘਰੇ ਸ਼ਾਮ ਨੂੰ ਆਵੇ।
ਬੱਚਿਆਂ ਦੇ ਮੂੰਹ ਚੁੰਮੇ,
ਨਾਲੇ ਰੋਟੀ ਮੂੰਹ ਵਿਚ ਪਾਵੇ।
ਨਿੱਕੇ ਨਿੱਕੇ ਬੱਚੇ ਹੋ ਗਏ,
ਮਾਪਿਆਂ ਤੋਂ ਵੱਧ ਸਿਆਣੇ।
ਮਾਪਿਆਂ ਨਾਲ ਜੋ ਬੀਤ ਰਹੀ,
'ਸੁਰਜੀਤ' ਉਹ ਰੱਬ ਹੀ ਜਾਣੇ।
***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

ਮਸਾਂ ਮਸਾਂ ਤਾਂ ਦਾਅ ਲੱਗਿਆ,
ਡਰ ਲੱਗਦਾ ਕੋਈ ਆ ਨਾ ਜਾਵੇ।
ਯੰਤਰ ਐਸਾ ਵਧੀਆ ਲਾਇਆ,
ਗਾਣਾ ਸਿੱਧਾ ਕੰਨ 'ਚ ਪਾਵੇ।
ਪਰ ਹਾਲੇ ਮੈਂ ਨਿੱਕਾ ਬੱਚਾ,
ਪੂਰੀ ਤਰ੍ਹਾਂ ਮੈਨੂੰ ਸਮਝ ਨਾ ਆਵੇ।
***-ਜਗਮੀਤ ਸਿੰਘ ਪੰਧੇਰ***
*ਫੋਨ: 91-98783-37222*

ਡੈਡੀ ਗਏ ਨੇ ਡਿਊਟੀ,
ਮੰਮੀ ਗਈ ਐ ਬਜ਼ਾਰ।
ਘਰੇ ਵਿਹਲੀ ਬੈਠੀ ਨੂੰ
ਮੈਨੂੰ ਆਇਆ ਇਹ ਵਿਚਾਰ।
ਖੇਡ ਖੇਡ ਥੱਕ ਗਈ ਆਂ,
ਬਹਿ ਕੇ ਸੁਣਾਂ ਗਾਣੇ ਚਾਰ।
ਮੈਂ ਭੋਲੀ-ਭਾਲੀ ਲਾਡੋ ਰਾਣੀ,
ਪਰ ਬੜੀ ਹਾਂ ਹੁਸ਼ਿਆਰ।
***-ਹਰਮੀਕ ਸਿੰਘ ਵਿੱਕੀ ਸਟਾਕਟਨ।***

---

ਸੁੱਖ ਸਾਧਨ ਵਿਚ ਕੈਦ ਇਹ ਨੰਨ੍ਹੀ,
ਵਿਚ ਅਸਮਾਨੀਂ ਉਡਣਾ ਚਾਹਵੇ।
ਐਪਰ ਇਸ ਦੇ ਮਾਪਿਆਂ ਨੂੰ
ਇਹ ਗੱਲ ਕੋਈ ਕਿੰਜ ਸਮਝਾਵੇ।
***-ਅਮਰਜੀਤ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

## ਕੈਪਸ਼ਨ ਮੁਕਾਬਲਾ-59



ਕੱਚਾ ਘਰ ਤੇ ਕੱਚਾ ਵਿਹੜਾ
ਕੱਚਾ ਚੁੱਲ੍ਹਾ ਚੌਂਕਾ।
ਲਿਪਿਆ ਪੋਚਿਆ ਚੌਂਕਾ ਤੱਕ ਕੇ
ਦਿਲ 'ਚੋਂ ਨਿਕਲਿਆ ਹੌਕਾ।
ਠੰਢੀ ਸੰਘਣੀ ਛਾਂ ਧਰੇਕ ਦੀ
ਛਾਵੇਂ ਮੰਜੀ ਡਾਹੀ,
ਤੜਪ ਉਠੀ 'ਸੁਰਜੀਤ'
ਜਦੋਂ ਅੱਜ ਯਾਦ ਵਤਨ ਦੀ ਆਈ।
***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਨੀ ਧੰਨੋ ਤੇਰਾ ਧੰਨ ਜਿਗਰਾ...

**ਨੋਕ-ਝੋਕ**



**ਐਸ. ਅਸ਼ੋਕ ਭੌਰਾ**

*ਪੈਸਾ ਜੋੜਨ ਲਈ ਨਹੀਂ, ਖਰਚਣ ਲਈ ਬਣਿਆ ਸੀ ਤੇ ਜਿਹੜੇ ਸਿਰਫ਼ ਪੈਸਾ ਜੋੜਨ ਲਈ ਜੰਮੇ ਸਨ, ਉਹ ਗੋਲਕ ਵਿਚ ਭਾਨ ਵੀ ਮਰਦੇ ਦਮ ਤੱਕ ਜੋੜਦੇ ਰਹੇ ਤੇ ਆਉਣ ਵਾਲੀਆਂ ਨਸਲਾਂ ਨੇ ਬਾਪੂ ਨੂੰ ਕਦੇ ਵੀ ਮੁਰਦਾਬਾਦ ਕਹਿਣ ਦੀ ਗੁਸਤਾਖ਼ੀ ਨਹੀਂ ਕੀਤੀ। ਪੈਸੇ ਦੇ ਲਾਲਚੀ ਲੋਕਾਂ ਦੀਆਂ ਬੀਵੀਆਂ ਨੂੰ ਸਾਰੀ ਉਮਰ ਸਮਝ ਨਹੀਂ ਪਿਆ ਕਿ ਵਿਆਹ ਕਰਵਾਉਣ ਦਾ ਕੀ ਮਤਲਬ ਸੀ? ਜਿਹੜਾ ਬੰਦਾ ਆਪਣੀ ਪਛਾਣ ਇਥੋਂ ਸ਼ੁਰੂ ਕਰੇ, "ਮੈਂ ਸਵਿੱਤਰੀ ਦਾ ਘਰਵਾਲਾ ਹਾਂ" ਜਾਂ ਕੋਈ ਇਸ ਵਾਕ ਨਾਲ ਆਪਣੀ ਪਛਾਣ ਦੇਵੇ, "ਨਰੰਜਣ ਕੌਰ ਮੇਰੀ ਪਤਨੀ ਹੈ", ਉਸ ਨੂੰ ਮਰਦਾਂ ਦੀ ਕਤਾਰ ਵਿਚ ਚੁੱਪ-ਚਾਪ ਸਭ ਤੋਂ ਪਿੱਛੇ ਜਾ ਕੇ ਖੜ੍ਹੇ ਹੋ ਜਾਣਾ ਚਾਹੀਦਾ ਹੈ। ਸਾਧਾਂ ਦੇ ਚਰਨਾਂ ਵਿਚ ਲੀਡਰਾਂ ਦੇ ਸਿਰ ਨੀਵਾਂ ਕਰਨ ਦੀਆਂ ਅਫ਼ਵਾਹਾਂ ਹੀ ਹੋ ਸਕਦੀਆਂ ਹਨ, ਕਿਉਂਕਿ ਰਾਜਨੀਤੀ ਵਿਚ ਸਿਰ ਦਾ ਕੋਈ ਮਹੱਤਵ ਨਹੀਂ ਰਿਹਾ। ਸਾਰੇ ਬਿਆਨ ਸਿਰਫ਼ ਧੜ ਨਾਲ ਹੀ ਦਿੱਤੇ ਜਾ ਰਹੇ ਹਨ। ਇਸ ਗੱਲ ਨੂੰ ਤਾਂ ਅਸੀਂ ਮੰਨਦੇ ਹਾਂ ਕਿ ਸਾਰੀਆਂ ਚਮਕਦੀਆਂ ਚੀਜ਼ਾਂ ਸੋਨਾ ਨਹੀਂ ਹੁੰਦੀਆਂ, ਪਰ ਸੋਹਣੀਆਂ ਔਰਤਾਂ ਨੂੰ ਵੇਖ ਕੇ ਕਈ 'ਬੀਬੇ' ਬਿੰਦ ਨਹੀਂ ਲਾਉਂਦੇ ਇਹ ਕਹਿਣ ਨੂੰ ਕਿ ਇਹ ਸਾਰੀਆਂ ਬਣਾਈਆਂ ਹੀ ਰੱਬ ਨੇ ਪਿਆਰ ਕਰਨ ਲਈ ਹਨ। ਕਿਸੇ ਵੀ ਮਾਂ-ਬਾਪ ਨੇ ਆਪਣੇ ਘਰ ਰਾਂਝਾ ਜੰਮਣ 'ਤੇ ਮੱਥੇ ਵੱਟ ਨਹੀਂ ਪਾਇਆ; 'ਹੀਰਾਂ' ਜੰਮਣ 'ਤੇ ਖੁਸ਼ੀ ਮਨਾਈ ਹੈ ਕਿਉਂਕਿ ਉਹ ਸੋਚਦੇ ਨੇ ਕਿ ਜਾਂ ਤਾਂ ਇਹ ਗੁਆਂਢੀਆਂ ਦੇ ਜੰਮਦੀਆਂ ਹਨ, ਜਾਂ ਫਿਰ ਸਿਆਲਾਂ ਵਿਚ। ਬਾਂਦਰ ਵਿਚ ਹਾਲੇ ਤੱਕ ਜ਼ੁਰਅਤ ਨਹੀਂ ਕਿ ਉਹ ਜੰਗਲ ਦੀ ਰਾਣੀ ਸ਼ੇਰਨੀ ਨੂੰ ਦਰੱਖ਼ਤ 'ਤੇ ਬੈਠਾ ਦੂਰੋਂ ਵੀ ਪੁੱਛ ਸਕੇ ਕਿ "ਭਾਬੀ ਕੀ ਹਾਲ ਐ?" ਜਿੱਦਣ ਅਜਿਹਾ ਹੋਇਆ, ਉੱਦਣ ਸ਼ੇਰ ਹਥਿਆਰ ਸੁੱਟ ਕੇ ਆਤਮ-ਹੱਤਿਆ ਕਰ ਲੈਣਗੇ; ਪਰ ਦਿੱਲੀ ਵਿਚ ਹਾਕਮਾਂ ਦੇ ਨੱਕ ਹੇਠ ਜੋ ਕੁਝ ਹੋ ਰਿਹਾ ਹੈ, ਤਾਂ ਲੱਗਦਾ ਨਹੀਂ ਕਿ ਜੰਗਲ ਤਾਂ ਮੁੱਕ ਗਏ ਹਨ, ਪਰ ਜੰਗਲ ਦਾ ਰਾਜ ਚੱਲ ਰਿਹਾ ਹੈ। ਜਿਨ੍ਹਾਂ ਨੇ ਵਿਆਹ ਕਰਵਾਉਣ ਲਈ ਸਿਰਫ਼ ਇਹ ਸ਼ਰਤ ਰੱਖੀ ਸੀ ਕਿ ਬੱਸ...ਉਹ ਸਿਰਫ਼ ਸੋਹਣੀ ਹੀ ਹੋਵੇ, ਇਨ੍ਹਾਂ 'ਚੋਂ ਬਹੁਤੇ ਜ਼ਿੰਦਗੀ ਭਰ ਚਲੋ 'ਜੀ ਜੀ' ਤਾਂ ਕਰਦੇ ਰਹਿੰਦੇ, ਤਾਂ ਕੋਈ ਗੱਲ ਨਹੀਂ ਸੀ; ਇਹ ਪਤੀ ਘੱਟ 'ਹੋਮਗਾਰਡੀਏ' ਵੱਧ ਬਣੇ ਰਹੇ, ਤਾਂ ਦੱਸੋ ਜ਼ਮਾਨਾ ਕੀ ਕਰੇ? ਔਰਤ ਨੂੰ ਬਲਾਤਕਾਰ ਦੀ ਵਰਦਾਤ ਨੇ ਦੱਸਿਆ ਸੀ ਕਿ ਸੁਹੱਪਣ ਸਰਾਪ ਵੀ ਹੁੰਦਾ ਹੈ, ਪਰ ਮਰਦ ਜਦੋਂ ਦਾ ਵਹਿਸ਼ੀ ਤੇ ਦਰਿੰਦਾ ਬਣ ਗਿਆ ਹੈ, ਬੱਚੀਆਂ ਵੀ ਸੋਚਣ ਲੱਗੀਆਂ ਨੇ ਕਿ ਚੁਰਾਸੀ ਲੱਖ ਤੋਂ ਬਾਅਦ ਤਾਂ ਇਹ ਜੂਨ ਮਿਲੀ ਸੀ, ਰੱਬਾ ਹੁਣ ਬਚਾ ਕੇ ਰੱਖੀਂ। ਢੋਲ ਵਿਚ ਪੋਲ ਹੁੰਦੇ ਹਨ, ਇਹ ਤਾਂ ਸਾਰੇ ਜਾਣਦੇ ਹਨ ਪਰ ਇਹ ਵੀ ਸੱਚ ਹੈ ਕਿ ਇਹ ਪੋਲ ਹੀ ਢੋਲ ਦੀ ਪਛਾਣ ਹੈ; ਵਰਨਾ ਡਗਿਆਂ ਨਾਲ ਆਵਾਜ਼ ਹੀ ਪੈਦਾ ਨਹੀਂ ਹੋਣੀ ਸੀ। ਬੀਨ ਨਾਲ ਸੱਪ ਹੀ ਮੇਲ੍ਹ ਸਕਦਾ, ਬੰਦਾ ਨੱਚ ਨ੍ਹੀਂ ਸਕਦਾ ਪਰ ਦੇਖ ਲਵੋ...ਯਤਨ ਫ਼ਿਰ ਵੀ ਕੀਤਾ ਜਾ ਰਿਹਾ ਹੈ...।*

ਲੋਭੀ ਮਨੁੱਖ ਅੰਦਰੋਂ ਵਿਲਕ ਅਤੇ ਬਾਹਰੋਂ ਗਿੱਧਾ ਪਾ ਰਿਹਾ ਹੁੰਦਾ ਹੈ। ਇਨ੍ਹਾਂ ਲੋਕਾਂ ਨੇ ਲਾਲਚ ਦਾ ਸਾਜ਼ ਬਿਨਾਂ ਸਾਜ਼ਾਂ ਤੋਂ ਹੀ ਸਾਰੀ ਉਮਰ ਵਜਾਉਣਾ ਹੁੰਦਾ ਹੈ। ਸਬਰ-ਸੰਤੋਖ਼ ਦਾ ਹੱਦ-ਬੰਨਾ ਇਸ ਕਰ ਕੇ ਟੁੱਟ ਗਿਆ ਹੈ ਕਿਉਂਕਿ ਲਾਲਚ ਦੇ ਹੜ੍ਹ ਨੇ ਛੱਡਿਆਂ ਹੀ ਕੁਝ ਨਹੀਂ। ਸਰਕਾਰਾਂ ਦੇ ਦਾਅਵਿਆਂ ਵਾਂਗ ਸੰਤ ਜਾਂ ਮਹਾਂਪੁਰਸ਼ ਅਖਵਾਉਣ ਵਾਲੇ ਲੋਕਾਂ ਦੇ ਯਤਨ ਹੜ੍ਹ ਰੋਕਣ ਲਈ ਤਦੇ ਨਹੀਂ ਸਫ਼ਲ ਹੋ ਰਹੇ, ਕਿਉਂਕਿ ਇਸ ਧਰਤੀ 'ਤੇ ਅਜਿਹੇ ਭੱਦਰ ਪੁਰਸ਼ ਹੈ ਹੀ ਨਹੀਂ। ਐਵੇਂ ਗੁਆਚੀ ਹੋਈ ਦੁਨੀਆਂ ਸਮਝ ਰਹੀ ਹੈ ਕਿ ਅਸੀਂ ਮਹਾਂਪੁਰਸ਼ਾਂ ਦੇ ਦਰਸ਼ਨ ਕਰ ਕੇ ਆਏ ਹਾਂ, ਜਾਂ ਇਨ੍ਹਾਂ ਦਾ ਸਤਿਸੰਗ ਸੁਣ ਕੇ ਆਏ ਹਾਂ। ਅਸਲ ਵਿਚ ਇਹ ਸਾਰੇ ਸਾਡੇ ਵਰਗੇ ਹੀ ਨੇ। ਇਨ੍ਹਾਂ ਨੇ ਕੁਝ ਜੁਗਾੜ ਅਜਿਹਾ ਕਰ ਲਿਆ ਹੈ ਕਿ ਬੀਬੇ ਬੰਦਿਆਂ ਜਾਂ ਦੁੱਖਾਂ ਮੁਸੀਬਤਾਂ ਵਿਚ ਫਸਿਆਂ ਨੂੰ ਇਹ ਕੁਝ ਖਾਸ ਜਿਹੇ ਲੱਗੀ ਜਾ ਰਹੇ ਹਨ।

ਜੋ ਕੁਝ ਆਲੇ-ਦੁਆਲੇ ਹੋ ਰਿਹਾ ਹੈ, ਉਹ ਸਹਿਣ ਤੇ ਬਰਦਾਸ਼ਤ ਕਰਨ ਯੋਗ ਨਹੀਂ। ਦਿੱਲੀ ਲੁੱਟੀ ਜਾ ਰਹੀ ਹੁੰਦੀ ਤਾਂ ਕੋਈ ਗੱਲ ਨਹੀਂ ਸੀ, ਦਿੱਲੀ ਜ਼ਖ਼ਮੀ ਹੋ ਜਾਂਦੀ ਤਾਂ ਵੀ 'ਹੋਊ-ਪਰੇ' ਕਹਿ ਛੱਡਦੇ, ਪਰ ਇਹਦੇ ਨਾਲ ਰੋਜ਼ ਜਬਰ ਜਨਾਹ ਹੋ ਰਿਹਾ ਹੈ। ਇਸ ਗੱਲ ਨਾਲ ਗੱਲ ਨਹੀਂ ਮੁੱਕਣੀ ਕਿ ਕਲਯੁੱਗ ਹੈ, ਤੇ ਨਾ ਹੀ ਜੋਗੀਆਂ ਦੇ ਪਹਾੜੋਂ ਉਤਰਨ ਦੀ ਉਮੀਦ ਬਚੀ ਹੈ। ਹੁਣ ਤਾਂ ਗਊਆਂ ਨੂੰ ਸਾਧਾਂ ਦੇ ਢਿੱਡ ਵਿਚ ਦੋਵੇਂ ਸਿੰਗ ਜੋੜ ਕੇ ਮਾਰਨੇ ਹੀ ਪੈਣਗੇ। ਲਾਹੌਰ ਦਾ ਕਿਲਾ ਢਹਿ ਜਾਂਦਾ ਤਾਂ ਰੀਤਾਂ ਮੁਤਾਬਿਕ ਜਾਇਜ਼ ਵੀ ਠਹਿਰਾ ਲੈਂਦੇ, ਪਰ ਲਾਹੌਰ ਵਿਚ ਬੰਬਾਂ ਦਾ ਢੋਲ ਚੀਕ-ਚਿਹਾੜਾ ਪਾ ਰਿਹਾ ਹੈ ਤਾਂ ਦੱਸੋ, ਕਿਹੜੇ ਤਾਨ ਸੇਨ ਨੂੰ ਜਾ ਕੇ ਪੁੱਛੀਏ ਕਿ ਰਾਗ 'ਭੈਰਵੀ' ਹੈ ਜਾਂ 'ਮਾਲਕੌਂਸ।' ਲਾਹੌਰ ਤੇ ਇਸਲਾਮਾਬਾਦ 'ਕੱਠੇ ਕਹਿ ਰਹੇ ਨੇ, ਧਰਮ ਦਾ ਉਪਦੇਸ਼ ਹੈ ਬੰਬਾਂ ਦੇ ਚੱਲਣ ਪਿੱਛੋਂ ਇਹ ਵਧੇ-ਫੁੱਲੇਗਾ।

ਦੁਨੀਆਂ ਯੂਨਾਨ ਦੇ ਇਤਿਹਾਸ ਤੇ ਸੰਸਕ੍ਰਿਤੀ ਨੂੰ ਮੰਨਦੀ ਹੈ, ਪਰ ਯੂਨਾਨ ਕਈ ਵਾਰ ਆਪਣੇ ਹੀ ਗਲ ਲੱਗ ਕੇ ਰੋਂਦਾ ਵੇਖਿਆ ਹੈ। ਉਥੋਂ ਦੀ ਤਵਾਰੀਖ਼ ਮਾਣ ਕਰਦੀ ਹੈ ਕਿ ਸੁਕਰਾਤ ਸਾਡਾ ਸੀ, ਪਰ ਅੱਜ ਵੀ ਦਸ ਮਹਾਨ ਵਿਦਵਾਨਾਂ ਨੂੰ ਪੁੱਛੋ ਤਾਂ ਉਹ ਭੁੱਬੀਂ ਹੀ ਨਹੀਂ ਰੋਣਗੇ, ਸਗੋਂ ਵਿਲਕਣਗੇ ਕਿ ਸਾਡੇ ਮੱਥੇ ਤੋਂ ਸ਼ਰਮ ਦਾ ਇਹ ਟਿੱਕਾ ਵੀ ਕਦੇ ਨਹੀਂ ਲੱਥ ਸਕਦਾ ਕਿ ਅਸੀਂ ਸੁਕਰਾਤ ਨੂੰ ਜ਼ਹਿਰ ਦੇ ਕੇ ਵੀ ਮਾਰਿਆ ਸੀ। ਤੇ ਗ਼ਲਤੀਆਂ ਦੀ ਇਹ ਬੇੜੀ ਹਾਲੇ ਤੀਕਰ ਯੂਨਾਨੀਆਂ ਦੇ ਪੈਰਾਂ 'ਚੋਂ ਨਹੀਂ ਲੱਥੀ।...ਪਰ ਆਪਣੇ ਮੁਲਕ ਦੇ ਹਾਕਮਾਂ ਦੇ ਪੈਰਾਂ ਵਿਚ ਬਿਨਾਂ ਘੁੰਗਰੂਆਂ ਵਾਲੀਆਂ ਪੰਜੇਬਾਂ ਹਨ। ਇਹ ਨੱਚ ਤਾਂ ਰਹੇ ਹਨ, ਖੜਾਕ ਨਹੀਂ ਹੋਣ ਦੇ ਰਹੇ। ਇਹ ਆਪਣੀ ਜ਼ਿੰਦਗੀ ਚਲਾਉਣ ਲਈ ਮੁਕੱਦਰਾਂ ਵਾਲਾ ਮੱਥਾ ਤਾਂ ਅੱਜ ਦੇ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਧਰ ਕੇ ਪੁੱਛ ਰਹੇ ਨੇ ਕਿ ਲੋਕ 'ਹੱਕ' ਦੀ ਮੋਹਰ ਸਾਡੇ ਹੱਕ ਵਿਚ ਲਾਉਣਗੇ?...ਤੇ ਮੋਹਰਾਂ ਲਾਉਣ ਵਾਲੇ ਸਿਆਹੀ ਨਾਲ ਹੱਥ ਲਬੇੜ ਕੇ ਵਹਿਮ ਕਰੀ ਜਾ ਰਹੇ ਨੇ ਕਿ ਇਹ ਲੋਕ ਆਪ ਨਾ ਵੀ ਚੱਲਣ, ਮੁਲਕ ਜ਼ਰੂਰ ਚਲਾ ਲੈਣਗੇ।

ਯੂਨਾਨ ਦੀ ਇਕ ਲੋਕ ਕਥਾ ਸੁਕਰਾਤ ਦੁਆਲੇ ਘੁੰਮਦੀ ਹੈ। ਕਿਹਾ ਇਹ ਜਾਂਦਾ ਹੈ ਕਿ ਵਿਦਵਾਨ ਸੁਕਰਾਤ ਲੋਕਾਂ ਨੂੰ ਉਨ੍ਹਾਂ ਦਾ ਭਵਿੱਖ ਵੀ ਦੱਸਦਾ ਹੁੰਦਾ ਸੀ। ਇਸੇ ਲਈ ਆਪਣੇ ਨਾਂ ਨਾਲ ਭ੍ਰਿਗੂ ਜੋਤਿਸ਼ੀ ਲਾਉਣ ਵਾਲੇ ਗਾਹਕ ਨੂੰ ਵਰਗਲਾਉਣ ਲਈ ਸੁਕਰਾਤ ਦਾ ਨਾਂ ਵੀ ਵਰਤ ਲੈਂਦੇ ਹਨ, ਪਰ ਉਸ ਨੂੰ ਗਿਆਨ ਦਾ ਇਕ ਪਾਠ ਪੜ੍ਹਾ ਕੇ ਇਕ ਸਾਧਾਰਨ ਔਰਤ ਨੇ ਹਨ੍ਹੇਰੇ ਵਿਚੋਂ ਬਾਹਰ ਕੱਢ ਲਿਆਂਦਾ ਸੀ। ਹੋਇਆ ਇਉਂ ਕਿ ਸੁਕਰਾਤ ਇਕ ਵਾਰ ਆਪਣੀ ਆਤਮਾ ਨਾਲ ਅੰਤਰ-ਧਿਆਨ ਹੋ ਕੇ ਕਿਧਰੇ ਜਾ ਰਿਹਾ ਸੀ ਕਿ ਅਚਾਨਕ ਅੰਨ੍ਹੇ ਖੂਹ ਵਿਚ ਡਿਗ ਪਿਆ। ਸਿਰਫ਼ ਇਕ ਔਰਤ ਨੇ ਅਜਿਹਾ ਹੁੰਦਾ ਆਪਣੀ ਅੱਖਾਂ ਨਾਲ ਵੇਖਿਆ ਸੀ। ਇਸ ਬੁੱਢੀ ਔਰਤ ਨੇ ਇਕ ਬੁੱਢੇ ਦਰੱਖ਼ਤ ਨਾਲ ਲਟਕਦੀ ਲੱਜ (ਰੱਸਾ) ਖੋਲ੍ਹ ਕੇ ਹੇਠਾਂ ਸੁੱਟੀ ਤੇ ਸੁਕਰਾਤ ਨੂੰ ਸਹੀ ਸਲਾਮਤ ਬਾਹਰ ਕੱਢ ਲਿਆ। ਨਵੀਂ ਜ਼ਿੰਦਗੀ ਮਿਲਣ ਕਰ ਕੇ ਖੁਸ਼ੀ ਵਿਚ ਪ੍ਰਸੰਨ ਤੇ ਖੀਵਾ ਹੋਇਆ ਸੁਕਰਾਤ ਉਸ ਬੁੱਢੀ ਔਰਤ ਨੂੰ ਆਖਣ ਲੱਗਾ,

"ਬੀਬੀ ਕੱਲ੍ਹ ਨੂੰ ਸਵੇਰੇ ਘਰੇ ਆਵੀਂ, ਏਥੇ ਨੇੜੇ ਹੀ ਰਹਿੰਦਾ ਮੈਂ।"

"ਕਿਉਂ ਕੀ ਗੱਲ?"

"ਤੂੰ ਮੇਰੇ 'ਤੇ ਏਡਾ ਵੱਡਾ ਪਰਉਪਕਾਰ ਕੀਤੈ। ਮੈਂ ਇਹਦੇ ਬਦਲੇ ਤੈਨੂੰ ਕੁਝ ਦੇਣਾ ਚਾਹੁੰਨਾਂ।"

"ਕੀ ਦੇਵੇਂਗਾ ਮੈਨੂੰ?"

"ਮੈਂ ਤੈਨੂੰ ਤੇਰਾ ਭਵਿੱਖ ਦੱਸਾਂਗਾ ਕਿ ਤੇਰੀ ਬਾਕੀ ਬਚਦੀ ਜ਼ਿੰਦਗੀ ਕਿਹੋ ਜਿਹੀ ਹੋਵੇਗੀ। ਕੀ ਸਮੱਸਿਆਵਾਂ ਆਉਣਗੀਆਂ। ਉਨ੍ਹਾਂ ਦਾ ਹੱਲ ਕੀ ਕਰਨਾ ਹੈ?"

ਉਹ ਔਰਤ ਖਿੜ-ਖੜਾ ਕੇ ਹੱਸ ਪਈ। ਉਹਨੂੰ ਨਹੀਂ ਪਤਾ ਸੀ ਕਿ ਇਹ ਸੁਕਰਾਤ ਹੈ। ਆਂਹਦੀ, ਵੱਡਿਆ ਸਿਆਣਿਆਂ...ਮੈਂ ਹਰਗਿਜ਼ ਨਹੀਂ ਆਵਾਂਗੀ।"

"ਵੇਖ ਬੀਬੀ, ਮੇਰੇ ਕੋਲ ਲੋਕ ਸਮਾਂ ਲੈ ਕੇ ਪੁੱਛਣ ਆਉਂਦੇ ਨੇ। ਮੇਰੇ ਘਰ ਦੇ ਬਾਹਰ ਲੰਮੀਆਂ ਕਤਾਰਾਂ ਲਗਦੀਆਂ ਨੇ ਭਵਿੱਖ ਜਾਨਣ ਵਾਲਿਆਂ ਦੀਆਂ, ਤੇ ਤੈਨੂੰ ਮੈਂ ਆਪ ਬੁਲਾ ਰਿਹਾਂ।"

ਉਹ ਔਰਤ ਖਿਝ ਕੇ ਕਹਿਣ ਲੱਗੀ, "ਜੇ ਤੂੰ ਏਡਾ ਈ ਅੰਤਰਜਾਮੀ ਸੀ ਤਾਂ ਤੈਨੂੰ ਇਹ ਨਹੀਂ ਪਤਾ ਸੀ ਕਿ ਮੈਂ ਅੱਜ ਅੰਨ੍ਹੇ ਖੂਹ ਵਿਚ ਡਿਗ ਪੈਣਾ, ਬਚ ਨੇ ਰਹਾਂ?"

...ਤੇ ਸੁਕਰਾਤ ਨੂੰ ਲੱਗਾ ਸੀ ਕਿ ਜ਼ਹਿਰ ਖੰਡ ਵਿਚ ਵੀ ਹੋ ਸਕਦੀ ਹੈ, ਤੇ ਘਰੇ ਜਾ ਕੇ ਉਹਨੇ ਪੱਤਰੀਆਂ ਵਿਹੜੇ ਵਿਚ ਰੱਖ ਕੇ ਫੂਕ ਦਿੱਤੀਆਂ ਸਨ।

ਅਸਲ ਵਿਚ ਸਿਆਣੇ ਬੰਦੇ ਲੋੜਾਂ ਨਾਲ ਖਹਿਬੜਦੇ ਨਹੀਂ, ਇਨ੍ਹਾਂ ਨੂੰ ਪੂਰਿਆਂ ਕਰਨ ਲਈ ਸੰਘਰਸ਼ ਕਰਦੇ ਹਨ।

ਪਤੀ ਤੇ ਪਤਨੀ ਵਿਚ, ਮਾਂ ਤੇ ਧੀ ਵਿਚ, ਪਿਉ ਤੇ ਪੁੱਤ ਵਿਚ ਅਤੇ ਹਾਕਮ ਤੇ ਪਰਜਾ ਵਿਚ ਇਕ ਖਾਸ ਕਿਸਮ ਦੀ ਦਰਜਾਬੰਦੀ ਹੁੰਦੀ ਹੈ, ਪਰ ਪਿਆਰ ਵਿਚ ਦਰਜਾਬੰਦੀ ਦੀ ਕੋਈ ਥਾਂ ਨਹੀਂ। ਸੁਕਰਾਤ ਨੂੰ ਪਿਆਰ ਕਰਨ ਵਾਲੇ ਇਕ ਹੱਦ ਦਰਜੇ ਦੇ ਜਨੂੰਨੀ ਮਨੁੱਖ ਨੇ ਕਿਹਾ ਸੀ, "ਸੁਕਰਾਤ ਨੂੰ ਜ਼ਹਿਰ ਦੇ ਕੇ ਨਾ ਮਾਰੋ। ਨਾ ਖੱਟੋ ਸਦੀਆਂ ਦਾ ਕਲੰਕ। ਏਸ ਬੁੱਢੇ ਨੇ ਹੋਰ ਦੋ-ਚਾਰ ਸਾਲਾਂ ਨੂੰ ਊਂ ਵੀ ਮਰ ਜਾਣਾ ਹੈ", ਪਰ ਹਾਕਮਾਂ ਨੂੰ ਦੇਸ਼ ਪਿਆਰ ਦਾ ਨਕਲੀ ਰੋਗ ਇਸ ਪਾਪ ਲਈ ਵੈਦ ਕੋਲ ਖਿੱਚ ਕੇ ਲੈ ਹੀ ਗਿਆ ਤੇ ਆਹ ਤੁਹਾਡੇ 'ਤੇ ਛੱਡਦਾ ਹਾਂ ਕਿ ਇਹ ਪਾਪ ਸੀ ਜਾਂ ਪੁੰਨ, ਤੇ ਜਾਂ ਫ਼ਿਰ ਪਿਆਰ ਦੀ ਕਿਹੜੀ ਦਰਜਾਬੰਦੀ?

ਮੁਕਲਾਵੇ ਦੇ ਚਾਅ ਵਿਚ ਜਦੋਂ ਧੰਨੋ ਬਤਨੇ ਦੇ ਪਿੱਛੇ ਛਾਲ ਮਾਰ ਕੇ ਟਾਂਗੇ ਵਿਚ ਬਹਿਣ ਲੱਗੀ ਤਾਂ ਫੁਲਕਾਰੀ ਦਾ ਲੜ ਇਕ ਕੁੰਡੀ ਵਿਚ ਫਸ ਕੇ ਮੂੰਹ ਤੋਂ ਪੱਲਾ ਹੀ ਨਹੀਂ ਲੱਥਾ, ਸਗੋਂ ਡਿਗਦੀ ਨੂੰ ਟਾਂਗੇ ਵਾਲੇ ਰਲਾ ਸਿੰਘ ਨੇ ਆਏਂ ਦਬੋਚ ਲਿਆ ਜਿਵੇਂ ਪੀਂਘ ਤੋਂ ਡਿਗਣ ਲੱਗੀ ਹੋਵੇ। ਲੱਡੂ-ਜਲੇਬੀ ਤੋਂ ਵਿਰਵੇਂ ਬੈਠੇ ਬੰਦੇ ਦੇ ਮੂੰਹ ਵਿਚ ਖੋਏ ਦੀ ਬਰਫ਼ੀ ਆਣ ਪਵੇ ਤਾਂ ਚੰਗਾ ਭਲਾ ਬੰਦਾ ਵੀ ਸ਼ੁਦਾਈ ਹੋਣ ਨੂੰ ਫਿਰਦੈ। ਰਲਾ ਸਿੰਘ ਦੇ ਸਾਰੇ ਸਰੀਰ ਨੂੰ ਝੁਣਝੁਣੀ ਜਿਹੀ ਆ ਗਈ। ਮੁਖੜਾ ਵੇਖ ਕੇ ਉਹਨੂੰ ਲੱਗਾ ਕਿ ਹੀਰ ਦੂਜੇ ਜਨਮ ਆ ਗਈ ਐ। ਉਹਨੂੰ ਆਪਣੇ ਛੜੇ ਹੋਣ 'ਤੇ ਸ਼ਰਮ ਵੀ ਆਈ।...ਤੇ ਨਾਲ ਲਗਦਾ ਈ ਉਹਨੇ ਜਦੋਂ ਬਤਨੇ ਦੇ ਮੂੰਹ ਵੱਲ ਵੇਖਿਆ ਤਾਂ ਉਹਦੇ ਢਿੱਡ ਵਿਚ ਮੱਠਾ ਮੱਠਾ ਦਰਦ ਵੀ ਉਠਿਆ ਕਿ ਪਰੀ ਪਤਾ ਨਹੀਂ ਲੰਗੂਰ ਦੇ ਲੜ ਕਿਉਂ ਲਾ ਦਿੱਤੀ ਗਈ ਹੈ?

ਘੋੜੇ ਦੇ ਪਰੈਣ ਮਾਰਨ ਤੋਂ ਪਹਿਲਾਂ ਰਲਾ ਸਿੰਘ ਨੇ ਧੰਨੋ ਦੀ ਇਕ ਪੰਜੇਬ ਹੇਠਾਂ ਡਿਗੀ ਵੇਖੀ। ਲਗਾਮ ਖਿੱਚ ਕੇ ਉਹਨੇ ਜਿਵੇਂ ਛੇ ਸਲੰਡਰ ਗੱਡੀ ਬਰੇਕ ਲਾ ਕੇ ਰੋਕ ਲਈ ਹੋਵੇ। ਧੰਨੋ ਦੇ ਹੱਥ ਫੜਾਉਂਦਿਆਂ ਜਦੋਂ ਪੰਜੇਬਾਂ ਤੋਂ ਪਹਿਲਾਂ ਮਹਿੰਦੀ ਰੰਗੇ ਹੱਥ, ਹੱਥ ਨਾਲ ਲੱਗੇ ਤਾਂ ਉਹ ਕੰਬ ਜਿਹਾ ਗਿਆ। ਮੂੰਹ ਉਤਾਂਹ ਚੁੱਕ ਕੇ ਵੇਖਿਆ ਤਾਂ ਨਜ਼ਰਾਂ ਬਾਅਦ ਵਿਚ ਮਿਲੀਆਂ, ਅੱਖਾਂ ਨੇ ਇਕ-ਦੂਜੇ ਦਾ ਪਹਿਲਾਂ ਹਾਲ-ਚਾਲ ਪੁੱਛ ਲਿਆ। ਜਿਵੇਂ ਪਰਿਵਾਰ ਵਿਛੋੜੇ ਦੇ ਅੱਥਰੂ ਮੁਸਕਰਾ ਪਏ ਹੋਣ। ਇਉਂ ਲੱਗ ਰਿਹਾ ਸੀ ਜਿਵੇਂ ਸੱਸੀ ਨੇ ਪੁੰਨੂੰ ਛੱਡ ਕੇ ਬਲੋਚਾਂ ਦੇ ਗਲ ਬਾਹਾਂ ਪਾ ਦਿੱਤੀਆਂ ਹੋਣ।

...ਤੇ ਉਡਦੀ ਧੂੜ 'ਚ ਟਾਂਗਾ ਹਵਾ ਹੋ ਗਿਆ। ਜਿਵੇਂ ਪਿੱਛੇ ਕਸ਼ਮੀਰ ਤੇ ਅੱਗੇ ਜੰਮੂ ਹੋਵੇ, ਤੇ ਨਾਲ ਬੈਠਾ ਗੁਆਂਢੀ ਮੁਲਕ ਵਾਂਗ ਊਂ ਈ ਕੋਈ ਤੀਂਗੜਦਾ ਹੋਵੇ। ਜਾਂ ਇਉਂ ਕਿ ਕਮਾਉਂਦਾ ਕੋਈ ਹੋਰ ਰਿਹਾ ਤੇ ਟੈਕਸ ਕਿਸੇ ਹੋਰ ਨੂੰ ਅਦਾ ਕਰਨਾ ਪਿਆ ਹੋਵੇ।

ਅਸਲ ਵਿਚ ਰਲਾ ਸਿੰਘ 1914 ਦੀ ਪਹਿਲੀ ਸੰਸਾਰ ਜੰਗ ਵਿਚ ਇਕ ਬਾਂਹ ਵਿਚਾਲਿਉਂ ਗੁਆ ਬੈਠਾ ਸੀ। ਭਰਤੀ ਉਹ ਸਿਪਾਹੀ ਹੀ ਹੋਇਆ ਸੀ, ਪਰ ਜੰਗ ਤੋਂ ਦੋ-ਤਿੰਨ ਸਾਲ ਪਿੱਛੋਂ ਜਦੋਂ ਉਹ ਘਰ ਵੱਲ ਮੁੜਿਆ ਤਾਂ ਖਿਤਾਬ ਤਾਂ ਹੌਲਦਾਰ ਦਾ ਮਿਲ ਗਿਆ ਸੀ, ਪਰ ਵੱਤੋਂ ਲੰਘਣ ਕਰ ਕੇ ਪਹਿਲਾਂ ਕਿਸੇ ਨੇ ਰਿਸ਼ਤਾ ਕਰਵਾਉਣ ਦੀ ਹਾਮੀ ਨਹੀਂ ਭਰੀ, ਤੇ ਪਿੱਛੋਂ ਰਲਾ ਸਿੰਘ ਨੇ ਇਹ ਖਾਹਿਸ਼ ਆਪ ਹੀ ਜ਼ਿੰਦਗੀ ਭਰ ਲਈ ਮੁਲਤਵੀ ਕਰ ਦਿੱਤੀ। ਹਾਲਾਂਕਿ ਇਹ ਗੱਲ ਸੱਚ ਸੀ ਕਿ ਅੱਖਾਂ ਤੋਂ ਬਿੱਲੇ ਤੇ ਰੱਜ ਕੇ ਸੁਨੱਖੇ ਰਲਾ ਸਿੰਘ ਬਾਰੇ ਪਿੰਡ ਦੇ ਲੋਕ ਕਿਹਾ ਕਰਦੇ ਸਨ ਕਿ ਘਰਦੇ ਜੇ ਕਿਤੇ ਨਾਂ ਥੋੜ੍ਹਾ ਸੋਚ ਕੇ ਰੱਖਦੇ ਤਾਂ ਲੋਕਾਂ ਨੇ ਇਹਦਾ ਨਾਂ ਲੈ ਕੇ ਯੂਸਫ਼ ਦੀ ਰਾਸ਼ੀ ਵੇਖਿਆ ਕਰਨੀ ਸੀ। ਉਂਜ ਇਕ ਬਾਂਹ ਜਾਂਦੀ ਲੱਗਣ ਨਾਲ ਉਹਦੇ ਸਰੀਰਕ ਟੌਹਰ-ਟੱਪੇ ਵਿਚ ਇੰਨਾ ਕੁ ਫ਼ਰਕ ਪਿਆ ਹੋਵੇਗਾ ਜਿਵੇਂ ਕਿਸੇ ਸੁਨੱਖੀ ਔਰਤ ਦਾ ਬਾਕੀ ਹਾਰ-ਸ਼ਿੰਗਾਰ ਤਾਂ ਠੀਕ ਸੀ, ਪਰ ਮੱਥੇ ਤੋਂ ਬਿੰਦੀ ਡਿਗ ਪਈ ਸੀ।

ਬਤਨਾ ਉਮਰ ਵਿਚ ਤਾਂ ਭਾਵੇਂ ਰਲਾ ਸਿੰਘ ਤੋਂ ਪੰਜ-ਸੱਤ ਸਾਲ ਛੋਟਾ ਹੋਊ, ਪਰ ਆੜੀ ਦੋਵੇਂ ਸਿਰੇ ਦੇ ਸਨ। ਫ਼ਰਕ ਸਿਰਫ਼ ਇੰਨਾ ਸੀ ਕਿ ਬਤਨੇ ਦਾ ਰੰਗ ਤਾਂ ਚਲੋ ਪੱਕਾ ਹੁੰਦਾ, ਕੋਈ ਗੱਲ ਨ੍ਹੀਂ ਸੀ, ਜਿਹੜੀ ਵੱਡੀ ਮਾਤਾ ਨਿਕਲਣ ਨਾਲ ਚਿਹਰੇ 'ਤੇ ਦਾਗ਼ ਪਏ ਸਨ, ਉਹ ਮਾੜੇ-ਮੋਟੇ ਬਚਦੇ ਨੈਣ-ਨਕਸ਼ਾਂ ਨੂੰ ਵੀ ਖਾ ਗਏ ਸਨ। ਤੇ ਕਦੇ ਕਦੇ ਰਲਾ ਸਿੰਘ ਮਸ਼ਕਰੀ ਨਾਲ ਉਹਨੂੰ ਆਖ ਵੀ ਦਿੰਦਾ ਸੀ ਕਿ ਜੇ ਕਿਤੇ ਉਦੋਂ ਚੇਚਕ ਦਾ ਇਲਾਜ ਲੱਭ ਪੈਂਦਾ ਤਾਂ ਬਤਨਿਆਂ, ਤੇਰੀ ਟੌਹਰ ਹੀ ਹੋਰ ਹੋਣੀ ਸੀ।

ਪਿੰਡ ਵਾਲਿਆਂ ਨੂੰ ਇਹ ਤਾਂ ਯਕੀਨ ਹੋ ਗਿਆ ਸੀ ਕਿ ਰਲਾ ਸਿੰਘ ਹੁਣ ਵਿਆਹ ਨਹੀਂ ਕਰਵਾਏਗਾ ਤੇ ਇਹ ਵਿਸ਼ਵਾਸ ਸਮਾਂ ਲੰਘਣ ਨਾਲ ਬਣਦਾ ਜਾ ਰਿਹਾ ਸੀ ਕਿ ਬਤਨੇ ਦਾ ਵਿਆਹ ਹੋਣ ਦੇ ਆਸਾਰ ਨਹੀਂ ਬਚੇ। ਇਹ ਗੱਲ ਤਾਂ ਚੇਤੇ ਵਿਚ ਵੀ ਨਹੀਂ ਸੀ ਕਿ ਬੱਦਲੀ ਤਾਂ ਨਿੱਕੀ ਜਿਹੀ ਸੀ, ਤੇ ਲਿਆ'ਤਾ ਹੜ੍ਹ! ਵਿਚ-ਵਿਚਾਲੇ ਲੋਕ ਇਹ ਵੀ ਕਹੀ ਜਾਂਦੇ ਸਨ ਕਿ ਚਿੱਬ-ਖੜਿੱਬੇ ਨੂੰ ਤੀਵੀਂ ਪਤਾ ਨ੍ਹੀਂ ਕਿਥੋਂ ਥਿਆ ਗਈ ਏਦਾਂ ਦੀ। ਡੇਢ ਕਨਾਲ ਵੇਚੀ ਸੀ। ਵਿਚੋਲੇ ਨੂੰ ਖੁਆ'ਤੀ ਹੋਣੀ ਆਂ ਸਾਰੀ। ਪਿਉ ਤਾਂ ਨਿੱਕੇ ਹੁੰਦੇ ਦਾ ਮਰ ਗਿਆ ਸੀ। ਮਾਂ ਪ੍ਰਤਾਪੀ ਮਰੀ ਹੋਣ ਕਰ ਕੇ ਕਿਸੇ ਸਿਆਣੇ ਨੇ ਸੋਚਿਆ ਹੋਣਾ ਕਿ ਚਲੋ ਰੋਟੀ ਪੱਕਦੀ ਕਰ ਦਿਉ...।

ਹੋਇਆ ਇਹ, ਪਈ ਧੰਨੋ ਦੇ ਹੁਸਨ ਦੀ ਚਰਚਾ ਹੀਰ ਵਾਂਗ ਚੌਧਰੀਆਂ ਦੇ ਪਿੰਡ ਤਖ਼ਤ ਹਜ਼ਾਰੇ ਤੱਕ ਪਹੁੰਚ ਗਈ ਸੀ। ਹਾਲੇ ਹੱਟੀ ਭੱਠੀ 'ਤੇ ਗੱਲਾਂ ਚਲਦੀਆਂ ਹੀ ਸਨ ਕਿ ਖ਼ਬਰ ਆ ਗਈ, ਪਈ ਬਤਨੇ ਦੇ ਜੁਆਕ ਜੰਮ ਪਿਆ। ਤੇ ਨਾਲ ਹੀ ਚੁੰਝ-ਚਰਚਾ ਇਹ ਵੀ ਚਲਦੀ ਕਿ ਸੁਨੱਖਾ ਵੀ ਮਾਂ ਵਰਗਾ ਲਗਦੈ। ਬੋਹੜ ਹੇਠ ਬੈਠਿਆਂ ਇਕ ਦਿਨ ਅਮਲੀ ਕੈਲਾ, ਰਲਾ ਸਿੰਘ ਨੂੰ ਪੁੱਛਣ ਲੱਗਾ, "ਰਲਿਆ, ਭਲਾ ਸੁਣਿਐ ਜਦੋਂ ਦੀ ਤਾਈ ਠਾਕਰੀ ਤੁਰ ਗਈ ਐ, ਤੂੰ ਵੀ ਮਾਂ ਦਾ ਵਿਯੋਗ ਬਾਲ੍ਹਾ ਈ ਲਾ ਲਿਆ ਮਨ ਨੂੰ। ਚੱਲ ਊਂ ਤੇਰਾ ਸੂਤ ਐ, ਹੱਥ ਨਹੀਂ ਲੂਹਣੇ ਪੈਂਦੇ। ਬਤਨੇ ਦੇ ਪੱਕੀ ਪਕਾਈ ਛਕ ਆਉਨੈਂ। ਖੈਰ, ਦੁੱਧ ਨਾਲ ਬਦਾਮ ਮਿਲੀ ਜਾਣ ਤਾਂ ਸਿਹਤ ਠੀਕ ਵੀ ਰਹਿੰਦੀ ਐ।"

"ਉਏ ਕੈਲਿਆ, ਸਾਲਿਆ ਲੱਤ ਜਿੱਡਾ ਬੰਦੈਂ, ਚੱਕ ਕੇ ਟੋਏ ਵਿਚ ਮਾਰੂੰ। ਛਟਾਂਕ ਭੁੱਕੀ ਪੀ ਕੇ ਗੱਲਾਂ ਮਾਰਦੈ। ਬਤਨਾ ਮੇਰਾ ਭਰਾ ਐ। ਮੈਂ ਖਾਵਾਂ ਜਾਂ ਨਾ ਖਾਵਾਂ, ਤੇਰੇ ਢਿੱਡ ਵਿਚ ਜਲਣ ਹੁੰਦੀ ਐ।"

"ਐਵੇਂ ਠੀਕਰ ਭੰਨਣ ਲੱਗਿਐਂ ਗੁੱਸੇ ਵਿਚ। ਦੋ ਫੁਲਕਿਆਂ ਦਾ ਕੀ ਐ...ਧੰਨੋ ਨੂੰ ਚਾਰ ਕਿਲੇ ਵੀ ਦੀਂਹਦੇ ਐ। ਰਲਾ ਸਿਹਾਂ, ਦਾਈਆਂ ਨੂੰ ਪਤਾ ਈ ਹੁੰਦੈ ਕਿ ਵਧੇ ਹੋਏ ਪੇਟ ਦਾ ਕੀ ਮਤਲਬ ਹੁੰਦਾ।"

ਤੇ ਸਾਫ਼ਾ ਗਿੱਟਿਆਂ ਵਿਚ ਮਾਰਦਾ ਕੈਲਾ ਵੈਲੀ ਤਾਂ ਬੋਹੜ ਹੇਠੋਂ ਉਠ ਕੇ ਚਲਾ ਗਿਆ, ਪਰ ਰਲਾ ਸਿੰਘ ਸੋਚਦਾ ਰਿਹਾ, ਇਨ੍ਹਾਂ ਲੋਕਾਂ ਦਾ ਕੀ ਕਰੀਏ? ਵਿਆਹ ਆਲੇ ਦਿਨ ਤੋਂ ਬਾਅਦ ਮੈਂ ਤਾਂ ਕਦੇ ਧੰਨੋ ਵੱਲ ਅੱਖ ਚੁੱਕ ਕੇ ਨ੍ਹੀਂ ਵੇਖੀ ਤੇ ਨਾ ਹੀ ਉਹ ਵਿਚਾਰੀ...।"

ਰਲਾ ਸਿੰਘ ਹਾਲੇ ਸੋਚਾਂ ਵਿਚ ਦਿਮਾਗ 'ਤੇ ਬੋਝ ਪਾ ਹੀ ਰਿਹਾ ਸੀ ਕਿ ਜਦੇ ਕੋਲੋਂ ਲੰਘਦੀ ਨੰਦੋ ਮਰਾਸਣ ਨੇ ਆਰ ਲਾ'ਤੀ, "ਵੇ ਰਲਿਆ, ਲੋਹੜੀ ਤੈਨੂੰ ਵੰਡਣੀ ਚਾਹੀਦੀ ਸੀ, ਤੇ ਵਿਚਾਰਾ ਔਖਾ ਬਤਨਾ ਹੋਈ ਫ਼ਿਰਦੈ।"

"ਭਾਬੀ ਮੈਂ ਕਾਹਤੋਂ ਵੰਡਾਂ?"

"ਲੈ, ਸੰਤ ਬਣਦਾ ਫ਼ਿਰਦਾ ਕਿਤੇ। ਆਸਰੀ ਦਾਈ ਨੇ ਤਾਂ ਉਦਣੇ ਦੁਹਾਈ ਪਾ'ਤੀ ਸੀ, ਪਈ ਮੜੰਗਾ ਮੁੰਡੇ ਦਾ ਐਨ ਰਲੇ 'ਤੇ ਆ।"

...ਤੇ ਰਲਾ ਸਿੰਘ ਵਿਚਾਰਾ ਲਾਜਵੰਤੀ ਵਾਂਗ ਹੋਰ 'ਕੱਠਾ ਹੋ ਗਿਆ, ਜਿਵੇਂ ਕਿਸੇ ਨੇ ਕਰਜ਼ਾ ਤਾਂ ਚੁੱਕਿਆ ਈ ਨ੍ਹੀਂ, ਵਿਆਜ ਸਣੇ ਕਿਸ਼ਤ ਪਹਿਲਾਂ ਆ ਗਈ।

ਉਧਰ ਚੀਨ ਦੇ ਸ਼ੰਘਈ ਸ਼ਹਿਰ ਵਿਚ ਨਵੇਂ ਨਵੇਂ ਪੁਲ ਬਣਨ ਲੱਗੇ ਸਨ। ਪਿੰਡ ਦੇ ਕਾਫੀ ਬੰਦੇ ਇਸ ਲੰਬੇ ਕੰਮ 'ਤੇ ਜਾ ਰਹੇ ਸਨ। ਬਤਨੇ ਨੇ ਸੋਚਿਆ, ਮੈਂ ਵੀ ਦੋ-ਚਾਰ ਸਾਲ ਲਾ ਆਉਨਾ ਆਂ।

ਗੱਲ ਬਣ ਗਈ। ਹੱਡੀਂ-ਪੈਰੀਂ ਖੁੱਲ੍ਹਾ ਹੋਣ ਕਾਰਨ ਠੇਕੇਦਾਰ ਨੇ ਉਹਦੇ ਲਈ ਵੀ 'ਹਾਂ' ਭਰ'ਤੀ, ਤੇ ਘਰ ਦੀ ਗਰੀਬੀ ਧੋਣ ਲਈ ਬਤਨਾ ਸ਼ੰਘਈ ਜਾਣ ਤੋਂ ਪਹਿਲਾਂ ਰਲਾ ਸਿੰਘ ਨੂੰ ਜਿਵੇਂ ਲਾਕਰ ਦੀਆਂ ਚਾਬੀਆਂ ਫੜਾ ਗਿਆ ਹੋਵੇ। ਕਹਿਣ ਲੱਗਾ, "ਮਿੱਤਰਾ, ਜਦੋਂ ਤੱਕ ਮੁੜਦਾ ਨ੍ਹੀਂ, ਧੰਨੋ ਤੇ ਦੋਵੇਂ ਜੁਆਕਾਂ ਦਾ ਖਿਆਲ ਰੱਖੀਂ। ਸਮਝ ਲੈ ਹੁਸਨੇ ਬਾਣੀਏ ਵਾਂਗ ਬਹੀ ਵੀ ਤੇਰੇ ਨਾਂ, ਤੇ ਖਾਤਾ ਵੀ।...ਤੇ ਇਉਂ ਰਲਾ ਸਿੰਘ ਨੂੰ ਦਾਲ-ਫੁਲਕੇ ਦੇ ਨਾਲ ਨਾਲ ਬਤਨੇ ਦੇ ਘਰ ਦੀ ਚਾਬੀ ਵੀ ਮਿਲ ਗਈ ਸੀ।

ਹਾਲਾਤ ਇੱਦਾਂ ਦੇ ਬਣੇ ਸਨ ਕਿ ਬਾਤ ਪੈ ਹੀ ਨਹੀਂ ਰਹੀ ਸੀ, ਪਰ ਹੁੰਗਾਰਾ ਚਾਰੇ ਪਾਸੇ ਐਵੇਂ ਹੀ ਭਰਿਆ ਜਾ ਰਿਹਾ ਸੀ। ਖਰਬੂਜੇ ਨੂੰ ਖਰਬੂਜਾ ਟੱਕਰਨ ਕਰ ਕੇ ਪਿੰਡ ਦੇ ਕੁਝ ਲੋਕਾਂ ਨੇ ਸ਼ੱਕ ਦਾ ਐਵੇਂ ਨਕਲੀ ਸੂਈਆਂ ਵਾਲਾ ਘੰਟਾ ਘਰ ਉਸਾਰ ਲਿਆ ਸੀ।

ਰਲਾ ਸਿੰਘ ਦੇ ਦੋ ਕੋਠੇ ਜਿੱਡੇ ਜਵਾਨ ਭਤੀਜੇ ਅੰਦਰੋਂ ਤਾਂ ਤਾਏ ਨਾਲ ਲੋਕਾਂ ਦੀਆਂ ਗੱਲਾਂ ਸੁਣ ਕੇ ਲੋਹੇ-ਲਾਖੇ ਰਹਿੰਦੇ ਸਨ, ਪਰ ਚਾਰ ਕਿੱਲਿਆਂ ਦਾ ਲਾਲਚ ਮੱਲੋ-ਮੱਲੀ ਤਾਏ ਦੇ ਹੱਕ ਵਿਚ ਜੈਕਾਰੇ ਛੱਡਣ ਲਈ ਮਜਬੂਰ ਕਰਦਾ ਸੀ।

(ਬਾਕੀ ਸਫਾ 30 'ਤੇ)

## ਗੱਲ ਬਣੀ ਕਿ ਨਹੀਂ

**ਐਸ. ਅਸ਼ੋਕ ਭੌਰਾ**

### ਦਿੱਲੀ ਤੇ ਧੀਆਂ

ਦਿੱਲੀ ਦਹਿਲ ਗਈ ਵੇਖ ਲੈ ਫਿਰ ਮਿੱਤਰਾ, ਦਿਲ ਕੰਬਿਆ ਬੀਬਿਆਂ ਰਾਣਿਆਂ ਦਾ।
ਇਹ ਉਜੜਦੀ ਤੇ ਵਸਦੀ ਆਈ ਸੁਣਿਐ, ਬਣੂ ਹੁਣ ਕੀ ਇਨ੍ਹਾਂ ਕਹਾਣਿਆਂ ਦਾ।
ਧੀਆਂ, ਬਾਲੜੀਆਂ ਜਬਰ ਦੀ ਭੇਟ ਚੜ੍ਹੀਆਂ 'ਲਾਜ ਕਰੀਏ ਕੀ ਟੁੱਟਿਆਂ ਤਾਣਿਆਂ ਦਾ।
ਹੁੰਦਾ ਹਾਕਮਾਂ ਦੇ ਨੱਕ ਦੇ ਹੇਠ ਸਭ ਕੁਝ, ਮੂੰਹ ਮੋੜ ਨ੍ਹੀਂ ਹੁੰਦਾ ਮੁਹਾਣਿਆਂ ਦਾ।
ਫਾਹੇ ਟੰਗਣ ਦੇ ਬਣਨ ਕਾਨੂੰਨ ਡਾਢੇ, ਕੀ ਪੀਠਾਂਗੇ ਇਨ੍ਹਾਂ ਦੇ ਛਾਣਿਆਂ ਦਾ।
ਮਾਪੇ ਵਿਲਕਦੇ ਆਂਦਰਾਂ ਰੋਣ ਭੁੱਬੀਂ, ਉਠੇ ਸੂਰਮਾ ਬਚਾਵੇ ਪੱਤ ਸਾਡੀ।
'ਭੌਰੇ' ਬਿੱਲੀ ਦੇ ਗਲ ਨਾ ਪਵੇ ਟੱਲੀ, ਚੁੱਕੀ ਲੁੱਚਿਆਂ ਲੋਫਰਾਂ ਅੱਤ ਡਾਢੀ।

# ਸਿੱਖ ਇਤਿਹਾਸ ਵਿਚ ਬੀਬੀਆਂ ਦਾ ਯੋਗਦਾਨ



ਡਾ. ਗੁਰਨਾਮ ਕੌਰ, ਕੈਨੇਡਾ

ਇਹ ਲੇਖ ਲੜੀ ਸਿੱਖ ਇਤਿਹਾਸ ਵਿਚ ਨਾ ਸਿਰਫ ਬੀਬੀਆਂ ਦੇ ਯੋਗਦਾਨ ਨੂੰ ਦੇਖਣ-ਸਮਝਣ ਲਈ ਹੈ, ਬਲਕਿ ਪੁਰਾਤਨ ਯੋਗਦਾਨ ਦੇ ਸੰਦਰਭ ਵਿਚ ਇਹ ਦੇਖਣ ਲਈ ਵੀ ਹੈ ਕਿ ਵਰਤਮਾਨ ਵਿਚ ਬੀਬੀਆਂ ਦੇ ਸਾਹਮਣੇ ਕੀ ਚੁਣੌਤੀਆਂ ਹਨ, ਜਿਨ੍ਹਾਂ ਨਾਲ ਸਿੱਝਣ ਲਈ ਉਨ੍ਹਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਹੁਣੇ ਹੁਣੇ ਨਿਊ ਯਾਰਕ ਵਿਚ 'ਗਲੋਬਲ ਸਿੱਖ ਆਰਗੇਨਾਈਜੇਸ਼ਨ' ਵੱਲੋਂ ਇਸ ਵਿਸ਼ੇ 'ਤੇ ਸੰਖੇਪ ਚਰਚਾ ਕੀਤੀ ਗਈ ਸੀ। ਇਸ ਵਿਸ਼ੇ ਵੱਲ ਜਾਣ ਤੋਂ ਪਹਿਲਾਂ ਇਹ ਦੇਖਣ ਅਤੇ ਘੋਖਣ ਦੀ ਲੋੜ ਹੈ ਕਿ ਸਿੱਖ ਧਰਮ-ਚਿੰਤਨ ਵਿਚ ਇਸਤਰੀ ਦਾ ਸਥਾਨ ਕੀ ਹੈ? ਕਿਉਂਕਿ ਜਿਸ ਕਿਸਮ ਦਾ ਰੁਤਬਾ ਇਸਤਰੀ ਨੂੰ ਕਿਸੇ ਧਰਮ-ਚਿੰਤਨ ਵਿਚ ਪ੍ਰਾਪਤ ਹੋਵੇਗਾ, ਉਸ ਮੁਤਾਬਕ ਹੀ ਉਹ ਆਪਣਾ ਯੋਗਦਾਨ ਪਾ ਸਕਦੀ ਹੈ।

ਸਿੱਖ ਧਰਮ ਇੱਕ ਅਜਿਹਾ ਧਰਮ ਹੈ ਜਿਸ ਵਿਚ ਇਸਤਰੀ ਨੂੰ ਪੁਰਸ਼ ਦੇ ਬਰਾਬਰ ਦਾ ਸਥਾਨ ਪ੍ਰਾਪਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਪਵਿੱਤਰ ਗ੍ਰੰਥ ਹੀ ਨਹੀਂ ਬਲਕਿ ਸਰਬ ਸਮਿਆਂ ਵਾਸਤੇ ਸਿੱਖਾਂ ਦਾ ਸ਼ਬਦ ਗੁਰੂ ਹੈ। ਇਹ ਦਰਜ਼ਾ ਦਸਮ ਪਾਤਿਸ਼ਾਹ ਨੇ ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਦੀ ਬਾਣੀ 'ਗ੍ਰੰਥ ਸਾਹਿਬ' ਵਿਚ ਸ਼ਾਮਲ ਕਰਕੇ, ਹਜ਼ੂਰ ਸਾਹਿਬ (ਨਾਂਦੇੜ) ਵਿਖੇ 1708 ਈਸਵੀ ਵਿਚ ਬਾਕਾਇਦਾ ਪਰੰਪਰਾ ਅਨੁਸਾਰ ਦਿੱਤਾ ਅਤੇ ਸਿੱਖਾਂ ਨੂੰ ਬਾਣੀ ਨੂੰ ਗੁਰੂ ਮੰਨ ਕੇ ਸ਼ਬਦ-ਗੁਰੂ ਤੋਂ ਅਗਵਾਈ ਲੈ ਕੇ ਇਸ ਦੇ ਅਦੇਸ਼ ਵਿਚ ਚੱਲਣ ਦੀ ਆਗਿਆ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਦੀ ਜਨਮ ਮੂਲਕ ਬਰਾਬਰੀ ਦਾ ਜੋ ਸਿਧਾਂਤ ਦਿੱਤਾ ਗਿਆ ਹੈ, ਉਹ ਹੈ, "ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ।" ਬਾਣੀ ਵਿਚ ਇਹ ਨਹੀਂ ਕਿਹਾ ਗਿਆ ਕਿ ਪੁਰਸ਼ ਜਗ ਵਿਚ ਆਇਆ ਜਾਂ ਇਸਤਰੀ ਜੱਗ ਵਿਚ ਆਈ। ਗੁਰਬਾਣੀ ਵਿਚ ਪ੍ਰਾਪਤ ਸਿਧਾਂਤ ਅਨੁਸਾਰ ਜੀਵ ਉਦੋਂ ਸੰਸਾਰ 'ਤੇ ਆਉਂਦਾ ਹੈ, ਜਦੋਂ ਵਾਹਿਗੁਰੂ ਆਪਣੀ ਜੋਤਿ ਉਸ ਅੰਦਰ ਰੱਖਦਾ ਹੈ। ਇਸ ਤਰ੍ਹਾਂ ਸਾਰੇ ਜੀਵਾਂ ਵਿਚ, ਭਾਵੇਂ ਉਹ ਇਸਤਰੀ ਹੈ ਜਾਂ ਪੁਰਸ਼, ਉਸ ਅਕਾਲ ਪੁਰਖ ਦੀ ਜੋਤਿ ਬਿਰਾਜਮਾਨ ਹੈ ਅਤੇ ਮਨੁੱਖ ਦੇ ਸਾਹਮਣੇ ਜੋ ਆਦਰਸ਼ ਰੱਖਿਆ ਗਿਆ, ਉਹ ਹੈ, "ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥" ਆਪਣੇ ਮੂਲੁ ਨੂੰ ਪਛਾਨਣ ਦੀ ਜੋ ਗੁਰਮਤਿ-ਜੁਗਤਿ ਸਾਹਮਣੇ ਆਈ ਹੈ, ਉਹ ਗੁਰੂ ਨਾਨਕ ਪਾਤਿਸ਼ਾਹ ਨੇ 'ਜਪੁਜੀ' 'ਚ ਹੀ ਸਪੱਸ਼ਟ ਕਰ ਦਿੱਤੀ ਹੈ ਜਦੋਂ ਉਹ ਪ੍ਰਸ਼ਨ ਸਾਹਮਣੇ ਰੱਖਦੇ ਹਨ 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ' ਅਤੇ ਫਿਰ ਆਪ ਹੀ ਇਸ ਦਾ ਉਤਰ ਦਿੰਦੇ ਹਨ, 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥' ਇਹ ਜੁਗਤਿ ਗੁਰੂ ਤੋਂ ਭਾਵ ਬਾਣੀ ਤੋਂ ਪਤਾ ਲੱਗਣੀ ਹੈ।

ਸਿੱਖ ਧਰਮ ਵਿਚ ਗੁਰੂ ਦਾ ਸੰਕਲਪ ਸ਼ਬਦ ਗੁਰੂ ਦਾ ਹੈ, ਕਿਉਂਕਿ ਸ਼ਬਦ ਅਬਿਨਾਸ਼ੀ ਹੈ, ਸਦੀਵੀ ਹੈ, ਅਚੁੱਕ ਹੈ। ਇਸ ਲਈ ਬਾਣੀ ਵਿਚ ਵਿਸ਼ਵਾਸ ਹੀ ਗੁਰੂ ਵਿਚ ਵਿਸ਼ਵਾਸ ਹੈ। ਇਸ ਵਿਸ਼ਵਾਸ ਵਾਸਤੇ ਇਸਤਰੀ ਜਾਂ ਪੁਰਸ਼ ਹੋਣ ਦੀ ਕੋਈ ਸ਼ਰਤ ਨਹੀਂ ਹੈ। ਇਸ ਸਿਧਾਂਤ ਅਨੁਸਾਰ ਮਨੁੱਖ ਜਾਤਿ, ਜਨਮ, ਨਸਲ, ਇਸਤਰੀ ਜਾਂ ਪੁਰਸ ਹੋਣ ਕਰਕੇ ਛੋਟਾ ਜਾਂ ਵੱਡਾ, ਉਚਾ ਜਾਂ ਨੀਵਾਂ ਨਹੀਂ ਹੈ। ਮਨੁੱਖ ਆਪਣੇ ਅਮਲਾਂ ਕਾਰਨ ਛੋਟਾ ਜਾਂ ਵੱਡਾ, ਉਚਾ ਜਾਂ ਨੀਵਾਂ ਹੁੰਦਾ ਹੈ। ਇਸ ਤਰ੍ਹਾਂ ਸਿੱਖ ਧਰਮ ਚਿੰਤਨ ਅਨੁਸਾਰ ਇਸਤਰੀ ਜਾਂ ਪੁਰਸ਼ ਹੋਣ ਕਰਕੇ ਮਨੁੱਖ ਵਿਚ ਕੋਈ ਵੰਡ ਨਹੀਂ ਹੈ। ਸਾਰੇ ਜੀਵ ਜਨਮ ਤੋਂ ਬਰਾਬਰ ਹਨ। ਗੁਰਮਤਿ ਅਨੁਸਾਰ ਮਨੁੱਖ (ਭਾਵੇਂ ਉਹ ਇਸਤਰੀ ਹੈ ਜਾਂ ਪੁਰਸ਼) ਦੀਆਂ ਦੋ ਹੀ ਸ਼੍ਰੇਣੀਆਂ ਹਨ, ਗੁਰਮੁਖਿ ਅਤੇ ਮਨਮੁਖਿ। ਜੋ ਮਨੁੱਖ ਗੁਰੂ ਦੇ ਅਨੁਸਾਰੀ ਹੋ ਕੇ, ਵਾਹਿਗੁਰੂ ਦੇ ਹੁਕਮ ਅਨੁਸਾਰ ਚੱਲਦੇ ਹਨ, ਗੁਰੂ ਦੇ ਦੱਸੇ ਰਸਤੇ 'ਤੇ ਚੱਲਦੇ ਹਨ, ਉਹ ਗੁਰਮੁਖਿ ਹਨ। ਜੋ ਮਨੁੱਖ ਆਪਣੀ ਹਉਮੈ ਦੇ ਅਧੀਨ ਹੋ ਕੇ ਆਪਣੇ ਮਨ ਦੀ ਮਤਿ ਅਨੁਸਾਰ ਚੱਲਦੇ ਹਨ, ਉਹ ਮਨਮੁਖਿ ਹਨ।

ਗੁਰਬਾਣੀ ਨੇ ਗੁਰਮੁਖਿ ਦੀ ਜੁਗਤਿ ਵਜੋਂ ਇੱਕ ਗਾਡੀ ਰਾਹ ਦਿੱਤਾ ਹੈ ਅਤੇ ਗੁਰਮੁਖਿ (ਭਾਵੇਂ ਉਹ ਇਸਤਰੀ ਹੈ ਜਾਂ ਪੁਰਸ਼) ਮਨੁੱਖ ਦੀ ਪ੍ਰਵਾਨਿਤ ਸ਼੍ਰੇਣੀ ਹੈ। ਮਨਮੁਖਿ (ਭਾਵੇਂ ਉਹ ਇਸਤਰੀ ਹੈ ਜਾਂ ਪੁਰਸ਼) ਗੁਰੂ ਅਨੁਸਾਰ ਗੈਰ-ਪ੍ਰਵਾਨਿਤ ਸ਼੍ਰੇਣੀ ਹੈ। ਮਨਮੁਖਿ ਆਵਾਗਵਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ ਜਦ ਕਿ ਗੁਰਮੁਖਿ ਉਤੇ ਗੁਰੂ ਦੀ ਮਿਹਰ ਪ੍ਰਵਾਨ ਕੀਤੀ ਗਈ ਹੈ ਅਤੇ ਗੁਰੂ ਦੀ ਮਿਹਰ ਰਾਹੀਂ ਉਸ ਨੂੰ ਆਪਣੇ ਜੋਤਿ-ਸਰੂਪ ਹੋਣ ਦਾ ਅਨੁਭਵ ਹੁੰਦਾ ਹੈ ਜਾਂ ਹੋ ਸਕਦਾ ਹੈ। ਇਸ ਲਈ ਜੀਵ ਨੇ ਬਾਣੀ 'ਤੇ, ਸ਼ਬਦ 'ਤੇ ਵਿਸ਼ਵਾਸ ਲਿਆਉਣਾ ਹੈ। ਗੁਰਮਤਿ ਵਿਚ ਕਿਉਂਕਿ ਅਧਿਆਤਮਕ ਪੱਧਰ 'ਤੇ ਇਸਤਰੀ ਜਾਂ ਪੁਰਸ਼ ਵਿਚ ਕੋਈ ਫ਼ਰਕ ਨਹੀਂ ਕੀਤਾ ਗਿਆ, ਇਸ ਲਈ ਇਸਤਰੀ ਨੂੰ ਬਰਾਬਰ ਦਾ ਅਤੇ ਸਤਿਕਾਰਯੋਗ ਸਥਾਨ ਪ੍ਰਾਪਤ ਹੈ ਜੋ ਸੰਸਾਰ ਧਰਮਾਂ ਦੇ ਸੰਦਰਭ ਵਿਚ ਆਮ ਕਰਕੇ ਅਤੇ ਹਿੰਦੁਸਤਾਨੀ ਧਰਮਾਂ ਦੇ ਸੰਦਰਭ ਵਿਚ ਖ਼ਾਸ ਕਰਕੇ ਸਿਧਾਂਤ ਅਤੇ ਅਮਲ ਵਿਚ ਪਹਿਲੀ ਵਾਰ ਸਾਹਮਣੇ ਆਇਆ।

ਇਹ ਆਮ ਧਾਰਨਾ ਹੈ ਕਿ ਕਿਸੇ ਵੀ ਦੇਸ਼ ਜਾਂ ਸਮਾਜ ਦੀ ਸੰਸਕ੍ਰਿਤੀ ਅਤੇ ਸਭਿਅਤਾ ਦਾ ਵਿਕਾਸ ਤੇ ਤਰੱਕੀ ਇਸ ਤੱਥ ਤੋਂ ਮਾਪੀ ਜਾਂਦੀ ਹੈ ਕਿ ਉਸ ਦੇਸ਼ ਜਾਂ ਸਮਾਜ ਵਿਚ ਇਸਤਰੀ ਦਾ ਕੀ ਸਥਾਨ ਹੈ? ਇਸ ਦਾ ਕਾਰਨ ਇਹ ਹੈ ਕਿ ਸਮਾਜ ਦੀਆਂ ਸਭਿਆਚਾਰਕ ਕੀਮਤਾਂ ਦੀ ਬਹਾਲੀ ਵਾਸਤੇ ਇਸਤਰੀ ਦਾ ਬਹੁਤ ਯੋਗਦਾਨ ਹੁੰਦਾ ਹੈ। ਪੰਜਾਬੀ ਦੇ ਅਜ਼ੀਮ ਸ਼ਾਇਰ ਅਤੇ ਸਿੱਖ ਚਿੰਤਕ ਪ੍ਰੋ. ਪੂਰਨ ਸਿੰਘ ਨੇ ਇਸ ਦਾ ਬਖ਼ੂਬੀ ਬਿਆਨ ਕੀਤਾ ਹੈ, "ਉਹ ਸਾਰੇ ਪਰਿਵਾਰ ਦਾ ਕਰਾਸ ਧਾਰਨ ਕਰਦੀ ਹੈ ਪਰ ਉਸ ਨੇ ਕੋਈ ਈਸਾਈਅਤ ਸ਼ੁਰੂ ਨਹੀਂ ਕੀਤੀ। ਹਰ ਇਸਤਰੀ ਇੱਕ ਮਸੀਹਾ ਹੈ। ਮਨੁੱਖ ਦੀ ਸੇਵਾ ਵਿਚ ਉਸ ਦੀ ਰੋਜ਼ਾਨਾ ਜ਼ਿੰਦਗੀ ਨੇ ਸਾਨੂੰ ਉਸ ਦੀ ਆਤਮਾ ਦੇ ਸੁੰਦਰ ਗੀਤ ਦਿੱਤੇ ਹਨ ਜਿਵੇਂ ਆਕਾਸ਼ ਵਿਚ ਬਦਲਦੇ ਹੋਏ ਰੰਗ ਅਤੇ ਕੁਦਰਤਿ ਦੀਆਂ ਬਦਲਦੀਆਂ ਲਕੀਰਾਂ ਸਾਨੂੰ ਕੁਦਰਤਿ ਦੇ ਅੰਦਰਲੇ ਵਿਅਕਤੀ ਦੇ ਦਰਸ਼ਨ ਕਰਾਉਂਦੀਆਂ ਹਨ। ਪੁਰਸ਼ ਦੇ ਸਾਰੇ ਓਜਸਵੀ ਯਤਨਾਂ ਲਈ, ਤਾਂ ਕਿ ਉਹ ਪੁਰਸ਼ ਥੀ ਸਕੇ, ਇਸਤਰੀ ਦੀ ਪ੍ਰੇਰਨਾ ਰਹੀ ਹੈ। ਉਸ ਦੀ ਸਾਰੀ ਅੰਮ੍ਰਿਤਾ ਲਈ ਉਤਮ ਅਕਾਂਖਿਆਵਾਂ, ਉਸ ਦੇ ਸਾਰੇ ਧਰਮਾਂ, ਸਾਰੀ ਕਲਾ ਅਤੇ ਧਰਤੀ ਤੇ ਆਕਾਸ਼ ਉਤੇ ਉਸ ਦੀਆਂ ਸਾਰੀਆਂ ਉਤਮ ਜਿੱਤਾਂ ਲਈ ਇਸਤਰੀ ਹੀ ਜ਼ਿੰਮੇਵਾਰ ਰਹੀ ਹੈ।" (ਪੂਰਨ ਸਿੰਘ, ਦ ਸਪਿਰਿਟ ਬੌਰਨ ਪੀਪਲ, ਪੰਨਾ 33)

ਸਿੱਖ ਧਰਮ ਦੇ ਇਲਹਾਮ ਦਾ ਪ੍ਰਕਾਸ਼ਨ ਗੁਰੂ ਜੋਤਿ ਅਤੇ ਗੁਰੂ ਜੁਗਤਿ ਰਾਹੀਂ ਬਾਣੀ ਦੇ ਰੂਪ ਵਿਚ ਹੋਇਆ। ਬਾਣੀ ਗੁਰੂ ਸਾਹਿਬਾਨ ਦੇ ਰਹੱਸਾਤਮਕ ਅਨੁਭਵ ਦਾ ਸ਼ਬਦ ਦੇ ਰੂਪ ਵਿਚ, ਬੋਲੀ ਦੇ ਰੂਪ ਵਿਚ ਪ੍ਰਗਟਾਵਾ ਹੈ। ਰਹੱਸਾਤਮਕ ਅਨੁਭਵ ਨੂੰ ਬੋਲੀ ਦੇ ਰੂਪ ਵਿਚ ਪ੍ਰਗਟ ਕਰ ਸਕਣਾ ਇੱਕ ਕਠਿਨ ਕੰਮ ਹੁੰਦਾ ਹੈ, ਇਸ ਲਈ ਇਸ ਵਿਚ ਚਿੰਨ੍ਹਾਂ ਅਤੇ ਪ੍ਰਤੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਇਸ ਰਹੱਸਾਤਮਕ ਅਨੁਭਵ ਅਤੇ ਰੱਬੀ ਪ੍ਰੇਮ ਦੇ ਪ੍ਰਗਟਾਵੇ ਲਈ ਇਸਤਰੀ ਅਤੇ ਪੁਰਸ਼-ਦੋ ਚਿੰਨ੍ਹਾਂ ਦੀ ਆਮ ਵਰਤੋਂ ਕੀਤੀ ਗਈ ਹੈ। ਜਗਿਆਸੂ ਨੂੰ ਇਸਤਰੀ ਅਤੇ ਪਰਮਾਤਮਾ ਨੂੰ ਪੁਰਸ਼ ਕਰਕੇ ਸੰਬੋਧਨ ਕੀਤਾ ਹੈ। ਗੁਰੂ ਨਾਨਕ ਸਾਹਿਬ ਨੇ ਧਰਮ ਨੂੰ ਏਕਾਂਤ ਅਤੇ ਤਿਆਗ ਵਿਚੋਂ ਕੱਢ ਕੇ ਗ੍ਰਿਹਿਸਥ ਨਾਲ ਜੋੜਿਆ। ਅਧਿਆਤਮਕਤਾ ਦੀ ਪ੍ਰਾਪਤੀ, ਸਮਾਜ ਦੀ ਸਥਾਪਨਾ ਅਤੇ ਉਨਤੀ ਲਈ ਇਸਤਰੀ ਦੇ ਮਹੱਤਵਪੂਰਨ ਯੋਗਦਾਨ ਨੂੰ ਸਮਝਾਉਂਦੇ ਹੋਏ ਉਨ੍ਹਾਂ ਨੇ 'ਆਸਾ ਦੀ ਵਾਰ' ਵਿਚ ਸਪੱਸ਼ਟ ਕੀਤਾ ਹੈ ਕਿ ਇਸਤਰੀ ਤੋਂ ਬਿਨਾ ਮਨੁਖ ਅਤੇ ਮਨੁਖੀ ਸਮਾਜ ਦੀ ਹੋਂਦ, ਸਮਾਜਿਕ ਰਿਸ਼ਤੇ ਅਤੇ ਸਮਾਜ ਦਾ ਅੱਗੇ ਵੱਧਣਾ ਅਸੰਭਵ ਹੈ।

ਮਨੁੱਖ ਦਾ ਇਸ ਸੰਸਾਰ 'ਤੇ ਜਨਮ ਇਸਤਰੀ ਰਾਹੀਂ ਹੀ ਹੁੰਦਾ ਹੈ। ਇੱਕ ਉਹ ਪਰਮਾਤਮਾ ਹੀ ਹੈ ਜਿਸ ਦੀ ਹੋਂਦ ਇਸਤਰੀ ਤੋਂ ਬਿਨਾ ਹੈ। (ਪੰਨਾ 473) ਸਿੱਖ ਧਰਮ ਦੇ ਪ੍ਰਕਾਸ਼ਨ ਤੋਂ ਪਹਿਲਾਂ ਦੀਆਂ ਧਾਰਮਿਕ ਪਰੰਪਰਾਵਾਂ ਵਿਚ ਇਸਤਰੀ ਦੀ ਹੋਂਦ ਨਾਲ ਜੁੜੇ ਕੁਦਰਤੀ ਵਰਤਾਰਿਆਂ ਕਾਰਨ ਉਸ 'ਤੇ ਕਈ ਕਿਸਮ ਦੇ ਸੂਤਕ, ਵਹਿਮ ਅਤੇ ਭਰਮ ਜੋੜੇ ਗਏ ਸਨ ਜਿਨ੍ਹਾਂ ਕਰਕੇ ਸੁਚਮ ਦੇ ਨਾਮ ਤੇ ਉਸ ਨੂੰ ਧਾਰਮਿਕ ਅਤੇ ਅਧਿਆਤਮਕ ਕਾਰਜਾਂ ਤੋਂ ਬਾਹਰ ਰੱਖਿਆ ਜਾਂਦਾ ਸੀ। 'ਆਸਾ ਦੀ ਵਾਰ' ਵਿਚ ਹੀ ਗੁਰੂ ਨਾਨਕ ਸਾਹਿਬ ਨੇ ਇਸਤਰੀ ਨਾਲ ਜੁੜੇ ਹਰ ਤਰ੍ਹਾਂ ਦੇ ਸੂਤਕ, ਵਹਿਮਾਂ ਤੇ ਭਰਮਾਂ ਦਾ ਖੰਡਨ ਕੀਤਾ ਹੈ।

ਇਸਤਰੀ ਦੀ ਸੁਤੰਤਰ ਹੋਂਦ ਵਿਚ ਅੜਿਕਾ ਪਾਉਣ ਵਾਲੀਆਂ ਹਰ ਤਰ੍ਹਾਂ ਦੀਆਂ ਰਸਮਾਂ ਜਿਵੇਂ ਸਤੀ ਅਤੇ ਪਰਦੇ ਦੀ ਰਸਮ ਆਦਿ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਜ਼ੋਰਦਾਰ ਖੰਡਨ ਕੀਤਾ ਗਿਆ ਹੈ। ਹਿੰਦੁਸਤਾਨੀ ਸਮਾਜ ਵਿਚ ਕਿਸੇ ਔਰਤ ਦਾ ਵਿਧਵਾ ਹੋ ਜਾਣਾ ਉਸ ਲਈ ਸਭ ਤੋਂ ਵੱਡਾ ਸਰਾਪ ਗਿਣਿਆ ਜਾਂਦਾ ਰਿਹਾ ਹੈ ਅਤੇ ਇੱਕ ਵਿਧਵਾ ਦਾ ਜੀਵਨ ਨਰਕ ਨਾਲੋਂ ਭੈੜਾ ਹੋ ਜਾਂਦਾ ਹੈ। ਇਸ ਨਰਕ ਤੋਂ ਬਚਣ ਲਈ ਇਸਤਰੀ ਆਪਣੀ ਇੱਛਾ ਨਾਲ ਜਾਂ ਸਮਾਜ ਵਲੋਂ ਮਜ਼ਬੂਰ ਕਰਨ 'ਤੇ



ਆਮ ਤੌਰ 'ਤੇ ਪਤੀ ਦੇ ਨਾਲ ਹੀ ਉਸ ਦੀ ਚਿਖਾ 'ਤੇ ਸੜ ਕੇ ਸਤੀ ਹੋ ਜਾਂਦੀ ਸੀ। ਇਸ ਇਸਤਰੀ ਵਿਰੋਧੀ ਪਰੰਪਰਾ ਦਾ ਖੰਡਨ ਕਰਦੇ ਹੋਏ ਗੁਰੂ ਅਮਰਦਾਸ ਨੇ ਫੁਰਮਾਇਆ ਹੈ ਕਿ ਸਤੀਆਂ ਉਹ ਨਹੀਂ ਜਿਹੜੀਆਂ ਪਤੀ ਦੇ ਮੁਰਦਾ ਸਰੀਰ ਨਾਲ ਉਸ ਦੀ ਚਿਖਾ 'ਤੇ ਸੜ ਕੇ ਮਰ ਜਾਂਦੀਆਂ ਹਨ। ਸਤੀਆਂ ਤਾਂ ਉਹ ਸਮਝੀਆਂ ਜਾਣੀਆਂ ਚਾਹੀਦੀਆਂ ਹਨ ਜੋ ਪਤੀ ਦੇ ਵਿਛੋੜੇ ਦੀ ਚੋਟ ਨਾਲ ਹੀ ਮਰ ਜਾਣ। ਇਸ ਦੇ ਨਾਲ ਹੀ ਉਨ੍ਹਾਂ ਨੂੰ ਵੀ ਸਤੀਆਂ ਸਮਝਣਾ ਚਾਹੀਦਾ ਹੈ ਜੋ ਸੁੱਚੇ ਆਚਰਨ ਅਤੇ ਸੰਤੋਖ ਵਾਲਾ ਜੀਵਨ ਬਸਰ ਕਰਦੀਆਂ ਹਨ ਅਤੇ ਹਰ ਰੋਜ਼ ਆਪਣੇ ਸਾਈਂ ਨੂੰ ਯਾਦ ਕਰਦੀਆਂ ਹਨ।

ਗੁਰੂ ਸਾਹਿਬ ਅੱਗੇ ਫਰਮਾਉਂਦੇ ਹਨ ਕਿ ਇਸਤਰੀਆਂ ਆਪਣੇ ਆਪ ਨੂੰ ਪਤੀਆਂ ਦੇ ਨਾਲ ਅੱਗ ਵਿਚ ਸਾੜ ਲੈਂਦੀਆਂ ਹਨ। ਜੇਕਰ ਉਹ ਪਤੀ ਨੂੰ ਆਪਣਾ ਜਾਣਦੀਆਂ ਹਨ ਅਰਥਾਤ ਉਨ੍ਹਾਂ ਨੂੰ ਪਤੀ ਨਾਲ ਪ੍ਰੇਮ ਹੈ, ਤਦ ਤਾਂ ਉਹ ਪਤੀ ਦੇ ਮਰਨ ਨਾਲ ਹੀ ਬਹੁਤ ਦੁੱਖ ਸਹਿ ਲੈਂਦੀਆਂ ਹਨ ਭਾਵ ਉਨ੍ਹਾਂ ਨੂੰ ਸੜ ਕੇ ਸਤੀ ਹੋਣ ਦੀ ਜ਼ਰੂਰਤ ਨਹੀਂ ਹੈ, ਉਹ ਜਿਉਂਦੀਆਂ ਹੀ ਸਤੀ ਹਨ ਅਤੇ ਜੇ ਉਹ ਪਤੀ ਦੀ ਕਦਰ ਨਹੀਂ ਜਾਣਦੀਆਂ ਤਾਂ ਉਹ ਕਿਉਂ ਅੱਗ ਵਿਚ ਸੜਨ? (ਕਹਿਣ ਤੋਂ ਭਾਵ ਹੈ ਕਿ ਦੋਹਾਂ ਹੀ ਹਾਲਤਾਂ ਵਿਚ ਉਨ੍ਹਾਂ ਨੂੰ ਸਤੀ ਹੋਣ ਦੀ ਲੋੜ ਨਹੀਂ ਹੈ)। ਉਨ੍ਹਾਂ ਦਾ ਪਤੀ ਭਾਵੇਂ ਜਿਉਂਦਾ ਹੋਵੇ, ਭਾਵੇਂ ਮੋਇਆ, ਉਹ ਨੱਸਣ ਦੀ ਹੀ ਕਰਦੀਆਂ ਹਨ। ਦੁੱਖ ਅਤੇ ਸੁੱਖ ਪਰਮਾਤਮਾ ਨੇ ਆਪ ਹੀ ਪੈਦਾ ਕੀਤਾ ਹੈ, ਇਸ ਲਈ ਉਸ ਦਾ ਨਾਮ ਸਿਮਰਦਿਆਂ ਭਾਣੇ ਵਿਚ ਚੱਲਣ ਦਾ ਅਦੇਸ਼ ਕੀਤਾ ਹੈ,

ਸਤੀਆ ਏਹਿ ਨ ਆਖੀਅਨਿ
ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨ੍ਹਿ
ਜਿ ਬਿਰਹੇ ਚੋਟ ਮਰੰਨਿ॥1॥ (ਪੰਨਾ 787)

ਗੁਰੂ ਅਮਰਦਾਸ ਨੇ ਸਤੀ ਦੀ ਰਸਮ ਨੂੰ ਰੋਕਣ ਵਾਸਤੇ ਨਾ ਸਿਰਫ ਆਪਣੀ ਬਾਣੀ ਵਿਚ ਹੀ ਇਸ ਦੀ ਨਿਰਾਰਥਕਤਾ ਨੂੰ ਸਮਝਾਇਆ ਸਗੋਂ ਉਨ੍ਹਾਂ ਨੇ ਸਤੀ ਦੀ ਰਸਮ ਨੂੰ ਬੰਦ ਕਰਾਉਣ ਲਈ ਅਮਲੀ ਤੌਰ 'ਤੇ ਉਪਰਾਲੇ ਕੀਤੇ। ਸਤੀ ਦੀ ਰਸਮ ਦੀ ਤਰ੍ਹਾਂ ਹੀ ਇਸਤਰੀ ਨੂੰ ਪਰਦੇ ਵਿਚ ਰੱਖਣਾ ਵੀ ਇਸਤਰੀ ਦੀ ਗ਼ੁਲਾਮੀ ਦੀ ਨਿਸ਼ਾਨੀ ਹੈ ਜੋ ਉਸ ਦੇ ਆਮ ਇਨਸਾਨ ਵਾਂਗ ਸਮਾਜ ਵਿਚ ਵਿਚਰਨ 'ਤੇ ਰੋਕ ਲਾਉਂਦੀ ਹੈ। ਅਸਲ ਵਿਚ ਸਤੀ ਦੀ ਰਸਮ ਅਤੇ ਪਰਦਾ ਇਹ ਦੋਵੇਂ ਗੱਲਾਂ ਹਿੰਦੁਸਤਾਨ 'ਤੇ ਬਾਹਰਲੇ ਮੁਸਲਿਮ ਧਾੜਵੀਆਂ ਦੇ ਹਮਲਿਆਂ ਅਤੇ ਰਾਜ ਸਥਾਪਤ ਕਰਨ ਨਾਲ ਜੁੜੀਆਂ ਹੋਈਆਂ ਹਨ ਅਤੇ ਭਾਰਤ ਦੀ ਉਸ ਵੇਲੇ ਦੀ ਗ਼ੁਲਾਮੀ ਦੀਆਂ ਪ੍ਰਤੀਕ ਹਨ। ਭਗਤ ਕਬੀਰ ਵੀ ਔਰਤ ਦੀ ਇਸ ਗ਼ੁਲਾਮੀ ਦੀ ਨਿਖੇਧੀ ਕਰਦਿਆਂ ਆਪਣੀ ਨੂੰਹ ਨੂੰ ਘੁੰਡ ਕੱਢਣ ਤੋਂ ਵਰਜਦੇ ਹੋਏ ਸਮਝਾਉਂਦੇ ਹਨ ਕਿ ਘੁੰਡ ਨਾ ਕੱਢੋ ਕਿਉਂਕਿ ਅੰਤ ਵੇਲੇ ਤੈਨੂੰ ਇਸ ਦਾ ਰੱਤੀ ਭਰ ਵੀ ਲਾਭ ਨਹੀਂ ਹੋਣਾ ਭਾਵ ਇਸ ਨੇ ਤੇਰੇ ਕਿਸੇ ਕੰਮ ਨਹੀਂ ਆਉਣਾ। ਤੇਰੇ ਤੋਂ ਪਹਿਲਾਂ ਤੇਰੀ ਸੌਕਣ (ਭਗਤ ਕਬੀਰ ਦੇ ਬੇਟੇ ਦੀ ਪਹਿਲੀ ਵਹੁਟੀ) ਘੁੰਡ ਕੱਢਦੀ ਹੋਈ ਇਸ ਸੰਸਾਰ ਤੋਂ ਵਿਦਾ ਹੋ ਗਈ, ਤੂੰ ਉਸ ਦੀ ਰੀਸ ਕਿਉਂ ਕਰਦੀ ਹੈਂ? ਘੁੰਡ ਕੱਢਣ ਦਾ ਸਿਰਫ ਇੱਕ ਹੀ ਫਾਇਦਾ ਹੈ ਕਿ ਲੋਕ ਦਸ ਦਿਨ ਤੇਰੀ ਮਹਿਮਾ ਕਰ ਦੇਣਗੇ ਕਿ ਵਹੁਟੀ ਭਲੇ ਘਰ ਦੀ ਆਈ ਹੈ ਪਰ ਇਸ ਨਾਲ ਤੇਰਾ ਕੁੱਝ ਸੌਰਨਾ ਨਹੀਂ। ਤੇਰਾ ਅਸਲੀ ਘੁੰਡ ਤਾਂ ਇਹ ਹੈ ਕਿ ਤੂੰ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਦੀ ਹੋਈ ਨੱਚਦੀ-ਕੁੱਦਦੀ ਫਿਰੇਂ। ਤੇਰੀ ਜਿੱਤ ਇਸ ਗੱਲ ਵਿਚ ਹੈ ਕਿ ਤੇਰਾ ਜੀਵਨ ਪਰਮਾਤਮਾ ਦੀ ਬੰਦਗੀ ਕਰਦਿਆਂ ਬਤੀਤ ਹੋਵੇ,

ਰਹੁ ਰਹੁ ਰੀ ਬਹੁਰੀਆ
ਘੂੰਘਟੁ ਜਿਨਿ ਕਾਢੈ॥
ਅੰਤ ਕੀ ਬਾਰ ਲਹੈਗੀ
ਨ ਆਢੈ॥1॥ਰਹਾਉ॥ (ਪੰਨਾ 484)

ਗੁਰੂ ਅਮਰਦਾਸ ਨੇ ਔਰਤਾਂ ਦੇ ਪਰਦਾ ਕਰਨ ਦੇ ਖਿਲਾਫ ਅਮਲੀ ਕਦਮ ਚੁੱਕਦਿਆਂ ਸੰਗਤਿ ਨੂੰ ਆਗਿਆ ਕੀਤੀ ਕਿ ਕੋਈ ਬੀਬੀ ਗੁਰੂ ਦਰਬਾਰ ਵਿਚ ਪਰਦਾ ਕਰਕੇ ਨਹੀਂ ਆਵੇਗੀ। ਇਸ ਤਰ੍ਹਾਂ ਇਸਤਰੀ ਨੂੰ ਗ਼ੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜਨ ਵਾਲੀਆਂ ਸਾਰੀਆਂ ਸਮਾਜਕ ਅਤੇ ਧਾਰਮਿਕ ਰਸਮਾਂ ਦੀ ਬਾਣੀ ਵਿਚ ਨਾ ਸਿਰਫ ਨਿਖੇਧੀ ਹੀ ਕੀਤੀ ਗਈ ਬਲਕਿ ਇਸਤਰੀਆਂ ਦਾ ਸੁਤੰਤਰ ਮਨੁੱਖ ਵਾਲਾ ਦਰਜਾ ਸਥਾਪਤ ਕਰਨ ਵੱਲ ਅਮਲੀ ਕਦਮ ਵੀ ਚੁੱਕੇ ਅਤੇ ਇਨ੍ਹਾਂ ਰਸਮਾਂ ਅਤੇ ਰੋਕਾਂ ਨੂੰ ਖ਼ਤਮ ਕੀਤਾ।

ਮਾਰਲਿਨ ਫਰੈਂਚ ਨੇ ਇਸਤਰੀ ਦੀ ਅਸਾਵੀਂ ਸਮਾਜਿਕ ਹਾਲਤ ਦਾ ਖ਼ੁਲਾਸਾ ਕੀਤਾ ਹੈ ਕਿ ਪੁਰਸ਼ ਨੂੰ ਸਾਰੇ ਆਰਥਿਕ ਅਤੇ ਰਾਜਨੀਤਕ ਅਧਿਕਾਰ ਦੇ ਦੇਣਾ ਇਸਤਰੀ ਨੂੰ ਪੁਰਸ਼ ਤੋਂ ਹੀਣਾ, ਅਸਾਵਾਂ ਬਣਾਉਂਦਾ ਹੈ। ਇਸਤਰੀ ਤੋਂ ਵਫ਼ਾ ਭਾਲਣੀ ਪਰ ਆਦਮੀ ਤੋਂ ਨਹੀਂ, ਇਸਤਰੀ ਉਤੇ ਪੁਰਸ਼ ਦਾ ਕਬਜ਼ਾ ਜਮਾਉਣਾ ਹੈ ਜਦ ਕਿ ਇਸਤਰੀ ਵਾਸਤੇ ਇਸ ਤੋਂ ਉਲਟ ਹੈ। ਰਿਸ਼ਤਿਆਂ ਵਿਚ, ਖ਼ਾਸ ਕੇਸਾਂ ਵਿਚ, ਪਿਆਰ ਦੀ ਭਰਪੂਰਤਾ ਹੋ ਸਕਦੀ ਹੈ, ਪਰ ਇਹ ਪੁਰਸ਼ਾਂ ਦਾ ਮੁੱਢਲਾ ਅਤੇ ਆਮ ਚਰਿਤਰ ਨਹੀਂ ਹੈ। ਇੱਕ ਪੁਰਸ਼ ਆਪਣੀ ਇਸਤਰੀ ਨੂੰ ਬਰਾਬਰੀ ਦੇ ਸਕਦਾ ਹੈ ਪਰ ਇਹ ਪੁਰਸ਼ ਦਾ ਅਧਿਕਾਰ ਹੈ, ਇਸਤਰੀ ਦਾ ਨਹੀਂ ਅਤੇ ਪੁਰਸ਼ ਕਿਸੇ ਵੇਲੇ ਵੀ ਇਹ ਖੋਹ ਸਕਦਾ ਹੈ। ਮਾਰਲਿਨ ਫਰੈਂਚ ਦੇ ਕਹਿਣ ਦਾ ਭਾਵ ਹੈ ਕਿ ਇਸਤਰੀ ਨੂੰ ਬਰਾਬਰ ਦੇ ਹੱਕ ਦੇਣਾ ਵੀ ਪੁਰਸ਼-ਪ੍ਰਧਾਨ ਸਮਾਜ ਨੇ ਪੁਰਸ਼ ਦੀ ਮਰਜ਼ੀ ਤੇ ਛੱਡ ਰੱਖਿਆ ਹੈ।

ਇਸਤਰੀ ਦੀ ਬਰਾਬਰੀ ਅਤੇ ਖ਼ੁਦਮੁਖਤਾਰੀ ਅੱਜ ਦੀ ਦੁਨੀਆਂ ਵਿਚ ਬਹੁਤ ਹੀ ਸੰਵੇਦਨਸ਼ੀਲ ਅਤੇ ਭਖਦਾ ਮਸਲਾ ਹੈ। ਇੱਕ ਪਾਸੇ ਇਹ ਇਸਤਰੀ ਦੇ ਗ਼ੈਰਰਵਾਇਤੀ ਰੋਲ ਅਤੇ ਰੁਤਬੇ ਨਾਲ ਸਬੰਧਤ ਹੈ ਅਤੇ ਦੂਜੇ ਪਾਸੇ ਇਸਤਰੀ ਦੇ ਖ਼ਿਲਾਫ ਹਰ ਤਰ੍ਹਾਂ ਦੇ ਛੋਟੇ ਅਤੇ ਵੱਡੇ ਜ਼ੁਲਮ, ਘਰੇਲੂ ਹਿੰਸਾ ਤੋਂ ਲੈ ਕੇ ਦਾਜ ਹਤਿਆਵਾਂ, ਇੱਜ਼ਤ ਲਈ ਕਤਲ, ਭਰੂਣ-ਹੱਤਿਆ ਅਤੇ ਬਲਾਤਕਾਰ ਤੱਕ ਹੋ ਰਹੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਸਿੱਖ ਧਰਮ ਦੀ ਅਮਲੀ ਰੂਪ ਵਿਚ ਨਿਰਧਾਰਤ ਕੀਤੀ ਗਈ ਰਹਿਤ-ਮਰਿਆਦਾ ਵਿਚ ਇਸਤਰੀ ਅਤੇ ਪੁਰਸ਼ ਲਈ ਇੱਕੋ ਜਿਹੇ ਅਸੂਲ ਪੇਸ਼ ਕੀਤੇ ਗਏ ਹਨ। ਇਨ੍ਹਾਂ ਸਰੋਕਾਰਾਂ ਨੇ ਹੀ ਸਿੱਖ ਇਸਤਰੀ ਨੂੰ ਇਤਿਹਾਸ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਉਣ ਦੀ ਪ੍ਰੇਰਨਾ ਦਿੱਤੀ ਅਤੇ ਉਤਸ਼ਾਹ ਬਖ਼ਸ਼ਿਆ। ਇਸੇ ਯੋਗਦਾਨ ਅਤੇ ਅਜੋਕੇ ਸਮੇਂ ਵਿਚ ਉਸ ਦਾ ਕੀ ਰੋਲ ਹੋਣਾ ਚਾਹੀਦਾ ਹੈ, ਦੀ ਗੱਲ ਅਗਲੇ ਲੇਖਾਂ ਵਿਚ ਕੀਤੀ ਜਾਵੇਗੀ।

**(ਚਲਦਾ)**

## ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ

### ਗੁਰਬਾਣੀ ਗਿਆਨ

ਸੂਹੀ ਮਹੱਲਾ ੫
ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ
ਓਇ ਰਾਮ ਨਾਮ ਰੰਗਿ ਰਾਤੇ॥
ਤਿਨ ਕੀ ਸੋਭਾ ਸਭਨੀ ਥਾਈ
ਜਿਨ ਪ੍ਰਭ ਕੇ ਚਰਣ ਪਰਾਤੇ॥੧॥
ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ॥
ਭਗਤਾ ਬਣਿ ਆਈ ਪ੍ਰਭ ਅਪਨੇ
ਸਿਉ ਜਲਿ ਥਲਿ ਮਹੀਅਲਿ ਸੋਈ॥੧॥ ਰਹਾਉ॥
ਕੋਟਿ ਅਪ੍ਰਾਧੀ ਸੰਤਸੰਗਿ ਉਧਰੈ
ਜਮੁ ਤਾ ਕੈ ਨੇੜਿ ਨ ਆਵੈ॥
ਜਨਮ ਜਨਮ ਕਾ ਬਿਛੁੜਿਆ ਹੋਵੈ
ਤਿਨ ਹਰਿ ਸਿਉ ਆਣਿ ਮਿਲਾਵੈ॥੨॥
ਮਾਇਆ ਮੋਹ ਭਰਮੁ ਭਉ ਕਾਟੈ
ਸੰਤ ਸਰਣਿ ਜੋ ਆਵੈ॥
ਜੇਹਾ ਮਨੋਰਥੁ ਕਰਿ ਆਰਾਧੇ
ਸੋ ਸੰਤਨ ਤੇ ਪਾਵੈ॥੩॥
ਜਨ ਕੀ ਮਹਿਮਾ ਕੇਤਕ ਬਰਨਉ
ਜੋ ਪ੍ਰਭ ਅਪਨੇ ਭਾਣੇ॥
ਕਹੁ ਨਾਨਕ ਜਿਨ ਸਤਿਗੁਰੁ ਭੇਟਿਆ
ਸੇ ਸਭ ਤੇ ਭਏ ਨਿਕਾਣੇ॥੪॥

ਗੁਰਦੇਵ ਪਿਤਾ ਜੀ ਆਖਦੇ ਹਨ-ਹੇ ਮੇਰੇ ਪ੍ਰਭੂ ਜੀਉ! ਤੇਰੇ ਸੰਤ ਜਨਾਂ ਜੇਵਡੁ, ਭਾਵ ਜੈਸਾ ਹੋਰ ਕੋਈ ਭੀ ਨਹੀਂ ਹੈ; ਕਿਉਂਕਿ ਭਗਤ ਜਨਾਂ ਦੀ ਬਣਿ ਆਈ, ਭਾਵ ਪ੍ਰਭੂ ਨਾਲ ਡਾਢੀ ਪ੍ਰੀਤਬਾਣੀ ਹੈ ਅਤੇ ਉਨ੍ਹਾਂ ਨੂੰ ਪਾਣੀ ਵਿਚ, ਧਰਤੀ ਤੇ ਆਕਾਸ਼ ਵਿਚ ਪ੍ਰਭੂ ਵਸਦਾ ਹੀ ਦਿਖਾਈ ਦਿੰਦਾ ਹੈ। ਹੇ ਭਾਈ! ਜੋ ਸੰਤ ਅਤੇ ਭਗਤ ਹਨ, ਉਹ ਤਾਂ ਸਦਾ ਪਰਮਾਤਮਾ ਦੇ ਨਾਮ ਦੀ ਰੰਗਣ ਵਿਚ ਹੀ ਰੰਗੇ ਰਹਿੰਦੇ ਹਨ ਅਤੇ ਜੋ ਕੁਝ ਉਹ ਮਾਲਿਕ ਪ੍ਰਭੂ ਜੀ ਕਰਦਾ ਹੈ, ਉਸ ਨੂੰ ਉਹ ਪ੍ਰਭੂ ਦਾ ਕੀਤਾ ਮੰਨ ਕੇ ਉਸ ਦੇ ਗੁਣਾਂ ਦੇ ਗਾਇਨ ਕਰਦੇ ਹਨ ਅਤੇ ਜਿਨ੍ਹਾਂ ਨੇ ਪ੍ਰਭੂ ਦੇ ਚਰਨਾਂ ਦੇ ਨਾਲ ਪ੍ਰੀਤ ਪਾ ਲਈ, ਉਨ੍ਹਾਂ ਦੀ ਕੀਰਤੀ ਸਭਨਾਂ ਥਾਂਵਾਂ 'ਤੇ ਗੂੰਜਦੀ ਹੈ।

ਕੋਟਿ ਅਪ੍ਰਾਧੀ ਸੰਤਸੰਗਿ ਉਧਰੈ
ਜਮੁ ਤਾ ਕੈ ਨੇੜਿ ਨ ਆਵੈ॥
ਜਨਮ ਜਨਮ ਕਾ ਬਿਛੁੜਿਆ ਹੋਵੈ
ਤਿਨ ਹਰਿ ਸਿਉ ਆਣਿ ਮਿਲਾਵੈ॥੨॥

ਹੇ ਭਾਈ ਜਨੋ! ਕਰੋੜਾਂ ਅਪਰਾਧ ਕਰਨ ਵਾਲਾ ਜੀਵ ਭੀ ਜੇ ਸੰਤਾਂ ਦੀ ਸੰਗਤ ਵਿਚ ਬੈਠ ਕੇ ਪ੍ਰਭੂ ਦਾ ਨਾਮ ਜਪੇ ਤਾਂ ਉਹ ਸੰਸਾਰਕ ਵਿਕਾਰਾਂ ਤੋਂ ਬਚ ਜਾਂਦਾ ਹੈ ਅਤੇ ਫਿਰ ਜਮ ਵੀ ਕਦੀ ਉਸ ਦੇ ਨੇੜੇ ਨਹੀਂ ਆ ਸਕਦਾ। ਹੇ ਭਾਈ! ਜੇ ਕੋਈ ਜੀਵ ਜਨਮ ਜਨਮ, ਭਾਵ ਅਨੇਕਾਂ ਹੀ ਜਨਮਾਂ ਤੋਂ ਆਪਣੇ ਮੂਲ ਪਰਮੇਸ਼ਵਰ ਨਾਲੋਂ ਵਿਛੜਿਆ ਪਿਆ ਹੋਵੇ ਤਾਂ ਵੀ ਸੰਤ ਜਨ ਐਸੇ ਅਨੇਕਾਂ ਹੀ ਜੀਵਾਂ ਨੂੰ ਪਰਮਾਤਮਾ ਦਾ ਨਾਮ ਸਿਮਰਨ ਦੇ ਕੇ ਪ੍ਰਭੂ ਨਾਲ ਫਿਰ ਮਿਲਾ ਦਿੰਦੇ ਹਨ।

ਮਾਇਆ ਮੋਹ ਭਰਮੁ ਭਉ ਕਾਟੈ
ਸੰਤ ਸਰਣਿ ਜੋ ਆਵੈ॥
ਜੇਹਾ ਮਨੋਰਥੁ ਕਰਿ ਆਰਾਧੇ
ਸੋ ਸੰਤਨ ਤੇ ਪਾਵੈ॥੩॥

ਹੇ ਭਾਈ! ਸੁਣੋ, ਜਿਹੜਾ ਭੀ ਜੀਵ ਭਾਵੇਂ ਉਹ ਕਿੱਡਾ ਵੀ ਅਪਰਾਧੀ ਹੋਵੇ, ਜਦ ਉਹ ਸੰਤਾਂ ਦੀ ਸ਼ਰਨ ਵਿਚ ਆ ਜਾਂਦਾ ਹੈ ਤਾਂ ਪ੍ਰਭੂ ਦੇ ਪਿਆਰੇ ਸੰਤ ਜਨ ਉਸ ਜੀਵ ਦੇ ਅੰਦਰੋਂ ਮਾਇਆ ਦੇ ਮੋਹ ਅਤੇ ਭਰਮ, ਭਾਵ ਹਰ ਥਾਂ ਭਟਕਦੇ ਰਹਿਣਾ ਅਤੇ ਸਾਰੇ ਭਉ, ਭਾਵ ਡਰ ਦੂਰ ਕਰ ਕੇ ਪ੍ਰਭੂ ਨਾਲ ਜੋੜ ਦਿੰਦੇ ਹਨ। ਜੇਹਾ ਮਨੋਰਥੁ, ਭਾਵ ਜੋ ਜੀਵ ਜਿਹੋ ਜਿਹੀ ਵਾਸਨਾ ਲੈ ਕੇ ਉਸ ਪਰਮਾਤਮਾ ਦਾ ਨਾਮ ਜਪਦਾ ਹੈ, ਉਹ ਜੀਵ ਪ੍ਰਭੂ ਦਾ ਨਾਮ ਸਿਮਰਨ ਕਰ ਕੇ ਉਹੀ ਪਾ ਲੈਂਦਾ ਹੈ।

ਜਨ ਕੀ ਮਹਿਮਾ ਕੇਤਕ ਬਰਨਉ
ਜੋ ਪ੍ਰਭ ਅਪਨੇ ਭਾਣੇ॥
ਕਹੁ ਨਾਨਕ ਜਿਨ ਸਤਿਗੁਰੁ ਭੇਟਿਆ
ਸੇ ਸਭ ਤੇ ਭਏ ਨਿਕਾਣੇ॥੪॥

ਹੁਣ ਗੁਰਦੇਵ ਪਾਤਸ਼ਾਹ ਸੰਤਾਂ ਅਤੇ ਭਗਤ ਜਨਾਂ ਦੀ ਮਹਿਮਾ ਕਰਦੇ ਆਖਦੇ ਹਨ-ਮੈਂ ਉਨ੍ਹਾਂ ਦੀ ਕੇਤਕ, ਭਾਵ ਕਿੰਨੀ ਕੁ ਵਡਿਆਈ ਕਰ ਸਕਦਾ ਹਾਂ, ਉਹ ਕੀਤੀ ਨਹੀਂ ਜਾ ਸਕਦੀ। ਇਸ ਲਈ ਇਹ ਨਾਨਕ ਆਖਦਾ ਹੈ-ਜਿਨ੍ਹਾਂ ਜੀਵਾਂ ਨੂੰ ਸਤਿਗੁਰੁ ਭੇਟਿਆ, ਭਾਵ ਸਤਿਗੁਰ ਦਾ ਮਿਲਾਪ ਹੋ ਗਿਆ, ਉਹ ਵਡਭਾਗੇ ਜੀਵ ਸਭ ਤੇ ਭਏ ਨਿਕਾਣੇ, ਭਾਵ ਉਹ ਗੁਰੂ ਵਾਲੇ ਜੀਵ ਇਸ ਸਾਰੇ ਹੀ ਸੰਸਾਰ ਤੋਂ ਬੇਮੁਥਾਜ ਹੋ ਗਏ।

ਆਉ ਗੁਰੂ ਪਿਆਰਿਉ! ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

*1968 ਵਾਲਾ ਸਾਲ ਸੰਸਾਰ ਭਰ ਵਿਚ ਬੜਾ ਘਟਨਾਵਾਂ ਭਰਪੂਰ ਸਾਲ ਸੀ। ਥਾਂ-ਥਾਂ ਘੋਲ ਚੱਲ ਰਹੇ ਸਨ। ਜੁਝਾਰੂ ਪੰਜਾਬ ਵਿਚ ਵੀ ਸੰਸਾਰ ਦੇ ਐਨ ਮੇਚ ਮੁਤਾਬਕ ਘੋਲ ਲੜੇ ਜਾ ਰਹੇ ਸਨ। 'ਪੀ.ਐਸ.ਯੂ. ਅਤੇ ਪੰਜਾਬ ਦੀ ਨਕਸਲੀ ਲਹਿਰ' ਦੀ ਇਸ ਚੌਥੀ ਕਿਸ਼ਤ ਵਿਚ ਗੁਰਦਿਆਲ ਸਿੰਘ ਬਲ ਨੇ ਉਦੋਂ ਪਿੜ ਵਿਚ ਨਾਇਕਾਂ ਦਾ ਰੋਲ ਨਿਭਾ ਰਹੇ ਨੌਜਵਾਨਾਂ ਦੇ ਪ੍ਰੇਰਨਾ ਸੋਮਿਆਂ ਬਾਰੇ ਚਰਚਾ ਛੇੜੀ ਹੈ। ਹੋਰ ਨਾਇਕਾਂ ਦੇ ਨਾਲ-ਨਾਲ ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲੇ ਪ੍ਰੋ. ਭੁਪਿੰਦਰ ਸਿੰਘ ਬਾਰੇ ਉਚੇਚਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ 'ਰਾਜ ਕਰੇਗਾ ਖਾਲਸਾ' ਨਾਂ ਦੇ ਆਪਣੇ ਚਰਚਿਤ ਲੇਖ ਵਿਚ ਸਿੱਖ ਅਤੇ ਸਿੱਖੀ ਦੇ ਧਾਰਮਿਕ ਅਤੇ ਸਿਆਸੀ ਮੁਹਾਵਰੇ ਬਾਰੇ ਪੂਰੀ ਨੀਝ ਨਾਲ ਲਿਖਿਆ। ਇਸ ਕਿਸ਼ਤ ਵਿਚ ਇਨ੍ਹਾਂ ਨਾਇਕਾਂ ਦੇ ਅਕੀਦਿਆਂ 'ਤੇ ਧਿਆਨ ਕੇਂਦਰਤ ਕੀਤਾ ਗਿਆ ਹੈ। -ਸੰਪਾਦਕ*

## ਪੀ.ਐਸ.ਯੂ. ਅਤੇ ਪੰਜਾਬ ਦੀ ਨਕਸਲੀ ਲਹਿਰ-4

# ਕੌਣ ਸਨ 1968 ਦੇ ਵਿਦਿਆਰਥੀ ਉਭਾਰ ਨੂੰ ਪ੍ਰੇਰਨ ਵਾਲੇ?

**ਗੁਰਦਿਆਲ ਸਿੰਘ ਬੱਲ**
**ਫੋਨ: 91-98150-85277**

ਪੰਜਾਬ ਵਿਚ 1967-68 ਦੇ ਵਿਦਿਆਰਥੀ ਉਭਾਰ ਬਾਰੇ ਪਿਛਲੀਆਂ ਕਿਸ਼ਤਾਂ ਵਿਚ ਮੋਟੇ ਜਿਹੇ ਵੇਰਵੇ ਪੇਸ਼ ਕੀਤੇ ਸਨ। ਉਸ ਦੌਰ ਵਿਚ ਪ੍ਰੋ. ਹਰਭਜਨ, ਮਾਸਟਰ ਮੇਘ, ਹਾਕਮ ਸਿੰਘ ਸਮਾਓਂ, ਸ਼ਮਸ਼ੇਰ ਸਿੰਘ ਸ਼ੇਰੀ, ਜਗਜੀਤ ਸਿੰਘ ਸੋਹਲ, ਦਰਸ਼ਨ ਬਾਗੀ, ਪ੍ਰੋ. ਭੁਪਿੰਦਰ ਜਾਂ ਸੁਰਿੰਦਰ ਚਾਹਿਲ ਦਾ ਰੋਲ ਬੜਾ ਅਹਿਮ ਰਿਹਾ। ਇਹ ਕੌਣ ਲੋਕ ਸਨ ਜਿਹੜੇ ਸਿਸਟਮ ਨੂੰ ਨੰਗੇ ਧੜ ਲਲਕਾਰ ਰਹੇ ਸਨ? ਇਹ ਆਖਰਕਾਰ, ਵਿਦਿਆਰਥੀਆਂ ਨੂੰ ਖਾੜਕੂ ਅੰਦੋਲਨ ਦੇ ਰਾਹ ਪਾ ਕੇ ਭਲਾ ਭਾਲ ਕੀ ਰਹੇ ਸਨ? ਉਨ੍ਹਾਂ ਦੇ ਅਸਲ ਉਦੇਸ਼ ਕੀ ਸਨ? ਫਿਰ ਸਾਲ 1968 ਤੋਂ ਬਾਅਦ ਉਹ ਕਿਉਂ ਤੇ ਕਿੱਧਰ ਗਏ? ਬਜ਼ੁਰਗ ਗਦਰੀ ਬਾਬਾ ਬੂਝਾ ਸਿੰਘ ਉਮਰ ਦੇ ਆਖਰੀ ਪੜਾਅ 'ਤੇ ਆ ਕੇ 1968 ਦੇ ਉਸ ਵਿਆਪਕ ਵਿਦਰੋਹ ਦਾ ਹਿੱਸਾ ਭਲਾ ਕਿਉਂ ਬਣਿਆ?

ਇਸਾਈ ਮੱਤ ਦੀ ਸ਼ੁਰੂਆਤ ਮਾਨਵ ਜਾਤੀ ਦੇ ਮਹਾਨ ਹਿੱਤੂ ਯਸੂ ਮਸੀਹ ਵੱਲੋਂ ਰੋਮਨ ਸਾਮਰਾਜ ਦੇ ਜ਼ੁਲਮਾਂ ਵਿਰੁਧ ਆਵਾਜ਼ ਬੁਲੰਦ ਕਰਨ ਦੇ 'ਗੁਨਾਹ' ਬਦਲੇ ਸੂਲੀ 'ਤੇ ਲਟਕ ਜਾਣ ਨਾਲ ਹੋਈ ਸੀ। ਭਗਵਾਨ ਈਸਾ ਤੋਂ ਵੀ 70 ਸਾਲ ਪਹਿਲਾਂ ਸਪਾਰਟਕਸ ਨਾਂ ਦੇ ਇਕ ਗੁਲਾਮ ਨੇ ਇਨਸਾਨੀ ਹਸਤੀ ਦੀ ਸ਼ਾਨ ਅਤੇ ਸਵੀਕ੍ਰਿਤੀ ਦੇ ਆਦਰਸ਼ ਖਾਤਰ, ਇਨ੍ਹਾਂ ਰੋਮਨਾਂ ਵਿਰੁਧ ਹੀ ਜ਼ਬਰਦਸਤ ਬਗਾਵਤ ਕੀਤੀ ਸੀ। ਦਿਨਾਂ ਵਿਚ ਹੀ ਉਸ ਦੇ ਝੰਡੇ ਹੇਠ ਇਕ ਲੱਖ ਤੋਂ ਵੀ ਵੱਧ ਬਾਗੀ ਗੁਲਾਮ ਇਕੱਠੇ ਹੋ ਗਏ ਸਨ ਅਤੇ ਸਾਲ ਭਰ ਦੇ ਲਹੂ ਵੀਟਵੇਂ ਸੰਘਰਸ਼ ਦੌਰਾਨ ਉਨ੍ਹਾਂ ਨੇ ਮਹਾਨ ਰੋਮਨ ਸਲਤਨਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਹਜ਼ਾਰ ਕਾਰਨ ਹੋਣਗੇ ਜਿਨ੍ਹਾਂ ਕਾਰਨ ਉਹ ਇਤਿਹਾਸਕ ਬਗਾਵਤ ਸਫਲ ਨਾ ਹੋ ਸਕੀ, ਪਰ ਬਗਾਵਤ ਦਾ ਜਲੌਅ ਅੱਜ ਵੀ ਉਤਨਾ ਹੀ ਤਾਜ਼ਾ ਹੈ ਅਤੇ ਬਾਗੀਆਂ ਦੇ ਦਿਲਾਂ ਵਿਚ ਬਗਾਵਤ ਦਾ ਦੀਵਾ ਬਲਦਾ ਰੱਖਦਾ ਹੈ।

ਚੰਗਾ ਹੋਇਆ ਸਪਾਰਟਕਸ ਦੇ ਨਾਂ 'ਤੇ ਕੋਈ ਧਰਮ ਨਹੀਂ ਚੱਲਿਆ, ਪਰ ਉਸ ਵੱਲੋਂ ਸਿਰਜਿਆ ਸੁਪਨਾ ਅੱਜ ਤੱਕ ਵੀ ਨਹੀਂ ਮੋਇਆ; ਬਲਕਿ ਉਹੋ ਸੁਪਨਾ ਇਨਕਲਾਬੀਆਂ ਦੀਆਂ ਆਉਣ ਵਾਲੀਆਂ ਨਸਲਾਂ ਨੂੰ ਨਿਰੰਤਰ ਪ੍ਰੇਰਿਤ ਕਰ ਰਿਹਾ ਹੈ। ਸਪਾਰਟਕਸ ਦੇ ਵਿਦਰੋਹ ਦਾ ਜ਼ਿਕਰ ਮੈਂ ਇਸ ਲਈ ਵੀ ਕੀਤਾ ਹੈ ਕਿ 1966 ਦੇ ਉਸ ਸਮੇਂ ਦੌਰਾਨ ਨੈਸ਼ਨਲ ਕਾਲਜ ਸਠਿਆਲਾ ਵਿਚ ਅਗਲੇ ਵਰ੍ਹੇ ਪੀ.ਐਸ.ਯੂ. ਪੰਜਾਬ ਦਾ ਬਣਨ ਵਾਲਾ ਪ੍ਰਧਾਨ ਸੁਰਿੰਦਰ ਸਿੰਘ ਚਾਹਿਲ ਸਾਡਾ ਯੂਨਿਟ ਬਣਾਉਣ ਲਈ ਜਦੋਂ ਸਾਨੂੰ ਮਿਲਣ ਲਈ ਪਹਿਲੀ ਵਾਰ ਆਇਆ ਸੀ ਤਾਂ ਇਤਫਾਕਵੱਸ ਉਸ ਦੇ ਹੱਥਾਂ ਵਿਚ ਸਪਾਰਟਕਸ ਦੀ ਬਗਾਵਤ 'ਤੇ ਆਧਾਰਤ ਹਾਵਰਡ ਫਾਸਟ ਦੇ ਜਗਤ ਪ੍ਰਸਿਧ ਨਾਵਲ 'ਸਪਾਰਟਕਸ' ਦੇ ਹਿੰਦੀ ਅਨੁਵਾਦ 'ਆਦਿ ਵਿਦਰੋਹੀ' ਦੀ ਕਾਪੀ ਸੀ। ਨਾਵਲ ਦਾ ਹਿੰਦੀ ਅਨੁਵਾਦ ਮੁਨਸ਼ੀ ਪ੍ਰੇਮ ਚੰਦ ਦੇ ਲੜਕੇ ਅੰਮ੍ਰਿਤ ਰਾਏ ਨੇ ਕੀਤਾ ਸੀ। ਸੁਰਿੰਦਰ ਨੇ ਸਾਨੂੰ ਸਭ ਤੋਂ ਪਹਿਲਾਂ ਇਹੀ ਨਾਵਲ ਪੜ੍ਹਨ ਲਈ ਦਿੱਤਾ ਸੀ। ਇਹੋ ਮਹਾਨ ਨਾਵਲ ਸ਼ੇਰੀ ਨੇ ਵੀ ਪਿੱਛੋਂ ਆ ਕੇ ਪੜ੍ਹਿਆ ਸੀ ਅਤੇ ਉਹ ਉਸ ਤੋਂ ਬੇਹੱਦ ਪ੍ਰਭਾਵਤ ਸੀ। ਇਸ ਨਾਵਲ ਵਿਚ ਪਿਛਲੇ 2000 ਵਰ੍ਹਿਆਂ ਦੇ ਇਤਿਹਾਸ ਦੌਰਾਨ ਮਨੁੱਖੀ ਸੁਤੰਤਰਤਾ ਲਈ ਲੜੇ ਹਰ ਸੰਘਰਸ਼ ਪਿੱਛੇ ਸਪਾਰਟਕਸ ਦੀ ਸਪਿਰਟ ਕਾਰਜਸ਼ੀਲ ਹੁੰਦੀ ਸਹਿਜੇ ਹੀ ਵੇਖੀ ਜਾ ਸਕਦੀ ਹੈ।

19ਵੀਂ ਸਦੀ ਦੇ ਰੂਸ ਵਿਚ ਇਸੇ ਆਦਰਸ਼ ਦੀ ਪੂਰਤੀ ਲਈ ਲੜਾਈ ਦਾ ਮੁੱਢ 1825 ਦੇ ਦਸੰਬਰੀਆਂ ਦੀ ਬਗਾਵਤ ਨੇ ਬੰਨ੍ਹਿਆ ਸੀ ਅਤੇ ਬਾਅਦ ਵਿਚ ਪੂਰੀ 19ਵੀਂ ਸਦੀ ਦੌਰਾਨ ਇਕ ਪਾਸੇ ਪਦਾਰਥਵਾਦੀ ਦ੍ਰਿਸ਼ਟੀਕੋਣ ਤੋਂ ਬੈਲਿੰਸਕੀ, ਚਰਨੀਸ਼ੇਵਸਕੀ, ਪਿਸਾਰੇਵ, ਮਾਈਕਲ ਬਾਕੂਨਿਨ, ਪਲੈਖਾਨੋਵ, ਮਾਰਤੋਵ, ਲੈਨਿਨ ਅਤੇ ਲਿਓਨ ਟਰਾਟਸਕੀ ਅਤੇ ਦੂਜੇ ਪਾਸੇ ਆਦਰਸ਼ਵਾਦੀ ਸਲਾਵੋਫਾਈਲ ਨਜ਼ਰੀਏ ਤੋਂ ਅਲੈਕਸੀ ਖੋਮੀਆਕੋਵ, ਇਵਾਨ ਕਿਰੀਵਸਕੀ, ਪੀਟਰ ਕਿਰੀਵਸਕੀ, ਕੋਸਤਾਨਤਿਨ ਐਕਸਾਕੋਵ, ਇਵਾਨ ਐਕਸਾਕੋਵ ਅਤੇ ਮਾਨਵ ਭਲੇ ਦੀ ਤਮੰਨਾ ਰੱਖਣ ਵਾਲੇ ਅਜਿਹੇ ਅਨੇਕਾਂ ਚਿੰਤਕਾਂ ਦੇ ਪੈਰੋਕਾਰ ਜੂਝਦੇ ਰਹੇ ਸਨ। ਆਖਰ ਅਕਤੂਬਰ 1917 ਦੇ ਇਨਕਲਾਬ ਦੌਰਾਨ ਸੈਕੂਲਰ/ਪਦਾਰਥਵਾਦੀ ਨਜ਼ਰੀਏ ਵਾਲੇ ਚਿੰਤਕਾਂ ਦੇ ਪੈਰੋਕਾਰਾਂ ਦੀ ਧਿਰ ਦੀ ਜਿੱਤ ਹੋਈ। ਸਪਾਰਟਕਸ ਵਾਲੇ ਸੁਪਨੇ ਦਾ ਹਸ਼ਰ ਕੀ ਹੋਇਆ, ਉਹ ਅਗਾਂਹ ਲੰਮੀ ਬਹਿਸ ਦਾ ਵਿਸ਼ਾ ਹੈ, ਪਰ ਇਸੇ ਪੈਟਰਨ 'ਤੇ ਇਹ ਕਿਹਾ ਜਾ ਸਕਦਾ ਹੈ ਕਿ 20ਵੀਂ ਸਦੀ ਦੇ ਪੰਜਾਬ ਵਿਚ ਉਸੇ ਆਦਿ ਜੁਗਾਦੀ ਸਪਾਰਟਕਸੀਅਨ ਖੁਆਬ ਦੀ ਪੂਰਤੀ ਲਈ ਸੰਗਰਾਮ ਦਾ ਮੁੱਢ 1914-15 ਦੇ ਗਦਰੀ ਬਾਬਿਆਂ ਦੀ ਬਗਾਵਤ ਨੇ ਬੰਨ੍ਹਿਆ ਅਤੇ ਉਸ ਤੋਂ ਬਾਅਦ ਸ. ਭਗਤ ਸਿੰਘ, ਸ. ਊਧਮ ਸਿੰਘ, ਬਾਬਾ ਸੋਹਣ ਸਿੰਘ ਭਕਨਾ, ਕਾਮਰੇਡ ਤੇਜਾ ਸਿੰਘ ਸੁਤੰਤਰ, ਦਰਸ਼ਨ ਸਿੰਘ ਕਨੇਡੀਅਨ, ਕਾਮਰੇਡ ਅਮਰ ਸਿੰਘ, ਪ੍ਰੋ. ਹਰਭਜਨ ਸੋਹੀ, ਰਾਮਪੁਰਾ ਫੂਲ ਵਾਲਾ ਮਾਸਟਰ ਮੇਘ, ਸ਼ਮਸ਼ੇਰ ਸਿੰਘ ਸ਼ੇਰੀ, ਸ਼ੇਰਪੁਰ ਵਾਲਾ ਗੁਰਦਿਆਲ ਸਿੰਘ ਸੀਤਲ ਅਤੇ ਅਨੇਕਾਂ ਹੀ ਉਨ੍ਹਾਂ ਦੇ ਹੋਰ ਸਾਥੀ ਆਪੋ-ਆਪਣੀ ਅਕਲ ਅਤੇ ਸਮਰਥਾ ਅਨੁਸਾਰ ਇਨਸਾਨੀਅਤ ਦੇ ਇਸ ਸੁਪਨੇ ਨੂੰ ਹਕੀਕਤ ਵਿਚ ਉਤਾਰਨ ਲਈ ਜੂਝਦੇ ਨਜ਼ਰ ਆਉਂਦੇ ਹਨ। ਪ੍ਰੋ. ਭੁਪਿੰਦਰ ਸਿੰਘ, ਦਰਸ਼ਨ ਬਾਗੀ ਤੇ ਪ੍ਰੋ. ਪ੍ਰੇਮ ਪਾਲੀ, ਡਾ. ਪਿਆਰੇ ਮੋਹਣ ਜਾਂ ਕਾਮਰੇਡ ਵੇਦ ਬਠਿੰਡੇ ਵਾਲਾ ਅਤੇ ਉਨ੍ਹਾਂ ਸਮਿਆਂ ਦੇ ਅਨੇਕਾਂ ਹੋਰ ਸੱਜਣ ਜੋ ਕਿਸੇ ਇਕ ਜਾਂ ਦੂਜੇ ਕਾਰਨ ਸਰਗਰਮ ਸੰਗਰਾਮ ਦੇ ਰਾਹ ਤੁਰ ਨਾ ਵੀ ਸਕੇ, ਉਨ੍ਹਾਂ ਦੀ ਚਿੰਤਨ ਪ੍ਰਕਿਰਿਆ ਵੀ ਨਿਰੰਤਰ ਅਜਿਹੀ ਸੋਚ ਦੇ ਧੁਰੇ ਦੁਆਲੇ ਹੀ ਘੁੰਮਦੀ ਦਿਖਾਈ ਦਿੰਦੀ ਹੈ।

ਗੁਰਮੀਤ ਸਿੰਘ ਦਿੱਤੂਪਰ ਜੋ ਕਿਲਾ ਹਕੀਮਾਂ ਵਾਲੇ ਜਨਰਲ ਬਲਵੰਤ ਸਿੰਘ ਦੀ ਹੱਤਿਆ ਦੇ ਕੇਸ ਵਿਚ 8-10 ਵਰ੍ਹੇ ਕੈਦ ਕੱਟ ਕੇ ਬਾਹਰ ਆਉਣ ਅਤੇ ਕਾਮਰੇਡ ਸੋਹਲ ਦੇ ਇਕੱਲਾ ਰਹਿ ਜਾਣ 'ਤੇ ਉਸ ਦੀ ਧਿਰ ਬਣਿਆ, ਤੇ ਜਿਸ ਨੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਦੇ ਝੰਡੇ ਹੇਠ ਵਰ੍ਹਿਆਂ ਬੱਧੀ ਸਿਰ-ਤੋੜ ਮਿਹਨਤ ਕੀਤੀ, ਦਾ ਕੇਸ ਵੀ ਜ਼ਿਆਦਾ ਅਲੱਗ ਨਹੀਂ ਹੈ। ਪੰਜਾਬ ਵਿਚ ਨਕਸਲੀ ਵਿਚਾਰਧਾਰਾ ਦੇ ਰੂਹੇ-ਰਵਾਂ ਬਜ਼ੁਰਗ ਆਗੂ ਬਾਬਾ ਬੂਝਾ ਸਿੰਘ ਦੀ ਅਜਮੇਰ ਸਿੱਧੂ ਵੱਲੋਂ ਲਿਖੀ ਜੀਵਨੀ 'ਬਾਬਾ ਬੂਝਾ ਸਿੰਘ-ਗਦਰ ਤੋਂ ਨਕਸਲਬਾੜੀ ਤੱਕ' ਦੇ ਮੁੱਢਲੇ ਪੰਨਿਆਂ 'ਤੇ ਸਰਸਰੀ ਜਿਹੀ ਝਾਤ ਮਾਰਿਆਂ ਹੀ ਪਤਾ ਲੱਗ ਜਾਂਦਾ ਹੈ ਕਿ ਸਪਾਰਟਕਸ ਦੀ ਸਪਿਰਟ ਨਾਲ ਬਾਬਾ ਜੀ ਦਾ ਕੀ ਰਿਸ਼ਤਾ ਸੀ! ਅਜਮੇਰ ਸਿੱਧੂ ਦੇ ਦੱਸਣ ਅਨੁਸਾਰ ਬਾਬਾ ਜੀ ਦੀ ਮੁੱਢਲੀ ਪ੍ਰੇਰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ। ਇਹੋ ਹਾਲਤ ਕਾਮਰੇਡ ਸਮਾਓਂ ਅਤੇ ਕਾਮਰੇਡ ਸੋਹਲ ਦੀ ਹੈ। 15-20 ਵਰ੍ਹੇ ਪਹਿਲਾਂ ਕਾਮਰੇਡ ਸੋਹਲ ਨਾਲ ਕਿਧਰੇ ਮੁਲਾਕਾਤ ਦਾ ਸਬੱਬ ਬਣ ਜਾਣ 'ਤੇ ਮੈਂ ਉਨ੍ਹਾਂ ਦੀ ਮੁੱਢਲੀ ਰਾਜਨੀਤਕ ਪ੍ਰੇਰਨਾ ਬਾਰੇ ਜਦੋਂ ਪੁੱਛਿਆ ਤਾਂ ਉਨ੍ਹਾਂ ਦਾ ਤੁਰੰਤ ਜਵਾਬ ਸਿੱਖ ਧਰਮ ਤੇ ਧਾਰਮਿਕ ਵਿਰਾਸਤ ਹੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਦੇ ਪਿਤਾ ਸ. ਭਗਵਾਨ ਸਿੰਘ ਅੰਮ੍ਰਿਤਧਾਰੀ ਸਿੱਖ ਸਨ ਅਤੇ ਸਿੱਖ ਧਰਮ ਦੇ ਅਸੂਲਾਂ ਵਿਚ ਉਨ੍ਹਾਂ ਦੀ ਪੂਰਨ ਆਸਥਾ ਸੀ। ਇਹੋ ਹਾਲ ਦਰਸ਼ਨ ਬਾਗੀ ਦਾ ਸੀ। ਪਿਛਲੇ ਸਾਲ ਪੰਜਾਬ ਦੀ ਆਪਣੀ ਫੇਰੀ ਦੌਰਾਨ ਜਦੋਂ ਉਹ ਮੈਨੂੰ ਅਤੇ ਆਪਣੇ ਪੁਰਾਣੇ ਮਿੱਤਰ ਡਾ. ਬਲਕਾਰ ਸਿੰਘ ਨੂੰ ਮਿਲਣ ਆਏ ਤਾਂ ਉਹ ਦੱਸ ਰਹੇ ਸਨ ਕਿ ਬਚਪਨ ਵਿਚ ਉਹ ਧਾਰਮਿਕ ਤਾਂ ਸਨ ਹੀ, ਉਨ੍ਹਾਂ ਨੇ ਖੁਦ ਦੋ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਮੁਕੰਮਲ ਪਾਠ ਵੀ ਕੀਤਾ ਹੋਇਆ ਸੀ। ਇਕ ਵਾਰ 7 ਦਿਨਾਂ ਵਿਚ ਅਤੇ ਦੂਜੀ ਵਾਰ ਵਧੇਰੇ ਇਕਾਗਰਤਾ ਨਾਲ ਬਾਣੀ ਦੇ ਅਰਥਾਂ ਨੂੰ ਸਮਝਦਿਆਂ ਉਨ੍ਹਾਂ ਨੇ ਤਿੰਨ ਹਫਤੇ ਲਗਾਏ ਸਨ। ਕਈ ਮੁੱਖ ਬਾਣੀਆਂ ਉਨ੍ਹਾਂ ਨੂੰ ਉਦੋਂ ਜ਼ੁਬਾਨੀ ਕੰਠ ਸਨ।

ਤਰਲੋਚਨ ਗਰੇਵਾਲ ਅਨੁਸਾਰ ਇਨਸਾਨ ਦੇ ਭਲੇ ਦੀ ਸੋਚਣ ਦਾ ਸੰਸਕਾਰ ਜਾਂ ਸਰੋਕਾਰ ਉਨ੍ਹਾਂ ਅੰਦਰ ਆਪਣੀ ਮਾਤਾ ਕੋਲੋਂ ਆਇਆ ਸੀ ਜੋ ਬਹੁਤ ਧਾਰਮਿਕ ਸ਼ਰਧਾਵਾਨ ਸੀ। ਸ਼ਮਸ਼ੇਰ ਸਿੰਘ ਸ਼ੇਰੀ ਦਾ ਭਲੇ ਹੀ ਅਜਿਹੇ ਸਿੱਧੇ ਧਾਰਮਿਕ ਪਿਛੋਕੜ ਦਾ ਤਾਂ ਕੋਈ ਦਾਅਵਾ ਨਹੀਂ ਸੀ, ਪਰ ਉਸ ਦੇ ਕਹਿਣ ਅਨੁਸਾਰ ਉਸ ਦੇ ਪਿੰਡ ਵਿਚ ਮਾਰਕਸੀ ਪਾਰਟੀ ਦੀ ਬਰਾਂਚ ਇਕਾਈ ਦਾ ਮੁਖੀ ਖੇਮ ਚੰਦ ਬੇਹੱਦ ਸੱਚਾ ਸੁੱਚਾ ਆਦਰਸ਼ ਇਨਸਾਨ ਸੀ ਅਤੇ ਉਹੋ ਹੀ ਉਸ ਦੀ ਮੁਢਲੀ ਪ੍ਰੇਰਨਾ ਦਾ ਸੋਮਾ ਸੀ। ਸ਼ੇਰੀ ਦਾ ਦਾਅਵਾ ਸੀ ਕਿ ਉਹ ਆਦਮੀ ਕਮਿਊਨਿਸਟ ਬਣਾਉਣ ਵਾਲੀ ਸਵੈ-ਚਾਲਕ ਮਸ਼ੀਨ ਹੀ ਸੀ। ਜੇ ਕੋਈ ਆਦਮੀ ਵੀ ਉਸ ਦਾ ਪ੍ਰਵਚਨ ਕੇਰਾਂ ਸਰਵਣ ਕਰ ਲੈਂਦਾ ਸੀ, ਉਹ ਸਮੁੱਚੀ ਮਾਨਵਤਾ ਦੇ ਭਲੇ ਦਾ ਆਦਰਸ਼ ਉਸ ਦੀ ਆਤਮਾ ਦੇ ਅੰਦਰ ਹੀ ਉਤਾਰ ਦਿੰਦਾ ਹੁੰਦਾ ਸੀ। ਇਹੋ ਹਾਲ ਪ੍ਰੋ. ਹਰਭਜਨ ਸੋਹੀ ਦੇ ਕਰੀਬੀ ਸਾਥੀ ਰਾਮਪੁਰਾ ਫੂਲ ਵਾਲੇ ਕਾਮਰੇਡ ਮੇਘ ਦਾ ਸੀ। ਉਹ ਸਾਦਗੀ ਅਤੇ ਇਮਾਨਦਾਰੀ ਦਾ ਮੁਜੱਸਮਾ ਹੈ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ 20 ਕੁ ਵਰ੍ਹੇ ਪਹਿਲਾਂ ਜਦੋਂ ਮੈਂ ਉਸ ਨੂੰ ਮਿਲਿਆ ਅਤੇ ਨਕਸਲੀ ਲਹਿਰ ਵਿਚ ਆਉਣ ਦੀ ਉਸ ਦੀ ਪ੍ਰੇਰਨਾ ਦੇ ਸੋਮੇ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਸ ਲਈ ਅਜਿਹਾ ਸੋਮਾ ਉਸ ਦੇ ਘਰ ਦਾ ਪਿਛਲੀ ਸਦੀ ਦੇ ਸ਼ੁਰੂ ਵਿਚ ਸਵਾਮੀ ਵਿਵੇਕਾਨੰਦ ਵੱਲੋਂ ਪ੍ਰਚਾਰੀਆਂ-ਪਾਸਾਰੀਆਂ ਸ਼ੁੱਧ ਰੂਹਾਨੀ ਕਦਰਾਂ ਕੀਮਤਾਂ 'ਤੇ ਆਧਾਰਤ ਪਿਛੋਕੜ ਸੀ। ਉਹ ਆਪਣੇ ਪਿਤਾ ਦੀ ਦੰਤਕਥਾਈ ਕਿਸਮ ਦੀ ਇਮਾਨਦਾਰੀ ਬਾਰੇ ਜਦੋਂ ਗੱਲਾਂ ਕਰ ਰਿਹਾ ਸੀ ਤਾਂ ਮੈਨੂੰ ਅੱਜ ਵੀ ਯਾਦ ਹੈ ਕਿ ਪਹਿਲੀ ਨਜ਼ਰੇ ਸਾਧਾਰਨ ਜਿਹੀ ਦਿੱਖ 'ਚ ਨਜ਼ਰ ਆਉਂਦੇ ਇਸ ਵਿਅਕਤੀ ਦਾ ਚਿਹਰਾ ਕਿਸੇ ਰੂਹਾਨੀ ਕਿਸਮ ਦੇ ਆਭਾ ਮੰਡਲ ਵਿਚ ਘਿਰਿਆ ਪ੍ਰਤੀਤ ਹੋ ਰਿਹਾ ਸੀ।

ਇਸੇ ਸਿਲਸਿਲੇ ਵਿਚ ਦਰਸ਼ਨ ਬਾਗੀ ਨਾਲ ਉਨ੍ਹਾਂ ਦਿਨਾਂ ਦੇ ਉਸ ਦੇ ਨੇੜਲੇ ਸਾਥੀ ਭੁਪਿੰਦਰ ਸਿੰਘ ਦਾ ਤਾਂ ਕਹਿਣਾ ਹੀ ਕੀ ਸੀ! 1968 ਦੀ ਹੜਤਾਲ ਤੋਂ ਅਗਲੇ ਵਰ੍ਹੇ ਉਭਰਨ ਵਾਲੀ ਨਕਸਲੀ ਕਤਾਰਬੰਦੀ ਅਤੇ ਪਾਰਟੀ ਉਸਾਰੀ ਦੇ ਮਾਮਲੇ 'ਚ ਚੱਲੀ ਹਲਕੀ ਕਿਸਮ ਦੀ ਖਿੱਚ-ਧੂਹ ਉਨ੍ਹਾਂ ਦੀ ਤਬੀਅਤ ਦੇ ਅਨਕੂਲ ਨਹੀਂ ਸੀ। ਆਪਣੇ ਸਾਥੀਆਂ ਦੀ ਕਿਸੇ ਵੀ ਕਿਸਮ ਦੀ ਨੁਕਤਾਚੀਨੀ ਕਰੇ ਬਗੈਰ ਉਨ੍ਹਾਂ ਨੇ ਸ਼ੁਰੂ ਵਿਚ ਹੀ ਆਪਣੇ ਆਪ ਨੂੰ ਲਹਿਰ ਤੋਂ ਅਲੱਗ ਕਰ ਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸੋਸ਼ਿਆਲੋਜੀ ਵਿਭਾਗ ਵਿਚ ਅਧਿਆਪਨ ਦਾ ਕੰਮ ਸ਼ੁਰੂ ਕਰ ਲਿਆ ਪਰ ਸਹੀ ਅਰਥਾਂ ਵਿਚ ਸਮਾਜਕ ਨਿਆਂ ਤੇ ਬਰਾਬਰੀ ਦੇ ਆਧਾਰ 'ਤੇ ਸਮਾਜ ਕਿੰਜ ਉਸਰੇ, ਇਹ ਕੇਂਦਰੀ ਸਰੋਕਾਰ ਅੱਜ ਤੱਕ ਇਕ ਪਲ ਲਈ ਵੀ ਉਨ੍ਹਾਂ ਦੇ ਮਨੋ ਕਦੀ ਵਿਸਰਿਆ ਨਹੀਂ ਹੈ। ਸਿੱਖ ਧਰਮ, ਗਾਂਧੀਵਾਦ ਅਤੇ ਮਾਰਕਸੀ ਦਰਸ਼ਨ ਬਾਰੇ ਜਿਸ ਕਿਸਮ ਦੀ 'ਪ੍ਰਮਾਣਿਕਤਾ' ਨਾਲ ਉਨ੍ਹਾਂ ਨੇ ਸਾਲਾਂ ਬੱਧੀ ਸੋਚਿਆ ਹੈ ਅਤੇ ਸਦਾ ਹੀ ਗੱਲ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਿਛਲੇ 40 ਵਰ੍ਹਿਆਂ ਦੌਰਾਨ ਸਾਡੇ ਇਸ ਪੂਰੇ ਖਿੱਤੇ ਵਿਚ ਮੈਨੂੰ ਅੱਜ ਤੱਕ ਹੋਰ ਕੋਈ ਇਨਸਾਨ ਉਨ੍ਹਾਂ ਦੇ ਨੇੜੇ-ਤੇੜੇ ਆਉਂਦਾ ਵੀ ਲੱਗਾ ਨਹੀਂ ਦਿਸਦਾ। 30 ਕੁ ਸਾਲ ਪਹਿਲਾਂ ਉਨ੍ਹਾਂ ਨੇ 'ਕਾਰਲ ਮਾਰਕਸ, ਗੇਟੇ ਅਤੇ ਮਹਾਤਮਾ ਗਾਂਧੀ: ਆਧੁਨਿਕਤਾ ਵੱਲ ਤਿੰਨ ਪਹੁੰਚਾਂ' ਸਿਰਲੇਖ ਹੇਠ ਜੋ ਲੇਖ ਲਿਖਿਆ ਸੀ, ਉਹ ਅੱਜ ਵੀ ਆਪਣੀ ਕਿਸਮ ਦਾ ਅਨੂਠਾ ਸ਼ਾਹਕਾਰ ਹੈ। ਮੈਂ ਆਪਣੇ ਅਜ਼ੀਜ਼ਾਂ 'ਚੋਂ ਹਰ ਇਕ ਨੂੰ ਉਹ ਲੇਖ ਪੜ੍ਹਾਇਆ ਹੈ ਅਤੇ ਮੇਰਾ ਵਿਸ਼ਵਾਸ ਹੈ ਕਿ ਦੋ-ਦੋ, ਚਾਰ-ਚਾਰ ਪੈਰਿਆਂ ਵਿਚ ਦੁਨੀਆਂ ਦੇ ਤਿੰਨਾਂ ਮਹਾਨ ਚਿੰਤਕਾਂ ਦੀ ਵਿਸ਼ਾਲ ਘਾਲ-ਕਮਾਈ ਨੂੰ ਜਿਸ ਤਰ੍ਹਾਂ ਪ੍ਰੋ. ਭੁਪਿੰਦਰ ਨੇ ਕਸੀਦ ਕੀਤਾ ਹੈ, ਇਸ ਤੋਂ ਬਿਹਤਰ ਰੂਪ ਵਿਚ ਇਹ ਕੰਮ ਕਿਸੇ ਮਾਈ ਦੇ ਲਾਲ ਕੋਲੋਂ ਸ਼ਾਇਦ ਹੀ ਕੀਤਾ ਜਾ ਸਕੇ। ਮੈਂ ਉਹ ਲੇਖ ਜਿਤਨੀ ਵਾਰ ਵੀ ਪੜ੍ਹਿਆ ਹੈ, ਹਰ ਵਾਰ ਨਵੀਂ ਰੂਹਾਨੀ ਤਸੱਲੀ ਮਹਿਸੂਸ ਕੀਤੀ ਹੈ।

ਪ੍ਰੋ. ਭੁਪਿੰਦਰ ਸਿੰਘ ਨੇ ਨਕਸਲੀ ਲਹਿਰ ਦੀ ਚੜ੍ਹਤ ਤੇ ਲਹਿਤ, ਅਤੇ ਨਾਲ ਹੀ ਮਾਓ ਚਿੰਤਨ ਦੀਆਂ ਸੰਭਾਵਨਾਵਾਂ ਤੇ ਸੀਮਾਵਾਂ ਨੂੰ ਬੜੀ ਨੀਝ ਨਾਲ ਘੋਖਿਆ ਹੈ ਅਤੇ ਇਨਸਾਨੀ ਜੀਵਨ ਵਿਚ ਸਮਾਜਕ, ਸਭਿਆਚਾਰਕ, ਰੂਹਾਨੀ ਤਾਜ਼ਗੀ ਲਿਆਉਣ ਲਈ ਕਿਸੇ ਬਦਲਵੇਂ ਸੰਸਾਰ ਦ੍ਰਿਸ਼ਟੀਕੋਣ ਦੀ ਭਾਲ ਵਿਚ ਗਾਂਧੀਵਾਦੀ ਚਿੰਤਨ ਨੂੰ ਜੜ੍ਹਾਂ ਤੱਕ ਘੋਖਣ ਦਾ ਕਾਰਜ ਬੜੇ ਜ਼ੋਰ-ਸ਼ੋਰ ਨਾਲ ਅਰੰਭਿਆ। ਹਾਲਾਤ ਦੀ ਸਿਤਮਜ਼ਰੀਫੀ ਹੀ ਜਾਣੋ ਕਿ ਸਾਲ 1982 'ਚ ਜਦੋਂ ਉਨ੍ਹਾਂ ਗਾਂਧੀ ਅਤੇ ਗੇਟੇ ਵਾਲਾ ਲੇਖ ਲਿਖਿਆ ਹੀ ਸੀ ਤਾਂ ਪੰਜਾਬ ਦਾ ਇਤਿਹਾਸ ਮੂਲੋਂ ਹੀ ਨਵਾਂ ਮੋੜ ਕੱਟ ਗਿਆ। 1984 ਦੇ ਬਲਿਊ ਸਟਾਰ ਦੇ ਦੁਖਾਂਤ ਦਾ ਉਨ੍ਹਾਂ ਦੇ ਸੰਵੇਦਨਸ਼ੀਲ ਮਨ 'ਤੇ ਬਹੁਤ ਗਹਿਰਾ ਅਸਰ ਪਿਆ। ਉਨ੍ਹਾਂ ਦਾ ਗਾਂਧੀਵਾਦੀ ਵਿਚਾਰਧਾਰਾ ਦੀ ਸਾਰਥਿਕਤਾ ਦੀਆਂ ਸੰਭਾਵਨਾਵਾਂ ਦੀ ਖੋਜ ਵਾਲਾ ਪ੍ਰੋਜੈਕਟ ਵਿਚਾਲੇ ਹੀ ਰਹਿ ਗਿਆ। ਉਹ ਆਪਣੇ ਵਿਰਸੇ ਅਤੇ ਜੜ੍ਹਾਂ ਨੂੰ ਸਮਝਣ ਲਈ ਸਿੱਖ ਧਰਮ ਦੇ ਅਧਿਐਨ ਵੱਲ ਪਰਤੇ ਅਤੇ ਵਰ੍ਹਿਆਂ ਬੱਧੀ ਚਿੰਤਨ ਤੋਂ ਬਾਅਦ 'ਰਾਜ ਕਰੇਗਾ ਖਾਲਸਾ' ਸਿਰਲੇਖ ਹੇਠ ਸਾਲ 1992 ਵਿਚ ਜੋ ਅਹਿਮ ਲੇਖ ਉਨ੍ਹਾਂ ਨੇ ਲਿਖਿਆ, ਉਸ ਦੀ ਇਕ-ਇਕ ਸਤਰ ਮੁੱਲਵਾਨ ਹੈ। ਉਧਰ 1968 ਦੀ ਹੜਤਾਲ ਤੋਂ ਬਾਅਦ ਉਨ੍ਹਾਂ ਨੇ ਨਕਸਲੀ ਲਹਿਰ ਵਿਚ ਸਰਗਰਮ ਹਿੱਸਾ ਭਲੇ ਹੀ ਨਾ ਲਿਆ, ਪਰ ਸ਼ੇਰੀ ਨਾਲ ਸੰਪਰਕ ਅਤੇ ਅੰਦੋਲਨ ਦੀ ਦਸ਼ਾ ਤੇ ਦਿਸ਼ਾ ਵਿਚ ਵੀ ਉਨ੍ਹਾਂ ਦੀ ਦਿਲਚਸਪੀ ਸਦਾ ਹੀ ਬਣੀ ਰਹੀ। ਅਜੇ ਕੁਝ ਦਿਨ ਪਹਿਲਾਂ ਹੀ ਸਵੇਰੇ-ਸਵੇਰੇ ਅਚਾਨਕ ਮੈਂ ਉਨ੍ਹਾਂ ਨੂੰ ਮਿਲਣ ਗਿਆ ਤਾਂ ਗੱਲਾਂ ਸ਼ੇਰੀ ਅਤੇ ਸੁਰਿੰਦਰ ਚਾਹਿਲ ਦੀਆਂ ਚੱਲ ਪਈਆਂ। ਮੇਰੇ ਵਾਂਗ ਹੀ ਪ੍ਰੋ. ਭੁਪਿੰਦਰ ਸਿੰਘ ਪੀ.ਐਸ.ਯੂ. ਦੇ ਪਹਿਲੇ ਪ੍ਰਧਾਨ ਸੁਰਿੰਦਰ ਚਾਹਿਲ ਦੀ ਬੌਧਿਕ ਪ੍ਰਤਿਭਾ ਦੇ ਅੱਜ ਤੱਕ ਵੀ ਕਾਇਲ ਹਨ। ਉਨ੍ਹਾਂ ਨੇ ਯਾਦ ਕਰਵਾਇਆ ਕਿ 1990 ਦੇ ਆਸ-ਪਾਸ ਸੁਰਿੰਦਰ ਦੇ ਬੇਵਕਤ ਮਰਨ ਤੋਂ ਛੇ ਕੁ ਮਹੀਨੇ ਪਹਿਲਾਂ ਮੇਰੇ ਨਾਲ ਹੀ ਜਦੋਂ ਆਖਰੀ ਵਾਰੀ ਉਨ੍ਹਾਂ ਨੂੰ ਮਿਲਣ ਗਿਆ ਸੀ ਤਾਂ ਮਾਰਕਸੀ ਚਿੰਤਨ ਦੀਆਂ ਅਥਾਹ ਸਿਰਜਣਾਤਮਕ ਸੰਭਾਵਨਾਵਾਂ ਬਾਰੇ ਜਿਸ ਕਿਸਮ ਦੀ ਤਾਜ਼ਗੀ ਨਾਲ ਪ੍ਰਸ਼ਨ ਉਸ ਨੇ ਉਠਾਏ ਸਨ, ਉਵੇਂ ਉਸ ਵਰਗਾ ਕੋਈ ਤੀਖਣ ਬੁੱਧ ਆਦਮੀ ਹੀ ਕਰ ਸਕਦਾ ਸੀ। ਪ੍ਰੋ. ਭੁਪਿੰਦਰ ਸਿੰਘ ਨੂੰ ਸੁਰਿੰਦਰ ਦੇ ਨਕਸਲੀ ਲਹਿਰ ਦੀ ਫੇਟ 'ਚ ਆ ਕੇ ਸ਼ਖਸੀ ਤਵਾਜ਼ਨ ਗਵਾਚ ਜਾਣ 'ਤੇ ਬੇਹੱਦ ਅਫਸੋਸ ਸੀ।

ਪ੍ਰੋ. ਭੁਪਿੰਦਰ ਸਿੰਘ ਦੇ ਮਨ ਅੰਦਰ ਸਾਲ 1968 ਦੇ ਮਾਹੌਲ ਬਾਰੇ ਹੇਰਵਾ ਹੈ ਕਿ ਉਸ ਦੌਰ ਦੇ ਨੌਜਵਾਨਾਂ ਵਿਚ ਮਾਰਕਸ, ਗੁਵੇਰਾ ਤਾਂ ਛੱਡੋ, ਯਾਂ ਪਾਲ ਸਾਰਤਰ ਅਤੇ ਅਲਬੇਅਰ ਕਾਮੂੰ ਵਰਗੇ ਇਨਸਾਨ ਦੀ ਅਸਤਿਤਵੀ ਸੁਤੰਤਰਤਾ ਦੇ ਚਿੰਤਕਾਂ ਲਈ ਜਿਸ ਕਿਸਮ ਦੀ ਸ਼ਿੱਦਤਮਈ ਖਿੱਚ ਸੀ, ਉਹ ਬਾਅਦ ਦੇ ਵਰ੍ਹਿਆਂ ਵਿਚ ਬਰਕਰਾਰ ਕਿਉਂ ਨਾ ਰਹੀ, ਇਹ ਸੋਚਣ ਵਾਲਾ ਮਸਲਾ ਹੈ।

ਪਿਛਲੀ ਮੁਲਾਕਾਤ ਦੌਰਾਨ ਅਜਿਹੇ ਹੀ ਸਰੋਕਾਰ ਸਾਂਝੇ ਕਰਦਿਆਂ ਗੱਲਾਂ ਪ੍ਰੋ. ਹਰਜੀਤ ਗਿੱਲ ਦੇ 'ਪੂਰਨ ਭਗਤ ਦੀ ਮਿੱਥ ਵਿਚ ਮਾਨਵੀ ਸਥਿਤੀ' ਵਾਲੇ ਉਨ੍ਹੀਂ ਕੁ ਦਿਨੀਂ ਲਿਖੇ ਲੇਖ ਬਾਰੇ ਚੱਲ ਪਈਆਂ। ਪ੍ਰੋ. ਭੁਪਿੰਦਰ ਸਿੰਘ ਨੇ ਪ੍ਰੋ. ਗਿੱਲ ਦੀ ਘਾਲ-ਕਮਾਈ ਦੀ ਪ੍ਰਸੰਗਿਕਤਾ ਬਾਰੇ ਕਿਸੇ ਵੀ ਕਿਸਮ ਦੀ ਨਾਕਾਰਾਤਮਿਕ ਟਿਪਣੀ ਤੋਂ ਗੁਰੇਜ ਕਰਦਿਆਂ ਮੇਜ਼ 'ਤੇ ਸਾਮ੍ਹਣੇ ਪਈ ਫਰਾਂਸੀਸੀ ਮਾਨਵ ਸ਼ਾਸਤਰੀ ਅਤੇ ਸੰਰਚਨਾਵਾਦੀ ਚਿੰਤਕ ਕਲਾਦ ਲੈਵੀ ਸਤਰਾਸ ਦੀ 'ਟੋਟੇਮਿਜ਼ਮ' ਨਾਂ ਦੀ 100 ਕੁ ਪੰਨਿਆਂ ਦੀ ਕਿਤਾਬ ਉਠਾ ਲਈ। ਉਨ੍ਹਾਂ ਦੇ ਦੱਸਣ ਅਨੁਸਾਰ ਕਿਤਾਬ ਦੇ ਪਹਿਲੇ 80 ਪੰਨਿਆਂ ਵਿਚ ਲੇਖਕ ਟੋਟਮ (ਕੁਟੰਭ ਚਿੰਨ੍ਹ) ਬਾਰੇ ਆਪਣਾ ਕੋਈ ਵਿਚਾਰ ਨਹੀਂ ਦੱਸਦਾ, ਬਲਕਿ ਆਪਣੇ ਤੋਂ ਪਹਿਲੇ ਚਿੰਤਕਾਂ ਦੇ ਸਿਧਾਂਤਾਂ ਦਾ ਸੰਖੇਪ ਸਾਰ ਹੀ ਪੇਸ਼ ਕਰੀ ਜਾਂਦਾ ਹੈ, ਪਰ ਮਗਰਲੇ ਕੇਵਲ 20 ਕੁ ਪੰਨਿਆਂ ਵਿਚ ਜਦੋਂ ਉਹ ਬਹੁਤ ਹੀ ਸੰਜਮੀ ਭਾਸ਼ਾ ਵਿਚ ਟੋਟਮਿਜ਼ਮ ਬਾਰੇ ਖੁਦ ਆਪਣਾ ਸਿਧਾਂਤ ਪੇਸ਼ ਕਰਦਾ ਹੈ ਤਾਂ ਉਸ ਨੂੰ ਪੜ੍ਹਦਿਆਂ ਆਦਮੀ ਧੰਨ ਹੋ ਜਾਂਦਾ ਹੈ। ਪ੍ਰੋ. ਭੁਪਿੰਦਰ ਸਿੰਘ ਨੂੰ ਅਫਸੋਸ ਸੀ ਕਿ ਸਾਡੇ ਦੇਸ਼ ਪੰਜਾਬ ਵਿਚ ਕੋਈ ਇਕ ਜਣਾ ਵੀ ਕਿਸੇ ਇਕ ਵੀ ਵਿਸ਼ੇ ਉਪਰ ਇਸ ਤਰ੍ਹਾਂ ਦੀ

*(ਬਾਕੀ ਸਫਾ 25 'ਤੇ)*



*1968 ਦੇ ਸਮਿਆਂ ਦੀ ਸਪਿਰਟ ਦੀਆਂ ਆਖਰੀ ਝਲਕਾਂ: ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕਾਫੀ ਹਾਊਸ ਮੂਹਰੇ (ਖੱਬਿਓਂ ਸੱਜੇ) ਪ੍ਰੋ. ਜੀ.ਐਸ. ਰਿਆਲ, ਬਲ, ਪ੍ਰੋ. ਸੁਰਜੀਤ ਲੀ, ਮਹਿੰਦਰਾ ਕਾਲਜ ਵਾਲੇ ਪ੍ਰੋ. ਬਲਵਿੰਦਰ ਧਾਲੀਵਾਲ, ਸੋਸ਼ਿਆਲੋਜੀ ਵਾਲੇ ਪ੍ਰੋ. ਬਰਜਿੰਦਰਪਾਲ, ਪ੍ਰੋ. ਨੰਦਾ ਤੇ ਪ੍ਰੋ. ਬਲਵੰਤ ਮਾਂਗਟ।*

# ਭਾਰਤ ਦੀ 'ਸਮੂਹਿਕ ਚੇਤਨਾ'

## ਦੁਖਦੀ ਰਗ

**ਮਝੈਲ ਸਿੰਘ ਸਰਾਂ**

*ਫਾਂਸੀ ਦਾ ਮਾਮਲਾ ਅੱਜ ਪੂਰੇ ਸੰਸਾਰ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਬਹੁਤ ਸਾਰੇ ਦੇਸ਼ਾਂ ਨੇ ਇਹ ਸਜ਼ਾ ਬੰਦ ਕਰ ਦਿੱਤੀ ਹੈ, ਪਰ ਭਾਰਤ ਨੇ ਠੋਕ ਵਜਾ ਕੇ ਇਹ ਸਜ਼ਾ ਲਾਗੂ ਰੱਖੀ ਹੋਈ ਹੈ। ਅਫਜ਼ਲ ਗੁਰੂ ਨੂੰ ਦਿੱਤੀ ਫਾਂਸੀ ਨਾਲ ਤਾਂ ਵੱਡੇ ਪੱਧਰ 'ਤੇ ਵਿਵਾਦ ਵੀ ਭਖ ਉਠਿਆ ਸੀ। ਸ. ਮਝੈਲ ਸਿੰਘ ਸਰਾਂ ਨੇ ਆਪਣੇ ਨਵੇਂ ਲੇਖ 'ਭਾਰਤ ਦੀ ਸਮੂਹਿਕ ਚੇਤਨਾ' ਵਿਚ ਭਾਰਤ ਦੇ ਟੀਰ ਦੀਆਂ ਪਰਤਾਂ ਤੋਂ ਪਰਦਾ ਫਾਸ਼ ਕੀਤਾ ਹੈ। ਨਿਆਂ ਪਾਲਿਕਾ ਅਤੇ ਸਟੇਟ ਦੀਆਂ ਹੋਰ ਸੰਸਥਾਵਾਂ ਵਿਚ ਅਕਸਰ ਸਿਰ ਚੁੱਕਦੀ ਅਤੇ ਆਮ ਲੋਕਾਂ ਉਤੇ ਵਰ੍ਹਦੀ ਅਖੌਤੀ ਸਮੂਹਿਕ ਚੇਤਨਾ ਨੂੰ ਉਨ੍ਹਾਂ ਨੇ ਪੁਰਾਣੇ ਯੁੱਗਾਂ ਨਾਲ ਜੋੜਿਆ ਹੈ। ਸ. ਸਰਾਂ ਦੇ ਇਹ ਵਿਚਾਰ ਅਸਲ ਵਿਚ ਜ਼ਖਮੀ ਹੋਈ ਚੇਤਨਾ ਦੀਆਂ ਚੀਕਾਂ ਹਨ। ਇਨ੍ਹਾਂ ਜ਼ਖਮਾਂ ਉਤੇ ਅਜੇ ਤਾਈਂ ਕਿਸੇ ਨੇ ਮੱਲ੍ਹਮ ਦਾ ਫੈਹਾ ਨਹੀਂ ਧਰਿਆ, ਸਗੋਂ ਲੂਣ ਹੀ ਛਿੜਕਿਆ ਹੈ।-ਸੰਪਾਦਕ*

ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਰਾਜ ਦਾ ਦਾਅਵਾ ਕਰਦੇ ਭਾਰਤੀ ਸਟੇਟ ਨੇ ਅਫ਼ਜ਼ਲ ਗੁਰੂ ਨੂੰ ਫਾਂਸੀ 'ਤੇ ਲਟਕਾ ਕੇ ਕਤਲ ਕਰ ਦਿੱਤਾ। ਉਸ ਉਤੇ ਇਲਜ਼ਾਮ ਸੀ ਕਿ 2001 ਵਿਚ ਭਾਰਤੀ ਪਾਰਲੀਮੈਂਟ ਉਤੇ ਜਿਹੜਾ ਅਤਿਵਾਦੀ ਹਮਲਾ ਹੋਇਆ, ਉਸ ਦੀ ਸਾਜ਼ਿਸ਼ ਰਚਣ ਵਾਲਿਆਂ ਵਿਚ ਇਸ ਕਸ਼ਮੀਰੀ ਮੁਸਲਮਾਨ ਦੀ ਸ਼ਮੂਲੀਅਤ ਸੀ। ਮੈਂ ਇਨ੍ਹਾਂ ਘਟਨਾਵਾਂ ਵੱਲ ਨਹੀਂ ਜਾਣਾ ਕਿ ਅਫ਼ਜ਼ਲ ਗੁਰੂ ਨੂੰ ਫੜਿਆ ਗਿਆ; ਕਿ ਇਹਦੇ ਪਿੱਛੇ ਪੁਲਿਸ ਤੇ ਸਪੈਸ਼ਲ ਟਾਸਕ ਫੋਰਮ ਦਾ ਕਿਰਦਾਰ ਕਿਹੋ ਜਿਹਾ ਰਿਹਾ; ਕਿ ਉਹਨੂੰ ਆਪਣੇ ਮੁਕੱਦਮੇ ਦੀ ਪੈਰਵੀ ਲਈ ਕਿਸ ਕਿਸਮ ਦਾ ਵਕੀਲ ਦਿੱਤਾ; ਕਿ ਉਸ ਨੇ ਉਹਦੇ ਬਚਾਅ ਵਿਚ ਕੀ ਭੂਮਿਕਾ ਨਿਭਾਈ? ਇਹ ਸਭ ਕੁਝ ਅਖ਼ਬਾਰਾਂ ਜਾਂ ਇੰਟਰਨੈਟ ਤੋਂ ਸਭ ਨੇ ਜਾਣ ਹੀ ਲਿਆ ਹੈ; ਇਸੇ ਕਰ ਕੇ ਮੈਂ ਕਿਹਾ ਹੈ ਕਿ ਉਹਦਾ ਕਤਲ ਕੀਤਾ ਗਿਆ। ਜਿਸ ਫੈਸਲੇ ਮੁਤਾਬਿਕ ਅਫ਼ਜ਼ਲ ਗੁਰੂ ਨੂੰ ਗੁਨਾਹਗਾਰ ਠਹਿਰਾ ਕੇ ਫਾਂਸੀ ਦੀ ਸਜ਼ਾ ਸੁਣਾਈ; ਹੁਣ ਸਿਰਫ ਉਹਦਾ ਹੀ ਜ਼ਿਕਰ ਕਰਨਾ ਹੈ।

ਭਾਰਤ ਦੀ ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ ਲਿਖਿਆ ਹੈ, "ਅਫ਼ਜ਼ਲ ਦੇ ਖ਼ਿਲਾਫ਼ ਬੇਸ਼ੱਕ ਕੋਈ ਠੋਸ ਸਬੂਤ ਨਹੀਂ, ਪਰ ਭਾਰਤ ਦੀ 'ਸਮੂਹਿਕ ਚੇਤਨਾ' ਨੂੰ ਧਿਆਨ ਵਿਚ ਰੱਖਦਿਆਂ ਉਹਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਂਦੀ ਹੈ।" ਇਸੇ ਸਮੂਹਿਕ ਚੇਤਨਾ 'ਤੇ ਪਹਿਰਾ ਦੇ ਕੇ ਰਾਸ਼ਟਰਪਤੀ ਨੇ ਉਹਦੀ ਰਹਿਮ ਦੀ ਅਪੀਲ ਰੱਦ ਕੀਤੀ, ਜਦੋਂ ਕਿ ਉਸ ਕੋਲ ਅਫ਼ਜ਼ਲ ਤੋਂ ਪਹਿਲਾਂ ਦੀਆਂ ਹੋਰ ਵੀ ਕਈ ਅਪੀਲਾਂ ਪਈਆਂ ਹਨ। ਅਜਿਹਾ ਕਿਉਂ? ਕਿਉਂਕਿ ਉਨ੍ਹਾਂ ਕੇਸਾਂ ਵਿਚ ਗੁਨਾਹਗਾਰ ਦਾ ਗੁਨਾਹ ਆਪ ਬੋਲਦਾ ਹੈ, ਪਰ ਉਥੇ 'ਸਮੂਹਿਕ ਚੇਤਨਾ' ਖਾਮੋਸ਼ ਹੈ, ਜਾਂ ਇਉਂ ਵੀ ਕਹਿ ਸਕਦੇ ਹਾਂ ਕਿ 'ਸਮੂਹਿਕ ਚੇਤਨਾ' ਉਨ੍ਹਾਂ ਨੂੰ ਰਹਿਮ ਦੇਣ ਦੇ ਰੌਂਅ ਵਿਚ ਹੈ!

ਇਹ 'ਸਮੂਹਿਕ ਚੇਤਨਾ' ਭਲਾ ਕਿਸ ਬਲਾ ਦਾ ਨਾਂ ਹੋਇਆ? ਇਨ੍ਹਾਂ ਸ਼ਬਦਾਂ ਦੇ ਅਰਥ ਕਰੀਏ ਤਾਂ ਸ਼ਾਇਦ ਇਹੋ ਬਣਦਾ ਹੋਵੇਗਾ ਕਿ ਕਿਸੇ ਇਕ ਗਰੁੱਪ ਦੇ ਸਾਰੇ ਇਨਸਾਨਾਂ ਦੀ ਇਕੱਠੀ ਦਿਲੀ ਤਮੰਨਾ ਇਕ ਹੋਣੀ। ਭਾਰਤ ਦੀ ਸਮੂਹਿਕ ਚੇਤਨਾ ਦਾ ਅਰਥ ਵੀ ਫਿਰ ਇਹੋ ਹੋਇਆ ਕਿ ਉਥੇ ਵਸਦੇ ਸਵਾ ਸੌ ਕਰੋੜ ਲੋਕਾਂ ਦੀ ਇਕੋ ਇਕ ਇਹੀ ਦਿਲੀ ਤਮੰਨਾ ਸੀ ਕਿ ਅਫ਼ਜ਼ਲ ਬੇਕਸੂਰ ਹੀ ਕਿਉਂ ਨਾ ਹੋਵੇ, ਉਸ ਨੂੰ ਫਾਂਸੀ 'ਤੇ ਲਟਕਾਉਣਾ ਲਾਜ਼ਮੀ ਹੈ!

ਇਹ ਉਸ ਭਾਰਤ ਦੀ ਸਮੂਹਿਕ ਚੇਤਨਾ ਹੈ ਜਿਸ ਦੀ ਅੱਧੀ ਆਬਾਦੀ ਗਰੀਬੀ ਰੇਖਾ ਤੋਂ ਥੱਲੇ ਰਹਿ ਰਹੀ ਹੈ; ਜਿਥੇ ਮਜ਼ਦੂਰ ਨੂੰ ਦੋ ਵਕਤ ਦੀ ਰੋਟੀ ਦੇ ਰਾਤ-ਦਿਨ ਸੰਧੇ ਪਏ ਹੋਣ; ਜਿਥੇ ਕਿਸਾਨ ਗਲ ਤੱਕ ਕਰਜ਼ੇ 'ਚ ਖੁੱਭਿਆ ਆਪਣੇ ਹੱਥੀਂ ਖੁਦ ਨੂੰ ਫਾਂਸੀ ਦੇ ਫੰਦੇ 'ਤੇ ਲਟਕਾਉਣ ਲਈ ਮਜਬੂਰ ਹੋਵੇ; ਜਿਥੇ 35 ਕਰੋੜ ਦਲਿਤ, 18 ਕਰੋੜ ਮੁਸਲਮਾਨ, 6 ਕਰੋੜ ਇਸਾਈ, 5 ਕਰੋੜ ਸਿੱਖ ਅਤੇ ਪੂਰਬੀ ਰਾਜਾਂ ਦੇ ਕਰੋੜਾਂ ਲੋਕਾਂ ਨੂੰ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਨਿੱਤ ਦਿਨ ਜੂਝਣਾ ਪੈ ਰਿਹਾ ਹੋਵੇ! ਕੀ ਇਹ ਸਾਰੇ ਭਾਰਤ ਦੀ ਸਮੂਹਿਕ ਚੇਤਨਾ ਦੀ ਪਰਿਭਾਸ਼ਾ ਵਿਚ ਆਉਂਦੇ ਹਨ ਜਿਹੜੀ ਸੁਪਰੀਮ ਕੋਰਟ ਨੇ ਅਫ਼ਜ਼ਲ ਦੇ ਫੈਸਲੇ 'ਚ ਲਿਖੀ? ਜਵਾਬ ਹੋਵੇਗਾ, ਕਦੀ ਵੀ ਨਹੀਂ; ਕਿਉਂਕਿ ਇਨ੍ਹਾਂ ਨੂੰ ਕਿਹੜਾ ਦਿੱਲੀ ਦਾ ਤਖ਼ਤ ਮਿਲਣਾ ਸੀ ਅਫ਼ਜ਼ਲ ਗੁਰੂ ਦੀ ਫਾਂਸੀ ਨਾਲ! ਇਨ੍ਹਾਂ ਨੂੰ ਜਦੋਂ ਅਦਾਲਤ ਨੇ ਸਮੂਹਿਕ ਚੇਤਨਾ ਦਾ ਹਿੱਸਾ ਬਣਾਇਆ, ਉਦੋਂ ਇਹ ਤਾਂ ਅਫ਼ਜ਼ਲ ਨਾਂ ਦੇ ਕਿਸੇ ਇਨਸਾਨ ਨੂੰ ਜਾਣਦੇ ਵੀ ਨਹੀਂ ਹੋਣੇ। ਫਿਰ ਉਹ ਕਿਹੜੀ ਸਮੂਹਿਕ ਚੇਤਨਾ ਹੋਈ ਜਿਹਨੇ ਇਸ ਬੇਕਸੂਰ ਇਨਸਾਨ ਦੀ ਜਾਨ ਲੈ ਲਈ?

ਦਰਅਸਲ ਭਾਰਤ ਦੀ ਸਮੂਹਿਕ ਚੇਤਨਾ ਇਕ ਛੋਟੇ ਜਿਹੇ ਵਰਗ ਦੇ ਹਿੱਤ ਹਨ ਜਿਹੜੇ ਕਿਸੇ ਵੀ ਸੂਰਤ ਵਿਚ ਸੁਰੱਖਿਅਤ ਰਹਿਣੇ ਚਾਹੀਦੇ ਹਨ। ਇਸ ਦੇ ਲਈ ਭਾਵੇਂ ਸੈਂਕੜੇ ਹਜ਼ਾਰਾਂ ਭਾਰਤੀਆਂ ਦੀ ਬਲੀ ਵੀ ਕਿਉਂ ਨਾ ਦੇਣੀ ਪਵੇ। ਇਹ ਸਮੂਹਿਕ ਚੇਤਨਾ ਵਾਲਾ ਵਰਗ ਆਮ ਕਰ ਕੇ ਘੱਟ ਹੀ ਦਿਖਾਈ ਦਿੰਦਾ ਹੈ, ਭਾਰਤ ਦੀ ਜਨਤਾ ਨੂੰ। ਹਾਂ! ਪੰਜ ਸਾਲਾਂ ਬਾਅਦ ਇਹ ਜ਼ਰੂਰ ਇਕ ਵਾਰ ਸੜਕਾਂ 'ਤੇ ਆਉਂਦਾ ਹੈ ਤੇ ਉਸ ਤੋਂ ਬਾਅਦ ਪੰਜ ਸਾਲ ਜਨਤਾ ਸੜਕਾਂ 'ਤੇ ਲੱਭਦੀ ਫਿਰਦੀ ਹੈ ਇਹਦੇ ਭਰਮ ਜਾਲਾਂ ਨੂੰ। ਕਦੀ ਇਹ ਅਯੁੱਧਿਆ ਵਿਚ ਇਕੱਠਾ ਹੁੰਦਾ; ਕਦੇ ਟੋਪੀ ਪਾ ਕੇ ਰਾਮ ਲੀਲ੍ਹਾ ਗਰਾਊਂਡ ਵਿਚ; ਹੁਣੇ ਜਿਹੇ ਕੁੰਭ ਵਿਚ ਡੁਬਕੀ ਲਾ ਕੇ ਹਟਿਆ ਹੈ। ਇਸ ਵਰਗ ਦੀ ਚਾਬੀ ਇਕ ਹੋਰ ਨਿੱਕੇ ਜਿਹੇ ਵਰਗ ਕੋਲ ਹੈ ਜਿਹੜਾ ਅਸਲ ਵਿਚ ਭਾਰਤ ਦਾ ਮਾਲਕ ਹੈ। ਇਹ ਇੰਨਾ ਤਾਕਤਵਰ ਹੈ ਕਿ ਜੇ ਉਸ ਦੇ ਹਿੱਤਾਂ ਨੂੰ ਮਾੜਾ ਜਿਹਾ ਵੀ ਖਤਰਾ ਮਹਿਸੂਸ ਹੋਵੇ ਤਾਂ ਉਹ ਪਾਰਲੀਮੈਂਟ ਨਾਲੋਂ ਵੀ ਵੱਡਾ ਤੇ ਖ਼ਤਰਨਾਕ ਹਮਲਾ ਕਰਾ ਸਕਦਾ ਹੈ ਤੇ ਫਿਰ ਹਮਲੇ ਦਾ ਕਸੂਰ ਆਪਣੀ ਹੋਂਦ ਬਚਾਉਣ ਵਾਲੇ ਵਰਗਾਂ 'ਚੋਂ ਕਿਸੇ ਸਿਰ ਵੀ ਮੜ੍ਹ ਸਕਦਾ ਹੈ। ਇਸ ਕੰਮ ਵਿਚ ਪੂਰੀ ਤਨਦੇਹੀ ਨਾਲ ਜ਼ਿੰਮੇਵਾਰੀ ਨਿਭਾਉਂਦੀ ਹੈ-ਪਾਰਲੀਮੈਂਟ, ਸਰਕਾਰ, ਨਿਆਂ ਪਾਲਿਕਾ ਤੇ ਪ੍ਰੈਸ ਦਾ ਵੱਡਾ ਹਿੱਸਾ। ਸੋ, ਇਨ੍ਹਾਂ ਚੌਹਾਂ ਦਾ ਜੋੜ ਹੀ ਕਿਸੇ ਹੱਦ ਤੱਕ ਭਾਰਤ ਦੀ ਸਮੂਹਿਕ ਚੇਤਨਾ ਹੋਈ।



ਅਫਜ਼ਲ ਗੁਰ

ਇਹੋ ਜਿਹੀ ਸਮੂਹਿਕ ਚੇਤਨਾ ਭਾਰਤ ਦੀ ਆਜ਼ਾਦੀ ਤੋਂ ਬਾਅਦ ਹੀ ਨਹੀਂ ਬਣੀ; ਇਸ ਦਾ ਇਤਿਹਾਸ ਬੜਾ ਪੁਰਾਣਾ ਹੈ। ਮਿਥਿਹਾਸ, ਇਤਿਹਾਸ ਤੇ ਧਰਮ ਗ੍ਰੰਥਾਂ 'ਚੋਂ ਦੋ ਮਿਸਾਲਾਂ ਸਾਂਝੀਆਂ ਕਰਾਂਗਾ। ਪਹਿਲੀ ਭਗਵਾਨ ਰਾਮ ਚੰਦਰ ਦੇ ਤਰੇਤਾ ਯੁੱਗ ਦੀ ਹੈ। ਭਗਵਾਨ ਰਾਮ ਨੇ ਸ਼ੰਭੂਕ ਦਾ ਸਿਰ ਕਲਮ ਕਰ ਦਿੱਤਾ ਸੀ। ਰਾਮ ਚੰਦਰ ਕਸ਼ੱਤਰੀ ਸੀ, ਉਨ੍ਹਾਂ ਬੜੇ ਯੁੱਧ ਕੀਤੇ ਤੇ ਕਈ ਦੁਸ਼ਮਣਾਂ ਨੂੰ ਵੀ ਮਾਰਿਆ ਹੋਣਾ। ਸ਼ੰਭੂਕ ਨੂੰ ਕਿਉਂ ਮਾਰਿਆ? ਉਸ ਦਾ ਕਾਰਨ ਹੈ, ਭਾਰਤ ਦੀ ਸਮੂਹਿਕ ਚੇਤਨਾ। ਕਥਾ-ਕਹਾਣੀ ਇੱਦਾਂ ਦੱਸੀ ਜਾਂਦੀ ਹੈ ਕਿ ਰਾਮ ਚੰਦਰ ਬਣਵਾਸ ਕੱਟ ਕੇ ਅਤੇ ਲੰਕਾ ਫਤਿਹ ਕਰ ਕੇ ਵਾਪਸ ਅਯੁੱਧਿਆ ਆ ਕੇ ਰਾਜਗੱਦੀ 'ਤੇ ਬਿਰਾਜਮਾਨ ਹੋ ਗਏ ਤੇ ਫਿਰ 'ਮਰਿਯਾਦਾ ਪਰਸ਼ੋਤਮ' ਬਣ ਕੇ ਰਾਮ ਰਾਜ ਕਰਨ ਲੱਗ ਪਏ ਸਨ। ਇਕ ਦਿਨ ਇਕ ਬ੍ਰਾਹਮਣ ਆਪਣੇ ਬੱਚੇ ਦੀ ਲਾਸ਼ ਲੈ ਕੇ ਰੋਂਦਾ ਕੁਰਲਾਉਂਦਾ ਭਗਵਾਨ ਰਾਮ ਦੀ ਕਚਹਿਰੀ ਵਿਚ ਆਇਆ ਕਿ ਤੁਸੀਂ ਭਗਵਾਨ ਹੋ, ਮੇਰੇ ਬੱਚੇ ਨੂੰ ਜਿਉਂਦਾ ਕਰੋ। ਭਗਵਾਨ ਰਾਮ ਨੇ ਵਸ਼ਿਸ਼ਟ ਰਿਸ਼ੀ ਨੂੰ ਪੁੱਛਿਆ ਜੋ ਆਪ ਵੀ ਬ੍ਰਾਹਮਣ ਸੀ ਕਿ ਇਸ ਬ੍ਰਾਹਮਣ ਦਾ ਬੱਚਾ ਇੰਨੀ ਛੋਟੀ ਉਮਰ ਵਿਚ ਉਸ ਦੇ ਰਾਮ ਰਾਜ ਵਿਚ ਕਿਉਂ ਮਰ ਗਿਆ। ਰਿਸ਼ੀ ਦਾ ਜਵਾਬ ਸੀ ਕਿ ਤੁਹਾਡੇ ਰਾਮ ਰਾਜ ਵਿਚ ਬੜਾ ਵੱਡਾ ਗੁਨਾਹ ਹੋ ਰਿਹਾ ਹੈ ਜਿਸ ਕਰ ਕੇ ਇਸ ਬ੍ਰਾਹਮਣ ਦਾ ਬੱਚਾ ਛੋਟੀ ਉਮਰ ਵਿਚ ਮੋਇਆ ਹੈ। ਉਹ ਗੁਨਾਹ ਹੈ, ਸ਼ੰਭੂਕ ਨਾਂ ਦਾ ਸ਼ੂਦਰ ਪ੍ਰਭੂ ਦੀ ਭਗਤੀ ਕਰ ਰਿਹਾ ਹੈ ਤੇ ਵੇਦ ਪੜ੍ਹ ਕੇ ਰੱਬ ਨੂੰ ਪਾਉਣਾ ਚਾਹੁੰਦਾ ਹੈ। ਹੇ ਰਾਮ! ਜੇ ਤੁਸੀਂ ਇਸ ਮੋਏ ਬੱਚੇ ਨੂੰ ਜਿਉਂਦਾ ਕਰਨਾ ਹੈ ਤੇ ਅੱਗਿਓਂ ਵੀ ਬ੍ਰਾਹਮਣਾਂ ਦੀ ਰੱਖਿਆ ਕਰਨੀ ਹੈ ਤਾਂ ਉਸ ਸ਼ੂਦਰ ਸ਼ੰਭੂਕ ਦਾ ਸਿਰ ਵੱਢਣਾ ਪੈਣਾ ਹੈ।

ਕਥਾ ਇਹੋ ਕਹਿੰਦੀ ਹੈ ਕਿ ਭਗਵਾਨ ਰਾਮ ਨੇ ਉਸੇ ਵਕਤ ਆਪਣੇ ਪੁਸ਼ਪਕ ਵਿਮਾਨ 'ਤੇ ਬੈਠ ਕੇ ਸ਼ੰਭੂਕ ਨੂੰ ਭਗਤੀ ਕਰਦੇ ਨੂੰ ਲੱਭ ਲਿਆ ਤੇ ਉਸ ਦਾ ਸਿਰ ਵੱਢ ਦਿੱਤਾ। ਸਾਰੇ ਰਿਸ਼ੀਆਂ ਤੇ ਦੇਵਤਿਆਂ ਨੇ ਭਗਵਾਨ ਰਾਮ ਦੀ ਜੈ ਜੈਕਾਰ ਕੀਤੀ ਤੇ ਉਨ੍ਹਾਂ ਨੇ ਕੁਦਰਤੀ ਮੌਤ ਮਰੇ ਬ੍ਰਾਹਮਣ ਦੇ ਬੱਚੇ ਨੂੰ ਬੇਗੁਨਾਹ, ਰੱਬ ਦੀ ਭਗਤੀ ਕਰਦੇ ਸ਼ੂਦਰ ਦਾ ਕਤਲ ਕਰ ਕੇ ਜਿਉਂਦਾ ਕੀਤਾ। ਇਹ ਕਥਾ ਅੱਜ ਵੀ ਸੁਣਾਈ ਜਾਂਦੀ ਹੈ, ਮੰਦਿਰਾਂ ਤੇ ਜਗਰਾਤਿਆਂ ਵਿਚ। ਅੱਜ ਜਿਹੜੀ ਸੁਪਰੀਮ ਕੋਰਟ ਨੇ ਭਾਰਤ ਦੀ ਸਮੂਹਿਕ ਚੇਤਨਾ ਦਾ ਹਵਾਲਾ ਦੇ ਕੇ ਅਫ਼ਜ਼ਲ ਨੂੰ ਕਤਲ ਕਰਵਾਇਆ, ਉਹਦੀ ਤਾਰ ਤਰੇਤਾ ਯੁੱਗ ਦੇ ਰਾਮ ਰਾਜ ਨਾਲ ਵੀ ਜੁੜੀ ਹੋਈ ਹੈ।

ਦੂਜੀ ਮਿਸਾਲ ਹੈ ਭਗਵਾਨ ਕ੍ਰਿਸ਼ਨ ਦੇ ਦੁਆਪਰ ਯੁੱਗ ਦੀ। ਉਸ ਯੁੱਗ ਵਿਚ ਸਭ ਤੋਂ ਵੱਡੇ ਗੁਰੂ ਦਰੋਣਾਚਾਰੀਆ ਸਨ। ਅੱਜ ਭਾਰਤ ਵਿਚ ਉਨ੍ਹਾਂ ਦੇ ਨਾਂ 'ਤੇ ਸਭ ਤੋਂ ਵੱਡਾ ਖੇਡ ਇਨਾਮ 'ਦਰੋਣਾਚਾਰੀਆ ਐਵਾਰਡ' ਦਿੱਤਾ ਜਾਂਦਾ ਹੈ। ਉਸ ਯੁੱਗ ਵਿਚ ਦਰੋਣਾਚਾਰੀਆ ਉਚ ਜਾਤੀ ਨਾਲ ਸਬੰਧਤ ਸ਼ਹਿਜ਼ਾਦਿਆਂ-ਕੌਰਵਾਂ ਤੇ ਪਾਂਡਵਾਂ ਨੂੰ ਹੀ ਸਿੱਖਿਆ ਦਿੰਦੇ ਸਨ ਪਰ ਇਕ ਦਿਨ ਏਕਲਵਿਆ ਨਾਂ ਦਾ ਮੁੰਡਾ ਆ ਕੇ ਗੁਰੂ ਦਰੋਣਾਚਾਰੀਆ ਨੂੰ ਕਹਿੰਦਾ ਕਿ ਮੈਨੂੰ ਵੀ ਆਪਣਾ ਸ਼ਗਿਰਦ ਬਣਾ ਲਓ। ਉਹ ਮੁੰਡਾ ਤੀਰ-ਅੰਦਾਜ਼ੀ ਵਿਚ ਮਾਹਿਰ ਸੀ ਤੇ ਹੋਰ ਵੀ ਨਿਪੁੰਨ ਹੋਣਾ ਚਾਹੁੰਦਾ ਸੀ, ਪਰ ਜਦੋਂ ਉਸ ਨੇ ਆਪਣੀ ਨੀਵੀਂ ਜਾਤ ਦੱਸੀ ਤਾਂ ਦਰੋਣਾਚਾਰੀਆ ਨੇ ਉਸ ਨੂੰ ਸ਼ਾਗਿਰਦ ਬਣਾਉਣ ਤੋਂ ਨਾਂਹ ਕਰ ਦਿੱਤੀ।

ਏਕਲਵਿਆ ਨੇ ਜੰਗਲ ਵਿਚ ਜਾ ਕੇ ਦਰੋਣਾਚਾਰੀਆ ਦੀ ਮਿੱਟੀ ਦੀ ਮੂਰਤੀ ਬਣਾਈ ਤੇ ਉਹਨੂੰ ਗੁਰੂ ਮੰਨ ਕੇ ਤੀਰ-ਅੰਦਾਜ਼ੀ ਸਿੱਖਣ ਲੱਗ ਪਿਆ। ਕੁਝ ਚਿਰ ਬਾਅਦ ਦਰੋਣਾਚਾਰੀਆ ਕੌਰਵਾਂ ਤੇ ਪਾਂਡਵਾਂ ਨੂੰ ਲੈ ਕੇ ਉਸੇ ਜੰਗਲ ਵਿਚ ਸ਼ਿਕਾਰ ਨੂੰ ਗਏ। ਏਕਲਵਿਆ ਨੂੰ ਅਭਿਆਸ ਕਰਦੇ ਨੂੰ ਦੇਖ ਕੇ ਉਨ੍ਹਾਂ ਦਾ ਕੁੱਤਾ ਭੌਂਕਣ ਲੱਗ ਪਿਆ। ਏਕਲਵਿਆ ਨੇ ਕੁੱਤੇ ਦੇ ਮੂੰਹ ਵਿਚ ਐਸੇ ਨਿਸ਼ਾਨੇ ਨਾਲ ਤੀਰ ਮਾਰੇ ਕਿ ਉਹਦਾ ਕੋਈ ਨੁਕਸਾਨ ਵੀ ਨਹੀਂ ਕੀਤਾ ਪਰ ਮੂੰਹ ਬਿਨਾਂ ਕਿਸੇ ਜ਼ਖ਼ਮ ਦੇ ਤੀਰਾਂ ਨਾਲ ਭਰ ਦਿੱਤਾ ਤਾਂ ਕਿ ਉਹ ਭੌਂਕ ਨਾ ਸਕੇ। ਕੁੱਤਾ ਮੁੜ ਕੇ ਕੌਰਵਾਂ-ਪਾਂਡਵਾਂ ਤੇ ਦਰੋਣਾਚਾਰੀਆ ਕੋਲ ਆ ਗਿਆ। ਉਹ ਬੜੇ ਹੈਰਾਨ ਕਿ ਇਹੋ ਜਿਹਾ ਵੀ ਕੋਈ ਨਿਸ਼ਾਨੇਬਾਜ਼ ਹੋ ਸਕਦਾ ਹੈ! ਫਿਰ ਜਦੋਂ ਜੰਗਲ ਵਿਚ ਉਹਨੂੰ ਲੱਭਿਆ ਤਾਂ ਦਰੋਣਾਚਾਰੀਆ ਉਹਦਾ ਨਿਸ਼ਾਨਾ ਦੇਖ ਕੇ ਦੰਗ ਰਹਿ ਗਿਆ, ਕਿਉਂਕਿ ਉਹ ਅਰਜਨ ਨਾਲੋਂ ਕਿਤੇ ਅੱਗੇ ਸੀ। ਗੁਰੂ ਦਰੋਣਾਚਾਰੀਆ ਨੇ ਏਕਲਵਿਆ ਨੂੰ ਪੁੱਛਿਆ, "ਤੇਰਾ ਗੁਰੂ ਕੌਣ ਹੈ?" ਉਹਨੇ ਕਿਹਾ, "ਦਰੋਣਾਚਾਰੀਆ, ਜਿਸ ਦੀ ਮਿੱਟੀ ਦੀ ਮੂਰਤੀ ਬਣਾ ਕੇ ਉਹ ਅਭਿਆਸ ਕਰਦਾ ਹੈ।"

ਫਿਰ ਉਸੇ ਵਕਤ ਅੱਜ ਵਾਲੀ ਸਮੂਹਿਕ ਚੇਤਨਾ ਨੇ ਮਰੋੜਾ ਖਾਧਾ ਤੇ ਸਭ ਤੋਂ ਵੱਡੇ ਤੇ ਆਦਰਸ਼ਵਾਦੀ ਗੁਰੂ ਦਰੋਣਾਚਾਰੀਆ ਨੇ ਗੁਰੂ ਦੱਖਣਾ ਵਿਚ ਉਸ ਮੁੰਡੇ ਦਾ ਸੱਜਾ ਅੰਗੂਠਾ ਮੰਗ ਲਿਆ। ਏਕਲਵਿਆ ਨੇ ਆਪਣਾ ਅੰਗੂਠਾ ਕੱਟ ਕੇ ਉਸੇ ਵਕਤ ਦਰੋਣਾਚਾਰੀਆ ਨੂੰ ਦੇ ਦਿੱਤਾ। ਇਉਂ ਦਰੋਣਾਚਾਰੀਆ ਨੇ ਉਸ ਸਭ ਤੋਂ ਉਚ ਕੋਟੀ ਦੇ ਤੀਰ-ਅੰਦਾਜ਼ ਨੂੰ ਅਪਾਹਜ ਬਣਾ ਕੇ ਇਕ ਖਾਸ ਵਰਗ ਦੀ ਚੜ੍ਹਾਈ ਕਰਾਈ। ਇਸ 'ਤੇ ਭਗਵਾਨ ਕ੍ਰਿਸ਼ਨ ਨੇ ਵੀ ਕੋਈ ਉਜ਼ਰ ਨਹੀਂ ਕੀਤਾ ਕਿਉਂਕਿ ਇਹੋ ਭਾਰਤ ਦੀ ਸਮੂਹਿਕ ਚੇਤਨਾ ਚਾਹੁੰਦੀ ਸੀ ਕਿ ਕੋਈ ਸ਼ੂਦਰ ਜਿਉਂਦਾ ਹੋਇਆ ਵੀ ਜੀਉਣ ਜੋਗਾ ਨਾ ਬਣ ਕੇ ਰਹੇ।

ਫਿਰ ਇਸ ਅਖੌਤੀ ਸਮੂਹਿਕ ਚੇਤਨਾ ਨੇ ਸੱਚ ਦੀ ਆਵਾਜ਼ ਗੁਰੂ ਨਾਨਕ ਨਾਲ ਸਾਰੀ ਉਮਰ ਆਢਾ ਲਾਈ ਰੱਖਿਆ ਕਿ ਤੂੰ ਕੌਣ ਹੁੰਨਾਂ ਉਨ੍ਹਾਂ ਦੀ ਸਮਾਜ ਤੇ ਧਰਮ ਵਿਚ ਬਣੀ ਸਰਦਾਰੀ ਨੂੰ ਚੁਣੌਤੀ ਦੇਣ ਵਾਲਾ; ਤੇ ਇਸ ਨੇ ਆਪਣਾ ਪਹਿਲਾ ਜਲਵਾ ਦਿਖਾ ਦਿੱਤਾ ਸ਼ਾਂਤ ਸੁਭਾਅ ਤੇ ਰੱਬੀ ਰੂਹ ਗੁਰੂ ਅਰਜਨ ਦੇਵ ਦੀ ਸ਼ਹਾਦਤ ਕਰਵਾ ਕੇ। ਭਾਰਤ ਦੀ ਇਸ ਸਮੂਹਿਕ ਚੇਤਨਾ ਦਾ ਖਾਸ ਗੁਣ ਹੈ ਕਿ ਜ਼ਰੂਰਤ ਪੈਣ 'ਤੇ ਆਪਣੇ ਵਿਰੋਧੀ ਤਾਕਤਵਰ ਦੁਸ਼ਮਣ ਨਾਲ ਵੀ ਆੜੀ ਪਾ ਲੈਂਦੀ ਹੈ ਤੇ ਆਪਣੀ ਸੁਰੱਖਿਆ ਖਾਤਰ ਇਹ ਸਦਾ ਹੀ ਕੁਰਬਾਨੀ ਦੂਜੇ ਦੀ ਦਿਵਾਉਂਦੀ ਹੈ; ਆਪਣੇ 'ਤੇ ਆਂਚ ਨਹੀਂ ਆਉਣ ਦਿੰਦੀ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਸਾਹਮਣੇ ਹੈ। ਉਸ ਵਕਤ ਸੰਤਾਂ-ਸਾਧਾਂ ਦੀ ਕੋਈ ਕਮੀ ਨਹੀਂ ਸੀ। ਜੇ ਅੱਜ ਸਾਨੂੰ ਕੁੰਭ ਦੇ ਮੇਲੇ 'ਤੇ ਇਹ ਕੁਰਬਲ-ਕੁਰਬਲ ਕਰਦੇ ਦਿਸਦੇ ਹਨ, ਉਦੋਂ ਵੀ ਇਹ ਇੰਨੇ ਹੀ ਸਨ, ਸ਼ਾਇਦ ਇਸ ਤੋਂ ਵੀ ਵੱਧ ਹੋਣਗੇ। ਫਿਰ ਸੈਂਕੜੇ ਮੀਲਾਂ 'ਤੇ ਬੈਠੇ ਭਗਤੀ ਕਰਦੇ ਗੁਰੂ ਤੇਗ ਬਹਾਦਰ ਹੀ ਕਿਉਂ ਦਿਸੇ ਇਨ੍ਹਾਂ ਨੂੰ ਜੰਞੂ ਦੇ ਰਖਵਾਲੇ? ਸਾਰੀਆਂ ਪਹਾੜੀ ਰਿਆਸਤਾਂ ਦੇ ਰਾਜੇ ਜੰਞੂ ਪਾਉਣ ਵਾਲੇ ਧਰਮ ਨਾਲ ਹੀ ਸਬੰਧਤ ਸਨ। ਕੁਰਬਾਨੀ ਦੇਣ ਲਈ ਚੁਣਿਆ ਗੈਰ-ਜੰਞੂ ਧਾਰਕ ਮਹਾਂਪੁਰਖ! ਕਿਉਂ? ਇਹਦਾ ਜਵਾਬ ਸ਼ਾਇਦ ਉਸ ਸੋਧੇ ਸਿੱਖ ਇਤਿਹਾਸ ਵਿਚੋਂ ਮਿਲੂ ਜਿਹੜਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਅਜੇ ਲਿਖਵਾਉਣਾ ਹੈ!



ਦਵਿੰਦਰਪਾਲ ਸਿੰਘ ਭੁੱਲਰ

ਇਹ ਸਮੂਹਿਕ ਚੇਤਨਾ ਕਦੇ ਵੀ ਕਿਸੇ ਦੀ ਅਹਿਸਾਨਮੰਦ ਨਹੀਂ ਬਣੀ। ਮਿਸਾਲ ਫਿਰ ਗੁਰੂ ਸਾਹਿਬ ਦੀ ਹੀ ਲੈ ਲਈਏ। ਗੁਰੂ ਤੇਗ ਬਹਾਦਰ ਨੇ ਸ਼ਹਾਦਤ 1675 ਵਿਚ ਦਿੱਤੀ, ਪਰ ਬੜੀ ਛੇਤੀ ਸਭ ਕੁਝ ਭੁਲਾ ਦਿੱਤਾ ਗਿਆ ਤੇ ਉਨ੍ਹਾਂ ਦੇ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ 13 ਸਾਲਾਂ ਬਾਅਦ 1688 ਵਿਚ ਭੰਗਾਣੀ ਵਿਚ ਗਹਿ-ਗੱਚ ਲੜਾਈ ਲੜੀ। ਇਸ ਤੋਂ ਅੱਗੇ ਇਸੇ ਚੇਤਨਾ ਨੇ ਗਊ ਦੀਆਂ ਕਸਮਾਂ ਖਾ ਕੇ ਗੁਰੂ ਗੋਬਿੰਦ ਸਿੰਘ ਨੂੰ ਆਨੰਦਪੁਰ ਸਾਹਿਬ ਛੱਡਣ ਲਈ ਮਜਬੂਰ ਕੀਤਾ। ਇਥੇ ਹੀ ਬੱਸ ਨਹੀਂ, ਉਨ੍ਹਾਂ ਦਾ ਪਿੱਛਾ ਕੀਤਾ ਤੇ ਸਰਸਾ ਦਰਿਆ 'ਤੇ ਫਿਰ ਗੁਰੂ ਦੀ ਵਹੀਰ ਦੀ ਮਾਰ-ਕਾਟ ਕੀਤੀ। ਉਨ੍ਹਾਂ ਨੂੰ ਕੱਚੀ ਗੜ੍ਹੀ ਵਿਚ ਬੈਠਿਆਂ ਨੂੰ ਜਾ ਘੇਰਾ ਪਾਇਆ ਤੇ ਉਨ੍ਹਾਂ ਦੇ ਸਾਰੇ ਸਿੰਘਾਂ ਅਤੇ ਦੋਵੇਂ ਵੱਡੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ। ਸਰਹਿੰਦ ਵਿਚ ਜੋ ਕਾਰਾ ਇਸ ਸਮੂਹਿਕ ਚੇਤਨਾ ਨੇ ਕੀਤਾ, ਉਹ ਇਹਦੀ ਅਕ੍ਰਿਤਘਣਤਾ ਦੀ ਸਿਖਰ ਸੀ। ਕੀ ਕਦੇ ਕੋਈ 5 ਅਤੇ 7 ਸਾਲਾਂ ਦੇ ਅਣਭੋਲ ਬੱਚਿਆਂ ਨੂੰ ਵੀ ਮੌਤ ਦੀ ਸਜ਼ਾ ਦਿਵਾਉਣ ਖਾਤਿਰ ਇਹ ਕਹਿ ਸਕਦਾ ਹੈ ਕਿ ਸੱਪ ਦੇ ਬੱਚੇ ਸਪੋਲੀਏ ਹੁੰਦੇ? ਇਨ੍ਹਾਂ ਦੀ ਸਿਰੀ ਹੁਣੇ ਹੀ ਚੁੱਕਣ ਤੋਂ ਪਹਿਲਾਂ ਫੇਹ ਦੇਣੀ ਚਾਹੀਦੀ ਹੈ। ਇਹ ਲਫ਼ਜ਼ ਜੰਞੂ ਧਾਰਕ ਸਰਹਿੰਦ ਦੇ ਵੱਡੇ ਵਜ਼ੀਰ ਸੁੱਚਾ ਨੰਦ ਦੇ ਹਨ ਜਿਸ ਦੇ ਗਲ ਵਿਚਲਾ ਜੰਞੂ ਇਨ੍ਹਾਂ ਸਾਹਿਬਜ਼ਾਦਿਆਂ ਦੇ ਬਾਬੇ ਦੀ ਬਦੌਲਤ ਸੀ। ਛੋਟੇ ਸਾਹਿਬਜ਼ਾਦਿਆਂ ਦਾ ਫੈਸਲਾ ਵੀ ਸਮੂਹਿਕ ਚੇਤਨਾ ਨੇ ਹੀ ਕਰਵਾਇਆ ਸੀ ਜਿਵੇਂ ਅਫ਼ਜ਼ਲ ਗੁਰੂ ਦਾ ਹੋਇਆ।

ਬੜੀ ਘਾਲਣਾ ਤੋਂ ਬਾਅਦ ਸਿੱਖਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਕਮਾਂਡ ਵਿਚ ਆਜ਼ਾਦ ਖਾਲਸਾ ਰਾਜ ਕਾਇਮ ਕਰ ਲਿਆ ਪਰ ਇਸ ਦੀ ਆਜ਼ਾਦ ਹਸਤੀ ਮਿਟਾਉਣ ਲਈ ਭਾਰਤ ਦੀ ਸਮੂਹਿਕ ਚੇਤਨਾ ਵੱਖ-ਵੱਖ ਥਾਂਵਾਂ ਤੋਂ ਡੋਗਰਿਆਂ, ਪੂਰਬੀਆਂ ਤੇ ਮਿਸ਼ਰਿਆਂ ਦੇ ਰੂਪ 'ਚ ਰਣਜੀਤ ਸਿੰਘ ਦੇ ਦੁਆਲੇ ਝੁਰਮਟ ਪਾ ਕੇ ਬਹਿ ਗਈ ਤੇ ਉਹ ਖਾਲਸਾ ਰਾਜ ਦੇ ਨਿਆਰੇਪਣ ਨੂੰ ਆਪਣੀ ਉਮਰ ਦੇ ਅਖੀਰਲੇ ਸਾਲਾਂ ਵਿਚ ਬਰਕਰਾਰ ਨਾ ਰੱਖ ਸਕੇ। ਬੱਸ, ਉਨ੍ਹਾਂ ਦੇ ਅੱਖਾਂ ਮੀਟਣ ਦੀ ਦੇਰ ਸੀ, ਇਸ ਸਮੂਹਿਕ ਚੇਤਨਾ ਨੇ ਜਿਥੇ ਉਨ੍ਹਾਂ ਦੇ ਪਰਿਵਾਰ ਦਾ ਖਾਤਮਾ ਕੀਤਾ, ਨਾਲ ਹੀ ਆਜ਼ਾਦ ਖਾਲਸਾ ਰਾਜ ਦੀ ਜੜ੍ਹ ਵੀ ਪੁੱਟ ਦਿੱਤੀ। ਉਹੋ ਭਾਰਤ ਦੀਆਂ ਰਿਆਸਤਾਂ ਜਿਹੜੀਆਂ 1857 ਵਿਚ ਅੰਗਰੇਜ਼ਾਂ ਵਿਰੁਧ ਉਠੀਆਂ ਸਨ, 8 ਸਾਲ ਪਹਿਲਾਂ ਐਂਗਲੋ-ਸਿੱਖ ਲੜਾਈਆਂ ਵਿਚ ਅੰਗਰੇਜ਼ਾਂ ਦੀਆਂ ਹਮਾਇਤੀ ਧਿਰਾਂ ਬਣ ਕੇ ਸਿੱਖਾਂ ਨਾਲ ਲੜੀਆਂ ਸਨ, ਕਿਉਂ? ਕਿਉਂਕਿ ਤਾਕਤਵਰ ਤੇ ਆਜ਼ਾਦ ਸਿੱਖ ਭਾਵਨਾ ਤੋਂ ਇਸ ਸਮੂਹਿਕ ਚੇਤਨਾ ਨੂੰ ਭੈਅ ਆਉਂਦਾ ਸੀ।

ਫਿਰ ਭਾਰਤ ਦੀ ਸਮੂਹਿਕ ਚੇਤਨਾ ਨੇ ਉਸ ਸ਼ਖ਼ਸ ਨੂੰ ਆਜ਼ਾਦੀ ਦਾ ਸਭ ਤੋਂ ਵੱਡਾ ਘੁਲਾਟੀਆ ਮੰਨ ਕੇ ਸਾਡੇ ਸੰਘਾਂ ਵਿਚ 'ਰਾਸ਼ਟਰ ਪਿਤਾ' ਅੜਾ ਕੇ ਰੱਖ ਛੱਡਿਆ ਜਿਹੜਾ ਗੁਰੂ ਗੋਬਿੰਦ ਸਿੰਘ ਨੂੰ ਭੁਲੱਕੜ ਦੇਸ਼ ਭਗਤ ਕਹਿੰਦਾ ਰਿਹਾ ਤੇ ਸ. ਭਗਤ ਸਿੰਘ ਨੂੰ ਫਾਂਸੀ ਦਿਵਾਉਣ ਦੀ ਹਮਾਇਤ ਵੀ ਕਰਦਾ ਰਿਹਾ। ਮਹਾਤਮਾ ਇਹੋ ਜਿਹੇ ਨਹੀਂ ਹੁੰਦੇ ਕਿ ਜਦੋਂ ਲੋੜ ਪਈ ਤਾਂ ਸਿੱਖ ਕੌਮ ਨੂੰ ਪੁਚਕਾਰ ਕੇ ਉਨ੍ਹਾਂ ਤੋਂ ਸ਼ਹਾਦਤਾਂ ਦੀਆਂ ਝੜੀਆਂ ਲੁਆ ਦਿੱਤੀਆਂ, ਤੇ ਮਤਲਬ ਨਿਕਲਦੇ ਸਾਰ ਆਪਣੇ ਪਿਆਦਿਆਂ ਤੋਂ ਉਸੇ ਕੌਮ ਨੂੰ 'ਜ਼ਰਾਇਮ ਪੇਸ਼ਾ' ਜਾਇਜ਼ ਕਰਵਾ ਦਿੱਤਾ! ਇੱਦਾਂ ਦੇ ਬੰਦੇ ਖਲਨਾਇਕਾਂ ਦੀ ਕਤਾਰ ਵਿਚ ਮੰਨੇ ਜਾਣੇ ਚਾਹੀਦੇ ਹਨ, ਪਰ ਭਾਰਤ ਦੀ ਸਮੂਹਿਕ ਚੇਤਨਾ ਇਨ੍ਹਾਂ ਨੂੰ ਮਹਾਤਮਾ ਮੰਨਦੀ ਹੈ। ਹਰ ਦੇਸ਼ ਨੇ ਫੌਜਾਂ ਇਸ ਲਈ ਬਣਾਈਆਂ ਹੁੰਦੀਆਂ ਹਨ ਕਿ ਦੁਸ਼ਮਣਾਂ ਤੋਂ ਉਹਦੇ ਨਾਗਰਿਕਾਂ ਦੀ ਜਾਨ-ਮਾਲ ਦੀ ਰੱਖਿਆ ਕੀਤੀ ਜਾਵੇ ਤੇ ਇਸ ਵਾਸਤੇ ਸ਼ਕਤੀਸ਼ਾਲੀ ਹਥਿਆਰ ਤੇ ਮਾਰੂ ਟੈਂਕ ਫੌਜ ਨੂੰ ਦਿੱਤੇ ਜਾਂਦੇ ਹਨ, ਪਰ ਭਾਰਤ ਦੀ ਸਮੂਹਿਕ ਚੇਤਨਾ ਨੇ ਇਹ ਫੌਜਾਂ ਤੇ ਟੈਂਕ ਆਪਣੇ ਹੀ ਨਾਗਰਿਕਾਂ ਨੂੰ ਮਾਰਨ ਲਈ ਉਸ ਪਵਿੱਤਰ ਸਥਾਨ ਹਰਿਮੰਦਰ ਸਾਹਿਬ 'ਤੇ ਚੜ੍ਹਾ ਦਿੱਤੀਆਂ ਜਿਥੋਂ ਸਦਾ ਹੀ ਸਰਬੱਤ ਦੇ ਭਲੇ ਦੀ ਅਰਦਾਸ ਹੁੰਦੀ ਰਹੀ। ਜਿਸ ਤਖ਼ਤ ਨੇ ਮੁਗਲ ਹਕੂਮਤ ਨੂੰ ਵੰਗਾਰਿਆ ਸੀ, ਤੋਪਾਂ ਨਾਲ ਉਡਾ ਕੇ ਖੰਡਰ ਬਣਾ ਦਿੱਤਾ ਤੇ ਨਿਹੱਥੇ ਇਕ ਮਹੀਨੇ ਦੀ ਉਮਰ ਦੇ ਬੱਚੇ ਤੋਂ ਲੈ ਕੇ 90 ਸਾਲ ਦੇ ਬਜ਼ੁਰਗਾਂ ਤੇ ਬੀਬੀਆਂ ਨੂੰ ਕੋਹ-ਕੋਹ ਕੇ ਪਿਆਸੇ ਤੇ ਜ਼ਲੀਲ ਕਰ ਕੇ ਮਾਰਿਆ। ਸਿਤਮਜ਼ਰੀਫੀ ਇਹ ਕਿ ਇਸ 'ਤੇ ਅਫ਼ਸੋਸ ਤਾਂ ਇਕ ਪਾਸੇ ਰਿਹਾ, ਸਗੋਂ ਇਹ ਕਹਿ ਕੇ ਵਡਿਆਇਆ ਗਿਆ ਕਿ ਇਹ ਦੇਰ ਨਾਲ ਕੀਤਾ ਸਹੀ ਫੈਸਲਾ ਸੀ।

ਹਰਿਮੰਦਰ ਸਾਹਿਬ ਦਾ ਸ਼ਾਨਾਂਮੱਤਾ ਇਤਿਹਾਸ ਹੈ। ਇਸ ਦੀ ਬੇਅਦਬੀ ਕਰਨ ਵਾਲਿਆਂ ਅਤੇ ਇਸ ਨੂੰ ਬਰਬਾਦ ਕਰਨ ਵਾਲਿਆਂ ਨੇ ਵੀ ਕਦੇ ਕਸਰ ਨਹੀਂ ਸੀ ਛੱਡੀ, ਤੇ ਗੁਰੂ ਦੇ ਸਿੱਖਾਂ ਨੇ

ਇਹਦਾ ਹਿਸਾਬ ਚੁਕਾਉਣ ਵਿਚ ਵੀ ਢਿੱਲ ਨਹੀਂ ਵਰਤੀ। ਉਸੇ ਇਤਿਹਾਸ ਵਿਚ ਸ੍ਰੀਮਤੀ ਇੰਦਰਾ ਗਾਂਧੀ ਦਾ ਨਾਂ ਵੀ ਦਰਜ ਹੋ ਗਿਆ ਪਰ ਜਿਸ ਸਮੂਹਿਕ ਚੇਤਨਾ ਨੇ ਹਰਿਮੰਦਰ ਸਾਹਿਬ 'ਤੇ ਹੋਏ ਫੌਜੀ ਹਮਲੇ ਤੇ ਰੱਜ ਕੇ ਖੁਸ਼ੀ ਮਨਾਈ ਤੇ ਲੱਡੂ ਵੰਡੇ, ਉਹ 31 ਅਕਤੂਬਰ ਨੂੰ ਸੋਗ 'ਚ ਡੁੱਬ ਗਈ। ਫਿਰ ਜਦੋਂ ਬੜੀ ਸੋਚ-ਵਿਚਾਰ ਕਰ ਕੇ ਇਸ ਚੇਤਨਾ ਨੇ ਮੂੰਹ ਖੋਲ੍ਹਿਆ ਤਾਂ ਆਹ ਲਫ਼ਜ਼ ਕਹਿ ਕੇ 'ਜਬ ਬੜਾ ਪੇੜ ਗਿਰਤਾ ਹੈ, ਤੋ ਧਰਤੀ ਕਾਂਪਤੀ ਹੈ' ਹੱਲਾਸ਼ੇਰੀ ਦੇ ਦਿੱਤੀ ਕਿ ਸੋਗੀ ਨਾ ਬਣੋ, ਬਦਲਾ ਲਓ ਤੇ ਨਾਲ ਹੀ ਹੱਥਾਂ ਵਿਚ ਤੇਲ ਦੀਆਂ ਪੀਪੀਆਂ, ਟਾਇਰ, ਰਾਡਾਂ ਤੇ ਹੋਰ ਹਥਿਆਰ ਫੜਾ ਦਿੱਤੇ। ਘਰਾਂ ਦੀ ਨਿਸ਼ਾਨਦੇਹੀ ਖੁਦ ਸਮੂਹਿਕ ਚੇਤਨਾ ਨੇ ਕੀਤੀ।

ਫਿਰ ਕੀ ਸੀ, ਦੁਨੀਆਂ ਦੇ ਵੱਡੇ ਲੋਕਤੰਤਰ ਦੀਆਂ ਧੱਜੀਆਂ ਉਡੀਆਂ। ਇਹਦੀ ਰਾਜਧਾਨੀ ਵਿਚ ਤਿੰਨ ਤੋਂ ਪੰਜ ਹਜ਼ਾਰ ਸਿੱਖਾਂ ਦਾ ਕਤਲ ਦੋ ਦਿਨਾਂ ਵਿਚ ਕੀਤਾ ਗਿਆ। ਕਦੇ ਕਿਸੇ ਦੀ ਮੌਤ ਦੇ ਸੋਗ ਵਿਚ ਡੁੱਬਿਆ ਇਨਸਾਨ ਕਿਸੇ ਦੀ ਧੀ-ਭੈਣ ਨਾਲ ਬਲਾਤਕਾਰ ਕਰਦਾ ਸੁਣਿਆ? ਪਰ ਇਹ ਦਿੱਲੀ ਵਿਚ ਸ਼ਰ੍ਹੇਆਮ ਹੋਇਆ ਜਿਸ 'ਤੇ ਅੱਜ ਤੱਕ ਪਰਦਾ ਪਾਈ ਜਾਂਦੀ ਹੈ ਸਮੂਹਿਕ ਚੇਤਨਾ। ਇਹੋ ਕੁਝ ਕਈਆਂ ਸਾਲਾਂ ਤੋਂ ਕਸ਼ਮੀਰ ਵਿਚ ਭਾਰਤ ਦੀਆਂ ਫੌਜਾਂ ਤੋਂ ਕਰਵਾਇਆ ਜਾ ਰਿਹਾ ਹੈ ਤੇ ਛੱਤੀਸਗੜ੍ਹ ਵਿਚ ਆਦਿਵਾਸੀ ਔਰਤਾਂ ਨਾਲ ਸਲਵਾ ਜੂਡਮ ਵਰਗੀਆਂ ਬਦਮਾਸ਼ਾਂ ਦੀਆਂ ਫੌਜਾਂ ਖੜ੍ਹੀਆਂ ਕਰ ਕੇ। ਫਿਰ ਵੀ ਭਾਰਤ ਦੀ ਸਮੂਹਿਕ ਚੇਤਨਾ ਕਹਿੰਦੀ ਹੈ ਕਿ ਸਭ ਠੀਕ ਹੈ, ਏਕਤਾ ਤੇ ਅਖੰਡਤਾ ਕਾਇਮ ਰੱਖਣ ਲਈ ਇਹ ਜ਼ਰੂਰੀ ਹੈ।

ਬੜੀ ਅਜੀਬ ਗੱਲ ਹੈ ਕਿ 1975 ਤੋਂ 1977 ਤੱਕ ਸਭ ਤੋਂ ਵੱਧ ਨਫ਼ਰਤ ਵਾਲੀ ਲੀਡਰ ਇੰਦਰਾ ਗਾਂਧੀ ਸੀ, ਫਿਰ 7 ਸਾਲਾਂ ਵਿਚ ਕਿਹੜਾ ਐਡਾ ਵੱਡਾ ਮਾਅਰਕਾ ਮਾਰ ਦਿੱਤਾ ਕਿ 1984 ਵਿਚ ਸਾਰੇ ਹੀ, ਵਿਚੇ ਕਾਮਰੇਡ ਤੇ ਅਡਵਾਨੀ, ਉਹਨੂੰ ਦੁਰਗਾ ਮਾਤਾ ਕਹਿ ਕੇ ਪੂਜਣ ਲੱਗੇ। ਸਾਫ਼ ਹੈ ਕਿ ਉਸ ਨੇ ਹਰਿਮੰਦਰ ਸਾਹਿਬ 'ਤੇ ਫੌਜੀ ਹਮਲਾ ਕਰਵਾ ਕੇ ਭਾਰਤ ਦੀ ਸਮੂਹਿਕ ਚੇਤਨਾ ਨੂੰ ਖੁਸ਼ ਕਰ ਦਿੱਤਾ ਸੀ। ਅਯੁੱਧਿਆ ਵਿਚ ਇਹ ਮਸਜਿਦ ਢਾਹ ਕੇ ਵੀ ਅੱਜ ਤੱਕ ਵਾਹ ਵਾਹ ਖੱਟੀ ਜਾਂਦੀ ਹੈ। ਜੋ ਗੋਧਰਾ ਵਿਚ ਇਸ ਸਮੂਹਿਕ ਚੇਤਨਾ ਨੇ 2002 ਵਿਚ ਗੁੱਲ ਖਿਲਾਇਆ, ਉਹ ਅਜੇ ਵੀ ਕੋਰਟ-ਕਚਹਿਰੀਆਂ ਤੇ ਕਮਿਸ਼ਨਾਂ ਦੇ ਭੇਟ ਚੜ੍ਹਿਆ ਹੋਇਆ ਹੈ, ਤੇ ਜਿਸ ਸ਼ਖ਼ਸ ਦੀ ਸ਼ਹਿ 'ਤੇ ਹੋਇਆ, ਉਹਦੇ ਰਾਜ ਤਿਲਕ ਦਾ ਮਹੂਰਤ ਕੁੰਭ ਦੇ ਮੇਲੇ 'ਤੇ ਸਾਧਾਂ ਦੀਆਂ ਹੇੜ੍ਹਾਂ ਨੇ ਕਰ ਦਿੱਤਾ।

ਹੁਣ ਅਫ਼ਜ਼ਲ ਗੁਰੂ ਤੋਂ ਬਾਅਦ ਭਾਰਤ ਦੀ ਸਮੂਹਿਕ ਚੇਤਨਾ ਦੀ ਅੱਖ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ 'ਤੇ ਹੈ। ਚੰਗੇ-ਭਲੇ ਇਨਸਾਨ ਨੂੰ ਇਹਨੇ ਮਾਨਸਿਕ ਰੋਗੀ ਬਣਾ ਦਿੱਤਾ। ਭਾਰਤ ਦੇ ਸੰਵਿਧਾਨ 'ਚ (ਜਿਸ ਦਾ ਨੱਕ ਉਦਾਂ ਮੋਮ ਦਾ ਹੈ, ਜਿੱਧਰ ਨੂੰ ਮਰਜ਼ੀ ਮੋੜ ਲਓ) ਲਿਖਿਆ ਕਿ ਜਦ ਤੱਕ ਕੋਈ ਚਸ਼ਮਦੀਦ ਗਵਾਹ ਦੋਸ਼ੀ ਨੂੰ ਪਛਾਣਦਾ ਨਹੀਂ, ਉਨੀ ਦੇਰ ਉਹਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਂਦੀ; ਤੇ ਸ. ਭੁੱਲਰ ਨੂੰ ਕਿਸੇ ਵੀ ਗਵਾਹ ਨੇ ਨਹੀਂ ਪਛਾਣਿਆ। ਤਿੰਨਾਂ ਜੱਜਾਂ ਵਿਚੋਂ ਮੁੱਖ ਜੱਜ ਨੇ ਉਹਨੂੰ ਨਿਰਦੋਸ਼ ਸਾਬਿਤ ਕਰ ਕੇ ਬਰੀ ਕੀਤਾ। ਅੱਜ ਤੱਕ ਕਿੰਨੀਆਂ ਪਟੀਸ਼ਨਾਂ ਉਹਦੇ ਘਰ ਵਾਲਿਆਂ ਅਤੇ ਸਿੱਖਾਂ ਨੇ ਸਮੂਹਿਕ ਤੌਰ 'ਤੇ ਪਾਈਆਂ ਕਿ ਉਹਦੀ ਫਾਂਸੀ ਦੀ ਸਜ਼ਾ ਤੋੜੀ ਜਾਵੇ, ਪਰ ਸਮੂਹਿਕ ਚੇਤਨਾ ਨੂੰ ਇਹ ਕਦ ਮਨਜ਼ੂਰ ਹੋਵੇਗਾ ਕਿ ਜਾਲ 'ਚ ਫਸਿਆ ਸਿੱਖ ਸੁੱਕਾ ਨਿਕਲ ਜਾਵੇ! ਭਾਵੇਂ ਲੱਖ ਨਿਰਦੋਸ਼ ਹੋਵੇ, ਇਹ ਕਿਸ਼ੋਰੀ ਲਾਲ ਵਰਗੇ ਝਟਕਈ ਜਿਸ ਨੇ 1984 ਵਿਚ ਦਿੱਲੀ ਵਿਚ ਬੱਕਰੇ ਵੱਢਣ ਵਾਲੇ ਆਪਣੇ ਟੋਕੇ ਨਾਲ 20 ਸਿੱਖਾਂ ਦੀਆਂ ਗਰਦਨਾਂ ਵੱਢੀਆਂ, ਉਹਨੂੰ ਪਛਾਣ ਕੇ ਗਵਾਹੀਆਂ ਵੀ ਹੋਈਆਂ ਤੇ ਮੌਤ ਦੀ ਸਜ਼ਾ ਵੀ, ਪਰ ਇਸ ਚੇਤਨਾ ਨੇ ਉਸ ਨਿਰਦਈ ਕਾਤਲ 'ਤੇ ਤਰਸ ਕਰ ਲਿਆ ਤੇ ਮੌਤ ਦੀ ਸਜ਼ਾ ਮੁਆਫ਼ੀਯੋਗ ਬਣ ਗਈ। ਇਹ ਹੈ ਰਾਮਰਾਜ ਜਿੱਥੇ ਸਿੱਖ, ਮੁਸਲਮਾਨ ਤੇ ਇਸਾਈ ਸਭ 'ਸ਼ੰਭੂਕ' ਹੀ ਹਨ।

ਦਿੱਲੀ ਵਿਚ ਸਮੂਹਿਕ ਚੇਤਨਾ ਬੜੇ ਡਰਾਮੇ ਕਰਦੀ ਹੈ। ਪਾਰਲੀਮੈਂਟ 'ਤੇ ਹਮਲੇ ਤੋਂ ਲੈ ਕੇ ਗਾਂਧੀ ਟੋਪੀ ਪੁਆ ਕੇ ਪੂਰੇ ਜਸ਼ਨਾਂ ਨਾਲ ਮਰਨ ਵਰਤ 'ਤੇ ਵੀ ਬਹਾ ਦਿੰਦੀ, ਤੇ ਕੁੱਲ ਦੁਨੀਆਂ ਵਿਚ ਨਾਂ ਵੀ ਚਮਕਾ ਦਿੰਦੀ ਹੈ, ਰਾਜਸੀ ਪ੍ਰਚਾਰ ਕਰ ਕੇ। ਫਿਰ ਆਪ ਹੀ ਚਹੁੰ ਕੁ ਦਿਨਾਂ ਬਾਅਦ ਜੂਸ ਪਿਲਾ ਕੇ ਵਰਤ ਖੁਲ੍ਹਵਾ ਵੀ ਦਿੰਦੀ ਹੈ ਤੇ ਸਭ ਤੋਂ ਵੱਡੇ ਹਸਪਤਾਲਾਂ ਵਿਚ ਸਰਕਾਰੀ ਖਰਚੇ 'ਤੇ ਇਲਾਜ ਵੀ ਕਰਵਾ ਦਿੰਦੀ ਹੈ ਪਰ ਮਨੀਪੁਰ ਦੀ ਇਰੋਮਾ ਸ਼ਰਮੀਲਾ ਜਿਸ ਨੂੰ ਭੁੱਖ ਹੜਤਾਲ 'ਤੇ ਬੈਠਿਆਂ ਬਾਰਵਾਂ ਸਾਲ ਜਾ ਰਿਹਾ ਹੈ, ਉਹਨੂੰ ਅੱਜ ਵੀ ਆਨੀ-ਬਹਾਨੀ ਕੋਰਟਾਂ 'ਚ ਘਸੀਟਿਆ ਜਾ ਰਿਹੈ ਤੇ ਘਰ ਵਿਚ ਹੀ ਕੈਦ ਕੀਤਾ ਹੋਇਆ ਹੈ ਕਿਉਂਕਿ ਉਹਦੀ ਮੰਗ ਕੋਈ 'ਭੀਖ' ਨਹੀਂ, 'ਹੱਕ' ਹੈ ਜਿਹੜਾ ਸਮੂਹਿਕ ਚੇਤਨਾ ਨੂੰ ਕਦੇ ਵਾਰਾ ਨਹੀਂ ਖਾਂਦਾ।

ਇਹ ਸਮੂਹਿਕ ਚੇਤਨਾ ਕਈ ਰੂਪਾਂ ਵਿਚ ਉਪਜਦੀ ਹੈ ਤੇ ਇਹਦੇ ਪੁਰਜ਼ੇ ਵੀ ਹਰ ਕਿਸਮ 'ਚ ਮਿਲ ਜਾਂਦੇ ਹਨ ਜਿਹੜੇ ਇਹਦਾ ਕੰਮ ਪੂਰੀ ਤਨਦੇਹੀ ਨਾਲ ਕਰਦੇ ਹਨ। ਆਹ ਮਨਿੰਦਰਜੀਤ ਬਿੱਟੇ ਵਰਗਾ ਨਿਰਲੱਜ ਤਾਂ ਆਪਾਂ ਸਾਰਿਆਂ ਨੇ ਦੇਖ ਹੀ ਲਿਆ ਕਿ ਇਹ ਕਿੱਦਾਂ ਇਨਸਾਨ ਦੀ ਮੌਤ 'ਤੇ ਭੰਗੜਾ ਪਾਉਂਦਾ ਸੀ, ਤੇ ਖ਼ੁਸ਼ੀ 'ਚ ਮੂੰਹ ਵਿਚ ਲੱਡੂ ਪਾਉਂਦਾ ਫਿਰਦਾ ਸੀ। ਕਈ ਵਾਰੀ ਇਹਦਾ ਪੁਰਜ਼ਾ ਢਿੱਲੀ ਜਿਹੀ ਪੱਗ ਬੰਨ੍ਹ ਕੇ ਰਾਜ ਸਿੰਘਾਸਨਾਂ 'ਤੇ ਵੀ ਬੈਠਾ ਹੁੰਦਾ ਹੈ ਤੇ ਬੜੀਆਂ ਸਿੱਧੜ ਤੇ ਮਿੱਠੀਆਂ ਗੱਲਾਂ ਦੇ ਭਰਮ ਜਾਲ 'ਚ ਫਸਾ ਕੇ ਬੜੀ ਕਸੂਤੀ ਦਾਤੀ ਫੇਰਦਾ ਹੈ ਤੇ ਅਕਸਰ ਸੰਤ ਦੇ ਚੋਲਿਆਂ ਵਿਚ ਵੀ ਇਹਦੇ ਦਰਸ਼ਨ ਕੀਤੇ ਜਾ ਸਕਦੇ ਹਨ। ਸਿੱਖਾਂ ਦੇ ਸਬੰਧ ਵਿਚ ਹੁਣ ਇਸ ਸਮੂਹਿਕ ਚੇਤਨਾ ਦੀ ਪਾਲਿਸੀ ਹੈ ਕਿ ਵੱਧ ਤੋਂ ਵੱਧ ਸੰਤ ਬਣਨ। ਭਾਵੇਂ ਰੋਜ਼ ਹੀ ਜਪ ਤਪ ਸਮਾਗਮ ਹੋਣ, ਅਖੰਡਪਾਠਾਂ ਦੀਆਂ ਨਾ ਮੁੱਕਣ ਵਾਲੀਆਂ ਲੜੀਆਂ ਚੱਲਣ ਤੇ ਸਿੱਖ ਬੱਸ ਮੱਥੇ ਟੇਕਣ ਜੋਗੇ ਬਣ ਜਾਣ। ਜਿੰਨੇ ਵੱਧ ਸੰਤ ਹੋਣਗੇ, ਉਨੀਆਂ ਹੀ ਬਰਸੀਆਂ ਵੱਧ ਮਨਾਈਆਂ ਜਾਣਗੀਆਂ ਤੇ ਵੱਡੇ ਛੋਟੇ ਸੰਤਾਂ ਦੇ ਹੀ ਗੁਣਗਾਨ ਸਿੱਖ ਸੁਣਨ ਤੇ ਇਹਨੂੰ ਗੁਰਮਤਿ ਸਮਝ ਕੇ ਬਾਬੇ ਨਾਨਕ ਦੇ ਨਿਰਮਲ ਪੰਥਕ ਸਿਧਾਂਤ ਨੂੰ ਸਹਿਜੇ ਸਹਿਜੇ ਭੁੱਲ ਜਾਣ ਤੇ ਇਨ੍ਹਾਂ ਸੰਤਾਂ ਦੇ ਡੇਰਿਆਂ 'ਤੇ ਜਾਣ ਵਾਲੇ ਸਿੱਖ ਐਨੇ ਸੀਲ ਬਣ ਜਾਣ ਕਿ ਉਨ੍ਹਾਂ ਨੂੰ ਹੱਕ ਸੱਚ ਦੀ ਆਵਾਜ਼ ਦਾ ਕੋਈ ਪਤਾ ਹੀ ਨਾ ਰਹੇ, ਕਿ ਉਨ੍ਹਾਂ ਦੇ ਗੁਰੂ ਨੇ ਖਾਲਸਾ ਕਿਉਂ ਸਾਜਿਆ ਸੀ। ਸਿਰਫ਼ ਗਾਤਰੇ ਪਾ ਕੇ ਹੀ ਸਿੱਖ ਆਪਣੇ-ਆਪ ਨੂੰ ਸੁਰਖਰੂ ਸਮਝਣ ਲੱਗ ਜਾਣ ਕਿ ਉਹ ਗੁਰੂ ਵਾਲੇ ਬਣ ਗਏ। ਗੈਰਤ ਨਾਂ ਵਾਲੀ ਗੱਲ ਨਾਲ ਕੋਈ ਬਹੁਤਾ ਸਰੋਕਾਰ ਹੀ ਨਾ ਰਹੇ। ਬੱਸ, ਸ਼ਰਧਾ ਨਾਲ ਬਰਸੀਆਂ 'ਤੇ ਲੰਗਰ ਤਿਆਰ ਕਰਨੇ, ਵਰਤਾਉਣੇ, ਛਕਣੇ ਤੇ ਸੰਤਾਂ ਮਹਾਂਪੁਰਖਾਂ ਦੇ ਸਤਿਸੰਗ ਕਰਨੇ; ਇਹੋ ਗੁਰਮਤਿ ਦੀ ਅੰਤਿਮ ਮੰਜ਼ਿਲ ਰਹਿ ਗਈ ਹੈ ਤੇ ਡੇਰਿਆਂ ਵਾਲੇ ਸੰਤ ਇਹ ਕੰਮ ਬਾਖੂਬੀ ਨਿਭਾ ਰਹੇ ਹਨ। ਜਿਹੜੇ ਇਨ੍ਹਾਂ ਤੋਂ ਅਜੇ ਬਚੇ ਹਨ, ਉਨ੍ਹਾਂ ਨੂੰ ਸਮੂਹਿਕ ਚੇਤਨਾ ਨੇ ਸ਼ਰਾਬ ਤੇ ਨਸ਼ਿਆਂ 'ਚ ਗੜੁੱਚ ਕਰ ਦਿੱਤਾ ਹੈ।

ਮੈਨੂੰ ਲੱਗਦੈ, ਮੇਰੇ 'ਤੇ ਇਹ ਇਲਜ਼ਾਮ ਲੱਗ ਜਾਣੈ ਕਿ ਗੱਲ ਤਾਂ ਅਫ਼ਜ਼ਲ ਗੁਰੂ ਦੀ ਫਾਂਸੀ ਤੋਂ ਸ਼ੁਰੂ ਕੀਤੀ, ਤੇ ਲਿਆ ਵਾੜੇ ਵਿਚ ਸੰਤ ਮਹਾਂਪੁਰਸ਼। ਕਿਉਂ? ਦਰਅਸਲ ਗੱਲ ਤਾਂ ਭਾਰਤ ਦੀ ਸਮੂਹਿਕ ਚੇਤਨਾ ਦੇ ਕਾਰਨਾਮਿਆਂ ਦੀ ਹੈ ਤੇ ਜ਼ਿਕਰ ਉਹਦੇ ਬਣੇ ਪੁਰਜ਼ਿਆਂ ਦਾ ਹੈ ਜਿਹੜੇ ਹਰ ਹਰਬਾ ਵਰਤ ਕੇ ਸਿੱਧੇ ਤੇ ਅਸਿੱਧੇ ਤੌਰ 'ਤੇ ਉਹਦੀ ਸੇਵਾ 'ਚ ਜੁਟੇ ਹੋਏ ਹਨ। ਗੁਰਾਂ ਦੀ ਧਰਤੀ ਪੰਜਾਬ ਵਿਚਲੇ ਸੰਤਾਂ ਦੇ ਡੇਰੇ ਇਹਦੇ ਵਿਚ ਪੂਰਾ ਹਿੱਸਾ ਪਾ ਰਹੇ ਹਨ। ਅੱਜ ਪੰਜਾਬ ਵਿਚ ਦੋ ਵੱਡੇ ਵੋਟ ਬੈਂਕ ਹਨ। ਇਕ ਡੇਰੇ ਤੇ ਦੂਜੇ ਠੇਕੇ। ਜਿਹੜਾ ਸਿਆਸਤਦਾਨ ਇਨ੍ਹਾਂ ਨੂੰ ਵਰਤ ਰਿਹਾ ਹੈ, ਉਹਦੀ ਗੱਦੀ-ਨਸ਼ੀਨੀ ਪੱਕੀ। ਉਦਾਂ ਵੀ ਜਦ ਸਾਰੇ ਸਿੱਖ ਸੰਤ ਮਹਾਂਪੁਰਖਾਂ ਦਾ ਜਸ ਗਾਈ ਜਾਂਦੇ ਹਨ, ਫਿਰ ਮੈਂ ਕਿਉਂ ਪਿੱਛੇ ਰਹਾਂ ਬਈ?

#

---

# ਕੌਣ ਸਨ 1968 ਦੇ ਵਿਦਿਆਰਥੀ ਉਭਾਰ ਨੂੰ ਪ੍ਰੇਰਨ ਵਾਲੇ?

*(ਸਫਾ 23 ਦੀ ਬਾਕੀ)*

ਪ੍ਰਮਾਣਿਕ ਪੜ੍ਹਤ ਕਿਉਂ ਨਹੀਂ ਸਿਰਜਦਾ?

ਜੀਨ ਦੇ ਅਨੇਕ ਸਵਾਲਾਂ ਤੇ ਨਜ਼ਰੀਏ ਦੇ ਮੂਲ ਵਖਰੇਵਿਆਂ ਅਤੇ ਬਹੁਤ ਘੱਟ ਲਿਖਣ ਦੇ ਬਾਵਜੂਦ ਪ੍ਰੋ. ਭੁਪਿੰਦਰ ਸਿੰਘ ਮੈਨੂੰ ਹਮੇਸ਼ਾਂ ਆਪਣੇ ਆਪ ਵਿਚ ਹੀ ਕੋਈ ਸੰਸਥਾ ਜਿਹੇ ਲੱਗਦੇ ਰਹੇ ਹਨ। ਧਰਮ ਬਾਰੇ ਗੱਲ ਹੋਵੇ; ਜਾਂ ਨਾਸਤਿਕਤਾ ਬਾਰੇ, ਮਾਰਕਸਵਾਦ ਦਾ ਜ਼ਿਕਰ ਹੋਵੇ ਜਾਂ ਅਸਤਿਤਵਵਾਦ ਦੀ, ਗੇਟੇ ਦੀ ਸਾਇੰਸ ਦੀ ਗੱਲ ਹੋਵੇ ਜਾਂ ਡੁਰਖੀਮ ਦੇ ਸਮਾਜ ਸ਼ਾਸਤਰ ਦੀ; ਉਹ ਅਜਿਹੀ ਪ੍ਰਮਾਣਿਕਤਾ ਨਾਲ ਗੱਲ ਕਰਦੇ ਹਨ ਕਿ ਸੁਣਨ ਵਾਲਾ ਸੱਜਣ ਭਰਪੂਰ ਹੋ ਜਾਂਦਾ ਹੈ; ਰੂਹ ਨੂੰ ਰੱਜ ਆ ਜਾਂਦਾ ਹੈ। ਦਾਸਤੋਵਸਕੀ ਦੇ ਮਹਾਨ ਨਾਵਲ 'ਬਰਦਰਜ਼ ਕਾਰਾਮਾਜੋਫ' ਦੀ ਤੀਜੀ ਪੜ੍ਹਤ ਉਨ੍ਹਾਂ ਅਜੇ ਪਿੱਛੇ ਜਿਹੇ ਹੀ ਖਤਮ ਕੀਤੀ ਹੈ। ਐਤਕਾਂ ਦੀ ਮੇਰੀ ਮੁਲਾਕਾਤ ਦੌਰਾਨ ਉਹ ਇਸ ਮਹਾਨ ਲੇਖਕ ਦੇ 'ਡੈਵਲਜ਼' ਨਾਂ ਦੇ ਦੂਜੇ ਅਹਿਮ ਨਾਵਲ ਦੀ ਦੂਜੀ ਪੜ੍ਹਤ ਸ਼ੁਰੂ ਕਰਨ ਦੀ ਆਪਣੀ ਯੋਜਨਾ ਬਾਰੇ ਦੱਸ ਰਹੇ ਸਨ।

ਪੜ੍ਹਾਈ ਦੇ ਵਿਸ਼ਿਆਂ ਦੀ ਅਜਿਹੀ ਵੰਨ-ਸਵੰਨਤਾ ਦੇ ਬਾਵਜੂਦ ਪ੍ਰੋ. ਸਾਹਿਬ ਅੱਜ ਵੀ 1968 ਦੇ ਦੌਰ ਦੀ ਸਪਿਰਟ ਨਾਲ ਬਹੁਤ ਹੀ ਸਜੀਵ ਰੂਪ ਵਿਚ ਜੁੜੇ ਹੋਏ ਹਨ। ਉਹ ਅਕਸਰ ਹੀ ਕਹਿੰਦੇ ਹਨ ਕਿ ਪੰਜਾਬ ਦੇ ਮੁੰਡਿਆਂ ਨੂੰ ਨਾ ਅਸਤਿਤਵਵਾਦ ਦਾ ਪਤਾ ਲੱਗਿਆ, ਨਾ ਹੀ ਸੰਰਚਨਾਵਾਦ ਦਾ; ਉਤਰ ਸੰਰਚਨਾਵਾਦ ਦਾ ਪਤਾ ਤਾਂ ਲੱਗਣਾ ਹੀ ਕੀ ਸੀ! ਮਾਰਕਸਵਾਦ ਗੁਜ਼ਾਰੇ ਜੋਗਾ ਇਨ੍ਹਾਂ ਨੂੰ ਸਮਝ ਆਉਂਦਾ ਸੀ ਅਤੇ ਉਹ ਕਾਫੀ ਵੀ ਸੀ। ਹੁਣ ਮਾਰਕਸਵਾਦ ਦਾ ਭੋਗ ਵੀ ਇਹ ਪਾਈ ਬੈਠੇ ਹਨ। ਉਨ੍ਹਾਂ ਨੂੰ ਚਿੰਤਾ ਹੈ ਕਿ ਇਨ੍ਹਾਂ ਦਾ ਬਣੇਗਾ ਕੀ?

ਇਸ ਦੇ ਬਾਵਜੂਦ ਪ੍ਰੋ. ਭੁਪਿੰਦਰ ਸਿੰਘ ਨਿਰਾਸ਼ ਨਹੀਂ ਹਨ ਅਤੇ ਪੂਰੀ ਉਮੀਦ ਨਾਲ ਉਹ ਸਦਾ ਹੀ ਕਹਿੰਦੇ ਹਨ ਕਿ "ਅੱਛਾ ਭਾਊ, ਰੱਬ ਭਲਾ ਹੀ ਕਰੂਗਾ। ਸਾਡੇ ਲੜਕੇ ਡੂੰਘੇ ਚਿੰਤਨ ਵੱਲ ਕਦੀ ਨਾ ਕਦੀ ਮੋੜਾ ਜ਼ਰੂਰ ਕੱਟਣਗੇ।"



***ਘਰ ਦੀ ਛੱਤ ਉਤੇ ਮਹਿਫਿਲ ਜਮਾਈ ਬੈਠੇ ਬਲ ਅਤੇ ਪ੍ਰੋ. ਭੁਪਿੰਦਰ ਸਿੰਘ।***

ਸਾਲ 1968 ਦੇ ਉਭਾਰ ਨਾਲ ਸਬੰਧਤ ਪ੍ਰੇਰਨਾ ਸਰੋਤ ਬਣੇ ਵਿਅਕਤੀਆਂ ਦੀ ਕਹਾਣੀ ਅਧੂਰੀ ਰਹੇਗੀ, ਜੇਕਰ ਨਾਲ ਲੱਗਦੇ ਲਾਲੀ ਬਾਬੇ ਅਤੇ ਪ੍ਰੋ. ਸੁਰਜੀਤ ਲੀ ਦਾ ਵੀ ਜ਼ਿਕਰ ਨਾ ਕੀਤਾ ਜਾਵੇ। ਪੰਜਾਬੀ ਯੂਨੀਵਰਸਿਟੀ ਦੇ ਉਨ੍ਹਾਂ ਦਿਨਾਂ ਦੇ ਮਾਹੌਲ ਨੂੰ ਸਮਝਣ ਲਈ ਮੈਂ ਜਦੋਂ ਪ੍ਰੋ. ਲੀ ਨਾਲ ਗੱਲ ਕੀਤੀ ਤਾਂ ਪਲਾਂ ਵਿਚ ਹੀ ਉਹ ਆਪਣੇ ਰੰਗ ਵਿਚ ਆ ਗਏ। ਬਹੁਤ ਮੋਹ ਭਰੇ ਆਪਣੇ ਹੀ ਅੰਦਾਜ਼ ਵਿਚ ਉਹ ਆਖ ਰਹੇ ਸਨ ਕਿ ਯਾਰ! ਉਨ੍ਹਾਂ ਸਮਿਆਂ ਦੀਆਂ ਤਾਂ ਗੱਲਾਂ ਹੀ ਹੋਰ ਸਨ। ਸਾਲ 1969 'ਚ ਯੂਨੀਵਰਸਿਟੀ ਕੈਂਪਸ ਵਿਚ ਉਸ ਸਮੇਂ ਦੇ ਕੇਂਦਰੀ ਵਜ਼ੀਰ ਵਾਈ.ਬੀ. ਚਵਾਨ ਵਿਰੁਧ ਹੋਏ ਪ੍ਰਦਰਸ਼ਨ ਬਾਰੇ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਚਵਾਨ ਦਾ ਵਿਰੋਧ ਉਸ ਪ੍ਰਦਰਸ਼ਨ ਦਾ ਮੂਲ ਮੁੱਦਾ ਨਹੀਂ ਸੀ। ਵਿਦਿਆਰਥੀਆਂ ਦੇ ਮੁੱਖ ਮੁੱਦੇ ਤਾਂ ਇਹ ਸਨ ਕਿ ਪੜ੍ਹਾਈ ਦੇ ਕੋਰਸ ਕਿਸ ਤਰ੍ਹਾਂ ਉਲੀਕੇ ਜਾਣ; ਵਿਦਿਆਰਥੀਆਂ ਤੇ ਅਧਿਆਪਕਾਂ ਦਾ ਰਿਸ਼ਤਾ ਕੀ ਹੋਵੇ; ਨੌਜਵਾਨਾਂ ਅੰਦਰ ਸਮਾਜਕ ਜ਼ਿੰਮੇਵਾਰੀ ਤੇ ਸੋਝੀ ਦਾ ਸੰਚਾਰ ਕਿਵੇਂ ਕੀਤਾ ਜਾਵੇ; ਇਮਤਿਹਾਨ ਕਿਵੇਂ ਲਏ ਜਾਣ ਅਤੇ ਵਿਦਿਆਰਥੀ ਸੰਗਠਨਾਂ ਵਿਚ ਵਿਦਿਆਰਥੀਆਂ ਦੇ ਨਾਲ-ਨਾਲ ਵਿਦਿਆਰਥਣਾਂ ਦੀ ਅਸਰਦਾਇਕ ਸ਼ਮੂਲੀਅਤ ਕਿੰਝ ਯਕੀਨੀ ਬਣਾਈ ਜਾਵੇ?

ਪ੍ਰੋ. ਲੀ ਨੇ ਦੱਸਿਆ ਕਿ 1968 ਦੇ ਸਮਿਆਂ ਦੀ ਗੱਲ ਕਰਦਿਆਂ ਬਹੁਤੇ ਲੋਕ ਚੀਨ ਦੇ ਸਭਿਆਚਾਰਕ ਇਨਕਲਾਬ ਜਾਂ 1968 ਦੇ ਫਰਾਂਸ ਦੇ ਇਨਕਲਾਬ ਦੀ ਗੱਲ ਕਰ ਕੇ ਹੀ ਕਹਾਣੀ ਮੁਕਾ ਦਿੰਦੇ ਹਨ। ਜਪਾਨ ਦੀ ਵੀ ਗੱਲ ਛੱਡੋ, ਉਨ੍ਹੀਂ ਦਿਨੀਂ ਖੱਬੇ ਪੱਖੀ ਵਿਦਿਆਰਥੀਆਂ ਦੇ ਉਭਾਰ ਦਾ ਸਭ ਤੋਂ ਵੱਡਾ ਗੜ੍ਹ ਤਾਂ ਲਾਤੀਨੀ ਅਮਰੀਕਾ ਵਿਚ ਚੀ ਗੁਵੇਰਾ ਜਾਂ ਬੋਲੀਵੀਆ ਨਹੀਂ, ਬਲਕਿ ਬਰਾਜ਼ੀਲ ਸੀ। ਬਰਾਜ਼ੀਲ ਵਿਚ ਸਾਲ 1964 ਵਿਚ ਬੜੀ ਹੀ ਜ਼ਾਲਮ ਕਿਸਮ ਦੀ ਫੌਜੀ ਤਾਨਾਸ਼ਾਹੀ ਸਥਾਪਤ ਹੋ ਗਈ ਸੀ ਅਤੇ ਖੱਬੇ ਪੱਖੀ ਲਹਿਰ ਦੇ ਅਨੇਕਾਂ ਧੜਿਆਂ ਵਿਚ ਖਿੰਡੀ ਹੋਣ ਦੇ ਬਾਵਜੂਦ ਵਿਦਿਆਰਥੀਆਂ ਨੇ ਦੇਸ਼ ਦੇ ਸਭ ਤੋਂ ਵੱਡੇ ਪ੍ਰਾਂਤ ਸਾਓ ਪਾਅਲੋ ਵਿਚ ਪੂਰੇ 5 ਸਾਲ ਖੁਦ-ਬਖੁਧ ਹੀ ਫੌਜੀ ਤਾਨਾਸ਼ਾਹੀ ਵਿਰੁਧ ਖੰਡਾ ਖੜ੍ਹਾ ਕਰੀ ਰੱਖਿਆ ਸੀ। ਸਾਓ ਪਾਅਲੋ ਯੂਨੀਵਰਸਿਟੀ ਅੰਦਰ ਫਿਲਾਸਫੀ ਦੀ ਫੈਕਲਟੀ ਇਨਕਲਾਬੀ ਵਿਦਿਆਰਥੀਆਂ ਦਾ ਗੜ੍ਹ ਸੀ। ਉਥੇ ਦਿਨ ਰਾਤ ਮਾਰਕਸ ਦੀ 'ਪੂੰਜੀ'; ਰੈਗਿਸ ਡੈਬਰੇ ਦੀ 'ਇਨਕਲਾਬ ਅੰਦਰ ਇਨਕਲਾਬ' ਅਤੇ ਹੋਰ ਅਨੇਕਾਂ ਹੀ ਵਰਜਿਤ ਪੁਸਤਕਾਂ ਅਤੇ ਵਿਚਾਰਾਂ ਤੇ ਬਹਿਸਾਂ ਅਤੇ ਗੋਸ਼ਟੀਆਂ ਹੁੰਦੀਆਂ ਰਹੀਆਂ ਸਨ। 1968 ਦਾ ਪੂਰਾ ਸਾਲ ਫੌਜੀ ਹਾਕਮਾਂ ਦੀ ਫੈਕਲਟੀ ਵਿਚ ਪੈਰ ਪਾਉਣ ਦੀ ਹਿੰਮਤ ਨਹੀਂ ਪਈ ਸੀ।

ਪ੍ਰੋ. ਲੀ ਦੱਸਦੇ ਹਨ ਕਿ ਉਨ੍ਹਾਂ ਦੀ, ਲਾਲੀ ਬਾਬੇ ਦੀ ਅਤੇ ਇੰਦਰਜੀਤ ਬਿੱਟੂ ਸਮੇਤ ਉਨ੍ਹਾਂ ਦੇ ਉਨ੍ਹਾਂ ਸਮਿਆਂ ਦੇ ਸਾਰੇ ਮੁੱਖ ਸਾਥੀ ਪੈਰਿਸ ਦੀਆਂ ਘਟਨਾਵਾਂ ਦੇ ਨਾਲ ਨਾਲ ਹੀ ਬਰਾਜ਼ੀਲ ਦੀ ਉਸ ਫਿਲਾਸਫੀ ਦੀ ਫੈਕਲਟੀ ਦੀਆਂ ਗਤੀਵਿਧੀਆਂ ਤੋਂ ਵੀ ਪੂਰੀ ਤਰ੍ਹਾਂ ਬਾਖਬਰ ਸਨ ਅਤੇ ਬਿੱਟੂ ਤੇ ਉਸ ਦੇ ਸਾਥੀਆਂ ਨੇ ਯੂਨੀਵਰਸਿਟੀ ਕੈਂਪਸ ਵਿਚ ਉਸ ਕਿਸਮ ਦਾ ਮਾਹੌਲ ਸਿਰਜਣ ਲਈ ਆਪਣੀ ਸਮਰੱਥਾ ਅਨੁਸਾਰ ਕੋਸ਼ਿਸ਼ਾਂ ਵੀ ਪੂਰੀਆਂ ਕੀਤੀਆਂ ਸਨ।

---

## ਪਾਠਕਾਂ ਦਾ ਪੰਨਾ

# ਗੁਰਦਿਆਲ ਬੱਲ ਦਾ ਬਿਰਤਾਂਤ

ਇਸ ਵਿਚ ਤਾਂ ਕੋਈ ਸ਼ੱਕ ਨਹੀਂ ਕਿ 20ਵੀਂ ਸਦੀ ਦੇ 60ਵਿਆਂ ਅਤੇ 70ਵਿਆਂ ਦਹਾਕਿਆਂ ਦਾ ਸਮਾਂ ਪੰਜਾਬ ਦੀ ਖੱਬੀ ਸਿਆਸਤ 'ਚ ਬੜੀਆਂ ਤਬਦੀਲੀਆਂ ਤੇ ਘਟਾਨਾਵਾਂ ਭਰਪੂਰ ਸਮਾਂ ਸੀ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਖੱਬੀ ਸਿਆਸਤ ਦੇ ਇਸ ਇਤਿਹਾਸ ਦਾ ਕਾਫ਼ੀ ਹਿੱਸਾ ਗੁਰਦਿਆਲ ਬੱਲ ਨੇ ਆਪਣੇ ਚੇਤਿਆਂ 'ਚ ਸਾਂਭ ਰੱਖਿਆ ਹੈ ਤੇ ਬਾਕੀ ਬਚਦਾ ਹਿੱਸਾ ਉਸ ਦੀ ਲਾਇਬਰੇਰੀ ਦੀਆਂ ਸੈਲਫਾਂ ਤੋਂ ਮਿਲ ਸਕਦਾ ਹੈ। ਉਸ ਨੇ ਕਈ ਵਾਰ ਪੜ੍ਹਨ-ਲਿਖਣ ਵਾਲੇ ਆਪਣੇ ਮਿੱਤਰਾਂ ਨੂੰ ਕਿਹਾ ਹੈ ਕਿ ਉਹ ਇਸ ਦੌਰ ਬਾਰੇ ਲਿਖਣ ਦੀ ਵਿਉਂਤ ਬਣਾਉਣ। ਨਾਲ ਉਹ ਇਹ ਵੀ ਵਾਅਦਾ ਕਰ ਲੈਂਦਾ ਹੈ ਕਿ ਇਸ ਹਵਾਲੇ ਨਾਲ ਉਸ ਦੌਰ ਦੀਆਂ ਸਭ ਘਟਨਾਵਾਂ, ਅੰਕੜੇ ਤੇ ਕਿਰਦਾਰਾਂ ਦਾ ਤਫ਼ਸੀਲੀ ਵੇਰਵਾ ਉਹ ਖੁਦ ਮੁਹੱਈਆ ਕਰਵਾਏਗਾ, ਪਰ ਜਿਸ ਨੂੰ ਵੀ ਉਸ ਨੇ ਇਹ ਕੰਮ ਸੌਂਪਣ ਦੀ ਕੋਸ਼ਿਸ਼ ਕੀਤੀ, ਉਸ ਨੇ ਅੱਗਿਓਂ ਇਹੋ ਕਿਹਾ, "ਬੱਲ, ਇਸ ਵਿਸ਼ੇ 'ਤੇ ਤੇਰੇ ਨਾਲੋਂ ਵਧੀਆ ਹੋਰ ਕੌਣ ਲਿਖ ਸਕਦਾ ਹੈ!" ਪਰ ਬੱਲ ਆਪ ਲਿਖਣ ਦੀ ਗੱਲ ਟਾਲਦਾ ਰਿਹਾ। ਬੜੀ ਚੰਗੀ ਗੱਲ ਹੋਈ ਹੈ ਕਿ ਬੱਲ ਨੇ ਪੰਜਾਬ ਦੇ ਨਕਸਲਬਾੜੀ ਦੌਰ ਅਤੇ ਉਸ ਨਾਲ ਸਬੰਧਤ ਮੁੱਖ ਜਥੇਬੰਦੀ ਪੀ.ਐਸ.ਯੂ. ਬਾਰੇ 'ਪੰਜਾਬ ਟਾਈਮਜ਼' ਵਿਚ ਲੜੀਵਾਰ ਲਿਖਣਾ ਸ਼ੁਰੂ ਕਰ ਦਿੱਤਾ ਹੈ। ਉਸ ਨੂੰ ਗੁਜ਼ਾਰਿਸ਼ ਹੈ ਕਿ ਉਸ ਨੇ ਜਿਵੇਂ ਤਫ਼ਸੀਲ ਨਾਲ ਸ਼ਮਸ਼ੇਰ ਸਿੰਘ ਸ਼ੇਰੀ ਬਾਰੇ ਲਿਖਿਆ ਹੈ, ਉਸੇ ਤਰ੍ਹਾਂ ਉਹ ਉਸ ਦੌਰ ਦੇ ਹੋਰ ਅਹਿਮ ਕਿਰਦਾਰਾਂ ਬਾਰੇ ਵੀ ਲਿਖੇ। ਸ਼ੇਰੀ ਦੀ ਮੌਤ ਬਾਰੇ ਸੁਣ ਕੇ ਦੁੱਖ ਹੋਇਆ, ਪਰ ਇਹ ਨਹੀਂ ਪਤਾ ਲੱਗਾ ਕਿ ਉਸ ਦੀ ਮੌਤ ਕਿਵੇਂ ਹੋਈ? ਸਾਡੇ ਲੋਕਾਂ ਲਈ ਇਹ ਵੀ ਨਵੀਂ ਅਤੇ ਖੁਸ਼ੀ ਵਾਲੀ ਗੱਲ ਹੈ ਕਿ ਉਹ ਆਪਣੇ ਆਖਰੀ ਸਾਲਾਂ 'ਚ ਭਾਰਤ ਸਰਕਾਰ ਲਈ ਸਭ ਤੋਂ ਵੱਧ ਸਿਰਦਰਦੀ ਬਣੀ ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ) ਦਾ ਪੋਲਿਟ ਬਿਊਰੋ ਮੈਂਬਰ ਸੀ।

ਸ਼ੇਰੀ ਬਾਰੇ ਮੈਨੂੰ ਇਕ ਗੱਲ ਅੱਜ ਵੀ ਯਾਦ ਹੈ। ਉਹ ਪੰਜਾਬ ਦੇ ਇਕ ਸ਼ਹਿਰ 'ਚ ਪੀ.ਐਸ.ਯੂ. ਦੇ ਆਪਣੇ ਇਕ ਪੁਰਾਣੇ ਸਾਥੀ ਕੋਲ ਬੈਠਾ ਸੀ ਜੋ ਚੰਗਾ ਕਾਰੋਬਾਰੀ ਬਣ ਗਿਆ ਸੀ। ਉਹ ਸ਼ੇਰੀ ਨੂੰ ਆਪਣੀ ਕਾਰ 'ਤੇ ਕਿਧਰੇ ਛੱਡ ਕੇ ਆਉਣ ਲਈ ਉਠਿਆ ਤਾਂ ਉਸ ਕਿਹਾ, "ਕਾਮਰੇਡ, ਤੈਨੂੰ ਮਿਲ ਕੇ ਤੇ ਤੇਰੇ ਕਿਸੇ ਕੰਮ ਆ ਕੇ ਮੈਨੂੰ ਆਪਣੇ ਕਾਰੋਬਾਰ ਦੀ ਕਾਮਯਾਬੀ ਨਾਲੋਂ ਵੀ ਵੱਧ ਖ਼ੁਸ਼ੀ ਹੁੰਦੀ ਹੈ, ਪਰ ਜਦੋਂ ਵੀ ਤੂੰ ਇਸ ਸ਼ਹਿਰ 'ਚ ਆਉਂਦਾ ਏਂ ਤਾਂ ਮੈਨੂੰ ਤੇਰੀ ਗ੍ਰਿਫ਼ਤਾਰੀ ਦਾ ਵੱਧ ਫਿਕਰ ਰਹਿੰਦਾ ਹੈ ਕਿਉਂਕਿ ਇਥੇ ਤੈਨੂੰ ਬਹੁਤੇ ਲੋਕ ਜਾਣਦੇ ਹਨ ਤੇ ਤੇਰੀ ਪਛਾਣ ਕਰਨੀ ਵੀ ਕੋਈ ਔਖੀ ਨਹੀਂ (ਸ਼ੇਰੀ ਜ਼ਰਾ ਲੰਗੜਾ ਕੇ ਤੁਰਦਾ ਸੀ)।

ਗੱਲ ਸੁਣ ਕੇ ਸ਼ੇਰੀ ਮੁਸਕਰਾਇਆ ਤੇ ਕਹਿਣ ਲੱਗਾ, "ਤੂੰ ਜੇ ਇਸ ਕਿਸਮ ਦੀ ਖ਼ੁਸ਼ੀ ਤੇ ਫਿਕਰ ਨੂੰ ਬਰਕਰਾਰ ਰੱਖ ਸਕਿਆ ਤਾਂ ਪੰਜਾਬ ਵਿਚ ਤੇਰੇ ਵਰਗਾ ਕਾਮਰੇਡ ਕਾਰੋਬਾਰੀ ਲੱਭਣਾ ਮੁਸ਼ਕਿਲ ਹੋਵੇਗਾ।"

***-ਸ਼ੈਰੀ ਸੰਧੂ***

---

### ਸੱਚੋ ਸੱਚ

ਸੁਣ ਵੇ ਮੇਰੇ ਜੀਵੜਿਆ
ਪੈਣ ਸਾਹਾਂ ਦੇ ਮੁੱਲ।
ਜੋ ਬਚਿਆ ਸੋ ਸਾਂਭ ਲੈ
ਗਠਰੀ ਜਾਏ ਨਾ ਖੁੱਲ੍ਹ।

ਸ਼ਾਮ ਦਾ ਹੋਇਆ ਘੁਸਮੁਸਾ
ਨਾ ਚਾਨਣ, ਨਾ ਧੁੱਪ।
ਪੰਛੀ ਘਰ ਨੂੰ ਉਡ ਪਏ
ਮਾਨਣ ਰਾਤ ਦਾ ਸੁੱਖ।

ਵਿਹੜੇ ਕਿੱਕਰ ਬੀਜਿਆ
ਕੀ ਕਿੱਕਰ ਦੀ ਛਾਂ।
ਥੱਲੇ ਪੀਹੜਾ ਡਾਹ ਲਿਆ।
ਇਹ ਕੋਈ ਸੁੱਖ ਦੀ ਥਾਂ।

ਸੱਤ ਸਮੁੰਦਰ ਪਾਰ ਤੂੰ
ਚੁਗਣ ਗਿਆ ਸੀ ਚੋਗ।
ਭੁੱਖ ਦੀ ਭੁੱਖ ਨਹੀਂ ਮਿਟਦੀ
ਭੁੱਖ ਵੀ ਬਣ ਗਈ ਰੋਗ।
ਗਗਨਾਂ ਵੱਲ ਤੇਰੀ ਨੀਝ ਹੈ
ਟੁਟਦਾ ਤਾਰਾ ਦੇਖ।
ਟੁੱਟ ਕੇ ਸਦਾ ਗਵਾਚਿਆ
ਇਹ ਤਾਰੇ ਦੇ ਲੇਖ।

ਹੱਥ ਵਿਚ ਫੜ ਕੇ ਕਲਮ ਤੂੰ
ਕੀ ਲਿਖਨਾ ਏਂ ਲੇਖ।
ਕੋਈ ਨਾ ਸੱਚ ਨੂੰ ਪੜ੍ਹੇਗਾ
ਚੁੱਪ ਤਮਾਸ਼ਾ ਦੇਖ।

## ਕਾਵਿ-ਜਗਤ

ਡੁਬਦਾ ਸੂਰਜ ਤੱਕ ਕੇ
ਮਨ ਕਿਉਂ ਹੋਵੇ ਉਦਾਸ।
ਕੱਲ ਵੀ ਸੂਰਜ ਚੜ੍ਹੇਗਾ
ਸਾਂਭ ਕੇ ਰੱਖ ਸਵਾਸ।

***-ਦਿਲਜੋਧ ਸਿੰਘ***

*diljodh@yahoo.com*

### ਸੁਨੇਹਾ

ਕੋਲੋਂ ਦੀ ਲੰਘਦੀ ਪੌਣ ਨੇ,
ਅੱਜ ਸਹਿਮ ਕੇ ਕਿਹਾ ਏ।
ਜ਼ੋਰਾ ਸੋਚ ਤੇਰੇ ਦੇਸ਼ ਵਿਚ,
ਕੀ ਕੁਝ ਹੋ ਰਿਹਾ ਏ।
ਬਣ ਕੇ ਦਰਿੰਦਾ ਆਦਮੀ,
ਕਿਉਂ ਕਹਿਰ ਢਾਹ ਰਿਹਾ ਏ।
ਕੰਜਕਾਂ ਦੇ ਮਾਸ ਨੋਚ ਕੇ,
ਹਵਸ ਮਿਟਾ ਰਿਹਾ ਏ।
ਚੀਰ ਹਰਨ ਹਰ ਥਾਂ,
ਹੁਣ ਆਮ ਹੋ ਗਿਆ ਏ।
ਮਾਂ ਹੈ ਭਰਦੀ ਸਿਸਕੀਆਂ
ਬਾਪੂ ਕਰਾਹ ਰਿਹਾ ਏ।
ਦਿੱਲੀ ਨਾ ਆ ਕੇ ਉਤਰੀਂ,
ਤੇਰੀ ਮਾਂ ਨੇ ਕਿਹਾ ਏ।
ਨਾਰੀਤਵ ਤੇਰੇ ਦੇਸ਼ ਵਿਚ,
ਮਹਿਫੂਜ਼ ਨਾ ਰਿਹਾ ਏ।

***-ਨੀਲਮ ਸੈਣੀ***

# ਆਫੀਆ ਸਦੀਕੀ ਦਾ ਜਹਾਦ

ਕਿਸ਼ਤ ਚੌਧਵੀਂ



1972 ਵਿਚ ਪਾਕਿਸਤਾਨ 'ਚ ਜਨਮੀ ਆਫੀਆ ਸਦੀਕੀ ਦੀ ਕਹਾਣੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਅਮਰੀਕਾ ਵਿਚ ਪੜ੍ਹੀ ਇਹ ਹੋਣਕਾਰ ਕੁੜੀ ਪਹਿਲਾਂ ਡਾਕਟਰ, ਤੇ ਫਿਰ ਜਹਾਦੀ ਬਣੀ। ਇਹ ਕਹਾਣੀ ਅਸਲ ਵਿਚ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ ਪਰ ਕਿਸੇ ਤਣ-ਪੱਤਣ ਨਾ ਲੱਗ ਸਕੇ।

## ਤੁਸੀਂ ਪੜ੍ਹ ਚੁੱਕੇ ਹੋ...

*ਪਾਕਿਸਤਾਨ 'ਚ ਆਫੀਆ ਦੀ ਮਾਂ ਇਸਮਤ ਜਹਾਨ, ਮਜ਼ਹਬੀ ਤਾਲੀਮ ਦੇ ਖੇਤਰ ਦੀ ਉਘੀ ਸ਼ਖਸੀਅਤ ਸੀ ਤੇ ਇਸ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਗੂੜ੍ਹਾ ਰੰਗ ਚੜ੍ਹਿਆ। ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਆਫੀਆ ਦੇ ਪਰਿਵਾਰ ਦਾ 'ਜਹਾਦੀ' ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਫਿਰ ਉਹ ਪੜ੍ਹਾਈ ਲਈ ਆਪਣੇ ਭਰਾ ਮੁਹੰਮਦ ਅਲੀ ਕੋਲ ਅਮਰੀਕਾ ਪੁੱਜ ਗਈ। ਅਲੀ ਕੋਲ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ। ਉਸ ਦੀ ਹਰ ਗੱਲ ਮਜ਼ਹਬ ਦੇ ਪ੍ਰਸੰਗ ਵਿਚ ਹੁੰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਬਿਹਤਰ ਮਜ਼ਹਬ ਜਾਪਦਾ। ਇਸੇ ਜੋਸ਼ ਵਿਚ ਉਹ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੀ ਕਿ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਹੋਵੇ। ਉਹ ਬੋਸਟਨ ਦੀ ਪ੍ਰਸਿੱਧ ਸੰਸਥਾ ਮੈਸਾਚੂਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ ਵਿਚ ਦਾਖਲ ਹੋਈ ਤਾਂ ਆਪਣੀ ਲਿਆਕਤ ਕਰ ਕੇ ਛੇਤੀ ਹੀ ਮਕਬੂਲ ਹੋ ਗਈ। ਉਥੇ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋਇਆ ਤੇ ਫਿਰ ਜਹਾਦੀਆਂ ਨਾਲ। ਜਹਾਦੀਆਂ ਦਾ ਨਾਅਰਾ ਕਾਫਰ ਮਾਰਨ ਦਾ ਸੀ। 1993 ਦੀਆਂ ਛੁੱਟੀਆਂ ਵਿਚ ਆਫੀਆ ਪਾਕਿਸਤਾਨ ਗਈ ਅਤੇ ਤਕਰੀਰਾਂ ਕੀਤੀਆਂ। ਵਾਪਸੀ ਵੇਲੇ ਉਹ ਅਤਿਅੰਤ ਉਤਸ਼ਾਹ ਨਾਲ ਭਰੀ ਪਈ ਸੀ। ਉਹ ਜਹਾਦ ਨਾਲ ਹੋਰ ਡੂੰਘਾ ਜੁੜ ਗਈ। ਘਰਵਾਲਿਆਂ ਦੇ ਜ਼ੋਰ ਪਾਉਣ 'ਤੇ ਉਸ ਦਾ ਨਿਕਾਹ ਅਹਿਮਦ ਮੁਹੰਮਦ ਖਾਨ ਨਾਲ ਪੜ੍ਹਿਆ ਗਿਆ। ਉਹ ਵੀ ਉਸ ਕੋਲ ਅਮਰੀਕਾ ਪੁੱਜ ਗਿਆ। ਫਿਰ 9/11 ਵਾਲਾ ਭਾਣਾ ਵਰਤ ਗਿਆ। ਆਫੀਆ ਪਾਕਿਸਤਾਨ ਪਰਤ ਗਈ ਅਤੇ ਅਮਜਦ ਨੂੰ ਵੀ ਸੱਦ ਲਿਆ। ਜਹਾਦ ਬਾਰੇ ਦੋਹਾਂ ਵਿਚਕਾਰ ਪਾੜਾ ਲਗਾਤਾਰ ਵਧਣ ਲੱਗ ਪਿਆ ਤੇ ਆਖਰਕਾਰ ਦੋਵੇਂ ਵੱਖ ਹੋ ਗਏ। ਅਮਜਦ ਖਾਨ ਨੇ ਕਿਸੇ ਹੋਰ ਕੁੜੀ ਨਾਲ ਨਿਕਾਹ ਕਰਵਾ ਲਿਆ।...ਹੁਣ ਅੱਗੇ ਪੜ੍ਹੋ...*

ਬਚਪਨ ਤੋਂ ਲੈ ਕੇ ਅੱਜ ਤੱਕ ਆਫੀਆ ਨੇ ਬੜੀਆਂ ਮੱਲਾਂ ਮਾਰੀਆਂ ਸਨ। ਕੀ ਪੜ੍ਹਾਈ ਦਾ ਖੇਤਰ, ਕੀ ਮਜ਼ਬ ਜਾਂ ਫਿਰ ਸਮਾਜ ਸੇਵਾ ਦਾ ਖੇਤਰ, ਆਫੀਆ ਨੇ ਹਰ ਪਾਸੇ ਆਪਣਾ ਲੋਹਾ ਮੰਨਵਾਇਆ ਸੀ। ਸਭ ਨੂੰ ਪਤਾ ਸੀ ਕਿ ਆਫੀਆ ਇੱਕ ਬਹੁਤ ਹੀ ਬੁੱਧੀਮਾਨ ਸ਼ਖਸੀਅਤ ਹੈ। ਪਰ ਇਸ ਸਭ ਦੇ ਬਾਵਜੂਦ ਅੱਜ ਉਹ 31 ਸਾਲ ਦੀ ਉਮਰ 'ਚ ਇਕੱਲੀ ਰਹਿ ਗਈ ਸੀ। ਗੁੰਮਨਾਮੀ ਦੀ ਜ਼ਿੰਦਗੀ ਉਸ ਦੇ ਸਾਹਮਣੇ ਖੜ੍ਹੀ ਸੀ। ਉਸ 'ਤੇ ਤਲਾਕਸ਼ੁਦਾ ਦਾ ਧੱਬਾ ਲੱਗ ਚੁਕਾ ਸੀ, ਜਿਸ ਦੀ ਕਿ ਪਾਕਿਸਤਾਨੀ ਸਮਾਜ ਵਿਚ ਕੋਈ ਪੁੱਛ ਪ੍ਰਤੀਤ ਨਹੀਂ। ਤਲਾਕ ਮਗਰੋਂ ਕਈ ਹਫਤੇ ਤੱਕ ਉਹ ਬਹੁਤ ਹੀ ਮਾਨਸਿਕ



**ਹਰਮਹਿੰਦਰ ਚਹਿਲ**
ਫੋਨ: 703-362-3239
e-mail: chahals57@yahoo.com

ਤਣਾਉ 'ਚੋਂ ਗੁਜ਼ਰੀ। ਫਿਰ ਹੌਲੀ ਹੌਲੀ ਸੰਭਲਣ ਲੱਗੀ। ਇੱਕ ਸਵੇਰ ਉਹ ਪੰਛੀਆਂ ਨੂੰ ਦਾਣੇ ਪਾ ਰਹੀ ਸੀ ਕਿ ਉਸ ਦੀ ਮਾਂ ਨੇ ਦੂਰੋਂ ਆਵਾਜ਼ ਮਾਰੀ, "ਆਫੀਆ ਤੇਰਾ ਫੋਨ ਐਂ।"

"ਕੌਣ ਐਂ ਫੋਨ 'ਤੇ ਅੰਮੀ?"

"ਵਕੀਲ ਐ।"

"ਕੀ ਕਹਿੰਦਾ ਐ?"

"ਆਪੇ ਗੱਲ ਕਰਕੇ ਪੁੱਛ ਲੈ।"

"ਜੀ ਅੰਮੀ।" ਆਫੀਆ ਨੇ ਦਾਣਿਆਂ ਵਾਲਾ ਛਿੱਕੂ ਪਾਸੇ ਰੱਖ ਦਿੱਤਾ ਤੇ ਫੋਨ ਚੁੱਕ ਲਿਆ। ਦੂਸਰੇ ਪਾਸਿਉਂ ਆਵਾਜ਼ ਆਈ, "ਜੀ ਮੈਂ ਮੋਹਤਰਮਾ ਆਫੀਆ ਜੀ ਨਾਲ ਗੱਲ ਕਰਨੀ ਐਂ।"

"ਮੈਂ ਆਫੀਆ ਈ ਬੋਲ ਰਹੀ ਆਂ। ਆਪ ਕੌਣ ਸਾਹਿਬ?"

"ਜੀ ਮੈਂ ਜਨਾਬ ਅਮਜਦ ਹੋਰਾਂ ਦਾ ਵਕੀਲ ਆਂ।"

"ਦੱਸੋ ਕਿਵੇਂ ਯਾਦ ਫੁਰਮਾਇਆ?" ਆਫੀਆ ਜ਼ਰਾ ਵਿਅੰਗ 'ਚ ਬੋਲੀ।

"ਜੀ ਅਮਜਦ ਸਾਹਿਬ ਪੁੱਛ ਰਹੇ ਸਨ ਕਿ ਜੋ ਚੈਕ ਉਨ੍ਹਾਂ ਬੱਚਿਆਂ ਲਈ ਭੇਜਿਆ ਸੀ ਕੀ ਉਹ ਕੈਸ਼ ਹੋ ਚੁਕਾ ਐ?"

"ਹਾਂ ਹੋ ਚੁਕਾ ਐ ਕੈਸ਼।"

"ਜੀ ਉਹ ਬੱਚਿਆਂ ਨੂੰ ਮਿਲਣ ਲਈ ਇਜਾਜ਼ਤ ਮੰਗ ਰਹੇ ਸਨ।" ਵਕੀਲ ਝਿਜਕਦਾ ਜਿਹਾ ਬੋਲਿਆ। ਉਹ ਆਫੀਆ ਦੇ ਖਰਵੇ ਸੁਭਾਅ ਤੋਂ ਜਾਣੂੰ ਸੀ।

"ਹੂੰ....।" ਆਫੀਆ ਉਸ ਦੀ ਗੱਲ ਦਾ ਹੁੰਗਾਰਾ ਭਰਦੀ ਮਨ 'ਚ ਸੋਚਣ ਲੱਗੀ, 'ਕੀ ਏਸ ਤੜਪ ਨੂੰ ਸਹਿਣ ਦਾ ਠੇਕਾ ਇਕੱਲੀ ਆਫੀਆ ਨੇ ਈ ਚੁਕਿਆ ਹੋਇਐ। ਅਮਜਦ ਸਾਹਿਬ ਨੂੰ ਵੀ ਇਸ 'ਚ ਸ਼ਰੀਕ ਹੋਣਾ ਚਾਹੀਦਾ ਐ। ਜ਼ਰਾ ਉਸ ਨੂੰ ਵੀ ਪਤਾ ਲੱਗੇ ਕਿ ਤੜਪ ਕੀ ਹੁੰਦੀ ਐ ਤੇ ਇਹ ਤੰਗ ਕਿਵੇਂ ਕਰਦੀ ਐ।' ਉਧਰੋਂ ਵਕੀਲ ਕੁਝ ਬੋਲਿਆ ਤਾਂ ਆਫੀਆ ਖਿਆਲਾਂ 'ਚੋਂ ਨਿਕਲਦੀ ਹੋਈ ਬੋਲੀ, "ਜੀ ਤੁਹਾਡੇ ਅਮਜਦ ਸਾਹਿਬ ਨੂੰ ਕਹਿ ਦਿਉ ਕਿ ਆਫੀਆ ਅਤੇ ਉਸ ਦੇ ਬੱਚੇ ਇਸ ਪਤੇ 'ਤੇ ਨ੍ਹੀਂ ਰਹਿੰਦੇ।"

"ਮੋਹਤਰਮਾ, ਬੱਚਿਆਂ ਨੂੰ ਮਿਲਣ ਦਾ ਅਧਿਕਾਰ ਮੇਰੇ ਸਾਇਲ ਨੂੰ ਕੋਰਟ ਦਿੰਦੀ ਐ। ਤੁਸੀਂ ਪਲੀਜ਼ ਇੰਜ ਨਾ ਕਰੋ ਮੇਰੀ ਗੱਲ....।"

ਆਫੀਆ ਨੇ ਉਸ ਦੀ ਗੱਲ ਵਿਚਕਾਰ ਹੀ ਟੋਕ ਦਿੱਤੀ ਤੇ ਜ਼ਰਾ ਖਰਵੀ ਆਵਾਜ਼ 'ਚ ਬੋਲੀ, "ਜੋ ਕੁਛ ਮੇਰੇ ਨਾਲ ਹੋ ਚੁਕਿਐ ਤੁਹਾਡੀ ਕੋਰਟ ਮੇਰਾ ਇਸ ਤੋਂ ਬੁਰਾ ਕੀ ਕਰ ਦਊਗੀ। ਜਾਉ, ਮੈਂ ਨ੍ਹੀਂ ਕਿਸੇ ਨੂੰ ਮੇਰੇ ਬੱਚਿਆਂ ਦੇ ਨੇੜੇ ਲੱਗਣ ਦਿੰਦੀ।" ਇੰਨਾ ਕਹਿ ਕੇ ਆਫੀਆ ਨੇ ਫੋਨ ਸੋਫੇ 'ਤੇ ਚਲਾ ਮਾਰਿਆ। ਉਸ ਦੀ ਮਾਂ ਕੋਲ ਖੜ੍ਹੀ ਸਭ ਸੁਣ ਹੀ ਰਹੀ ਸੀ। ਉਹ ਗੁੱਸੇ 'ਚ ਬੋਲੀ, "ਕੱਖ ਨਾ ਰਹੇ ਇਸ ਨਾਈਮ ਖਾਂ ਦੇ ਪੁੱਤਰ ਦਾ। ਮੇਰੀ ਧੀ ਦਾ ਬੇੜਾ ਡੋਬ ਦਿੱਤਾ ਉਸ ਨੇ। ਅੱਲਾ ਕਰੇ ਉਸ ਦੇ ਕੀੜੇ...।" ਇਸਮਤ ਦੀ ਗੱਲ ਵਿਚਕਾਰ ਹੀ ਸੀ ਕਿ ਆਫੀਆ ਜ਼ੋਰ ਦੀ ਚਿਲਾਈ, "ਅੰਮੀ! ਤੈਨੂੰ ਕਿੰਨੇ ਵਾਰੀ ਕਿਹਾ ਐ ਕਿ ਤੂੰ ਉਸ ਬਾਰੇ ਮਾੜੇ ਲਫਜ਼ ਨਾ ਬੋਲਿਆ ਕਰ।"

"ਤੈਨੂੰ ਉਸ ਨੇ ਕਿਸੇ ਪਾਸੇ ਦੀ ਨ੍ਹੀਂ ਛੱਡਿਆ ਤੇ ਤੂੰ ਅਜੇ ਵੀ ਉਸ ਦਾ ਪੱਖ ਪੂਰਦੀ ਐਂ?"

"ਉਹ ਸਾਡਾ ਆਪਸ ਦਾ ਮਾਮਲਾ ਐ। ਪਰ ਕਿਸੇ ਨੂੰ ਕੋਈ ਅਧਿਕਾਰ ਨ੍ਹੀਂ ਕਿ ਅਮਜਦ ਬਾਰੇ ਬੁਰੇ ਲਫਜ਼ ਬੋਲੇ।"

ਆਫੀਆ ਪੈਰ ਪਟਕਦੀ ਅੰਦਰ ਚਲੀ ਗਈ ਤਾਂ ਇਸਮਤ ਮਨ ਈ ਮਨ 'ਚ ਬੋਲੀ, 'ਅਜ਼ੀਬ ਐ ਇਹ ਕੁੜੀ ਵੀ।'।

ਇਸ ਦੇ ਘੰਟਾ ਕੁ ਪਿੱਛੋਂ ਫਿਰ ਫੋਨ ਖੜਕਿਆ ਤਾਂ ਆਫੀਆ ਨੇ ਗੁੱਸੇ 'ਚ ਹੈਲੋ ਕਹੀ। ਪਰ ਛੇਤੀ ਹੀ ਠੰਡੀ ਪੈ ਗਈ। ਪਹਿਲਾਂ ਉਹ ਸਮਝੀ ਸੀ ਕਿ ਫੋਨ ਅਮਜਦ ਦੇ ਵਕੀਲ ਦਾ ਹੋਵੇਗਾ ਪਰ ਇਹ ਕੋਈ ਉਸ ਦੇ ਜਾਨਣ ਵਾਲਾ ਸੀ। ਫੋਨ ਬੰਦ ਕਰਦਿਆਂ ਉਹ ਆਪਣਾ ਮਿਜ਼ਾਜ਼ ਠੀਕ ਕਰਨ ਲੱਗੀ। ਥੋੜੀ ਦੇਰ ਪਿੱਛੋਂ ਉਸ ਨੇ ਤਲਖੀ ਹਟਾਉਂਦਿਆਂ ਮਾਂ ਨੂੰ ਬਾਜ਼ਾਰ ਜਾਣ ਲਈ ਮਨਾ



***ਮੁਫਤੀ ਅਬੂ ਲੁਬਾਬਾ ਸ਼ਾਹ ਜਿਸ ਨੇ ਆਫੀਆ ਨੂੰ ਬਾਇਲੋਜੀਕਲ ਹਥਿਆਰਾਂ ਬਾਰੇ ਕੰਮ ਕਰਨ ਦਾ ਫਤਵਾ ਜਾਰੀ ਕੀਤਾ।***

ਲਿਆ। ਮਾਂ ਧੀ ਤਿਆਰ ਹੋ ਕੇ ਬਾਜ਼ਾਰ ਚੱਲ ਪਈਆਂ। ਬਾਜ਼ਾਰ 'ਚ ਖਰੀਦੋ-ਫਰੋਖਤ ਕਰਦਿਆਂ ਆਫੀਆ ਮਾਂ ਨਾਲੋਂ ਵੱਖ ਹੋ ਗਈ। ਪੰਦਰਾਂ ਵੀਹ ਮਿੰਟਾਂ ਪਿੱਛੋਂ ਉਹ ਫਿਰ ਮਾਂ ਕੋਲ ਆ ਗਈ। ਇਸ ਵਿਚਕਾਰ ਉਹ ਇੱਕ ਰੈਸਟੋਰੈਂਟ 'ਚ ਬੈਠੇ ਸੁਲੇਮਾਨ ਐਹਮਰ ਕੋਲ ਗਈ ਸੀ। ਬੱਸ ਦੋ-ਚਾਰ ਗੱਲਾਂ ਕਰਕੇ ਹੀ ਉਹ ਮੁੜ ਆਈ। ਘਰ ਆ ਕੇ ਉਸ ਨੇ ਇਸਮਤ ਨੂੰ ਇਸ ਗੱਲ ਲਈ ਸਹਿਮਤ ਕਰ ਲਿਆ ਕਿ ਘਰ ਦਾ ਅੱਧਾ ਹਿੱਸਾ ਕਿਰਾਏ 'ਤੇ ਦੇ ਦਿੱਤਾ ਜਾਵੇ। ਇਸਮਤ ਨੇ ਵੀ ਸੋਚਿਆ ਕਿ ਇਸ ਨਾਲ ਆਮਦਨੀ ਵਿਚ ਮਦਦ ਮਿਲੇਗੀ। ਅਗਲੇ ਦਿਨ ਹੀ ਆਫੀਆ ਨੇ ਇਸ਼ਤਿਹਾਰ ਦੇ ਦਿੱਤਾ। ਫਿਰ ਘਰ ਕਿਰਾਏ 'ਤੇ ਲੈਣ ਵਾਲਿਆਂ ਦੇ ਫੋਨ ਆਉਣ ਲੱਗੇ। ਪਰ ਆਫੀਆ ਨੇ ਹਰ ਇੱਕ ਨੂੰ ਟਾਲ ਦਿੱਤਾ। ਉਸ ਨੇ ਉਸੇ ਪਰਿਵਾਰ ਨੂੰ ਘਰ ਕਿਰਾਏ 'ਤੇ ਦੇਣ ਲਈ ਹਾਂ ਕਹੀ ਜਿਸ ਲਈ ਸੁਲੇਮਾਨ ਐਹਮਰ ਨੇ ਕਿਹਾ ਸੀ। ਇਹ ਸੀ ਅਲ ਬਲੋਚੀ ਪਰਿਵਾਰ।

ਪਹਿਲਾਂ ਪਰਿਵਾਰ ਦੀਆਂ ਔਰਤਾਂ ਨੇ ਇੱਥੇ ਆ ਕੇ ਰਹਿਣਾ ਸ਼ੁਰੂ ਕੀਤਾ। ਇਸਮਤ ਨਾਲ ਉਨ੍ਹਾਂ ਬੜੇ ਚੰਗੇ ਸਬੰਧ ਰੱਖੇ। ਆਫੀਆ ਨਾਲ ਵੀ ਉਨ੍ਹਾਂ ਦੀ ਨੇੜਤਾ ਹੋ ਗਈ। ਇਹ ਨੇੜਤਾ ਛੇਤੀ ਹੀ ਗੂੜ੍ਹੀ ਦੋਸਤੀ ਵਿਚ ਬਦਲ ਗਈ। ਉਸ ਪਰਿਵਾਰ 'ਚ ਦੋ ਜੁਆਨ ਕੁੜੀਆਂ ਸਨ ਜਿਨ੍ਹਾਂ ਨਾਲ ਆਫੀਆ ਦੇ ਗੂਹੜੇ ਸਬੰਧ ਬਣ ਗਏ। ਉਹ ਉਨ੍ਹਾਂ ਦੇ ਨਾਲ ਬਾਹਰ ਅੰਦਰ ਵੀ ਜਾਣ ਆਉਣ ਲੱਗੀ। ਇਸ ਵਿਚਕਾਰ ਉਹ ਉਨ੍ਹਾਂ ਦੇ ਅਸਲੀ ਘਰ ਵੀ ਗਈ। ਉਥੇ ਹੀ ਉਨ੍ਹਾਂ ਕੁੜੀਆਂ ਨੇ ਆਫੀਆ ਨੂੰ ਆਪਣੇ ਭਰਾ, ਅਲੀ ਅਬਦੁਲ ਅਜੀਜ ਅਲੀ ਨਾਲ ਮਿਲਾਇਆ। ਉਸ ਨੂੰ ਸਾਰੇ ਸਿਰਫ ਅਲੀ ਕਹਿ ਕੇ ਹੀ ਬੁਲਾਉਂਦੇ ਸਨ ਜਿਹੜਾ ਕਿ ਪੰਝੀ ਕੁ ਸਾਲ ਦੀ ਉਮਰ ਦਾ ਸੀ। ਫਿਰ ਇਸ ਪਰਿਵਾਰ ਦੀਆਂ ਔਰਤਾਂ ਦਾ ਆਫੀਆ ਦੇ ਘਰ ਆਉਣਾ ਜਾਣਾ ਘਟਦਾ ਗਿਆ ਪਰ ਉਥੇ ਹਰ ਰੋਜ਼ ਨਵੇਂ ਹੀ ਲੋਕ ਆਉਣ ਲੱਗੇ। ਕੋਈ ਆਉਂਦਾ ਤੇ ਕੋਈ ਜਾਂਦਾ। ਹਰ ਰੋਜ਼ ਨਵੇਂ ਚਿਹਰੇ ਇਸਮਤ ਵੇਖਦੀ। ਪਰ ਉਸ ਨੂੰ ਇਸ ਨਾਲ ਮਤਲਬ ਨਹੀਂ ਸੀ। ਉਂਜ ਉਹ ਸੋਚਦੀ ਸੀ ਕਿ ਵੱਡਾ ਪਰਿਵਾਰ ਹੈ ਇਸ ਕਰਕੇ ਪਰਿਵਾਰਕ ਮੈਂਬਰ ਵੀ ਜ਼ਿਆਦਾ ਹਨ। ਉਸ ਨੂੰ ਦੱਸਿਆ ਵੀ ਗਿਆ ਸੀ ਕਿ ਇਹ ਵਪਾਰੀ ਪਰਿਵਾਰ ਹੈ ਜਿਸ ਦੇ ਲੋਕ ਆਉਂਦੇ ਜਾਂਦੇ ਰਹਿੰਦੇ ਹਨ। ਪਰ ਅਸਲ 'ਚ ਸੁਲੇਮਾਨ ਐਹਮਰ ਨੇ ਅਲ ਕਾਇਦਾ ਦੇ ਰੂਪੋਸ਼ ਮੈਂਬਰਾਂ ਨੂੰ ਲੁਕਾਉਣ ਲਈ ਘਰ ਨੂੰ ਕਿਰਾਏ 'ਤੇ ਦੇਣ ਵਾਲਾ ਇਹ ਪ੍ਰਬੰਧ ਕਰਵਾਇਆ ਸੀ। ਇੱਥੋਂ ਹੀ ਪਹਿਲੀ ਵਾਰ ਆਫੀਆ, ਅਲ ਬਲੋਚੀ ਪਰਿਵਾਰ ਦੇ ਸੰਪਰਕ ਵਿਚ ਆਈ ਸੀ। ਉਸ ਨੂੰ ਆਪਣੇ ਪਰਿਵਾਰ 'ਚ ਘੁਲ ਮਿਲ ਜਾਣ ਦਾ ਇੰਤਜ਼ਾਮ ਵੀ ਅਲ ਬਲੋਚੀ ਪਰਿਵਾਰ ਦੇ ਮੋਢੀ ਕੇ. ਐਸ. ਐਮ. ਨੇ ਕੀਤਾ ਸੀ। ਉਸ ਨੂੰ ਚੰਗੀ ਤਰ੍ਹਾਂ ਵੇਖਣ ਪਰਖਣ ਪਿੱਛੋਂ ਹੀ ਇੱਕ ਦਿਨ ਸੁਲੇਮਾਨ ਐਹਮਰ ਨੇ ਕੇ. ਐਸ. ਐਮ. ਨਾਲ ਗੱਲ ਛੇੜੀ, "ਕਿਵੇਂ ਲੱਗੀ ਤੁਹਾਨੂੰ ਇਹ ਕੁੜੀ?"

"ਇਹ ਪਤਾ ਤਾਂ ਉਦੋਂ ਹੀ ਲੱਗੂ ਜਦੋਂ ਇਹ ਕਿਸੇ ਕੰਮ ਨੂੰ ਅੰਜ਼ਾਮ ਦੇਊਗੀ।"

"ਇਹ ਗੱਲ ਤੁਹਾਡੀ ਠੀਕ ਐ। ਪਰ ਇਸ ਦੇ ਅੰਦਰ ਜ਼ਹਾਦ ਲਈ ਬੜੀ ਅੱਗ ਭਰੀ ਹੋਈ ਐ। ਉਂਜ ਵੀ ਬਹੁਤ ਬੁੱਧੀਮਾਨ ਐ। ਸਾਇੰਟਿਸਟ ਐ, ਦਿਮਾਗ ਦੀ ਬਹੁਤ ਹੀ ਤੇਜ਼ ਐ।"

"ਤੇਰਾ ਕੀ ਖਿਆਲ ਐ ਕਿ ਇਹ ਕੈਮੀਕਲ ਹਥਿਆਰ ਵਗੈਰਾ ਬਣਾਉਣ 'ਚ ਮਦਦ ਕਰ ਸਕਦੀ ਐ?"

"ਬਿਲਕੁਲ! ਅਜਿਹੇ ਕੰਮਾਂ ਦੀ ਤਾਂ ਇਹ ਮਾਹਰ ਐ। ਜ਼ਰਾ ਵਰਤ ਕੇ ਵੇਖੋ।"

"ਇਹ ਵੀ ਵੇਖ ਲੈਨੇ ਆਂ। ਪਰ ਇਸ ਵਿਚ ਇੱਕ ਹੋਰ ਬਹੁਤ ਵੱਡਾ ਗੁਣ ਐ।"

"ਉਹ ਕੀ?"

"ਇਹ ਅਮਰੀਕਣ ਰੈਜ਼ੀਡੈਂਟ ਐ। ਉਥੇ ਜਾਣ ਆਉਣ ਵਿਚ ਇਸ ਨੂੰ ਮੁਸ਼ਕਲ ਨ੍ਹੀਂ ਆਵੇਗੀ।"

"ਇਹ ਗੱਲ ਵੀ ਤੁਹਾਡੀ ਠੀਕ ਐ।"

"ਚੱਲ ਇੱਕ ਵਾਰ ਇਸ ਨੂੰ ਤੂੰ ਮੁਫਤੀ ਸਾਹਿਬ ਨੂੰ ਮਿਲਾ। ਉਹੀ ਇਸ ਨੂੰ ਇਸ ਦਾ ਅੱਗੇ ਦਾ ਕੰਮ ਦੱਸਣਗੇ।"

ਮੁਫਤੀ ਅਬੂ ਲੁਬਾਬਾ ਸ਼ਾਹ ਮਨਸੂਰ ਲੋਕਲ ਮਸਜਿਦ ਦਾ ਇਮਾਮ ਸੀ, ਜਿਹੜਾ ਅਲ ਰਸ਼ੀਦ ਟਰੱਸਟ ਦਾ ਡਿਪਟੀ ਡਾਇਰੈਕਟਰ ਵੀ ਸੀ। ਇਸ ਟਰੱਸਟ ਦਾ ਡਾਇਰੈਕਟਰ, ਖੁਦ ਰਸ਼ੀਦ ਮੁਹੰਮਦ ਸੀ। ਕਰਾਚੀ ਦੇ ਦਹਿਸ਼ਤਗਰਦਾਂ 'ਚ ਸਭ ਨੂੰ ਪਤਾ ਸੀ ਕਿ ਇਨ੍ਹਾਂ ਦੋਨਾਂ ਦੇ ਉਸਾਮਾ ਬਿਨ ਲਾਦਿਨ ਨਾਲ ਸਿੱਧੇ ਸਬੰਧ ਹਨ ਅਤੇ ਇਹ ਤਾਲਿਬਾਨ



***9/11 ਹਮਲਿਆਂ ਦਾ ਸੂਤਰਧਾਰ ਖਾਲਿਦ ਸ਼ੇਖ ਮੁਹੰਮਦ।***

ਲਈ ਪੈਸੇ ਦਾ ਪ੍ਰਬੰਧ ਵੱਡੇ ਪੱਧਰ 'ਤੇ ਕਰਦੇ ਹਨ। ਮੁਫਤੀ ਨੇ ਸੁਲੇਮਾਨ ਦੀ ਸਾਰੀ ਗੱਲ ਸੁਣਦਿਆਂ ਆਫੀਆ ਨੂੰ ਫਤਵਾ ਜਾਰੀ ਕਰਕੇ ਜਰਮ ਵਾਰਫੇਅਰ ਅਤੇ ਹੋਰ ਬਾਇਲੋਜੀਕਲ ਹਥਿਆਰਾਂ 'ਤੇ ਕੰਮ ਕਰਨ ਦਾ ਆਦੇਸ਼ ਦੇ ਦਿੱਤਾ, ਜਿਸ ਨੂੰ ਆਫੀਆ ਨੇ ਖੁਸ਼ੀ ਖੁਸ਼ੀ ਸਵੀਕਾਰ ਕਰ ਲਿਆ। ਇਸੇ ਵਿਚਕਾਰ ਉਸ ਦਾ ਅਲ ਬਲੋਚੀ ਪਰਿਵਾਰ ਵਿਚ ਆਉਣਾ ਜਾਣਾ ਹੋਰ ਵਧ ਗਿਆ।

ਅਲੀ ਆਪਣੇ ਮਾਮੇ ਕੇ. ਐਸ. ਐਮ. ਦਾ ਖਾਸ ਭਰੋਸੇਯੋਗ ਆਦਮੀ ਸੀ ਜੋ ਪੂਰਣ ਤੌਰ 'ਤੇ ਉਸ ਦੇ ਸਾਰੇ ਮਿਸ਼ਨਾਂ ਬਾਰੇ ਜਾਣਦਾ ਸੀ। ਇੰਨਾ ਹੀ ਨਹੀਂ ਉਹ ਹਰ ਮਿਸ਼ਨ 'ਚ ਆਪਣਾ ਯੋਗਦਾਨ ਪਾਉਂਦਾ ਸੀ। ਭਾਵੇਂ 9/11 ਦਾ ਮਾਸਟਰ ਮਾਈਂਡਡ ਕੇ. ਐਸ. ਐਮ. ਸੀ ਪਰ ਉਸ ਮਿਸ਼ਨ ਨੂੰ ਸਿਰੇ ਚੜ੍ਹਾਉਣ ਲਈ ਅਲੀ ਨੇ ਵੀ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ ਸੀ। ਉਹ ਅੰਗਰੇਜ਼ੀ ਸਕੂਲਾਂ ਦਾ ਪੜ੍ਹਿਆ ਸੀ ਤੇ ਪੱਛਮ ਦੇ ਢੰਗ ਨਾਲ ਰਹਿੰਦਾ ਸੀ। ਉਸੇ ਨੇ ਹੀ ਨਿਊ ਯਾਰਕ ਦੇ ਟਵਿਨ ਟਾਵਰ ਤਬਾਹ ਕਰਨ ਵਾਲੇ ਹਾਈਜੈਕਰਾਂ ਨੂੰ ਪੱਛਮੀ ਢੰਗ ਦੇ ਰਹਿਣ ਸਹਿਣ ਅਤੇ ਪਹਿਨਣ-ਪੱਚਰਣ ਦੇ ਤਰੀਕੇ ਸਿਖਾਏ ਸਨ। ਇਸ ਤੋਂ ਇਲਾਵਾ ਉਸ ਨੇ ਇਨ੍ਹਾਂ 'ਚੋਂ ਘੱਟੋ ਘੱਟ ਨੌਂ ਹਾਈਜੈਕਰਾਂ ਨੂੰ ਉਨ੍ਹਾਂ ਦੇ ਮਿਸ਼ਨ ਬਾਰੇ ਟਰੇਨਿੰਗ ਦਿੱਤੀ ਸੀ ਜਿਨ੍ਹਾਂ ਵਿਚ ਮਾਰਵਾਂ ਅਲ ਸ਼ੇਹੀ ਵੀ ਇੱਕ ਸੀ ਜਿਸ ਨੇ ਕਿ ਯੂਨਾਈਟਡ ਫਲਾਈਟ ਨੰਬਰ 175 ਵਰਲਡ ਟਰੇਡ ਸੈਂਟਰ ਦੇ ਸਾਊਥ ਟਾਵਰ ਨਾਲ ਹਿੱਟ ਕੀਤੀ ਸੀ। ਅਲੀ ਨੇ ਤਕਰੀਬਨ ਸਵਾ ਲੱਖ ਡਾਲਰ ਮਾਰਵਾਂ ਅਲ ਸ਼ੇਹੀ ਅਤੇ ਮੁਹੰਮਦ ਅੱਟਾ ਨੂੰ ਅਮਰੀਕਾ 'ਚ ਭੇਜਿਆ ਸੀ। ਉਹ ਆਪ ਵੀ ਇਨ੍ਹਾਂ ਹਾਈਜੈਕਰਾਂ ਨਾਲ ਅਮਰੀਕਾ ਜਾ ਕੇ ਮਿਸ਼ਨ 'ਚ ਹਿੱਸਾ ਲੈਣ ਵਾਲਾ ਸੀ। ਇਸ ਦੇ ਲਈ ਉਸ ਨੇ ਡੁਬਈ ਦੀ ਅਮਰੀਕਨ ਅੰਬੈਸੀ 'ਚ ਵੀਜ਼ੇ ਲਈ ਅਪਲਾਈ ਵੀ ਕੀਤਾ ਸੀ ਪਰ ਵੀਜ਼ਾ ਨਾ ਮਿਲਣ ਕਾਰਨ ਉਹ ਵਾਪਸ ਪਾਕਿਸਤਾਨ ਮੁੜ ਗਿਆ ਸੀ। 9/11 ਤੋਂ ਪਿੱਛੋਂ ਉਸ ਨੇ ਕੇ. ਐਸ. ਐਮ. ਨਾਲ ਪੂਰੇ ਜ਼ੋਰ ਸ਼ੋਰ ਨਾਲ ਦੂਸਰੇ ਵੱਡੇ ਹਮਲੇ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸ ਦਾ ਮੁੱਖ ਕੰਮ ਅਗਲੇ ਨਿਸ਼ਾਨੇ ਲਈ ਜਹਾਦੀਆਂ ਨੂੰ ਟਰੇਨਿੰਗ ਦੇਣਾ ਸੀ। ਇਸ ਮਿਸ਼ਨ ਵਿਚ ਉਹ ਉਨ੍ਹਾਂ ਜਹਾਦੀਆਂ ਨੂੰ ਵਰਤਣਾ ਚਾਹੁੰਦੇ ਸਨ ਜਿਨ੍ਹਾਂ ਨੂੰ ਕਿ ਅਮਰੀਕਾ ਜਾਣ ਆਉਣ ਵਿਚ ਮੁਸ਼ਕਲ ਨਾ ਆਵੇ। ਭਾਵ ਕਿ ਜਿਹੜੇ ਪਹਿਲਾਂ ਹੀ ਉਥੋਂ ਦੇ ਬਾਸ਼ਿੰਦੇ ਹੋਣ। ਪਹਿਲੇ ਤਿਆਰ ਕੀਤੇ ਗਏ ਗਰੁਪ ਵਿਚੋਂ ਹੋਜ਼ੇ ਪਦੀਲਾ ਅਤੇ ਰਿਚਰਡ ਰੀਡ ਵਰਗੇ ਫੜ੍ਹੇ ਗਏ ਸਨ। ਇਸ ਲਈ ਇਹ ਅਗਲੇ ਮਿਸ਼ਨ ਦੇ ਬੰਦਿਆਂ ਨੂੰ ਬਹੁਤ ਹੀ ਸੋਚ ਵਿਚਾਰ ਨਾਲ ਅਮਰੀਕਾ ਵਿਚ ਦਾਖਲ ਕਰਨਾ ਚਾਹੁੰਦੇ ਸਨ। ਇਨ੍ਹਾਂ ਨਵੇਂ ਜਹਾਦੀਆਂ ਵਿਚ ਇਕ ਨਵਾਂ ਮੁੰਡਾ ਆਇਆ ਸੀ, ਮਜੀਦ ਖਾਨ। ਇਹ ਕੰਪਿਊਟਰ ਪ੍ਰੋਗਰੈਮਰ ਸੀ। ਇਸ ਦਾ ਪਰਿਵਾਰ ਅਮਰੀਕਾ ਦੀ ਸਟੇਟ ਮੈਰੀਲੈਂਡ ਦੇ ਸ਼ਹਿਰ ਬਾਲਟੀਮੋਰ 'ਚ ਰਹਿੰਦਾ ਸੀ। ਮਜੀਦ ਖਾਨ ਦਾ ਪਰਿਵਾਰ ਜਦੋਂ ਅਮਰੀਕਾ ਆਇਆ ਤਾਂ ਉਦੋਂ ਉਹ 15 ਸਾਲ ਦਾ ਸੀ। ਇੱਥੇ ਆ ਕੇ ਉਸ ਦੇ ਪਰਿਵਾਰ ਨੇ ਰਾਜਨੀਤਕ ਸ਼ਰਨ ਲਈ ਸੀ। ਇਸ ਦੇ ਛੇ ਸਾਲ ਬਾਅਦ ਮਜੀਦ ਖਾਨ ਪਹਿਲੀ ਵਾਰ ਪਾਕਿਸਤਾਨ ਗਿਆ ਸੀ, ਪਰ ਅਜੇ ਉਸ ਨੂੰ ਗਰੀਨ ਕਾਰਡ ਨਹੀਂ ਮਿਲਿਆ ਸੀ। ਇਸੇ ਵਜ੍ਹਾ ਕਰਕੇ ਉਸ ਨੂੰ ਅਮਰੀਕਾ ਤੋਂ ਬਾਹਰ ਜਾਣ ਵਾਸਤੇ ਇੰਮੀਗਰੇਸ਼ਨ ਮਹਿਕਮੇ ਤੋਂ ਇਜਾਜ਼ਤ ਲੈਣੀ ਪੈਣੀ ਸੀ ਜੋ ਕਿ ਉਹ ਗਲਤੀ ਨਾਲ ਲੈਣੀ ਭੁੱਲ ਗਿਆ ਸੀ। ਇਸ ਗੱਲ ਦਾ ਪਤਾ ਉਸ ਨੂੰ ਪਿੱਛੋਂ ਜਾ ਕੇ ਲੱਗਿਆ ਕਿ ਬਿਨਾ ਇਜਾਜ਼ਤ ਦੇ ਆਉਣ ਕਾਰਨ ਉਹ ਵਾਪਸ ਅਮਰੀਕਾ ਵਿਚ ਦਾਖਲ ਨਹੀਂ ਹੋ ਸਕੇਗਾ।

ਖੈਰ, ਹੁਣ ਤੱਕ ਉਹ ਕਾਫੀ ਧਾਰਮਿਕ ਬਣ ਚੁਕਾ ਸੀ ਅਤੇ ਕਿਸੇ ਚੰਗੀ ਕੁੜੀ ਨਾਲ ਸ਼ਾਦੀ ਕਰਨੀ ਚਾਹੁੰਦਾ ਸੀ। ਉਸ ਦੀ ਸ਼ਾਦੀ ਕਿਸੇ ਮਜ਼ਬੀ ਹਸਤੀ ਨੇ ਰਬੀਆ ਜਾਕੂਬ ਨਾਂ ਦੀ ਕੁੜੀ ਨਾਲ ਕਰਵਾ ਦਿੱਤੀ। ਇਸੇ ਮਜ਼ਬੀ ਹਸਤੀ ਨੇ ਉਸ ਦੇ ਅੰਦਰ ਜਹਾਦ ਲਈ ਖਿੱਚ ਪਹਿਚਾਣੀ ਤੇ ਉਸ ਨੂੰ ਕੇ. ਐਸ. ਐਮ. ਨਾਲ ਮਿਲਾਉਣ ਦਾ ਫੈਸਲਾ ਕੀਤਾ। ਮਿੱਥੇ ਵਕਤ 'ਤੇ ਉਸ ਨੂੰ ਲੈ ਕੇ ਉਹ ਕੇ. ਐਸ. ਐਮ. ਕੋਲ ਗਿਆ ਤੇ ਕਿਹਾ ਕਿ ਇਸ ਮੁੰਡੇ ਨੂੰ ਖਾਲਿਦ ਸਾਹਿਬ ਨਾਲ ਮਿਲਾਇਆ ਜਾਵੇ। ਕੇ. ਐਸ. ਐਮ. ਧਿਆਨ ਨਾਲ ਮਜੀਦ ਖਾਨ ਵੱਲ ਵੇਖਦਾ ਰਿਹਾ ਤੇ ਬੋਲਿਆ, "ਗੱਲ ਸੁਣ ਉਏ ਕਾਕਾ। ਇਹ ਜਹਾਦ ਗੱਲਾਂ ਨਾਲ ਨ੍ਹੀਂ ਲੜ੍ਹਿਆ ਜਾਂਦਾ। ਇਸ ਦੇ ਲਈ ਅੰਦਰ ਜਹਾਦ ਦੀ ਅੱਗ ਹੋਣੀ ਜ਼ਰੂਰੀ ਐ।"

"ਜੀ ਮੈਂ ਹਰ ਪੱਖੋਂ ਇਸ ਲਈ ਤਿਆਰ ਆਂ।"

"ਇਹ ਕੋਈ ਭੰਡਾ ਦੇ ਖੇਲ ਨ੍ਹੀਂ ਐ। ਹਰ ਵਕਤ ਮੌਤ, ਨਾਲ ਨਾਲ ਚੱਲਦੀ ਐ।"

"ਜੀ ਮੈਂ ਸਭ ਸਮਝਦਾ ਆਂ।"

ਉਹ ਗੱਲਾਂ ਕਰ ਹੀ ਰਹੇ ਸਨ ਕਿ ਕੋਈ

ਜਣਾ ਅੰਦਰ ਆਇਆ ਤੇ ਕੇ. ਐਸ. ਐਮ. ਨੂੰ ਬੋਲਿਆ, "ਉਸ ਮੁੰਡੇ ਨੇ ਸੂਈਸਾਈਡ ਮਿਸ਼ਨ ਨੂੰ ਬੜੇ ਚੰਗੇ ਢੰਗ ਨਾਲ ਅੰਜ਼ਾਮ ਦੇ ਦਿੱਤਾ ਐ। ਉਥੇ ਦਸ ਬੰਦੇ ਮਰ ਚੁੱਕੇ ਨੇ।"

"ਅੱਲਾ ਉਸ ਨੂੰ ਬਹਿਸ਼ਤ ਵਿਚ ਢੋਈ ਦੇਵੇ। ਅੱਗੇ ਦਾ ਕੀ ਪ੍ਰੋਗਰਾਮ ਐ?"

"ਪੇਟ ਨਾਲ ਬੰਨਣ ਵਾਲੀ ਬੈਲਟ ਤਿਆਰ ਪਈ ਐ। ਧਮਾਕਾਖੇਜ ਸਮੱਗਰੀ ਵੀ ਉਸ ਅੰਦਰ ਫਿੱਟ ਕਰ ਦਿੱਤੀ ਗਈ ਐ। ਬੱਸ ਹੁਣ ਤਾਂ ਕਿਸੇ ਅਜਿਹੇ ਮੁੰਡੇ ਦੀ ਲੋੜ ਐ ਜੋ ਖੁਦਕੁਸ਼ੀ ਮਿਸ਼ਨ ਲਈ ਤਿਆਰ ਹੋਵੇ।"

ਉਸ ਦੀ ਗੱਲ ਸੁਣ ਕੇ ਕੇ. ਐਸ. ਐਮ. ਨੇ ਪਲ ਭਰ ਸਾਹਮਣੇ ਬੈਠੇ ਮਜੀਦ ਖਾਂ ਵੱਲ ਵੇਖਿਆ ਤੇ ਫਿਰ ਬੋਲਿਆ, "ਮੁੰਡਾ ਆਪਣੇ ਕੋਲ ਪਹੁੰਚ ਚੁਕਾ ਐ। ਤੂੰ ਬੈਲਟ ਲੈ ਕੇ ਆ।"

ਉਸ ਨੇ ਅੰਦਰੋਂ ਬੈਲਟ ਲਿਆਂਦੀ ਤਾਂ ਕੇ. ਐਸ. ਐਮ. ਨੇ ਉਹ ਮਜੀਦ ਖਾਂ ਦੇ ਪੇਟ ਨਾਲ ਬੰਨ ਦਿੱਤੀ। ਚੰਗੀ ਤਰ੍ਹਾਂ ਵੇਖ ਪਰਖ ਕੇ ਉਹ ਬੋਲਿਆ, "ਲੈ ਬਈ ਤੂੰ ਜਹਾਦ ਲਈ ਮਰ ਮਿਟਣ ਲਈ ਤਿਆਰ ਐਂ ਤਾਂ ਜਹਾਦ ਵੀ ਤੈਨੂੰ ਈ ਉਡੀਕ ਰਿਹਾ ਸੀ। ਤੂੰ ਕਿਸਮਤ ਵਾਲਾ ਐਂ ਜੋ ਤੈਨੂੰ ਆਉਂਦੇ ਨੂੰ ਈ ਖੁਦਕੁਸ਼ੀ ਮਿਸ਼ਨ ਦਾ ਕੰਮ ਮਿਲ ਗਿਆ। ਹੁਣ ਤੂੰ ਇੱਥੋਂ ਜਾਹ ਤੇ ਡਾਊਨ ਟਾਊਨ ਦੀ ਫਰਾਹਖਾਨ ਮਾਰਕਿਟ ਵਿਚ ਜਾ ਕੇ ਇਸ ਕੰਮ ਨੂੰ ਅੰਜ਼ਾਮ ਦੇਹ। ਇਹ ਬੰਬ ਪੂਰੇ ਇੱਕ ਵਜੇ ਚੱਲੇਗਾ। ਬੱਸ ਕੰਮ ਧਿਆਨ ਨਾਲ ਕਰੀਂ।"

"ਜੀ ਬਹੁਤ ਬਿਹਤਰ ਜਨਾਬ।" ਮਜੀਦ ਖਾਂ ਉਠਣ ਲੱਗਿਆ ਤਾਂ ਕੇ. ਐਸ. ਐਮ. ਉਸ ਨੂੰ ਰੋਕਦਾ ਹੋਇਆ ਬੋਲਿਆ, "ਤੈਨੂੰ ਪਤਾ ਐ ਨਾ ਇਹ ਕੀ ਚੀਜ਼ ਐ?"

"ਜੀ ਬਿਲਕੁਲ ਪਤਾ ਐ।"

"ਇਹ ਬੰਬ ਚੱਲੇਗਾ ਤਾਂ ਉਥੇ ਤੇਰੇ ਆਲੇ ਦੁਆਲੇ ਦੇ ਸਾਰੇ ਲੋਕ ਮਾਰੇ ਜਾਣਗੇ ਪਰ ਤੂੰ ਵੀ ਉਨ੍ਹਾਂ ਦੇ ਨਾਲ ਹੀ ਮਰੇਂਗਾ। ਤੂੰ ਨਵਾਂ ਐਂ ਇਸ ਕਰਕੇ ਮੈਂ ਤੈਨੂੰ ਇਹ ਗੱਲ ਸਪੱਸ਼ਟ ਦੱਸ ਰਿਹਾ ਆਂ।"

"ਜੀ ਮੈਨੂੰ ਇਜਾਜ਼ਤ ਦਿਉ।" ਇੰਨਾ ਕਹਿੰਦਿਆਂ ਉਹ ਬਾਹਰ ਨਿਕਲ ਗਿਆ ਤੇ ਫਰ੍ਹਾਖਾਨ ਮਾਰਕਿਟ ਪਹੁੰਚ ਗਿਆ। ਉਥੇ ਜਾ ਕੇ ਉਹ ਇਕੱਠ ਵਾਲੀ ਥਾਂ 'ਤੇ ਖੜ੍ਹੋ ਗਿਆ ਤਾਂ ਕਿ ਵੱਧ ਤੋਂ ਵੱਧ ਲੋਕਾਂ ਨੂੰ ਸ਼ਿਕਾਰ ਬਣਾ ਸਕੇ। ਇੱਕ ਵੱਜ ਗਿਆ ਪਰ ਉਸ ਦੇ ਪੇਟ ਨਾਲ ਬੰਨਿਆਂ ਬੰਬ ਨਾ ਚੱਲਿਆ। ਕੋਈ ਅੱਧਾ ਘੰਟਾ ਉਹ ਉਥੇ ਰਿਹਾ ਪਰ ਉਸ ਦੇ ਦੱਸੇ ਮੁਤਾਬਕ ਨਾ ਬੰਬ ਫਟਿਆ ਤੇ ਨਾ ਕੋਈ ਧਮਾਕਾ ਹੋਇਆ। ਆਖਰ ਉਹ ਵਾਪਸ ਮੁੜ ਆਇਆ ਤਾਂ ਉਥੇ ਕੋਈ ਨਹੀਂ ਸੀ। ਉਥੋਂ ਉਹ ਘਰ ਚਲਾ ਗਿਆ। ਅਗਲੇ ਦਿਨ ਉਹ ਉਸੇ ਮਜ਼ਬੀ ਹਸਤੀ ਕੋਲ ਵਾਪਿਸ ਗਿਆ ਤਾਂ ਉਸ ਨੇ ਕਿਹਾ, "ਵਧਾਈ ਹੋਵੇ।"

"ਜੀ!?" ਮਜੀਦ ਖਾਂ ਹੈਰਾਨ ਹੋਇਆ।

"ਤੂੰ ਖਾਲਿਦ ਸ਼ੇਖ ਮੁਹੰਮਦ ਸਾਹਿਬ ਦੇ ਇਮਤਿਹਾਨ 'ਚੋਂ ਪਾਸ ਹੋ ਗਿਐਂ। ਅਸਲ 'ਚ ਕੱਲ੍ਹ ਤੈਨੂੰ ਜੋ ਬੈਲਟ ਦਿੱਤੀ ਗਈ ਸੀ, ਉਹ ਨਕਲੀ ਸੀ, ਸਿਰਫ ਤੈਨੂੰ ਪਰਖਣ ਲਈ। ਪਰ ਤੂੰ ਵਾਕਿਆ ਈ ਪੱਕਾ ਜਹਾਦੀ ਐਂ। ਕੇ. ਐਸ. ਐਮ. ਤੈਨੂੰ ਵੱਡਾ ਕੰਮ ਸੌਂਪਣ ਵਾਲੇ ਨੇ।" ਫਿਰ ਅਗਲੇ ਹਫਤੇ ਉਸ ਨੂੰ ਪੈਸੇ ਦੇ ਕੇ ਇੰਡੋਨੇਸ਼ੀਆ ਭੇਜਿਆ ਗਿਆ। ਉਸ ਨੇ ਉਥੇ ਜਾ ਕੇ ਕਿਸੇ ਹੰਬਾਲੀ ਨਾਂ ਦੇ ਬੰਦੇ ਨਾਲ ਸੰਪਰਕ ਕੀਤਾ ਤੇ ਪੈਸੇ ਪਹੁੰਚਾਏ। ਇਨ੍ਹਾਂ ਪੈਸਿਆਂ ਦੀ ਮਦਦ ਨਾਲ ਹੰਬਾਲੀ ਨੇ ਅਗਲੇ ਹਫਤੇ ਬਾਲੀ ਦੇ ਕਿਸੇ ਕਲੱਬ 'ਚ ਬੰਬ ਧਮਾਕਾ ਕੀਤਾ ਜਿਸ ਵਿਚ ਸੈਂਕੜੇ ਲੋਕ ਮਾਰੇ ਗਏ। ਇਸ ਪਿੱਛੋਂ ਮਜੀਦ ਖਾਂ ਹੋਰ ਨਿੱਕੇ ਮੋਟੇ ਕਈ ਕੰਮ ਕਰਕੇ ਕੇ. ਐਸ. ਐਮ. ਕੋਲ ਵਾਪਸ ਆ ਗਿਆ ਤਾਂ ਉਸ ਨੂੰ ਅਲੀ ਦੇ ਹਵਾਲੇ ਕਰ ਦਿੱਤਾ ਗਿਆ। ਮਜੀਦ ਖਾਂ ਨੂੰ ਅਮਰੀਕਾ ਭੇਜ ਕੇ ਅੱਗੇ ਦਾ ਕੰਮ ਕਰਨ ਦੀ ਟਰੇਨਿੰਗ ਦੇਣ ਦਾ ਕੰਮ ਅਲੀ ਦਾ ਸੀ। ਕੇ.ਐਸ.ਐਮ ਨੇ ਅਲੀ ਨਾਲ ਮਿਲ ਕੇ ਦੂਜੇ ਵੱਡੇ ਹਮਲੇ ਦੀ ਜੋ ਸਾਜ਼ਿਸ਼ ਤਿਆਰ ਕੀਤੀ ਸੀ ਉਸ 'ਚ ਉਹ ਮਜੀਦ ਖਾਨ ਨੂੰ ਵਰਤਣਾ ਚਾਹੁੰਦੇ ਸਨ। ਉਸ ਰਾਹੀਂ ਉਹ ਅਮਰੀਕਾ ਦੇ ਤੇਲ ਭੰਡਾਰਾਂ ਨੂੰ ਅੱਗ ਲਾਉਣ ਜਾਂ ਉਥੇ ਦੇ ਪੀਣ ਵਾਲੇ ਪਾਣੀ 'ਚ ਜ਼ਹਿਰ ਮਿਲਾਉਣ ਦਾ ਕੰਮ ਕਰਨਾ ਚਾਹੁੰਦੇ ਸਨ। ਪਰ ਮਜੀਦ ਖਾਂ ਨੇ ਦੱਸਿਆ ਕਿ ਉਹ ਹੁਣ ਅਮਰੀਕਾ ਵਿਚ ਦਾਖਲ ਨਹੀਂ ਹੋ ਸਕਦਾ। ਅਲੀ ਨੇ ਕਾਰਨ ਪੁੱਛਿਆ ਤਾਂ ਮਜੀਦ ਖਾਨ ਨੇ ਦੱਸਿਆ ਕਿ ਉਹ ਅਮਰੀਕਾ ਤੋਂ ਤੁਰਨ ਲੱਗਿਆ ਟਰੈਵਲ ਪਰਮਿਟ ਲੈਣਾ ਭੁੱਲ ਗਿਆ ਸੀ, ਅਤੇ ਇਸ ਪਰਮਿਟ ਬਿਨਾਂ ਉਹ ਅਮਰੀਕਾ ਵਿਚ ਦਾਖਲ ਨਹੀਂ ਹੋ ਸਕੇਗਾ। ਕੁਝ ਸੋਚਦਾ ਅਲੀ ਬੋਲਿਆ, "ਮਜੀਦ ਜੋ ਹੋ ਗਿਆ ਸੋ ਹੋ ਗਿਆ। ਹੁਣ ਉਸ ਵਕਤ ਨੂੰ ਵਾਪਸ ਤਾਂ ਨ੍ਹੀਂ ਲਿਆਂਦਾ ਜਾ ਸਕਦਾ। ਪਰ ਤੂੰ ਇਹ ਦੱਸ ਕਿ ਇਸ ਮੁਸ਼ਕਲ ਦਾ ਕੋਈ ਹੱਲ ਹੈ?"

"ਹੱਲ ਤਾਂ ਇਸ ਦਾ ਹੈ ਪਰ ਉਹ ਕਾਫੀ ਔਖਾ ਐ।"

"ਹੱਲ ਕੀ ਐ ਤੂੰ ਦੱਸ। ਔਖੇ ਨੂੰ ਸੌਖਾ ਬਣਾਉਣਾ ਤੇਰਾ ਨ੍ਹੀਂ ਬਲਕਿ ਮੇਰਾ ਕੰਮ ਐਂ।"

"ਉਹ ਇਹ ਐ ਰਿਫਿਊਜ਼ੀ ਸਟੇਟਸ ਵਾਲੇ ਬੰਦੇ ਨੂੰ ਅਮਰੀਕਾ ਤੋਂ ਬਾਹਰ ਜਾਣ ਲਈ ਟਰੈਵਲ ਪਰਮਿਟ ਲੈਣਾ ਪੈਂਦਾ ਐ। ਉਸ ਪਰਮਿਟ ਬਿਨਾ ਉਹ ਦੁਬਾਰਾ ਅਮਰੀਕਾ 'ਚ ਦਾਖਲ ਨ੍ਹੀਂ ਹੋ ਸਕਦਾ। ਟਰੈਵਲ ਪਰਮਿਟ ਲੈਣ ਵਾਲੇ ਬੰਦੇ ਨੇ ਅਮਰੀਕਾ 'ਚੋਂ ਤੁਰਨ ਤੋਂ ਪਹਿਲਾਂ ਹੀ ਇਹ ਪਰਮਿਟ ਲੈਣਾ ਹੁੰਦਾ ਐ। ਜਾਂ ਇਉਂ ਕਹਿ ਲਉ ਕਿ ਪਰਮਿਟ ਲੈਣ ਵਾਲਾ ਬੰਦਾ ਅਮਰੀਕਾ ਵਿਚ ਹੋਣਾ ਚਾਹੀਦਾ ਐ। ਉਥੋਂ ਪਹਿਲਾਂ ਉਹ ਅਰਜ਼ੀ ਭਰ ਕੇ ਇੰਮੀਗਰੇਸ਼ਨ ਦੇ ਮਹਿਕਮੇ ਨੂੰ ਮੇਲ ਕਰਦਾ ਹੈ। ਫਿਰ ਪਿੱਛੋਂ ਉਨ੍ਹਾਂ ਨੂੰ ਫੋਨ ਕਰਨਾ ਪੈਂਦਾ ਐ। ਇਸ ਪਿੱਛੋਂ ਈ ਉਹ ਟਰੈਵਲ ਪਰਮਿਟ ਭੇਜਦੇ ਨੇ।"

"ਆਪਾਂ ਹੁਣ ਕੀ ਕਰ ਸਕਦੇ ਆਂ, ਉਹ ਦੱਸ?"

"ਉਥੋਂ ਕੋਈ ਬੰਦਾ ਮੇਰੀ ਅਰਜ਼ੀ ਇੰਮੀਗਰੇਸ਼ਨ ਵਾਲਿਆਂ ਨੂੰ ਮੇਲ ਕਰੇ। ਫਿਰ ਮਜੀਦ ਖਾਨ ਬਣ ਕੇ ਉਨ੍ਹਾਂ ਨੂੰ ਫੋਨ ਕਰੇ। ਵੱਡੀ ਗੱਲ ਇੱਕ ਅੜਚਣ ਹੋਰ ਐ।"

"ਉਹ ਕੀ ਐ?"

"ਕੋਈ ਜਣਾ ਉਥੋਂ ਅਰਜ਼ੀ ਵੀ ਭੇਜ ਸਕਦਾ ਐ। ਮਜੀਦ ਖਾਨ ਬਣ ਕੇ ਫੋਨ ਵੀ ਕਰ ਸਕਦਾ ਐ। ਪਰ ਮੇਰੇ ਕੋਲ ਉਥੇ ਕੋਈ ਅਡਰੈਸ ਨ੍ਹੀਂ ਹੈ ਜਿਸ 'ਤੇ ਕਿ ਸਾਰੀ ਕਾਰਵਾਈ ਪੂਰੀ ਹੋਣ ਪਿੱਛੋਂ ਇੰਮੀਗਰੇਸ਼ਨ ਵਾਲੇ ਟਰੈਵਲ ਡਾਕੂਮੈਂਟ ਭੇਜਣਗੇ। ਇਹ ਅਡਰੈਸ ਕੋਈ ਅਜਿਹਾ ਹੋਣਾ ਚਾਹੀਦਾ ਐ ਜੋ ਕਿ ਪਿੱਛੋਂ ਫੜ੍ਹਿਆ ਨਾ ਜਾ ਸਕੇ। ਫਰਜ਼ ਕਰੋ ਮੈਂ ਉਥੇ ਆਪਣੇ ਘਰ ਦਾ ਅਡਰੈਸ ਹੀ ਦੇ ਦਿੰਦਾ ਆਂ ਤਾਂ ਪਤਾ ਲੱਗ ਜਾਣ 'ਤੇ ਐਫ. ਬੀ. ਆਈ. ਨੇ ਤੁਰੰਤ ਮੇਰੇ ਪਰਿਵਾਰ ਨੂੰ ਫੜ੍ਹ ਲੈਣਾ ਐਂ। ਨਾਲੇ ਉਦੋਂ ਈ ਮੇਰਾ ਨਾਂ ਸਾਹਮਣੇ ਆ ਜਾਊਗਾ।"

"ਫਿਰ ਇਸ ਦਾ ਹੱਲ ਕੀ ਐ?"

"ਕੋਈ ਭਰੋਸੇਯੋਗ ਬੰਦਾ ਉਥੇ ਦੇ ਕਿਸੇ ਪੋਸਟ ਆਫਿਸ ਵਿਚ ਮੇਰੇ ਨਾਂ ਦਾ ਪੋਸਟ ਬਾਕਸ ਕਿਰਾਏ 'ਤੇ ਲੈ ਲਵੇ। ਉਹੀ ਅਡਰੈਸ ਮੈਂ ਆਪਣੀ ਅਰਜ਼ੀ ਵਿਚ ਭਰਾਂਗਾ। ਜਦੋਂ ਇੱਕ ਵਾਰ ਪਰਮਿਟ ਆ ਗਿਆ ਤਾਂ ਪੋਸਟ ਬਾਕਸ 'ਚੋਂ ਪਰਮਿਟ ਚੁੱਕ ਕੇ ਪੋਸਟ ਬਾਕਸ ਬੰਦ ਕਰ ਦਿੱਤਾ ਜਾਵੇਗਾ। ਇਸ ਤਰ੍ਹਾਂ ਸਾਰੇ ਸਬੂਤ ਖਤਮ ਹੋ ਜਾਣਗੇ।"

"ਹੂੰ, ਹੁਣ ਸਮਝਿਆ ਮੈਂ ਤੇਰੀ ਗੱਲ ਪਰ...।" ਅੱਗੇ ਅਲੀ ਸੋਚਣ ਲੱਗਿਆ ਕਿ ਅਜਿਹਾ ਭਰੋਸੇਯੋਗ ਬੰਦਾ ਕੌਣ ਹੋ ਸਕਦਾ ਐ ਜਿਹੜਾ ਇੰਨਾ ਖਤਰਾ ਮੁੱਲ ਲੈ ਲਵੇ। ਉਸ ਦੀ ਇਹ ਵੀ ਸੋਚ ਸੀ ਕਿ ਇਹ ਕੰਮ ਕਿਸੇ ਆਮ ਬੰਦੇ ਤੋਂ ਨਹੀਂ ਕਰਵਾਇਆ ਜਾ ਸਕਦਾ। ਇਸ ਤਰ੍ਹਾਂ ਸਾਰੀ ਪੋਲ ਖੁੱਲ੍ਹ ਜਾਵੇਗੀ। ਇਸ ਦੇ ਲਈ ਕੋਈ ਸੱਚਾ ਜਹਾਦੀ ਹੀ ਹੋ ਸਕਦਾ ਐ। ਸੋਚਦਿਆਂ ਸੋਚਦਿਆਂ ਇੱਕ ਦਮ ਉਸ ਦੇ ਮਨ 'ਚ ਆਫੀਆ ਆ ਗਈ। ਉਸ ਨੇ ਇਹ ਗੱਲ ਆਫੀਆ ਨਾਲ ਕਰਨ ਦਾ ਮਨ ਬਣਾ ਲਿਆ। ਉਸ ਨੇ ਆਪਣੀ ਭੈਣ ਨੂੰ ਭੇਜ ਕੇ ਆਫੀਆ ਨੂੰ ਘਰ ਬੁਲਾਇਆ ਤੇ ਮੌਕਾ ਮਿਲਦਿਆਂ ਹੀ ਮਜੀਦ ਖਾਂ ਦੀ ਸਾਰੀ ਕਹਾਣੀ ਸੁਣਾ ਦਿੱਤੀ। ਆਫੀਆ ਨੇ ਪੁੱਛਿਆ, "ਮੈਂ ਇਸ ਵਿਚ ਕੀ ਕਰ ਸਕਦੀ ਆਂ?"

"ਤੂੰ ਅਮਰੀਕਣ ਰੈਜ਼ੀਡੈਂਟ ਐਂ। ਤੂੰ ਉਥੇ ਬੜੀ ਆਸਾਨੀ ਨਾਲ ਜਾ ਸਕਦੀ ਐਂ। ਗਰੀਨ ਕਾਰਡਹੋਲਡਰ ਹੋਣ ਕਾਰਨ ਤੇਰੇ 'ਤੇ ਕੋਈ ਸ਼ੱਕ ਵੀ ਨ੍ਹੀਂ ਕਰੇਗਾ।"

"ਪਰ ਤੁਹਾਨੂੰ ਮੈਂ ਪਹਿਲਾਂ ਈ ਦੱਸਿਆ ਹੋਇਆ ਐ ਕਿ ਮੈਂ ਅਤੇ ਅਮਜਦ ਐਫ. ਬੀ. ਆਈ. ਦੀ ਇੰਟਰਵਿਊ ਵਿਚਕਾਰ ਈ ਛੱਡ ਕੇ ਭੱਜ ਆਏ ਸੀ। ਇਸ ਕਰਕੇ ਐਫ. ਬੀ. ਆਈ. ਸਾਨੂੰ ਜ਼ਰੂਰ ਲੱਭ ਰਹੀ ਹੋਵੇਗੀ। ਮੈਨੂੰ ਡਰ ਲੱਗਦਾ ਐ ਕਿ ਕਿਧਰੇ ਉਨ੍ਹਾਂ ਦੇ ਧੱਕੇ ਈ ਨਾ ਚੜ੍ਹ ਜਾਵਾਂ।"

"ਉਂਜ ਤਾਂ ਬੜੀਆਂ ਟੌਅਰਾਂ ਮਾਰਦੀ ਰਹਿੰਨੀ ਐਂ ਕਿ ਮੈਂ ਜਹਾਦ ਲਈ ਕੁਛ ਵੀ ਕਰ ਸਕਦੀ ਆਂ।"

"ਗੱਲ ਉਹ ਨ੍ਹੀਂ ਐ। ਗੱਲ ਇਹ ਐ ਕਿ ਮੈਂ ਅਜੇ ਬਹੁਤ ਕੁਛ ਕਰਨਾ ਐਂ। ਜੇ ਮੁੱਢ ਵਿਚ ਈ ਫੜੀ ਗਈ ਤਾਂ ਜਹਾਦ ਲਈ ਜੋ ਕੁਛ ਕਰਨ ਦਾ ਸੋਚਿਐ ਉਹ ਸੁਪਨੇ ਅਧੂਰੇ ਰਹਿ ਜਾਣਗੇ।"

"ਆਫੀਆ ਕੱਲ੍ਹ ਕਿਸ ਨੇ ਵੇਖਿਆ ਐ। ਨਾਲੇ ਇਹ ਨਾ ਭੁੱਲ ਕਿ ਆਪਾਂ ਜਹਾਦੀ ਆਂ। ਅਤੇ ਜਹਾਦੀ ਆਉਣ ਵਾਲੇ ਖਤਰਿਆਂ ਤੋਂ ਨ੍ਹੀਂ ਡਰਦੇ।"

"ਠੀਕ ਐ। ਦੱਸ ਫਿਰ ਮੈਨੂੰ ਕੀ ਹੁਕਮ ਐਂ।" ਅਲੀ ਦੇ ਬੋਲਾਂ ਨੇ ਆਫੀਆ ਦੇ ਮਾਨ ਸਨਮਾਨ 'ਤੇ ਸੱਟ ਮਾਰੀ ਤਾਂ ਉਹ ਹਰ ਖਤਰਾ ਉਠਾ ਕੇ ਅਮਰੀਕਾ ਜਾਣ ਲਈ ਤਿਆਰ ਹੋ ਗਈ। ਅੱਗੇ ਦਾ ਸਾਰਾ ਇੰਤਜ਼ਾਮ ਕਰ ਦਿੱਤਾ ਗਿਆ। ਪਰ ਆਫੀਆ ਦੀ ਸਲਾਹ 'ਤੇ ਇਹ ਕੰਮ ਦੋ ਹਿੱਸਿਆਂ ਵਿਚ ਕਰਨ ਦਾ ਸੋਚਿਆ ਗਿਆ। ਪਹਿਲੇ ਹਿੱਸੇ 'ਚ ਆਫੀਆ ਨੇ ਸਿਰਫ ਅਮਰੀਕਾ ਜਾਣਾ ਸੀ ਤੇ ਉਥੇ ਮਜ਼ੀਦ ਖਾਨ ਦੇ ਨਾਂ 'ਤੇ ਕਿਸੇ ਪੋਸਟ ਆਫਿਸ ਵਿਚ ਪੋਸਟ ਬਾਕਸ ਕਿਰਾਏ 'ਤੇ ਲੈ ਕੇ ਵਾਪਸ ਮੁੜ ਆਉਣਾ ਸੀ।

ਇਸ ਦੇ ਤੀਜੇ ਦਿਨ ਹੀ ਆਫੀਆ ਕਰਾਚੀ ਤੋਂ ਅਮਰੀਕਾ ਲਈ ਰਵਾਨਾ ਹੋ ਗਈ। ਸਾਰੇ ਰਾਹ ਉਸ ਨੂੰ ਇੱਕ ਪਲ ਵੀ ਚੈਨ ਨਾ ਆਇਆ। ਉਸ ਨੂੰ ਵਾਰ ਵਾਰ ਐਫ. ਬੀ. ਆਈ. ਦਾ ਡਰ ਸਤਾਉਂਦਾ ਰਿਹਾ ਕਿ ਕਿਤੇ ਅਜਿਹਾ ਨਾ ਹੋਵੇ ਕਿ ਉਸ ਨੂੰ ਉਤਰਦੀ ਨੂੰ ਹੀ ਫੜ੍ਹ ਲਿਆ ਜਾਵੇ ਪਰ ਅਜਿਹਾ ਕੁਝ ਵੀ ਨਾ ਹੋਇਆ। ਉਹ ਮੌਜ ਨਾਲ ਬਾਲਟੀਮੋਰ ਦੇ ਏਅਰਪੋਰਟ 'ਤੇ ਉਤਰੀ ਤੇ ਸਮਾਨ ਚੁੱਕਦੀ ਬਾਹਰ ਨਿਕਲ ਆਈ। ਸਾਹਮਣੇ ਹੀ ਟੈਕਸੀ ਖੜ੍ਹੀ ਸੀ। ਉਹ ਆਪਣਾ ਬੈਗ ਚੁੱਕਦੀ ਟੈਕਸੀ 'ਚ ਜਾ ਬੈਠੀ। ਕੁਦਰਤੀਂ ਟੈਕਸੀ ਡਰਾਈਵਰ ਵੀ ਪਾਕਿਸਤਾਨੀ ਹੀ ਸੀ। ਹੋਟਲ ਤੱਕ ਜਾਂਦਿਆਂ ਉਹ ਉਸ ਨਾਲ ਗੱਲਾਂ ਮਾਰਦੀ ਗਈ। ਆਫੀਆ ਨੇ ਗੱਲੀਂ ਗੱਲੀਂ ਦੱਸਿਆ ਕਿ ਉਹ ਪਾਕਿਸਤਾਨ ਸਰਕਾਰ ਦੀ ਅਧਿਕਾਰੀ ਹੈ ਤੇ ਇੱਥੇ ਕਿਸੇ ਸੈਮੀਨਾਰ 'ਚ ਹਿੱਸਾ ਲੈਣ ਆਈ ਹੈ। ਇਸੇ ਕਰਕੇ ਕਿਸੇ ਹੋਟਲ 'ਚ ਠਹਿਰ ਰਹੀ ਐ। ਉਹ ਹੋਟਲ ਜਾ ਕੇ ਉਤਰੀ ਤੇ ਡੈਸਕ 'ਤੇ ਜਾ ਕੇ ਕਮਰਾ ਬੁੱਕ ਕਰਵਾ ਲਿਆ। ਅਗਲੇ ਦਿਨ ਉਹ ਦੁਪਹਿਰ ਪਿੱਛੋਂ ਟੈਕਸੀ ਲੈ ਕੇ ਨੇੜਲੇ ਸ਼ਹਿਰ ਗੈਦਰਸਬਰਗ ਦੇ



ਆਤਮਘਾਤੀ ਹਮਲੇ ਲਈ ਤਿਆਰ-ਬਰ-ਤਿਆਰ ਮਜੀਦ ਖਾਨ।



ਜਹਾਦ ਰਾਹੀਂ ਕਾਰੋਬਾਰ ਕਰਨ ਵਾਲੇ ਸੈਫ-ਉਲਾ ਪਰਾਚਾ ਦਾ ਪੁੱਤ ਉਜ਼ੇਰ ਪਰਾਚਾ।

ਪੋਸਟ ਆਫਿਸ ਗਈ ਤੇ ਪੋਸਟ ਬਾਕਸ ਕਿਰਾਏ 'ਤੇ ਲੈਣ ਲਈ ਅਰਜ਼ੀ ਭਰੀ। ਅਰਜ਼ੀ ਵਿਚ ਉਸ ਨੇ ਆਪਣੇ ਘਰਵਾਲੇ ਦਾ ਨਾਂ ਮਜੀਦ ਖਾਨ ਲਿਖਿਆ। ਥੋੜੀ ਬਹੁਤੀ ਕਾਗਜ਼ੀ ਕਾਰਵਾਈ ਕਰਨ ਪਿੱਛੋਂ ਆਫੀਆ ਸਦੀਕੀ ਅਤੇ ਮਾਜੀਦ ਖਾਨ ਦੇ ਨਾਂ 'ਤੇ ਪੋਸਟ ਬਾਕਸ ਮਿਲ ਗਿਆ। ਆਫੀਆ ਨੇ ਪੋਸਟ ਬਾਕਸ ਦੀ ਚਾਬੀ ਲੈ ਕੇ ਪਰਸ ਵਿਚ ਪਾ ਲਈ ਤੇ ਬਾਹਰ ਆ ਕੇ ਟੈਕਸੀ ਰਾਹੀਂ ਫਿਰ ਹੋਟਲ ਚਲੀ ਗਈ। ਅਗਲੇ ਦਿਨ ਉਹ ਫਲਾਈਟ ਲੈ ਕੇ ਵਾਪਸ ਪਾਕਿਸਤਾਨ ਮੁੜ ਗਈ। ਉਥੇ ਜਾ ਕੇ ਉਸ ਨੇ ਨਵੇਂ ਖੋਲ੍ਹੇ ਪੋਸਟ ਬਾਕਸ ਦਾ ਐਡਰੈਸ ਅਤੇ ਚਾਬੀ ਅਲੀ ਦੇ ਹਵਾਲੇ ਕਰ ਦਿੱਤੇ।

ਹੁਣ ਅਲੀ ਨੇ ਕੰਮ ਦੇ ਦੂਸਰੇ ਭਾਗ ਨੂੰ ਅੰਜ਼ਾਮ ਦੇਣ ਦੀ ਸਕੀਮ ਬਣਾਉਣੀ ਸ਼ੁਰੂ ਕਰ ਦਿੱਤੀ। ਮਜੀਦ ਖਾਂ ਨੇ ਨਵੇਂ ਅਡਰੈਸ ਮੁਤਾਬਕ ਆਪਣੀ ਅਰਜ਼ੀ ਭਰ ਕੇ ਤਿਆਰ ਕਰ ਲਈ ਸੀ। ਅਲੀ ਕਿਸੇ ਅਜਿਹੇ ਬੰਦੇ ਦੀ ਭਾਲ ਕਰਨ ਲੱਗਿਆ ਜਿਹੜਾ ਕਿ ਉਨ੍ਹਾਂ ਦੇ ਕੰਮ ਦੇ ਅਗਲੇ ਹਿੱਸੇ ਨੂੰ ਪੂਰਾ ਕਰਨ ਵਿਚ ਮਦਦ ਕਰੇ। ਇਸ ਦੇ ਲਈ ਵੀ ਭਰੋਸੇਯੋਗ ਬੰਦੇ ਦੀ ਲੋੜ ਸੀ। ਕਾਫੀ ਮੱਥਾ-ਪੱਚੀ ਮਗਰੋਂ ਅਲੀ ਨੇ ਇਹ ਗੱਲ ਆਪਣੇ ਮਾਮੇ ਕੇ. ਐਸ. ਐਮ. ਨੂੰ ਦੱਸੀ। ਉਸ ਨੇ ਅਲੀ ਨੂੰ ਕਿਹਾ ਕਿ ਉਹ ਇੱਕ ਅੱਧ ਦਿਨ ਵਿਚ ਉਸ ਲਈ ਕੋਈ ਪ੍ਰਬੰਧ ਕਰੇਗਾ। ਦੂਸਰੇ ਹੀ ਦਿਨ ਕੇ. ਐਸ. ਐਮ. ਨੇ ਅਲੀ ਨੂੰ ਕਿਹਾ ਕਿ ਸ਼ਾਮ ਵੇਲੇ ਸੁਪਰ ਸਪਾਇਸੀ ਰੈਸਟੋਰੈਂਟ ਵਿਚ ਚਲਿਆ ਜਾਵੇ। ਉਥੇ ਉਸ ਨੂੰ ਉਜ਼ੇਰ ਪਰਾਚਾ ਨਾਂ ਦਾ ਮੁੰਡਾ ਮਿਲੂਗਾ ਜੋ ਕਿ ਕੁਝ ਦਿਨਾਂ ਬਾਅਦ ਹੀ ਅਮਰੀਕਾ ਜਾ ਰਿਹਾ ਹੈ। ਉਸ ਨਾਲ ਗੱਲ ਕਿਵੇਂ ਕਰਨੀ ਹੈ ਕੇ. ਐਸ. ਐਮ. ਨੇ ਇਹ ਸਭ ਕੁਝ ਅਲੀ ਨੂੰ ਸਮਝਾ ਦਿੱਤਾ। ਉਧਰ ਉਜ਼ੇਰ ਨੂੰ ਉਸ ਦੇ ਪਿਤਾ ਸੈਫਉਲਾ ਪਰਾਚਾ ਨੇ ਕਹਿ ਦਿੱਤਾ ਕਿ ਉਸ ਦੇ ਕੋਈ ਜਾਣ-ਪਛਾਣ ਵਾਲੇ ਹਨ ਉਹ ਉਨ੍ਹਾਂ ਦੀ ਮਦਦ ਕਰ ਦੇਵੇ।

ਉਜ਼ੇਰ ਨੂੰ ਪਤਾ ਸੀ ਕਿ ਉਸ ਦਾ ਪਿਉ ਵੱਡਾ ਬਿਜ਼ਨਸਮੈਨ ਹੈ ਅਤੇ ਉਸ ਦੇ ਕਈ ਅਲ ਕਾਇਦਾ ਮੈਂਬਰਾਂ ਨਾਲ ਵੀ ਸਬੰਧ ਹਨ। ਪਰ ਆਪ ਉਹ ਅਜਿਹੇ ਕੰਮਾਂ ਤੋਂ ਦੂਰ ਹੀ ਰਹਿੰਦਾ ਸੀ। ਉਸ ਦਾ ਪਿਉ ਵੀ ਉਸ ਨੂੰ ਇਹੀ ਕਹਿੰਦਾ ਰਹਿੰਦਾ ਸੀ ਕਿ ਉਸ ਦੇ ਜਿੰਨੇ ਕੁ ਸਬੰਧ ਅਲ ਕਾਇਦਾ ਨਾਲ ਹਨ, ਉਹ ਸਿਰਫ ਬਿਜ਼ਨਸ ਨਜ਼ਰੀਏ ਤੋਂ ਹਨ। ਉਂਜ ਉਹ ਕਹਿੰਦਾ ਸੀ ਕਿ ਉਸ ਦਾ ਉਨ੍ਹਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਖੈਰ, ਸ਼ਾਮ ਵੇਲੇ ਉਜ਼ੇਰ ਪਰਾਚਾ ਰੈਸਟੋਰੈਂਟ ਵਿਚ ਅਲੀ ਅਤੇ ਮਜੀਦ ਖਾਨ ਨੂੰ ਜਾ ਮਿਲਿਆ। ਗੱਲੀਂਬਾਤੀਂ ਅਲੀ ਨੇ ਗੱਲ ਛੇੜੀ, "ਉਜ਼ੇਰ ਭਾਈ ਆਪਣਾ ਇਹ ਦੋਸਤ ਮਜੀਦ ਇੱਕ ਕੰਮ ਕਰਨ ਵਾਲਾ ਮਿਡਲ ਕਲਾਸ ਆਦਮੀ ਐ ਤੇ ਇਹ ਆਉਣ ਲੱਗਿਆ ਆਪਣਾ ਟਰੈਵਲ ਪਰਮਿਟ ਲੈਣਾ ਭੁੱਲ ਗਿਆ ਹੈ। ਬੱਸ ਇਸ ਦਾ ਇੰਨਾ ਕੁ ਕੰਮ ਕਰਨਾ ਹੈ ਕਿ ਇਸ ਦੀ ਅਰਜ਼ੀ ਉਥੇ ਲੈ ਕੇ ਜਾਣੀ ਹੈ ਤੇ ਅਮਰੀਕਾ ਪਹੁੰਚ ਕੇ ਇੰਮੀਗਰੇਸ਼ਨ ਨੂੰ ਮੇਲ ਕਰ ਦੇਣੀ ਹੈ। ਫਿਰ ਹਫਤੇ ਪਿੱਛੋਂ ਉਨ੍ਹਾਂ ਨੂੰ ਮਜੀਦ ਖਾਨ ਬਣ ਕੇ ਫੋਨ ਕਰਨੈਂ। ਇਸ ਪਿੱਛੋਂ ਇੰਮੀਗਰੇਸ਼ਨ ਵਾਲੇ ਇਸ ਦਾ ਟਰੈਵਲ ਪਰਮਿਟ ਮੇਲ ਕਰ ਦੇਣਗੇ ਤੇ ਤੂੰ ਉਸ ਮੇਲ ਬਾਕਸ 'ਚੋਂ ਜਾ ਕੇ ਉਹ ਪਰਮਿਟ ਚੁੱਕ ਲੈਣੈਂ। ਪਰਮਿਟ ਮਿਲ ਜਾਣ ਪਿੱਛੋਂ ਪੋਸਟ ਬਾਕਸ ਬੰਦ ਕਰਨ ਦੀ ਅਰਜ਼ੀ ਦੇ ਦੇਣੀ ਐ ਅਤੇ ਵਾਪਸ ਪਾਕਿਸਤਾਨ ਆਉਣ ਵੇਲੇ ਇਸ ਦਾ ਉਹ ਪਰਮਿਟ ਨਾਲ ਲੈ ਆਉਣਾ ਤਾਂ ਕਿ ਇਸ ਨੂੰ ਦੁਬਾਰਾ ਤੋਂ ਅਮਰੀਕਾ ਵਿਚ ਦਾਖਲ ਹੋਣ ਦੀ ਇਜਾਜ਼ਤ ਮਿਲ ਜਾਵੇ।"

ਬਾਈ ਤੇਈ ਸਾਲਾਂ ਦੇ ਸ਼ਰਮੀਲੇ ਜਿਹੇ ਉਜ਼ੇਰ ਨੂੰ ਗੱਲ ਕੁਛ ਅਟਪਟੀ ਜਿਹੀ ਲੱਗੀ ਪਰ ਉਹ ਉਨ੍ਹਾਂ ਦੇ ਪ੍ਰਭਾਵ ਕਾਰਨ ਕੁਛ ਬੋਲ ਨਾ ਸਕਿਆ ਅਤੇ ਉਸ ਨੇ ਮਜੀਦਾ ਖਾਨ ਦੇ ਸਾਰੇ ਕਾਗਜ਼ ਪੱਤਰ, ਉਸ ਦਾ ਲਾਈਸੈਂਸ, ਸੋਸ਼ਲ ਸਕਿਉਰਟੀ ਕਾਰਡ, ਮੇਲ ਬਾਕਸ ਦੀ ਚਾਬੀ ਅਤੇ ਅਰਜ਼ੀ ਵਗੈਰਾ ਫੜ੍ਹ ਲਏ। ਘਰ ਆ ਕੇ ਉਸ ਨੇ ਆਪਣੇ ਪਿਉ ਨੂੰ ਕਿਹਾ ਕਿ ਉਸ ਨੂੰ ਇਹ ਕੰਮ ਕੁਝ ਜਚਦਾ ਨਹੀਂ ਹੈ, ਪਰ ਸੈਫਉਲਾ ਪਰਾਚਾ ਨੇ ਗੱਲੀਂਬਾਤੀਂ ਉਸ ਦਾ ਡਰ ਦੂਰ ਕਰ ਦਿੱਤਾ ਤੇ ਅਧਮੰਨੇ ਮਨ ਨਾਲ ਉਜ਼ੇਰ ਪਰਾਚਾ ਅਮਰੀਕਾ ਜਾਣ ਲੱਗਿਆ ਮਜੀਦ ਖਾਨ ਦੇ ਸਾਰੇ ਕਾਗਜ਼ ਪੱਤਰ ਆਪਣੇ ਨਾਲ ਲੈ ਗਿਆ। ਉਥੇ ਜਾ ਕੇ ਉਸ ਨੇ ਆਪਣਾ ਸਾਰਾ ਸਮਾਨ ਆਪਣੇ ਪਿਉ ਦੇ ਦਫਤਰ ਵਿਚ ਰੱਖ ਦਿੱਤਾ ਤੇ ਆਪਣੇ ਕੰਮਾਂ 'ਚ ਰੁੱਝ ਗਿਆ।

ਉਜ਼ੇਰ ਦਾ ਪਿਉ ਸੈਫਉਲਾ ਪਰਾਚਾ ਬਹੁਤ ਸਾਲ ਪਹਿਲਾਂ ਅਮਰੀਕਾ 'ਚ ਪੜ੍ਹਦਾ ਰਿਹਾ ਸੀ। ਕੁਝ ਦੇਰ ਉਸ ਨੇ ਉਥੇ ਟਰੈਵਲ ਏਜੈਂਸੀ ਵੀ ਚਲਾਈ। ਫਿਰ ਪਾਕਿਸਤਾਨ ਵਾਪਸ ਆ ਕੇ ਉਸ ਨੇ ਕੱਪੜੇ ਦਾ ਬਿਜ਼ਨਸ ਸ਼ੁਰੂ ਕਰ ਲਿਆ। ਜਦੋਂ ਉਸ ਦਾ ਬਿਜ਼ਨਸ ਚੰਗਾ ਜੰਮ ਗਿਆ ਤਾਂ ਉਸ ਨੇ ਇੰਪੋਰਟ-ਐਕਸਪੋਰਟ ਦਾ ਲਾਈਸੈਂਸ ਲੈ ਕੇ ਪਾਕਿਸਤਾਨ ਤੋਂ ਅਮਰੀਕਾ ਨੂੰ ਰੈਡੀਮੇਡ ਕੱਪੜੇ ਭੇਜਣੇ ਸ਼ੁਰੂ ਕਰ ਦਿੱਤੇ। ਉਸ ਨੇ ਇੱਕ ਦਫਤਰ ਨਿਊ ਯਾਰਕ ਵਿਚ ਖੋਲ੍ਹ ਲਿਆ। ਪਾਕਿਸਤਾਨ 'ਚ ਉਸ ਨੇ ਘਰ ਬਣਾ ਕੇ ਵੇਚਣ ਦਾ ਕੰਮ ਵੀ ਵੱਡੇ ਪੱਧਰ 'ਤੇ ਚਲਾ ਲਿਆ। ਨਿਊ ਯਾਰਕ 'ਚ ਸੈਫਉਲਾ ਦਾ ਪੁਰਾਣਾ ਅਮਰੀਕਣ ਦੋਸਤ ਚਾਰਲਸ ਉਸ ਦਾ ਬਿਜ਼ਨਸ ਪਾਰਟਨਰ ਬਣ ਗਿਆ। ਇਸ ਦਰਮਿਆਨ ਇੱਕ ਵਾਰ ਉਹ ਪਾਕਿਸਤਾਨ ਦੀ ਰਾਈਸ ਐਕਸਪੋਰਟ ਐਸੋਸੀਏਸ਼ਨ ਨਾਲ ਅਫਗਾਨਿਸਤਾਨ ਗਿਆ। ਟੀਮ ਦੇ ਇੱਕ ਮੈਂਬਰ ਨੇ ਉਸ ਨੂੰ ਉਸਾਮਾ ਬਿਨ ਲਾਦਿਨ ਨਾਲ ਮਿਲਾਉਣ ਦਾ ਵਿਚਾਰ ਦੱਸਿਆ ਤਾਂ ਉਹ ਖੁਸ਼ੀ ਖੁਸ਼ੀ ਮੰਨ ਗਿਆ। ਲਾਦਿਨ ਨੂੰ ਮਿਲਣ ਵੇਲੇ ਉਸ ਨੂੰ ਆਪਣਾ ਕਾਰਡ ਦਿੰਦਿਆਂ ਸੈਫਉਲਾ ਨੇ ਕਿਹਾ ਕਿ ਉਹ ਇੱਕ ਯੂਨੀਵਰਸਲ ਬਰੌਡਕਾਸਟਿੰਗ ਨਾਂ ਦਾ ਟੀ ਵੀ ਪ੍ਰੋਗਰਾਮ ਚਲਾਉਂਦਾ ਹੈ। ਉਸ ਨੇ ਲਾਦਿਨ ਨੂੰ ਆਪਣੇ ਇਸ ਪ੍ਰੋਗਰਾਮ ਵਿਚ ਇੰਟਰਵਿਊ ਦੇਣ ਲਈ ਕਿਹਾ। ਲਾਦਿਨ ਨੇ ਮੁਸਕਰਾਉਂਦਿਆਂ ਸੈਫਉਲਾ ਦਾ ਕਾਰਡ ਜੇਬ 'ਚ ਪਾ ਲਿਆ।

ਉਦੋਂ ਤੱਕ ਸੈਫਉਲਾ ਸੋਚ ਰਿਹਾ ਸੀ ਕਿ ਉਸ ਨੂੰ ਅਲਕਾਇਦਾ ਤੋਂ ਬਹੁਤ ਬਿਜ਼ਨਸ ਮਿਲ ਸਕਦਾ ਹੈ। ਉਹ ਉਸ ਦੇ ਨਵੇਂ ਬਣ ਰਹੇ ਘਰਾਂ ਦੇ ਖਰੀਦਦਾਰ ਹੋ ਸਕਦੇ ਹਨ। ਇਸ ਵਿਚਕਾਰ ਕਾਫੀ ਵਕਤ ਬੀਤ ਗਿਆ ਕਿ ਉਸ ਦੇ ਦਫਤਰ ਇੱਕ ਬੰਦਾ ਆਇਆ ਜਿਸ ਨੇ ਆਪਣਾ ਨਾਂ ਮੀਰ ਦੱਸਿਆ। ਅਸਲ ਵਿਚ ਮੀਰ, ਕੇ. ਐਸ. ਐਮ. ਹੀ ਸੀ। ਉਸ ਨੇ ਉਹ ਕਾਰਡ ਕੱਢ ਕੇ ਵਿਖਾਇਆ ਜੋ ਕਦੇ ਸੈਫਉਲਾ ਨੇ ਉਸਾਮਾ ਬਿਨ ਲਾਦਿਨ ਨੂੰ ਦਿੱਤਾ ਸੀ। ਮੀਰ ਬਣੇ, ਕੇ. ਐਸ. ਐਮ. ਨੇ ਕਿਹਾ ਕਿ ਉਨ੍ਹਾਂ ਨੂੰ ਕੁਝ ਘਰ ਕਿਰਾਏ 'ਤੇ ਚਾਹੀਦੇ ਹਨ ਅਤੇ ਕੁਝ ਖਰੀਦਣੇ ਵੀ ਹਨ। ਸੈਫਉਲਾ ਇਹ ਕੰਮ ਕਰਨ ਲਈ ਖੁਸ਼ੀ ਨਾਲ ਤਿਆਰ ਹੋ ਗਿਆ। ਅਗਲੇ ਇੱਕ ਸਾਲ ਤੱਕ ਉਸ ਨੇ ਅਲ ਕਾਇਦਾ ਨੂੰ ਵੇਚੇ ਘਰਾਂ 'ਚੋਂ ਤਕਰਬੀਨ ਤਿੰਨ ਕਰੋੜ ਰੁਪਏ ਕਮਾਏ। ਪਿਛਲੇ ਦਿਨੀਂ ਹੀ ਕੇ. ਐਸ. ਐਮ. ਨੇ ਇੱਕ ਦਿਨ ਉਸ ਨੂੰ ਮੁਸਤਫਾ ਨਾਂ ਦੇ ਕਿਸੇ ਵੱਡੇ ਜਿਮੀਦਾਰ ਨਾਲ ਮਿਲਾਇਆ। ਪਰ ਮੁਸਤਫਾ ਅਸਲ 'ਚ ਕੇ. ਐਸ. ਐਮ. ਦਾ ਭਾਣਜਾ ਅਲੀ ਹੀ ਸੀ। ਮੀਰ ਨੇ ਸੈਫਉਲਾ ਪਰਾਚਾ ਨੂੰ ਕਿਹਾ, "ਸੈਫਉਲਾ ਸਾਹਿਬ, ਮੁਸਤਫਾ ਬਲੋਚਿਸਚਾਨ ਦਾ ਬਹੁਤ ਵੱਡਾ ਬਿਜ਼ਨਸਮੈਨ ਹੈ। ਇਹ ਵੀ ਅਮਰੀਕਾ ਵਿਚ ਇੰਪੋਰਟ-ਐਕਸਪੋਰਟ ਦਾ ਬਿਜ਼ਨਸ ਕਰਨਾ ਚਾਹੁੰਦਾ ਐ। ਤੁਸੀਂ ਇਸ ਦੀ ਮਦਦ ਕਰੋ।"

"ਹਾਂ ਜੀ ਮੀਰ ਸਾਹਿਬ ਦੱਸੋ ਮੈਂ ਇਸ ਲਈ ਕੀ ਕਰ ਸਕਦਾ ਆਂ?"

"ਤੁਸੀਂ ਇਸ ਦੇ ਪਾਰਟਨਰ ਮਜੀਦ ਖਾਨ ਲਈ ਉਥੇ ਕੋਈ ਕੰਪਨੀ ਖੁਲਵਾ ਦਿਉ ਤਾਂ ਕਿ ਇਹ ਵੀ ਆਪਣਾ ਸਾਮਾਨ ਉਥੇ ਭਿਜਵਾ ਸਕੇ। ਸ਼ੁਰੂ 'ਚ ਤੁਸੀਂ ਇਸ ਨੂੰ ਆਪਣੀ ਕੰਪਨੀ ਰਾਹੀਂ ਹੀ ਸਾਮਾਨ ਭੇਜਣ ਦੀ ਇਜਾਜ਼ਤ ਦੇ ਦਿਉ ਤਾਂ ਬਹੁਤ ਚੰਗਾ ਹੋਵੇਗਾ। ਅੱਗੇ ਜਾ ਕੇ ਇਹ ਸ਼ਾਇਦ ਤੁਹਾਡਾ ਪਾਰਟਨਰ ਹੀ ਬਣ ਜਾਵੇ।"

"ਕੋਈ ਗੱਲ ਨ੍ਹੀਂ ਮੀਰ ਸਾਹਿਬ। ਇਹ ਚਾਹੁਣ ਤਾਂ ਇੱਕ ਅੱਧ ਡਿਲਿਵਰੀ ਮੇਰੀ ਕੰਪਨੀ ਰਾਹੀਂ ਹੀ ਭੇਜ ਸਕਦੇ ਨੇ। ਅੱਗੇ ਦੀ ਅੱਗੇ ਵੇਖੀ ਜਾਵੇਗੀ।" ਸੈਫਉਲਾ ਅੰਦਰੋਂ ਖੁਸ਼ ਹੋ ਗਿਆ ਕਿ ਉਸ ਦਾ ਬਿਜ਼ਨਸ ਹੋਰ ਅੱਗੇ ਵਧੇਗਾ। ਪਰ ਕੇ. ਐਸ. ਐਮ. ਦੀ ਸਕੀਮ ਹੋਰ ਸੀ। ਉਸ ਨੇ ਸੋਚਿਆ ਸੀ ਕਿ ਅਲੀ ਦੇ ਸਾਮਾਨ ਭੇਜਣ ਦੇ ਬਹਾਨੇ ਉਹ ਸੈਫਉਲਾ ਦੀ ਕੰਪਨੀ ਨੂੰ ਵਰਤੇਗਾ। ਜਿਨ੍ਹਾਂ ਕਨਟੇਨਰਾਂ 'ਚ ਸੈਫਉਲਾ ਕੱਪੜੇ ਪਾ ਕੇ ਭੇਜਦਾ ਸੀ, ਉਨ੍ਹਾਂ 'ਚ ਸੀ 4 ਧਮਾਕਾਖੇਜ਼ ਅਤੇ ਹੋਰ ਘਾਤਕ ਕੈਮੀਕਲ ਪਾ ਕੇ ਭੇਜੇਗਾ ਜਿਨ੍ਹਾਂ ਨੂੰ ਉਥੇ ਜਾ ਕੇ ਬਾਅਦ 'ਚ ਮਜੀਦ ਖਾਨ ਨੇ ਸੰਭਾਲਣਾ ਸੀ। ਇਹੀ ਹਥਿਆਰ ਅਮਰੀਕਾ ਦੇ ਤੇਲ ਭੰਡਾਰਾਂ ਨੂੰ ਅੱਗ ਲਾਉਣ ਲਈ ਵਰਤੇ ਜਾਣੇ ਸਨ। ਗੱਲਬਾਤ ਮੁਕਾ ਕੇ ਮੀਰ ਅਤੇ ਮੁਸਤਫਾ ਬਣੇ, ਮਾਮਾ ਭਾਣਜਾ ਸੈਫਉਲਾ ਦੇ ਦਫਤਰੋਂ ਆ ਗਏ।

ਉਧਰ ਆਫੀਆ ਇਹ ਸੋਚ ਕੇ ਖੁਸ਼ ਹੋ ਰਹੀ ਸੀ ਕਿ ਉਹ ਚੁੱਪ ਚਾਪ ਅਮਰੀਕਾ ਦਾ ਗੇੜਾ ਲਾ ਆਈ ਤੇ ਕਿਸੇ ਨੂੰ ਇਸ ਦੀ ਭਿਣਕ ਵੀ ਨਹੀਂ ਪਈ। ਪਰ ਇਹ ਉਸ ਦੀ ਭੁੱਲ ਸੀ ਕਿਉਂਕਿ ਉਸ ਦਾ ਨਾਂ ਪਹਿਲਾਂ ਹੀ ਐਫ. ਬੀ. ਆਈ. ਵਾਲਿਆਂ ਦੇ ਰਿਕਾਰਡ 'ਚ ਆ ਚੁਕਾ ਸੀ। ਉਹ ਅਤੇ ਅਮਜਦ ਜਦੋਂ ਐਫ. ਬੀ. ਆਈ. ਦੀ ਦੂਸਰੀ ਇੰਟਰਵਿਊ ਵਿਚਾਲੇ ਹੀ ਛੱਡ ਕੇ ਚਲੇ ਗਏ ਸਨ ਤਾਂ ਐਫ. ਬੀ. ਆਈ. ਨੇ ਉਨ੍ਹਾਂ ਦਾ ਨਾਂ ਟਰੈਵਲ ਵਾਚ ਲਿਸਟ 'ਤੇ ਪਾ ਦਿੱਤਾ ਸੀ ਜਿਸ ਦਾ ਨਤੀਜਾ ਇਹ ਹੋਇਆ ਕਿ ਜਿਉਂ ਹੀ ਉਹ ਅਮਰੀਕਾ ਜਾਣ ਲਈ ਕਰਾਚੀ ਤੋਂ ਜਹਾਜ 'ਚ ਬੈਠੀ ਸੀ ਤਾਂ ਉਸੇ ਵੇਲੇ ਪਾਕਿਸਤਾਨ ਦੀ ਫੈਡਰਲ ਟਰੈਵਲ ਏਜੈਂਸੀ ਨੇ ਅਮਰੀਕਨ ਐਫ. ਬੀ. ਆਈ. ਨੂੰ ਸੂਚਿਤ ਕਰ ਦਿੱਤਾ ਸੀ। ਐਫ. ਬੀ. ਆਈ. ਵਾਲਿਆਂ ਨੇ ਉਸ ਨੂੰ ਏਅਰਪੋਰਟ 'ਤੇ ਫੜ੍ਹਨ ਦੀ ਬਜਾਏ ਉਸ ਦਾ ਪਿੱਛਾ ਕਰਨਾ ਉਚਿਤ ਸਮਝਿਆ ਕਿਉਂਕਿ ਉਹ ਉਸ ਨੂੰ ਫੜ੍ਹਨ ਨਾਲੋਂ ਸਾਰੇ ਰਿੰਗ ਨੂੰ ਤੋੜਨਾ ਚਾਹੁੰਦੇ ਸਨ। ਆਫੀਆ ਨੇ ਜਦੋਂ ਏਅਰਪੋਰਟ ਦੇ ਬਾਹਰੋਂ ਟੈਕਸੀ ਲਈ ਤਾਂ ਜੋ ਪਾਕਿਸਤਾਨੀ ਟੈਕਸੀ ਡਰਾਈਵਰ ਉਸ ਨੂੰ ਏਅਰਪੋਰਟ ਤੋਂ ਚੁੱਕ ਕੇ ਹੋਟਲ ਛੱਡ ਕੇ ਆਇਆ ਉਹ ਐਫ. ਬੀ. ਆਈ. ਦਾ ਹੀ ਬੰਦਾ ਸੀ।

ਅਗਲੇ ਦੋ ਦਿਨ ਵੀ ਉਸ ਦਾ ਪਿੱਛਾ ਹੁੰਦਾ ਰਿਹਾ। ਉਸ ਦੇ ਪਿੱਛੇ ਪਿੱਛੇ ਰਹਿੰਦਿਆਂ ਐਫ. ਬੀ. ਆਈ. ਨੇ ਪਤਾ ਲਗਾ ਲਿਆ ਕਿ ਇਹ ਇੱਥੇ ਸਿਰਫ ਪੋਸਟ ਬਾਕਸ ਕਿਰਾਏ 'ਤੇ ਲੈਣ ਆਈ ਸੀ। ਇੰਨਾ ਹੀ ਨਹੀਂ ਸਗੋਂ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਆਫੀਆ ਨੇ ਪੋਸਟ ਆਫਿਸ ਕਿਰਾਏ 'ਤੇ ਲੈਣ ਵੇਲੇ ਮਜੀਦ ਖਾਨ ਦਾ ਨਾਂ ਘਰਵਾਲੇ ਦੇ ਤੌਰ 'ਤੇ ਲਿਖਿਆ ਹੈ ਤਾਂ ਉਹ ਸਮਝ ਗਏ ਕਿ ਹੁਣ ਇਸ ਨਾਂ ਦਾ ਬੰਦਾ ਅਮਰੀਕਾ ਵਿਚ ਆਵੇਗਾ ਪਰ ਮਜੀਦ ਖਾਨ ਜਾਂ ਬਾਕੀ ਗਰੁੱਪ ਇਸ ਗੱਲ ਤੋਂ ਅਣਭਿੱਜ ਅੱਗੇ ਦੀ ਕਾਰਵਾਈ ਕਰਨ ਵਿਚ ਮਸਰੂਫ ਹੋ ਗਏ।

(ਚੱਲਦਾ)

## ਕਹਾਣੀ

# ਸ਼ਕੁੰਤਲਾ

***ਲੇਖਕ ਬਲਬੀਰ ਸਿੰਘ ਮੋਮੀ ਦੀ 'ਸ਼ਕੁੰਤਲਾ' ਅਜਿਹੀ ਪ੍ਰਤੀਨਿਧ, ਅਜਨਬੀ ਪਾਤਰ ਹੈ ਜਿਹੜੀ ਇਸ ਗੁੰਝਲਦਾਰ ਸਮਾਜ ਵਿਚ ਵਿਚਰਦੀ ਖੁਦ ਇਕ ਗੁੰਝਲ ਬਣੀ ਹੋਈ ਹੈ। ਅਜਿਹੇ ਪਾਤਰ ਪਾਣੀ ਵਿਚ ਸੁੱਟੀ ਢੀਮ ਵਾਂਗ ਸਤਹਿ ਉਤੇ ਹਲਚਲ ਤਾਂ ਪੈਦਾ ਕਰਦੇ ਹਨ, ਪਰ ਇਨ੍ਹਾਂ ਦੇ ਅੰਦਰ ਉਠ ਰਹੇ ਜਵਾਰਭਾਟੇ ਥੋੜ੍ਹੀ ਕੀਤੇ ਕਿਸੇ ਦੇ ਨਜ਼ਰੀਂ ਨਹੀਂ ਪੈਂਦੇ। ਇਸ ਕਹਾਣੀ ਦੀ ਮੁੱਖ ਪਾਤਰ ਸ਼ਕੁੰਤਲਾ ਸਭ ਲਈ ਬੁਝਾਰਤ ਹੈ ਜਿਹੜੀ 'ਸਭ ਅੱਛਾ' ਦੇ ਗੇੜ ਵਿਚ ਪਈ ਪ੍ਰਤੀਤ ਹੁੰਦੀ ਹੈ। ਉਸ ਦਾ ਇਹੀ ਸੁਭਾਅ ਕਹਾਣੀ ਦੇ ਮੈਂ ਪਾਤਰ ਨੂੰ ਉਸ ਦੇ ਕਰੀਬ ਲੈ ਜਾਂਦਾ ਹੈ, ਪਰ ਇਸ ਕਰੀਬੀ ਰਿਸ਼ਤੇ ਦੇ ਬਾਵਜੂਦ ਮੈਂ ਪਾਤਰ ਉਸ ਦੇ ਮਨ ਦੀਆਂ ਰਮਜ਼ਾਂ ਬੁੱਝਣ ਵਿਚ ਅਸਮਰੱਥ ਰਹਿੰਦਾ ਹੈ। ਲੇਖਕ ਨੇ ਇਸ ਰਿਸ਼ਤੇ ਦੀਆਂ ਗਹਿਰਾਈਆਂ ਨੂੰ ਬੜੇ ਜ਼ਬਤ ਨਾਲ ਪੇਸ਼ ਕੀਤਾ ਹੈ। -ਸੰਪਾਦਕ***

**ਬਲਬੀਰ ਸਿੰਘ ਮੋਮੀ**

ਮੈਂ ਔਰਤਾਂ ਨੂੰ ਦੋ ਹਿੱਸਿਆਂ ਵਿਚ ਵੰਡਦਾ ਹਾਂ। ਇਕ ਮਰਦ ਦੇ ਮਗਰ ਲੱਗਣ ਵਾਲੀਆਂ, ਦੂਜੀਆਂ ਮਰਦਾਂ ਨੂੰ ਮਗਰ ਲਾਉਣ ਵਾਲੀਆਂ। ਸ਼ਕੁੰਤਲਾ ਜੋ ਇਕ ਸਕੂਲ ਅਧਿਆਪਕਾ ਸੀ, ਦੱਬੀ ਰਹਿਣ ਵਿਚ ਵਿਸ਼ਵਾਸ ਰੱਖਦੀ ਸੀ। ਉਹ ਕਦੇ ਕਿਸੇ ਨਾਲ ਕਿਸੇ ਬਹਿਸ-ਮੁਬਾਹਸੇ ਵਿਚ ਨਹੀਂ ਪੈਂਦੀ ਸੀ। ਕਈ ਵਾਰ ਉਹ ਦੂਜੇ ਦੀ ਗਲਤ ਗੱਲ ਜਾਂ ਦਲੀਲ ਨੂੰ ਗਲਤ ਹੁੰਦਿਆਂ ਹੋਇਆਂ ਵੀ ਮੰਨ ਲੈਂਦੀ ਸੀ। ਇਕ ਵਾਰ ਬਾਹਰ ਮੀਂਹ ਪੈ ਰਿਹਾ ਸੀ, ਬੜੀ ਠੰਡ ਸੀ। ਸਰੀਰ ਕੰਬ ਰਹੇ ਸਨ ਪਰ ਜਦ ਉਹਦੀ ਇਕ ਸਾਥਣ ਨੇ ਕਿਹਾ ਕਿ ਬਾਹਰ ਤਾਂ ਬਿਲਕੁਲ ਠੰਡ ਨਹੀਂ ਤਾਂ ਉਹ ਝੱਟ ਮੰਨ ਗਈ ਕਿ ਬਾਹਰ ਵਾਕਿਆ ਈ ਠੰਡ ਨਹੀਂ ਹੈ।

ਮੈਂ ਅਕਸਰ ਇਹ ਸੋਚ ਕੇ ਹੈਰਾਨ ਹੁੰਦਾ ਕਿ ਕੀ ਸ਼ਕੁੰਤਲਾ ਦੀ ਆਪਣੀ ਕੋਈ ਮਰਜ਼ੀ ਨਹੀਂ ਸੀ। ਜੇ ਕੋਈ ਦਿਨ ਨੂੰ ਰਾਤ ਕਹਿ ਦਿੰਦਾ ਤਾਂ ਉਹ ਦਿਨ ਨੂੰ ਰਾਤ ਮੰਨ ਲੈਂਦੀ। ਪੜ੍ਹੀ ਲਿਖੀ ਸੀ, ਚੰਗੀ ਨੌਕਰੀ ਤੇ ਲੱਗੀ ਹੋਈ ਸੀ। ਪਿੱਛਾ ਵੀ ਮਾੜਾ ਨਹੀਂ ਸੀ। ਆਰਥਿਕ ਪੱਖੋਂ ਸੁਤੰਤਰ ਸੀ। ਦੇਸ਼ ਦੀ ਰਾਜਨੀਤੀ ਤੇ ਆਰਥਿਕਤਾ ਨੂੰ ਸਮਝਦੀ ਸੀ। ਚੰਗੇ ਮਾੜੇ ਦਾ ਵੀ ਗਿਆਨ ਸੀ ਪਰ ਫਿਰ ਵੀ ਦੂਜੇ ਦੀ ਗਲਤ ਗੱਲ ਨੂੰ ਫੌਰਨ ਮੰਨ ਲੈਣ ਵਿਚ ਕੀ ਵਡਿਆਈ ਸੀ। ਉਸ ਦਾ ਵਿਹਾਰ ਅਜਿਹਾ ਕਿਉਂ ਹੋ ਗਿਆ ਸੀ। ਕੀ ਉਸ ਦੇ ਜੀਵਨ ਵਿਚ ਕੋਈ ਅਜਿਹੀ ਘਟਨਾ ਘਟੀ ਸੀ ਜਿਸ ਕਾਰਨ ਉਸ ਦਾ ਵਿਰੋਧੀ ਭਾਵਾਂ ਨੂੰ ਅਸਵੀਕਾਰ ਕਰਨ ਵਾਲਾ ਪਾਸਾ ਬੰਦ ਹੋ ਗਿਆ ਸੀ।

ਇਕ ਦਿਨ ਜਦ ਪਾਕਿਸਤਾਨ ਤੇ ਹਿੰਦੁਸਤਾਨ ਦੀ ਜੰਗ ਲੱਗੀ ਹੋਈ ਸੀ ਅਤੇ ਭਾਰਤੀ ਫੌਜਾਂ ਪਾਕਿਸਤਾਨ ਦੇ ਅੰਦਰ ਵੱਲ ਫਤਿਹ ਪ੍ਰਾਪਤ ਕਰਦੀਆਂ ਵਧ ਰਹੀਆਂ ਸਨ ਤਾਂ ਮੈਂ ਉਸ ਨੂੰ ਕਹਿ ਬੈਠਾ ਕਿ ਪਾਕਿਸਤਾਨੀ ਫੌਜਾਂ ਨੇ ਪੰਜਾਬ ਦੇ ਕੁਝ ਹਿੱਸਿਆਂ 'ਤੇ ਕਬਜ਼ਾ ਕਰ ਲਿਆ ਹੈ ਤਾਂ ਉਸ ਫੌਰਨ ਮੰਨ ਲਿਆ ਜਦਕਿ ਛਪੀ ਅਖਬਾਰ ਉਸ ਦੇ ਸਾਹਮਣੇ ਪਈ ਸੀ। ਖਬਰਾਂ ਵਿਚ ਅਜਿਹਾ ਕੋਈ ਸੰਕੇਤ ਨਹੀਂ ਸੀ ਕਿ ਪਾਕਿਸਤਾਨੀ ਫੌਜਾਂ ਜਿੱਤ ਰਹੀਆਂ ਸਨ ਅਤੇ ਉਸ ਨੇ ਅਖਬਾਰ ਪੜ੍ਹੀ ਹੋਈ ਸੀ। ਮੈਂ ਉਸ ਦੇ ਯਕਦਮ ਮੇਰੀ ਗਲਤ ਗੱਲ ਮੰਨੇ ਜਾਣ 'ਤੇ ਬੜੀਆਂ ਸੋਚਾਂ ਵਿਚ ਪੈ ਗਿਆ। ਜ਼ਰੂਰ ਸ਼ਕੁੰਤਲਾ ਕਿਸੇ ਭਾਰੀ ਮਾਨਸਿਕ ਸਦਮੇ ਦੀ ਸ਼ਿਕਾਰ ਸੀ। ਨਹੀਂ ਤਾਂ ਏਸ ਯੁਗ ਦੀ ਔਰਤ ਏਨੀ ਸਬਮਿਸਿਵ ਨਹੀਂ ਸੀ ਅਤੇ ਮੈਂ ਅਨੇਕਾਂ ਅਜਿਹੀਆਂ ਔਰਤਾਂ ਨੂੰ ਜਾਣਦਾ ਸਾਂ ਜੋ ਜੀਭ ਦੀਆਂ ਬੜੀਆਂ ਤਿਖੀਆਂ ਸਨ ਅਤੇ ਗੱਲ ਨੂੰ ਹੇਠਾਂ ਲੱਗਣ ਹੀ ਨਹੀਂ ਦਿੰਦੀਆਂ ਸਨ। ਆਪਣੀ ਗਲਤ ਗੱਲ ਨੂੰ ਠੀਕ ਮੰਨਵਾ ਕੇ ਹੀ ਸਾਹ ਲੈਂਦੀਆਂ ਸਨ। ਗੱਲ ਗੱਲ ਤੇ ਲੜਨ ਪੈਂਦੀਆਂ ਸਨ। ਤਾਅਨੇ-ਮਿਹਣੇ ਦਿੰਦੀਆਂ ਤੇ ਅਗਲਿਆਂ ਪਿਛਲਿਆਂ ਨੂੰ ਪੁਣਦੀਆਂ ਸਨ। ਨਿੱਕੀ ਨਿੱਕੀ ਗੱਲ ਤੇ ਰੁੱਸ ਜਾਂਦੀਆਂ ਸਨ। ਮੰਨਣ ਲਈ ਗਲਤ ਸ਼ਰਤਾਂ ਮੰਨਵਾਉਂਦੀਆਂ ਸਨ। ਕਈ ਵਾਰ ਰੁੱਸ ਕੇ ਪੇਕੇ ਟੁਰ ਜਾਂਦੀਆਂ ਸਨ। ਫਿਰ ਮਰਦ ਨੂੰ ਸਾਰੇ ਪੇਕੇ ਪਰਿਵਾਰ ਦੇ ਤਰਲੇ ਕੱਢਣ ਤੇ ਸ਼ਰਤਾਂ ਪੂਰੀਆਂ ਕਰਨ ਦੀਆਂ ਲਿਖਤਾਂ ਲਿਖਵਾਉਂਦੀਆਂ ਸਨ ਤੇ ਇਕ ਸ਼ਕੁੰਤਲਾ ਸੀ ਜੋ ਹਰ ਸਮੇਂ ਮਸਤ ਤੇ ਸ਼ਾਂਤ ਰਹਿੰਦੀ ਸੀ। ਭਾਵੇਂ ਉਹ ਚਾਲੀ ਵਰ੍ਹਿਆਂ ਦੀ ਹੋ ਗਈ ਸੀ ਤੇ ਵਿਆਹ ਵੀ ਨਹੀਂ ਕਰਵਾਇਆ ਸੀ ਪਰ ਉਸ ਨੂੰ ਕਿਸੇ ਪ੍ਰਕਾਰ ਦਾ ਕੋਈ ਅਫਸੋਸ ਨਹੀਂ ਸੀ ਕਿ ਉਸ ਦਾ ਕੋਈ ਸਾਥੀ ਨਹੀਂ ਸੀ। ਦੁਖ ਸੁਖ ਵੰਡਣ ਵਾਲਾ ਕੋਈ ਨਹੀਂ ਸੀ। ਹੁਣ ਤਾਂ ਉਸ ਦੇ ਹੱਡ ਚਲਦੇ ਸਨ, ਤਨਖਾਹ ਤੇ ਨੌਕਰੀ ਚੰਗੀ ਸੀ ਪਰ ਆਖਰ ਇਕ ਦਿਨ ਇਸ ਜਲੌ ਨੇ ਹੋਰ ਮੱਧਮ ਪੈ ਜਾਣਾ ਸੀ। ਮੈਂ ਕੁਝ ਅਜਿਹੀਆਂ ਔਰਤਾਂ ਨੂੰ ਜਾਣਦਾ ਸਾਂ ਜੋ ਬੜੀਆਂ ਪੜ੍ਹੀਆਂ ਲਿਖੀਆਂ ਸਨ। ਵਿਦਿਅਕ ਮਹਿਕਮੇ ਵਿਚ ਉਚ ਪਦਵੀਆਂ ਤੋਂ ਰਿਟਾਇਰ ਹੋਈਆਂ ਸਨ। ਰਿਟਾਇਰਮੈਂਟ ਤੋਂ ਬਾਅਦ ਜਦੋਂ ਜ਼ਿੰਦਗੀ ਦਾ ਖੁਸ਼ਕ ਹਿੱਸਾ ਸ਼ੁਰੂ ਹੋਇਆ ਸੀ ਤਾਂ ਉਹ ਬੜੀਆਂ ਦੁਖੀ ਹੋਈਆਂ ਸਨ। ਲੱਤਾਂ ਘੁੱਟਣ ਵਾਲੀਆਂ ਮਾਈਆਂ ਤੇ ਜੀ ਹਜ਼ੂਰੀ ਕਰਨ ਵਾਲੇ ਚਪੜਾਸੀ, ਕਲਰਕ, ਟੀਚਰ ਤੇ ਹੋਰ ਅਮਲਾ ਫੈਲਾ, ਹੁਣ ਕੋਈ ਉਨ੍ਹਾਂ ਨੂੰ ਮਿਲਣ ਨਹੀਂ ਆਉਂਦਾ ਸੀ। ਪੁੱਤਰ ਧੀ ਨਾ ਹੋਣ ਕਾਰਨ ਕੋਈ ਦੁਖ ਵੇਲੇ ਦਵਾ ਦਾਰੂ ਦੇਣ ਵਾਲਾ ਵੀ ਨਹੀਂ ਬਹੁੜਦਾ ਸੀ। ਕਈਆਂ ਨੇ ਆਪਣੀ ਉਮਰ ਦੀ ਸਾਰੀ ਕਮਾਈ ਆਪਣੇ ਭਰਾਵਾਂ ਜਾਂ ਭੈਣਾਂ ਨੂੰ ਖੁਆ ਦਿੱਤੀ ਸੀ। ਇਕ ਰਿਟਾਇਰਡ ਪ੍ਰਿੰਸੀਪਲ ਨੇ ਆਪਣੇ ਭਰਾ ਨੂੰ ਚੰਡੀਗੜ੍ਹ ਕੋਠੀ ਪਾ ਕੇ ਦਿੱਤੀ ਸੀ ਅਤੇ ਉਸ ਦੇ ਬੱਚਿਆਂ ਦੀ ਪੜ੍ਹਾਈ ਦਾ ਸਾਰਾ ਜ਼ੁੰਮਾ ਓਟਿਆ ਸੀ। ਰਿਟਾਇਰਮੈਂਟ ਉਪਰੰਤ ਜਦ ਉਸ ਨੂੰ ਆਪਣੇ ਭਰਾ ਨੂੰ ਬਣਾ ਕੇ ਦਿੱਤੀ ਆਪਣੀ ਕੋਠੀ ਵਿਚ ਜਾਣਾ ਪਿਆ ਤਾਂ ਕੋਈ ਉਸ ਨੂੰ ਜੀ ਆਇਆਂ ਕਹਿਣ ਲਈ ਤਿਆਰ ਨਹੀਂ ਸੀ। ਪਾਣੀ ਮੰਗਦੀ ਤਾਂ ਕੋਈ ਪਾਣੀ ਨਾ ਦਿੰਦਾ। ਦਵਾਈ ਮੰਗਦੀ ਤਾਂ ਕੋਈ ਦਵਾਈ ਨਾ ਦਿੰਦਾ। ਭਰਾ ਭਰਜਾਈ ਜਿਨ੍ਹਾਂ ਸਾਰੀ ਉਮਰ ਉਸ ਨੂੰ ਖਾਧਾ ਸੀ, ਉਸ ਨੂੰ ਕਿਸੇ ਬਿਰਧ ਆਸ਼ਰਮ ਵਿਚ ਆਸਰਾ ਲੈਣ ਦੀ ਸਲਾਹ ਦਿੰਦੇ। ਭਤੀਜੀਆਂ-ਭਤੀਜੇ ਕਈ ਵਾਰ ਨੀਂਦ ਦੀਆਂ ਗੋਲੀਆਂ ਦੇ ਕੇ ਉਸ ਨੂੰ ਸੁਆ ਦਿੰਦੇ ਤਾਂ ਜੋ ਉਹਦੀ ਬੁੜ ਬੁੜ ਨਾ ਸੁਣਨੀ ਪਵੇ। ਫਿਰ ਹੌਲੀ ਹੌਲੀ ਉਹ ਪਾਗਲ ਹੋ ਗਈ ਤੇ ਪੌੜੀਆਂ ਤੋਂ ਡਿੱਗ ਕੇ ਮਰ ਗਈ। ਕਈ ਲੋਕ ਗੱਲਾਂ ਕਰਦੇ ਕਿ ਉਹ ਡਿੱਗੀ ਨਹੀਂ ਸੀ, ਉਸ ਨੂੰ ਧੱਕਾ ਦਿੱਤਾ ਗਿਆ ਸੀ।

ਮੈਨੂੰ ਅਕਸਰ ਇਹ ਖ਼ਿਆਲ ਸਤਾਉਂਦਾ ਰਹਿੰਦਾ ਕਿ ਆਖਰੀ ਉਮਰ ਵਿਚ ਏਨੀ ਚੰਗੀ ਸ਼ਕੁੰਤਲਾ ਦਾ ਕੀ ਬਣੇਗਾ। ਇਕ ਦਿਨ ਹੌਸਲਾ ਕਰਕੇ ਮੈਂ ਉਸ ਨੂੰ ਪੁੱਛ ਹੀ ਲਿਆ ਕਿ ਉਹ ਵਿਆਹ ਕਿਉਂ ਨਹੀਂ ਕਰਵਾ ਲੈਂਦੀ। ਉਸ ਬੜੇ ਤਹੰਮਲ ਨਾਲ ਜਵਾਬ ਦਿੱਤਾ, "ਸਿੰਗਲ ਜ਼ਿੰਦਗੀ ਵਰਗੀ ਕੋਈ ਰੀਸ ਨਹੀਂ ਹੈ। ਆਜ਼ਾਦੀ ਵਰਗੀ ਕੋਈ ਚੀਜ਼ ਨਹੀਂ ਹੈ। ਫਿਰ ਹੁਣ ਏਸ ਉਮਰੇ ਮੇਰੇ ਨਾਲ ਕੌਣ ਵਿਆਹ ਕਰਵਾਏਗਾ।"

"ਅਖ਼ਬਾਰ ਵਿਚ ਇਸ਼ਤਿਹਾਰ ਦੇਣ ਨਾਲ ਜਾਂ ਨੇੜੇ ਤੇੜੇ ਤੱਕਣ ਨਾਲ ਕੋਈ ਸਫਲਤਾ ਮਿਲ ਵੀ ਸਕਦੀ ਹੈ।" ਮੈਂ ਉਸ ਨੂੰ ਜਵਾਬ ਦਿੱਤਾ।

"ਤੁਸੀਂ ਹੀ ਮੇਰੇ ਨਾਲ ਵਿਆਹ ਕਿਉਂ ਨਹੀਂ ਕਰਵਾ ਲੈਂਦੇ। ਫਿਰ ਅਸੀਂ ਅਨੇਕਾਂ ਸਾਲਾਂ ਤੋਂ ਇਕ ਦੂਜੇ ਨੂੰ ਜਾਣਦੇ ਵੀ ਹਾਂ। ਇਕੋ ਸਕੂਲ ਵਿਚ ਕਿੰਨਿਆਂ ਵਰ੍ਹਿਆਂ ਤੋਂ ਇਕੱਠੇ ਪੜ੍ਹਾ ਰਹੇ ਹਾਂ।"

ਇਹ ਉਸ ਨੇ ਕੀ ਕਹਿ ਦਿੱਤਾ ਸੀ। ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਸ ਦੇ ਮੂੰਹੋਂ ਅਜਿਹਾ ਵਾਕ ਸੁਣਨ ਦੀ ਤਾਂ ਮੈਂ ਕਦੇ ਤਵੱਕੋ ਹੀ ਨਹੀਂ ਕੀਤੀ ਸੀ। ਇਹ ਉਸ ਨੂੰ ਕੀ ਸੁੱਝੀ ਸੀ। ਮੈਂ ਉਸ ਦੇ ਚਿਹਰੇ ਵੱਲ ਵੇਖਿਆ। ਬਿਲਕੁਲ ਸ਼ਾਂਤ ਸੀ। ਕੋਈ ਉਤਰਾਅ ਚੜ੍ਹਾ ਨਹੀਂ ਸੀ। ਮੈਂ ਉਸ ਨੂੰ ਕਿਹਾ, "ਤੈਨੂੰ ਪਤਾ ਹੈ ਕਿ ਮੈਂ ਵਿਆਹਿਆ ਹੋਇਆ ਹਾਂ ਅਤੇ ਮੇਰੇ ਤਿੰਨ ਬੱਚੇ ਵੀ ਹਨ।"

"ਮੈਨੂੰ ਪਤਾ ਹੈ ਤੇ ਇਹ ਵੀ ਜਾਣਦੀ ਹਾਂ ਕਿ ਤੁਹਾਡੀ ਆਪਣੀ ਬੀਵੀ ਨਾਲ ਨਹੀਂ ਬਣਦੀ।"

"ਇਹ ਸਭ ਠੀਕ ਹੈ ਪਰ ਇਕ ਬੀਵੀ ਦੇ ਹੁੰਦਿਆਂ ਕਾਨੂੰਨ ਦੂਜੀ ਸ਼ਾਦੀ ਦੀ ਆਗਿਆ ਨਹੀਂ ਦਿੰਦਾ।"

"ਤੁਸੀਂ ਤਲਾਕ ਲੈ ਸਕਦੇ ਹੋ।"

"ਤਲਾਕ ਬਾਰੇ ਤਾਂ ਮੈਂ ਕਦੇ ਸੋਚਿਆ ਵੀ ਨਹੀਂ। ਸਾਡੀ ਬਣੇ ਜਾਂ ਨਾ ਬਣੇ ਪਰ ਮੈਂ ਉਸ ਨੂੰ ਤਲਾਕ ਨਹੀਂ ਦੇ ਸਕਦਾ। ਮੈਨੂੰ ਆਪਣੇ ਬੱਚਿਆਂ ਨਾਲ ਬਹੁਤ ਪਿਆਰ ਹੈ।"

"ਤੁਸੀਂ ਬਗ਼ੈਰ ਵਿਆਹ ਕੀਤਿਆਂ ਮੇਰੇ ਨਾਲ ਰਹਿ ਸਕਦੇ ਹੋ। ਇਸ ਦਾ ਇਕ ਲਾਭ ਇਹ ਵੀ ਹੈ ਜਦੋਂ ਜੀ ਚਾਹੇ ਇਕ ਦੂਜੇ ਨੂੰ ਛੱਡ ਸਕਦੇ ਹਾਂ। ਵਿਆਹ ਦਾ ਬੰਧਨ ਤੋੜਨਾ ਬਹੁਤ ਮੁਸ਼ਕਲ ਹੁੰਦਾ ਹੈ ਜਿਵੇਂ ਹੁਣੇ ਤੁਸੀਂ ਦੱਸਿਆ ਹੈ।"

ਫਿਰ ਉਹ ਕੁਝ ਚਿਰ ਚੁੱਪ ਰਹੀ। ਮੈਂ ਇਹ ਸਭ ਅਚਾਨਕ ਘਟ ਰਹੇ ਹਾਲਾਤ ਤੇ ਵਾਰਤਾਲਾਪ ਤੋਂ ਅਚੰਭਿਤ ਹੋ ਰਿਹਾ ਸਾਂ। ਗੰਭੀਰ ਚਿਤ ਹੀ ਸੋਫੇ ਤੇ ਬੈਠਾ ਸਾਂ ਕਿ ਉਹ ਬੜੇ ਆਰਾਮ ਨਾਲ ਸਾਹਮਣੀ ਕੁਰਸੀ ਤੋਂ ਉਠੀ ਤੇ ਹੌਲੀ ਹੌਲੀ ਮੇਰੇ ਲਾਗੇ ਸੋਫੇ 'ਤੇ ਆਈ ਤੇ ਫਿਰ ਸੋਫੇ ਦੇ ਪਿਛਲੇ ਪਾਸਿਉਂ ਬੜੇ ਪੋਲੇ ਜਹੇ ਆਪਣੇ ਦੋਵੇਂ ਹੱਥ ਮੇਰੇ ਮੋਢਿਆਂ 'ਤੇ ਰੱਖ ਦਿੱਤੇ। ਇਹ ਹੱਥ ਕਾਫੀ ਦੇਰ ਮੇਰੇ ਮੋਢਿਆਂ 'ਤੇ ਟਿਕੇ ਰਹੇ। ਫਿਰ ਉਸ ਪੋਲੇ ਪੋਲੇ ਮੇਰੇ ਮੋਢਿਆਂ ਨੂੰ ਦਬਾਇਆ। ਮੈਂ ਫਿਰ ਵੀ ਅਹਿਲ ਰਿਹਾ। ਫਿਰ ਉਸ ਆਪਣੇ ਹੱਥ ਮੇਰੇ ਸਿਰ ਦੇ ਵਾਲਾਂ ਵਿਚ ਫੇਰਨੇ ਸ਼ੁਰੂ ਕਰ ਦਿੱਤੇ। ਇਹ ਅਵਸਥਾ ਕਾਫੀ ਦੇਰ ਰਹੀ। ਫਿਰ ਉਸ ਆਪਣੀ ਛਾਤੀ ਨਾਲ ਮੇਰੇ ਸਿਰ ਨੂੰ ਘੁੱਟ ਲਿਆ। ਹੁਣ ਮੈਨੂੰ ਜਿਵੇਂ ਸੁਰਤ ਆ ਰਹੀ ਸੀ। ਮੈਂ ਉਸ ਦੇ ਹੱਥਾਂ ਨੂੰ ਪੋਲੇ ਜਿਹੇ ਸਹਿਲਾਉਣਾ ਸ਼ੁਰੂ ਕੀਤਾ ਤੇ ਉਸ ਨੂੰ ਆਪਣੇ ਨਾਲ ਸੋਫੇ 'ਤੇ ਬਿਠਾ ਲਿਆ। ਉਸ ਆਪਣਾ ਸਿਰ ਮੇਰੀ ਝੋਲੀ ਵਿਚ ਰੱਖ ਦਿੱਤਾ ਤੇ ਮੇਰੇ ਦੋਵੇਂ ਹੱਥ ਆਪਣੀਆਂ ਅੱਖਾਂ 'ਤੇ ਘੁੱਟ ਲਏ। ਇਹ ਅਵਸਥਾ ਕਾਫੀ ਚਿਰ ਲਮਕੀ ਰਹੀ।

ਮੈਨੂੰ ਇੰਜ ਜਾਪਿਆ ਜਿਵੇਂ ਸ਼ਕੁੰਤਲਾ ਵਰ੍ਹਿਆਂ ਦੀ ਨੀਂਦ ਵਿਚੋਂ ਅੱਜ ਜਾਗੀ ਸੀ। ਪਰ ਮੈਨੂੰ ਇਹ ਸਮਝ ਨਹੀਂ ਆ ਰਹੀ ਸੀ ਕਿ ਇਹ ਜੋ ਕੁਝ ਵਾਪਰ ਰਿਹਾ ਸੀ, ਕਿੰਨਾ ਕੁ ਯਥਾਰਥ ਤੇ ਕਿੰਨਾ ਕੁ ਕਲਪਿਤ ਸੀ। ਕੀ ਸ਼ਕੁੰਤਲਾ ਦੇ ਮਨ ਵਿਚ ਲੰਮੇ ਸਮੇਂ ਤੋਂ ਇਕ ਪਿਕਚਰ ਮੇਰੇ ਬਾਰੇ ਬਣੀ ਹੋਈ ਸੀ। ਇਹ ਠੀਕ ਸੀ ਕਿ ਅਸੀਂ ਇਕ ਦੂਜੇ ਦੇ ਬੜੇ ਨੇੜੇ ਸਾਂ। ਦੁਖ-ਸੁਖ ਦੇ ਸਾਂਝੀ ਸਾਂ। ਲਗਭਗ ਹਰ ਵਿਸ਼ੇ 'ਤੇ ਖੁੱਲ੍ਹ ਕੇ ਗੱਲਾਂ ਕਰ ਸਕਦੇ ਸਾਂ। ਉਸ ਦੀ ਬਹਿਸ ਵਿਚ ਨਾ ਪੈਣ ਦੀ ਆਦਤ ਮੈਨੂੰ ਬੜੀ ਪਸੰਦ ਸੀ। ਹਾਲਾਂਕਿ ਮੈਂ ਚਾਹੁੰਦਾ ਸਾਂ ਕਿ ਉਹ ਥੋੜ੍ਹੀ ਬਹੁਤ ਬਹਿਸ ਕਰੇ ਤਾਂ ਜੋ ਉਹਦਾ ਅਸਤਿਤਵ ਨਿਖਰ ਕੇ ਬਾਹਰ ਆਏ।

ਅਗਲੇ ਕੁਝ ਮਹੀਨਿਆਂ ਵਿਚ ਸਾਡੀ ਵਰ੍ਹਿਆਂ ਦੀ ਲੰਮੀ ਦੋਸਤੀ ਪਿਆਰ ਵਿਚ ਬਦਲ ਗਈ। ਮੈਂ ਵੱਧ ਤੋਂ ਵੱਧ ਸਮਾਂ ਉਹਦੇ ਘਰ ਟਪਾਉਂਦਾ। ਉਹ ਸਰਕਾਰੀ ਮਕਾਨਾਂ ਦੀ ਲੜੀ ਵਿਚ ਉਪਰਲੀ ਮੰਜ਼ਲ 'ਤੇ ਬਣੇ ਇਕ ਫਲੈਟ ਵਿਚ ਇਕੱਲੀ ਰਹਿੰਦੀ ਸੀ। ਬੜਾ ਸਜਾਇਆ ਨਿੱਕਾ ਜਿਹਾ ਇਹ ਫਲੈਟ ਆਪਣੇ ਆਪ ਵਿਚ ਇਕ ਬਹਿਸ਼ਤ ਦਾ ਨਮੂਨਾ ਸੀ। ਸਲੀਕੇ ਨਾਲ ਹਰ ਸ਼ੈਅ ਸਜਾ ਕੇ ਰੱਖਣ ਦਾ ਉਸ ਨੂੰ ਬਹੁਤ ਜ਼ਿਆਦਾ ਸ਼ੌਕ ਸੀ। ਮਧਮ ਸੁਰ ਵਿਚ ਮਹਿਦੀ ਹਸਨ, ਜਗਜੀਤ ਸਿੰਘ ਜਾਂ ਤਲਅਤ ਸੁਣਨਾ ਉਸ ਨੂੰ ਬਹੁਤ ਪਸੰਦ ਸੀ। ਉਹ ਆਪਣੇ ਹੀ ਕਿਸਮ ਦੇ ਜੀਅ ਰਹੇ ਜੀਵਨ ਵਿਚ ਕੋਈ ਦਖਲਅੰਦਾਜ਼ੀ ਜਾਂ ਹਲਚਲ ਪਸੰਦ ਨਹੀਂ ਸੀ ਕਰਦੀ। ਟਰੈਜਿਕ ਫਿਲਮਾਂ ਜਿਵੇਂ ਦੇਵਦਾਸ, ਅਦਾਲਤ, ਸੰਗਮ, ਗਾਈਡ, ਮੇਰਾ ਨਾਮ ਜੋਕਰ ਆਦਿ ਉਹਨੂੰ ਬਹੁਤ ਪਸੰਦ ਸਨ। ਟਰੈਜਿਕ ਨਾਵਲ ਕਹਾਣੀਆਂ ਪੜ੍ਹ ਕੇ ਉਹ ਬੜੀ ਭਾਵੁਕ ਹੋ ਜਾਂਦੀ ਸੀ ਅਤੇ ਭਾਵੁਕ ਹੋਇਆਂ ਮੈਂ ਅਕਸਰ ਉਹਦੀਆਂ ਅੱਖਾਂ ਵਿਚ ਅੱਥਰੂ ਤੱਕੇ ਸਨ। ਆਪਣੇ ਬਹੁਤ ਪਿਛਲੇਰੇ ਜੀਵਨ ਬਾਰੇ ਉਹ ਬਹੁਤ ਘੱਟ ਗੱਲ ਕਰਦੀ ਸੀ। ਚੜ੍ਹਦੀ ਜਵਾਨੀ ਬਾਰੇ ਵੀ ਉਹ ਕੁਝ ਨਹੀਂ ਦਸਦੀ ਸੀ। ਲਹਿੰਦੀ ਜਵਾਨੀ ਵੇਲੇ ਉਸ ਮੇਰੀ ਬਾਂਹ ਫੜ੍ਹ ਲਈ ਸੀ। ਜਿਸ ਵਿਚ ਹਾਲੇ ਤੀਕ ਦੋਸਤੀ ਤੇ ਪਿਆਰ ਦਾ ਮਿਸ਼ਰਨ ਸੀ। ਉਸ ਦੀ ਆਮ ਤੌਰ 'ਤੇ ਚੁੱਪ ਰਹਿਣ ਦੀ ਆਦਤ ਅਤੇ ਬਹਿਸ ਵਿਚ ਹਿੱਸਾ ਨਾ ਲੈਣ ਦੇ ਸੁਭਾਅ ਵਿਚ ਕੋਈ ਫਰਕ ਨਹੀਂ ਸੀ ਪਿਆ।



ਇਕ ਗੱਲ ਜੋ ਬੜੀ ਤੀਬਰਤਾ ਨਾਲ ਮੈਂ ਮਹਿਸੂਸ ਕੀਤੀ ਸੀ, ਉਹ ਸਰੀਰਕ ਸਪਰਸ਼ ਵਿਚ ਬਹੁਤ ਦਿਲਚਸਪੀ ਲੈਂਦੀ ਤੇ ਸ਼ਾਂਤੀ ਮਹਿਸੂਸ ਕਰਦੀ ਸੀ। ਜਿਵੇਂ ਜਦ ਵੀ ਮੈਂ ਉਸ ਨਾਲ ਇਕੱਲਾ ਹੁੰਦਾ ਤਾਂ ਉਹ ਮੇਰੇ ਹੱਥ ਆਪਣੇ ਹੱਥਾਂ ਵਿਚ ਫੜ੍ਹੀ ਰੱਖਦੀ। ਮੇਰੀਆਂ ਬਾਹਵਾਂ 'ਤੇ ਹੱਥ ਫੇਰਦੀ ਰਹਿੰਦੀ। ਮੇਰਾ ਸਿਰ ਆਪਣੀ ਛਾਤੀ ਨਾਲ ਘੁੱਟੀ ਰੱਖਦੀ। ਬਹੁਤ ਡੂੰਘੇ ਤੇ ਲੰਮੇ ਚੁੰਮਣਾਂ ਵਿਚ ਖੁਸ਼ੀ ਮਹਿਸੂਸ ਕਰਦੀ। ਮੇਰੇ ਲੱਕ ਦੁਆਲੇ ਬਾਹਵਾਂ ਵਲ ਕੇ ਦੇਰ ਤਕ ਮੇਰੀ ਝੋਲੀ ਵਿਚ ਪਈ ਰਹਿੰਦੀ ਤੇ ਮੈਂ ਉਸ ਦੇ ਸਿਰ ਦੇ ਵਾਲਾਂ, ਮੱਥੇ, ਨੱਕ, ਅੱਖਾਂ, ਗੱਲ੍ਹਾਂ, ਕੰਨ ਤੇ ਗਰਦਨ ਤੇ ਬਿੱਲੀ ਛੂਹ ਵਾਲੀਆਂ ਉਂਗਲਾਂ ਫੇਰਦਾ ਰਹਿੰਦਾ। ਕਈ ਵਾਰ ਤਾਂ ਉਹ ਇਸ ਅਵਸਥਾ ਵਿਚ ਸੌਂ ਵੀ ਜਾਂਦੀ। ਜਦੋਂ ਉਹ ਸੌਂ ਜਾਂਦੀ ਤਾਂ ਮੈਂ ਸੋਚਦਾ ਕਿ ਇਹ ਮੇਰੀਆਂ ਬਾਹਾਂ ਵਿਚ ਸਦਾ ਲਈ ਏਸੇ ਤਰ੍ਹਾਂ ਸੁੱਤੀ ਰਹੇ। ਯੁੱਗ ਬੀਤ ਜਾਣ ਤੇ ਜਦੋਂ ਅੱਖਾਂ ਖੁਲ੍ਹਣ ਤਾਂ ਜ਼ਿੰਦਗੀ ਦਾ ਇਕ ਨਵਾਂ ਕਾਂਡ ਆਰੰਭ ਹੋ ਜਾਵੇ। ਨਵਾਂ ਕਾਂਡ ਜਿਸ ਵਿਚ ਸਮਾਜ ਅੱਗੇ ਸ਼ਕੁੰਤਲਾ ਨੂੰ ਮੈਂ ਆਪਣੀ ਪਿਆਰੀ ਸੁਹਿਰਦ ਪਤਨੀ ਦੇ ਤੌਰ 'ਤੇ ਪੇਸ਼ ਕਰ ਸਕਾਂ। ਇਸ ਜਨਮ ਵਿਚ ਤਾਂ ਉਹ ਮੇਰੀ ਪ੍ਰੇਮਿਕਾ ਸੀ। ਮੈਂ ਵਿਆਹਿਆ ਹੋਇਆ ਸਾਂ ਤੇ ਆਪਣੀ ਪਤਨੀ ਤੇ ਬੱਚਿਆਂ ਤੋਂ ਚੋਰੀ ਸ਼ਕੁੰਤਲਾ ਨਾਲ ਪ੍ਰੇਮ ਲੀਲ੍ਹਾ ਰਚਾ ਰਿਹਾ ਸਾਂ। ਇਹ ਇਕ ਸਮਾਜੀ ਤੇ ਇਖਲਾਕੀ ਜੁਰਮ ਸੀ ਜੋ ਮੈਂ ਜਾਣ ਬੁੱਝ ਕੇ ਕਰ ਰਿਹਾ ਸਾਂ। ਇਸ ਚੋਰੀ ਦੀ ਕਦੇ ਨਾ ਕਦੇ ਮੈਨੂੰ ਸਜ਼ਾ ਮਿਲਣੀ ਹੀ ਸੀ। ਜਿਸ ਦਿਨ ਮੇਰੀ ਪਤਨੀ ਮੇਰੀ ਇਹ ਚੋਰੀ ਫੜ੍ਹ ਲਵੇਗੀ, ਉਸ ਦਿਨ ਉਹ ਮੇਰਾ ਜੀਣਾ ਹਰਾਮ ਕਰ ਦੇਵੇਗੀ। ਹੋ ਸਕਦਾ ਅਸੀਂ ਅੱਡੋ ਅੱਡ ਹੋ ਜਾਈਏ। ਬੱਚਿਆਂ ਦਾ ਕੀ ਬਣੇਗਾ? ਮੈਂ ਉਨ੍ਹਾਂ ਨੂੰ ਬਹੁਤ ਪਿਆਰ ਕਰਦਾ ਸਾਂ। ਉਨ੍ਹਾਂ ਬਿਨਾਂ ਮੈਨੂੰ ਜੀਵਨ ਸੱਖਣਾ ਜਾਪਦਾ ਸੀ।

ਪਿਛਲੇ ਕੁਝ ਸਾਲਾਂ ਦੀ ਮੇਰੀ ਪ੍ਰੇਮ ਲੀਲ੍ਹਾ ਤੋਂ ਬਾਅਦ ਮੈਨੂੰ ਸ਼ਕੁੰਤਲਾ ਬਿਨਾਂ ਆਪਣਾ ਜੀਵਨ ਸੱਖਣਾ ਜਾਪਦਾ ਸੀ। ਮੇਰੀ ਮੂੰਹ ਫਟ ਦਿਨ ਰਾਤ ਕਲੇਸ਼ ਰੱਖਣ ਵਾਲੀ ਪਤਨੀ ਨੇ ਜਿਸ ਤਰ੍ਹਾਂ ਮੇਰਾ ਸਾਹ ਲੈਣਾ ਔਖਾ ਕੀਤਾ ਸੀ, ਸ਼ਕੁੰਤਲਾ ਦੇ ਪਿਆਰ ਨੇ ਉਹੀ ਸਾਹ ਸੌਖਾ ਕਰ ਦਿੱਤਾ ਸੀ। ਮੈਂ ਦੋ ਔਰਤਾਂ ਦੇ ਵਿਚਕਾਰ ਚੱਕੀ ਦੇ ਪੁੜਾਂ ਵਿਚਕਾਰ ਆਏ ਦਾਣੇ ਵਾਂਗ ਪਿਸ ਰਿਹਾ ਸਾਂ। ਔਰਤ ਜ਼ਾਤ ਦੀਆਂ ਦੋ ਕਿਸਮਾਂ ਵਿਚੋਂ ਮੇਰੀ ਪਤਨੀ ਚਾਹੁੰਦੀ ਸੀ ਕਿ ਮੈਂ ਉਹਦਾ ਹਰ ਜਾਇਜ਼ ਨਜਾਇਜ਼ ਹੁਕਮ ਮੰਨਾਂ ਤੇ ਉਸ ਦੇ ਮੂੰਹੋਂ ਨਿਕਲੇ ਹਰ ਚੰਗੇ ਮਾੜੇ ਸ਼ਬਦ ਨੂੰ ਇਲਾਹੀ ਹੁਕਮ ਸਮਝਾਂ। ਦੂਜੇ ਪਾਸੇ ਸ਼ਕੁੰਤਲਾ ਸੀ ਜੋ ਹੁਕਮ ਦੇਣ ਵਿਚ ਵਿਸ਼ਵਾਸ ਨਹੀਂ ਰੱਖਦੀ ਸੀ ਸਗੋਂ ਮੈਂ ਜੋ ਵੀ ਕਹਿੰਦਾ ਸਾਂ, ਉਹ ਮੰਨ ਲੈਂਦੀ ਸੀ। ਅਕਸਰ ਉਹ ਮੇਰੀ ਗਲਤ ਗੱਲ ਨੂੰ ਵੀ ਮੰਨ ਲੈਂਦੀ ਸੀ ਜੋ ਮੈਨੂੰ ਚੰਗਾ ਨਹੀਂ ਸੀ ਲਗਦਾ। ਮੈਂ ਚਾਹੁੰਦਾ ਸਾਂ ਕਿ ਉਹ ਮੇਰੇ ਨਾਲ ਬਹਿਸ ਕਰੇ ਤੇ ਮੈਨੂੰ ਗਲਤ ਸਿੱਧ ਕਰੇ ਪਰ ਉਹ ਤਾਂ ਉਸ ਰਾਹ ਹੀ ਨਹੀਂ ਤੁਰਦੀ ਸੀ। ਜੇ ਮੈਂ ਕਹਿੰਦਾ ਕਿ ਮੈਨੂੰ ਮਸਾਲੇ ਨਾਲ ਭਰੀਆਂ ਭਿੰਡੀਆਂ, ਕਰੇਲੇ ਤੇ ਛੋਟੇ ਬੈਂਗਣ ਪਸੰਦ ਹਨ ਤਾਂ ਉਹ ਆਪ ਮੰਡੀ ਵਿਚ ਜਾ ਕੇ ਤਾਜ਼ਾ ਭਿੰਡੀਆਂ, ਕਰੇਲੇ ਤੇ ਬੈਂਗਣ ਲੱਭ ਕੇ ਲਿਆਉਂਦੀ ਤੇ ਬੜੀ ਰੀਝ ਨਾਲ ਤਲ ਕੇ ਖੁਆਉਂਦੀ। ਜੇ ਮੈਂ ਕਹਿੰਦਾ ਕਿ ਮੈਨੂੰ ਘੀਆ ਤੋਰੀ ਵਿਚ ਬੱਕਰੇ ਦਾ ਲਿਵਰ ਭੁਜ ਭੁਜ ਬਣਿਆ ਬਹੁਤ ਸਵਾਦ ਲਗਦਾ ਹੈ ਤਾਂ ਉਹ ਮੇਰੀ ਫਰਮਾਇਸ਼ ਪੂਰੀ ਕਰਦੀ। ਜੇ ਮੈਂ ਕਹਿੰਦਾ ਕਿ ਮੈਨੂੰ ਤੜਕਾ ਲੱਗੀ ਮਾਂਹ ਦੀ ਦਾਲ ਨਾਲ ਹਰਾ ਪਿਆਜ਼ ਤੇ ਹਰੀ ਮਿਰਚ ਅਤੇ ਰੜ੍ਹੇ ਹੋਏ ਤੰਦੂਰੀ ਫੁਲਕੇ ਬਹੁਤ ਪਸੰਦ ਹਨ ਤੇ ਕੀ ਇਹ ਉਸ ਨੂੰ ਪਸੰਦ ਹਨ? ਉਹ ਫੌਰਨ ਹਾਂ ਵਿਚ ਹਾਂ ਮਿਲਾ ਦਿੰਦੀ। ਜੇ ਮੈਂ ਕਹਿੰਦਾ ਕਿ ਮੈਨੂੰ ਨਹਾ ਧੋ, ਤਿਆਰ ਹੋ ਕੇ ਦਫਤਰ ਜਾਣ ਦੀ ਬਜਾਏ ਨਵੇਂ ਵਿਛਾਏ ਬਿਸਤਰੇ 'ਤੇ ਸੌਣਾ ਚੰਗਾ ਲਗਦਾ ਹੈ ਤਾਂ ਉਹ ਫੌਰਨ ਕਹਿ ਦਿੰਦੀ ਕਿ ਉਸ ਨੂੰ ਇੰਜ ਕਰਨਾ ਬੜਾ ਚੰਗਾ ਲਗਦਾ ਹੈ। ਜੇ ਮੈਨੂੰ ਨੀਂਦ ਨਾ ਆਉਂਦੀ ਤਾਂ ਮੈਨੂੰ ਸਵਾਏ ਬਿਨਾਂ ਉਹ ਕਦੀ ਨਾ ਸੌਂਦੀ।

ਮੈਂ ਉਸ ਦੇ ਹਾਂ ਰੁਚੀ ਵਤੀਰੇ ਤੋਂ ਕਈ ਵਾਰ ਅਕੇਵਾਂ ਮਹਿਸੂਸ ਕਰਦਾ। ਇਹ ਕੀ ਢਿੱਲੇ ਢੱਗੇ ਵਾਲਾ ਰਾਗ ਉਹ ਅਲਾਪ ਰਹੀ ਸੀ। ਕਦੀ ਕਦੀ ਮੈਨੂੰ ਉਹ ਅਜਿਹੀ ਮੱਛੀ ਵਰਗੀ ਲਗਦੀ ਜਿਸ ਅੰਦਰ ਨਾ ਕੋਈ ਕੰਡਾ ਹੋਵੇ ਤੇ ਨਾ ਹੀ ਨਮਕ। ਜਾਂ ਕੜਾਹ ਜਿਸ ਵਿਚ ਕੋਈ ਮਿੱਠਾ ਪਾਉਣਾ ਭੁੱਲ ਜਾਵੇ। ਇਹ ਕਿਸ ਕਿਸਮ ਦੀ ਔਰਤ ਸੀ ਜਿਸ ਅੰਦਰ ਕੋਈ ਵਿਰੋਧੀ ਦਲੀਲ ਜਾਂ ਕਣ ਹੀ ਨਹੀਂ ਪੈਦਾ ਹੁੰਦਾ ਸੀ। ਮੈਨੂੰ ਉਹ ਬੋਰ ਲੱਗਣ ਲਗਦੀ। ਛੋਟੇ ਬੱਚੇ ਵਾਂਗ ਝੋਲੀ 'ਚ ਪੈ ਕੇ ਗਲਵਕੜੀ ਪਾਈ ਰੱਖਣੀ ਮੈਨੂੰ ਕਈ ਵਾਰ ਅਕਾ ਦਿੰਦੀ। ਉਹ ਬੜੀ ਸੁਸਤ ਰਫ਼ਤਾਰ ਦੀ ਗੱਡੀ ਸੀ। ਮੈਂ ਐਕਸਪ੍ਰੈਸ ਕਿਸਮ ਦੀ ਸਵਾਰੀ ਦਾ ਚਾਹਵਾਨ ਸਾਂ। ਕਈ ਵਾਰ ਮੈਂ ਉਸ ਨੂੰ ਸੋਫੇ ਦੀ ਨੁਕਰੇ ਸਵੈਟਰ ਉਣਦੀ ਨੂੰ ਛੱਡ ਜਾਂਦਾ। ਜਦੋਂ ਮੈਂ ਵਾਪਸ ਪਰਤਦਾ ਤਾਂ ਉਹ ਸੋਫੇ ਦੀ ਉਸੇ ਨੁੱਕਰੇ ਬੈਠੀ ਸਵੈਟਰ ਉਣ ਰਹੀ ਹੁੰਦੀ। ਭਾਵੇਂ ਸਰਦੀਆਂ ਵਾਸਤੇ ਉਹ ਮੇਰੇ ਲਈ ਹੀ ਸਵੈਟਰ ਉਣ ਰਹੀ ਸੀ ਤੇ ਸਿਲਾਈਆਂ ਦੀ ਹਰ ਘੁੰਢੀ ਵਿਚ ਉਹ ਪਿਆਰ ਦੇ ਜਜ਼ਬੇ ਪਰੋ ਰਹੀ ਸੀ ਪਰ ਮੈਨੂੰ ਇਹ ਸਭ ਕੁਝ ਅਕਾ ਦੇਣ ਵਾਲਾ ਲਗਦਾ। ਉਹ ਬਹੁਤ ਠੰਡੀ ਸੀ। ਮੈਨੂੰ ਤਪਸ਼ ਪਸੰਦ ਸੀ।

ਇਕ ਦਿਨ ਉਹਦਾ ਦਿਲ ਟੋਹਣ ਲਈ ਮੈਂ ਉਸ ਨੂੰ ਪੁੱਛਿਆ, "ਆਪਾਂ ਹੁਣ ਵਿਆਹ ਕਿਉਂ ਨਾ ਕਰਵਾ ਲਈਏ।"

"ਵਿਆਹ 'ਚ ਕੀ ਪਿਆ ਏ?" ਉਸ ਮੋੜਵਾਂ ਜਵਾਬ ਦਿੱਤਾ।

"ਵਿਆਹ ਤੋਂ ਬਾਅਦ ਡਰ ਖਤਮ ਹੋ ਜਾਵੇਗਾ। ਹੁਣ ਅਸੀਂ ਡਰ ਡਰ ਕੇ ਮਿਲਦੇ ਹਾਂ ਅਤੇ ਡਰ ਦੇ ਇਹੋ ਜਿਹੇ ਪ੍ਰਭਾਵ ਹੇਠਾਂ ਕਿੰਨਾ ਕੁ ਚਿਰ ਇਹ ਖੇਡ ਖੇਡੀ ਜਾ ਸਕਦੀ ਹੈ।"

"ਵਿਆਹ ਕਰਵਾ ਕੇ ਵੀ ਤਾਂ ਇਹੀ ਖੇਡ ਖੇਡਣੀ ਹੈ। ਵਿਆਹ ਨਾਲੋਂ ਇੰਜ ਜ਼ਿਆਦਾ ਚੰਗਾ ਹੈ। ਜਿਸ ਦਿਨ ਸਾਡੇ ਅੰਦਰ ਵਖਰੇਵਾਂ ਮਹਿਸੂਸ ਹੋਣ ਲੱਗੇਗਾ, ਅਸੀਂ ਦੋਸਤੀ ਦੀ ਬੁੱਕਲ ਵਿਚੋਂ ਨਿਕਲ ਕੇ ਅੱਡੋ ਅੱਡ ਹੋ ਜਾਵਾਂਗੇ। ਵਿਆਹ ਦੀ ਗੰਢ ਤੋੜਨੀ ਬੜੀ ਔਖੀ ਹੁੰਦੀ ਹੈ। ਤੂੰ ਕਿਹੜਾ ਹੁਣ ਤੀਕ ਇਹ ਵਿਆਹ ਦੀ ਗੰਢ ਨੂੰ ਤੋੜ ਸਕਿਆ ਹੈਂ।"

"ਤਾਂ ਕੀ ਇਕ ਦਿਨ ਅਜਿਹਾ ਆ ਸਕਦਾ ਹੈ ਜਦੋਂ ਤੇਰੀਆਂ ਗੋਰੀਆਂ ਬਾਹਵਾਂ ਮੇਰੇ ਲੱਕ ਦੁਆਲਿਉਂ ਲਿਪਟਣੋਂ ਹਟ ਜਾਣਗੀਆਂ?"

"ਹੋ ਸਕਦਾ ਹੈ। ਅਸੀਂ ਇਹ ਝੂਠੇ ਤੇ ਨਕਲੀ ਜੀਵਨ ਦਾ ਇਹ ਨਜਾਇਜ਼ ਰਿਸ਼ਤਾ ਕਿੰਨਾ ਕੁ ਚਿਰ ਹੋਰ ਜਾਰੀ ਰੱਖ ਸਕਦੇ ਹਾਂ!"

"ਇਹ ਤੂੰ ਕੀ ਕਹਿ ਰਹੀ ਹੈਂ, ਸ਼ਕੁੰਤਲਾ ਮੈਨੂੰ ਤੇਰੇ ਕੋਲੋਂ ਅਜਿਹੀ ਤਵੱਕੋ ਨਹੀਂ ਸੀ। ਪਿਆਰ ਦੀ ਇਸ ਨਿਰਾਲੀ ਖੇਡ ਵਿਚ ਪਹਿਲਕਦਮੀ ਤੇਰੇ ਵੱਲੋਂ ਈ ਹੋਈ ਸੀ। ਫਿਰ ਕਿੰਨੇ ਸਾਰੇ ਵਰ੍ਹੇ, ਨੇੜਤਾ ਨਾਲੋਂ ਵੀ ਅਸੀਂ ਵਧੇਰੇ ਨੇੜੇ ਰਹੇ। ਹੁਣ ਇਹ ਖੜੋਤ ਕਿਉਂ ਆ ਰਹੀ ਹੈ?"

ਉਸ ਮੇਰੀ ਗੱਲ ਦਾ ਕੋਈ ਜਵਾਬ ਨਾ ਦਿੱਤਾ ਅਤੇ ਰਸੋਈ ਵਿਚ ਜਾ ਕੇ ਚਾਹ ਬਣਾਉਣ ਲੱਗੀ। ਮੈਂ ਹੈਰਾਨ ਹੋ ਰਿਹਾ ਸਾਂ ਕਿ ਅਚਾਨਕ ਸ਼ਕੁੰਤਲਾ ਨੂੰ ਕੀ ਹੋ ਗਿਆ ਸੀ। ਉਸ ਅੰਦਰ ਅਜਿਹੀ ਤਬਦੀਲੀ ਕਿਉਂ ਆ ਰਹੀ ਸੀ। ਉਸ ਤਾਂ ਕਦੀ ਕਿਸੇ ਵਿਰੋਧੀ ਵਿਚਾਰ ਨੂੰ ਪ੍ਰਗਟ ਹੀ ਨਹੀਂ ਕੀਤਾ ਸੀ ਪਰ ਅੱਜ ਉਹ ਕਿਉਂ ਮੇਰੇ ਨਾਲ ਇਸ ਤਰ੍ਹਾਂ ਪੇਸ਼ ਆ ਰਹੀ ਸੀ। ਕੀ ਉਸ ਦਾ ਦਿਲ ਮੇਰੇ ਪ੍ਰਤੀ ਬੁੱਝ ਗਿਆ ਸੀ ਜਾਂ ਕੀ ਉਸ ਨੇ ਚੋਰੀ ਛਿਪੇ ਕੋਈ ਮੇਰੀ ਥਾਂ ਮੱਲਣ ਲਈ ਬਦਲ ਲੱਭ ਲਿਆ ਸੀ? ਉਸ ਦੇ ਮਨ ਵਿਚ ਕੀ ਜਵਾਰਭਾਟਾ ਆ ਗਿਆ

***(ਬਾਕੀ ਅਗਲੇ ਸਫੇ 'ਤੇ)***

# ਗੁਰਮਤਾ ਬਨਾਮ ਸਰਬਤ-ਖਾਲਸਾ ਦੇ ਸਮਕਾਲੀ-ਸਰੋਕਾਰ

ਕਿਸੇ ਵੀ ਸਿੱਖ-ਸਮਕਾਲ ਦੇ ਸਰੋਕਾਰਾਂ ਨੂੰ ਸਮਝਣ ਲਈ ਗੁਰੂ ਜੋਤਿ ਅਤੇ ਗੁਰੂ ਜੁਗਤਿ ਨੂੰ ਸਮਝਣ ਦੀ ਲੋੜ ਹੈ ਅਤੇ ਇਸੇ ਰੌਸ਼ਨੀ ਵਿਚ ਕਿਸੇ ਕਿਸਮ ਦੀ ਸਰੋਕਾਰ-ਸਥਾਪਤੀ ਦੀ ਵੀ ਲੋੜ ਹੈ। ਗੁਰੂ ਜੋਤਿ ਅਤੇ ਗੁਰੂ ਜੁਗਤਿ, ਇੱਕੋ ਹੀ ਗੁਰੂ-ਸਿੱਕੇ ਦੇ ਦੋ ਪਾਸੇ ਹਨ। ਇਸ ਦ੍ਰਿਸ਼ਟੀ ਤੋਂ ਸਿੱਖ-ਗੁਰੂਤਵ ਦੀਆਂ ਤਿੰਨ ਪਰਤਾਂ-ਜੋਤਿ ਗੁਰੂ (ਦਸ ਗੁਰੂ ਸਾਹਿਬਾਨ), ਸ਼ਬਦ ਗੁਰੂ (ਗੁਰੂ ਗ੍ਰੰਥ ਸਾਹਿਬ) ਅਤੇ ਗੁਰੂ ਖਾਲਸਾ (ਪੰਥ), ਇਸੇ ਹੀ ਕ੍ਰਮ ਵਿਚ ਸਿਧਾਂਤ, ਪਰੰਪਰਾ



**ਬਲਕਾਰ ਸਿੰਘ (ਪ੍ਰੋ.) ਪਟਿਆਲਾ**
**ਫੋਨ: 91-93163-01328**

ਅਤੇ ਇਤਿਹਾਸ ਰਾਹੀਂ ਸਾਹਮਣੇ ਆਉਂਦੇ ਰਹੇ ਹਨ। ਇਸ ਪ੍ਰਸੰਗ ਵਿਚ ਗੁਰਮਤਾ ਅਤੇ ਖਾਲਸਾ ਅਰਥਾਤ ਸਰਬਤ ਖਾਲਸਾ, ਇਕ ਦੂਜੇ ਨਾਲ ਇੱਕ ਦੂਜੇ ਦੇ ਪੂਰਕ ਵਜੋਂ ਜੁੜੇ ਹੋਏ ਹਨ ਅਤੇ ਜੁੜੇ ਰਹਿਣੇ ਚਾਹੀਦੇ ਹਨ। ਇਨ੍ਹਾਂ ਦੋਹਾਂ ਦੇ ਇਕਹਿਰੇ ਪ੍ਰਸੰਗ ਦੇ ਬਾਵਜੂਦ, ਇਨ੍ਹਾਂ ਦੋਹਾਂ ਨੂੰ ਇਕ ਦੂਜੇ ਦੀ ਇਕਹਿਰੀ ਸਰਦਾਰੀ ਲਈ ਵਰਤਣ ਦੇ ਨਤੀਜੇ ਮਾੜੇ ਹੀ ਨਿਕਲਦੇ ਰਹੇ ਹਨ। ਅਜਿਹੀ ਸਥਿਤੀ ਨੂੰ, ਕਿਸੇ ਇੱਕ ਦੀ ਕੀਮਤ 'ਤੇ ਦੂਜੇ ਵੱਲੋਂ ਕੀਤੀ ਗਈ ਸਿਆਸਤ ਕਿਹਾ ਜਾ ਸਕਦਾ ਹੈ। ਇਸੇ ਨੂੰ ਇਕਹਿਰੀ ਪਰਤ ਕਿਹਾ ਜਾ ਰਿਹਾ ਹੈ।

ਇਸ ਦੇ ਬਾਵਜੂਦ ਇਨ੍ਹਾਂ ਦੋਹਾਂ ਦਾ ਇਕੱਠਾ ਜਾਂ ਇਕਹਿਰਾ ਪ੍ਰਗਟਾਵਾ ਕਿਸੇ ਵੀ ਸਮਕਾਲ ਤੋਂ ਪ੍ਰਭਾਵਿਤ ਵੀ ਹੁੰਦਾ ਰਿਹਾ ਹੈ ਅਤੇ ਹਰ ਸਮਕਾਲ ਨੂੰ ਪ੍ਰਭਾਵਿਤ ਵੀ ਕਰਦਾ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਸਿੱਖ ਯਾਦ ਵਿਚ ਗੁਰਮਤੇ ਦੀ ਪਹਿਲਤਾਜ਼ਗੀ ਬਾਰੇ ਅਸਪਸ਼ਟਤਾ ਤਾਂ ਹੋ ਸਕਦੀ ਹੈ ਪਰ ਕੋਈ ਦੁਬਿਧਾ ਨਹੀਂ ਹੈ। ਜੇ ਕਿਤੇ ਕਿਸੇ ਵੀ ਕਾਰਨ ਅਜਿਹਾ ਹੈ ਵੀ, ਤਾਂ ਵੀ ਇਸ ਨੂੰ ਵਿਅਕਤੀਗਤ ਧਾਰਨਾ ਵਜੋਂ ਹੀ ਵੇਖੇ ਜਾਣ ਦੀ ਲੋੜ ਹੈ। ਸਰਬਤ ਖਾਲਸਾ ਦੇ ਪ੍ਰਸੰਗ ਵਿਚ ਮੰਤਵ-ਸਿਧੀ ਲਈ ਪ੍ਰਗਟ ਰਾਏ ਵਾਲੇ ਗਰੁਪ ਨੂੰ ਸਰਬਤ ਖਾਲਸਾ ਨਹੀਂ ਕਿਹਾ ਜਾ ਸਕਦਾ। ਅਜਿਹੇ ਗਰੁਪ ਦੇ ਫੈਸਲੇ ਨੂੰ 'ਗੁਰਮਤਾ' ਵੀ ਨਹੀਂ ਕਿਹਾ ਜਾ ਸਕਦਾ। ਗੁਰਮਤਾ, ਅਸਲ 'ਚ ਗ੍ਰੰਥ, ਪੰਥ ਅਤੇ ਗੁਰਦੁਆਰੇ ਨਾਲ ਜੁੜਿਆ ਹੋਣ ਕਰਕੇ ਸਿੱਖ ਭਾਈਚਾਰੇ ਦੀ ਸੁਤੇ-ਸਹਿਮਤੀ ਵਿਚ ਸ਼ਾਮਲ ਹੋ ਗਿਆ ਹੈ। ਇਸ ਕਰਕੇ ਗੁਰਮਤਾ ਉਹ ਹੈ, ਜਿਸ ਵਿਚ ਗੁਰੂ ਦੀ ਸਹਿਮਤੀ, ਗੁਰੂ ਪੰਥ ਦੀ ਮਰਜੀ ਸ਼ਾਮਲ ਹੋਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਕਿਸੇ ਵੀ ਮਤੇ ਨੂੰ ਪਕਾਉਣ (ਵਿਚਾਰ-ਚਰਚਾ) ਦੀ ਸੰਗਤੀ ਵਿਧੀ ਨੂੰ ਹੀ ਗੁਰਮਤਾ ਕੀਤਾ ਜਾਂਦਾ ਰਿਹਾ ਹੈ। ਇਸ ਬਾਰੇ ਸਿੱਖ ਸਾਹਿਤ ਵਿਚ ਟਿਪਣੀਨੁਮਾ ਹਵਾਲੇ ਤਾਂ ਮਿਲਦੇ ਹਨ ਪਰ ਅਕਾਦਮਿਕ ਪ੍ਰਸੰਗ ਵਿਚ ਕਿੰਤੂ ਮੁਕਤ ਸਥਾਪਤੀ ਮੇਰੇ ਪੜ੍ਹਨ ਵਿਚ ਨਹੀਂ ਆਈ। ਭਾਈ ਕਾਨ੍ਹ ਸਿੰਘ ਨਾਭਾ ਦੀ ਵਿਆਖਿਆ ਅਨੁਸਾਰ 'ਗੁਰੁਮਤਾ' 'ਸਿੱਖ ਧਰਮ ਦੀ ਪਾਬੰਦੀ ਵਿਚ ਕੀਤਾ ਹੋਇਆ ਮਸ਼ਵਰਾ ਅਤੇ ਫੈਸਲਾ, ਜੋ ਸਭ ਨੂੰ ਮੰਨਣਯੋਗ ਹੈ' (ਗੁਰੁਮਤ ਮਾਰਤੰਡ ਭਾਗ ਪਹਿਲਾ, ਪੰਨਾ 395)। ਇਸੇ ਭਾਵਨਾ ਨੂੰ ਇਤਿਹਾਸਕ ਪ੍ਰਸੰਗ ਵਿਚ ਭਾਈ ਨਾਭਾ ਨੇ ਮਹਾਨ ਕੋਸ਼ (ਪੰਨਾ 420-21) ਵਿਚ ਇਸ ਪ੍ਰਕਾਰ ਦਰਜ ਕੀਤਾ ਹੈ, "ਸੰਗਯਾ-ਗੁਰੁਮਤ ਅਨੁਸਾਰ ਕੀਤਾ ਹੋਇਆ ਮੰਤ੍ਰ।

ਪੁਰਾਣੇ ਸਿੰਘ ਸੰਸਾਰ ਅਤੇ ਧਰਮ ਦੇ ਕੰਮ ਅਰੰਭ ਕਰਨ ਤੋਂ ਪਹਿਲਾਂ ਦੀਵਾਨ ਵਿਚ ਸਲਾਹ ਕਰਦੇ ਸਨ, ਜੋ ਗੁਰੂ ਨਿਯਮਾਂ ਅਨੁਸਾਰ ਸਾਰੇ ਦੀਵਾਨ ਦੀ ਸੰਮਤੀ ਹੁੰਦੀ, ਉਸ ਦਾ ਨਾਉਂ 'ਗੁਰੁਮਤਾ' ਕਿਹਾ ਜਾਂਦਾ। ਜੋ ਗੁਰੁਮਤੇ ਦੇ ਵਿਰੁਧ ਕੋਈ ਕਰਮ ਕਰੇ ਉਹ ਤਨਖਾਹੀਆ ਹੁੰਦਾ ਸੀ। ਖਾਲਸੇ ਦੇ ਗੁਰੁਮਤੇ ਅਕਾਲ ਬੁੰਗਾ ਸਾਹਿਬ ਦੇ ਦੀਵਾਨ ਵਿਚ ਖਾਸ ਕਰਕੇ ਅਤੇ ਹੋਲੇ ਮਹੱਲੇ ਦੇ ਸਮੇਂ ਤਖਤ ਕੇਸਗੜ੍ਹ ਹੋਇਆ ਕਰਦੇ ਸਨ। ਗੁਰੁਮਤੇ ਲਈ ਜਾਤੀ ਵੈਰ ਵਿਰੋਧ ਦੂਰ ਕਰਕੇ ਸਿੰਘ ਦੀਵਾਨ ਵਿਚ ਬੈਠਿਆ ਕਰਦੇ ਸਨ। ਭਾਈ ਦਯਾ ਸਿੰਘ ਨੇ ਆਪਣੇ 'ਰਹਿਤਨਾਮਾ' ਵਿਚ ਦਰਜ ਕੀਤਾ ਹੈ ਕਿ 'ਪਾਂਚ ਸਿੰਘ ਮਿਲਕਰ ਰਹਤ ਬਿਬੇਕ ਕਾ ਗੁਰੁਮਤਾ ਕਰੇਂ।' ਗੁਰਮਤੇ ਨੂੰ ਪੰਥਕ ਇਕੱਠ ਵਿਚ ਸਾਂਝੀ-ਸਮਝ 'ਤੇ ਪਹੁੰਚਣ ਲਈ ਕੀਤੀ ਗਈ ਚਰਚਾ ਦੇ ਅਰਥਾਂ ਵਿਚ ਵੀ ਵਰਤਿਆ ਜਾਂਦਾ ਰਿਹਾ ਹੈ। ਸਿਰਦਾਰ ਕਪੂਰ ਸਿੰਘ ਨੇ ਸਿੱਖ-ਅਰਦਾਸ ਦੇ ਹਵਾਲੇ ਨਾਲ 'ਸਰਬਤ ਖਾਲਸਾ' ਅਤੇ ਸਮੂਹ ਖਾਲਸਾ ਵਿਚ ਫਰਕ ਦਰਸਾਉਂਦਿਆਂ, ਪਹਿਲੇ ਨੂੰ ਮਾਨਵਤਾ ਅਰਥਾਤ ਸਿੱਖ ਸਮੂਹ ਨਾਲ ਜੋੜਿਆ ਹੈ ਅਤੇ ਦੂਜੇ ਨੂੰ ਸਿੰਘ ਸਮੂਹ ਨਾਲ ਜੋੜਿਆ ਹੈ। ਸ. ਹਰਜਿੰਦਰ ਸਿੰਘ ਦਿਲਗੀਰ ਨੇ ਗੁਰਮਤਾ, ਮਤਾ ਅਤੇ ਹੁਕਮਨਾਮਾ ਬਾਰੇ ਜ਼ਿਕਰ ਕਰਦਿਆਂ ਪਹਿਲੇ ਗੁਰਮਤੇ ਉਹ ਮੰਨੇ ਹਨ, ਜਿਹੜੇ ਦਸਮ ਪਾਤਸ਼ਾਹ ਨਾਲ ਸਬੰਧਤ ਸਨ ਅਤੇ ਅਨੰਦਪੁਰ ਸਾਹਿਬ ਨੂੰ ਛੱਡਣ ਅਤੇ ਚਮਕੌਰ ਦੀ ਗੜ੍ਹੀ ਨੂੰ ਛੱਡਣ ਵਾਸਤੇ ਕੀਤੇ ਗਏ ਸਨ। ਪਰ ਉਸ ਨੇ ਆਪਣੀ ਧਾਰਨਾ ਦੀ ਪੁਸ਼ਟੀ ਵਿਚ ਕੋਈ ਹਵਾਲਾ ਨਹੀਂ ਦਿੱਤਾ। ਸ. ਸ਼ਮਸ਼ੇਰ ਸਿੰਘ ਅਸ਼ੋਕ ਨੇ ਆਪਣੇ ਇਕ ਲੇਖ 'ਗੁਰਮਤਿ ਵਿਚ ਪੰਚ ਪ੍ਰਧਾਨੀ ਸਿਧਾਂਤ' (ਸਿੰਘ ਸਭਾ ਪਤ੍ਰਿਕਾ ਦਾ ਪੰਥਕ ਵਿਚਾਰ ਸੰਮੇਲਨ ਅੰਕ, ਜੂਨ 1976) 'ਚ ਗੁਰਮਤੇ ਦੀ ਰੀਤ ਦਸਮ ਪਾਤਸ਼ਾਹ ਹਜ਼ੂਰ ਵੱਲੋਂ ਚਲਾਈ ਹੋਈ ਮੰਨੀ ਹੈ।

ਮੁੱਢ ਵਿਚ ਇਨ੍ਹਾਂ ਮਸਲਿਆਂ ਨਾਲ ਨਜਿੱਠਣ ਲਈ ਸਾਂਝੀ ਸਮਝ ਵਾਲੀ ਗੁਰਮਤਿ ਰੀਤ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੱਕ (1709-1799) 'ਪੰਚਾਇਤੀ ਅਸੂਲਾਂ' ਦੇ ਮੁਤਾਬਿਕ 'ਗੁਰਮਤੇ' ਦੀ ਇਸ ਸੁਨਹਿਰੀ ਪਰੰਪਰਾ ਤੋਂ ਗੁਰੂ ਖਾਲਸੇ ਨੂੰ ਹਮੇਸ਼ਾ ਅਗਵਾਈ ਮਿਲਦੀ ਰਹਿਣ ਕਾਰਨ ਹਰ ਮੈਦਾਨ ਉਸ ਦੀ ਫਤਿਹ ਹੁੰਦੀ ਰਹੀ। ਸ. ਅਸ਼ੋਕ ਨੂੰ ਇਹ ਦੁੱਖ ਹੈ ਕਿ ਪਹਿਲਾਂ ਡੋਗਰੇ ਭਰਾਵਾਂ ਦੀ ਆਪਾਧਾਪੀ ਕਾਰਨ ਗੁਰਮਤੇ ਦੀ ਪਰੰਪਰਾ ਨੂੰ ਕੁਝ ਸੱਟ ਵੱਜੀ ਤੇ ਸਿੱਖ ਰਾਜ ਪਿੱਛੋਂ ਅੰਗ੍ਰੇਜ਼ੀ ਰਾਜ ਸਮੇਂ ਪੱਛਮੀ ਸਭਿਅਤਾ ਦੇ ਪ੍ਰਭਾਵ ਹੇਠ ਜਦ ਸਰਬਸੰਮਤੀ ਨਾਲ ਪਾਸ ਹੋਣ ਵਾਲੇ 'ਗੁਰਮਤੇ' ਦੀ ਥਾਂ 'ਬਹੁਸੰਮਤੀ ਦੇ ਮਤਿਆਂ' ਨੇ ਲੈ ਲਈ ਤਾਂ ਪੰਥਕ ਦੁਫੇੜ 'ਚ ਜੋ ਵਾਧਾ ਹੋਇਆ, ਉਹ ਪੂਰੀ ਤਰ੍ਹਾਂ ਸਰਬਤ ਖਾਲਸੇ ਦੇ ਸਾਹਮਣੇ ਹੈ। ਅੱਜ ਵੀ ਅਸੀਂ ਇਸੇ ਸਥਿਤੀ ਵਿਚ ਹਾਂ। ਇਹ ਸਥਿਤੀ ਧਰਮ ਉਤੇ ਸਿਆਸਤ ਦਾ ਕਬਜ਼ਾ ਹੋ ਜਾਣ ਨਾਲ ਸਬੰਧਤ ਹੈ। ਇਸ ਦਾ ਕਾਰਨ ਮਰਹੂਮ ਪ੍ਰੋ. ਹਰਬੰਸ ਸਿੰਘ ਦੇ ਸ਼ਬਦਾਂ ਵਿਚ 'ਸਗਲ ਰੋਗ ਦੀ ਜੜ੍ਹ ਗੁਰਦੁਆਰਾ ਐਕਟ ਹੈ। ਅਖੀਰ ਇਕ ਦਿਨ ਪੰਥ ਨੂੰ ਇਹ ਛਡਣਾ ਹੀ ਪੈਣਾ ਹੈ। ਜਿੰਨੀ ਛੇਤੀ ਇਹ ਹੋ ਸਕੇ ਉਨਾ ਹੀ ਚੰਗਾ ਹੈ।'

ਇਸ ਨਾਲ ਇਹ ਨੁਕਤਾ ਸਥਾਪਤ ਹੋ ਜਾਂਦਾ ਹੈ ਕਿ ਗੁਰਮਤੇ ਦੀ ਸੰਸਥਾ ਜਿਨ੍ਹਾਂ ਹਾਲਾਤ ਵਿਚ ਪੈਦਾ ਹੋਈ ਸੀ, ਉਹ ਹਾਲਾਤ ਹੀ ਬਦਲ ਗਏ ਹਨ। ਇਸ ਕਰਕੇ ਗੁਰਮਤੇ ਦੀ ਸੰਸਥਾ ਦੇ ਇਤਿਹਾਸ ਦੀ ਨਿਰੰਤਰਤਾ ਵਿਚ ਸੋਚਣ ਅਤੇ ਸਮਝਣ ਦੀ ਥਾਂ ਤੇ ਵਰਤਮਾਨ ਦੁਸ਼ਵਾਰੀਆਂ ਦੇ ਪ੍ਰਸੰਗ ਵਿਚ ਸੋਚੇ ਤੇ ਸਮਝੇ ਜਾਣ ਦੀ ਲੋੜ ਹੈ। ਅਜਿਹਾ ਕਰਦਿਆਂ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਸਿੱਖ ਭਾਈਚਾਰੇ ਦੇ ਪ੍ਰਸੰਗ ਵਿਚ ਘੱਟਗਿਣਤੀ ਵਰਗ ਦੀਆਂ ਖੁਨਾਮੀਆਂ ਦੀ ਸਜ਼ਾ ਸਾਰੇ ਪੰਥ ਨੂੰ ਭੁਗਤਣੀ ਪੈਂਦੀ ਰਹੀ ਹੈ? ਇਹ ਉਹੋ ਜਿਹੀ ਸਥਿਤੀ ਹੀ ਹੈ, ਜਿਸ ਵਿਚ 'ਕੁਝ ਪਲਾਂ' ਦੀ ਸਜ਼ਾ, 'ਸਦੀਆਂ' ਨੂੰ ਭੁਗਤਣੀ ਪੈਂਦੀ ਹੈ।

ਅਕਾਦਮਿਕ ਪ੍ਰਸੰਗ ਵਿਚ ਗੁਰਮਤੇ ਦੇ ਵਰਤਮਾਨ ਨੂੰ ਸਮਝਣ ਲਈ ਇਹ ਸਮਝਣਾ ਪਵੇਗਾ ਕਿ ਡਾ. ਮੈਕਲੋਡ ਨੇ 'ਗੁਰਮਤਾ' ਦੇ ਅਰਥ ਗੁਰੂ ਦਾ ਮਨ ਜਾਂ ਚਾਹਤ ਅਤੇ ਅਕਾਲ ਪੁਰਖ ਦੀ ਇੱਛਾ ਕਰਦਿਆਂ ਇਹ ਵੀ ਪ੍ਰਵਾਨ ਕਰ ਲਿਆ ਹੈ ਕਿ 'ਗੁਰਮਤਾ', ਸਿੱਖਾਂ ਦੇ ਇਕੱਠ ਵਿਚ ਕੀਤਾ ਗਿਆ ਫੈਸਲਾ ਹੈ ਜਾਂ ਸਰਬਤ ਖਾਲਸੇ ਦਾ ਮਤਾ ਹੈ। ਮੈਕਲੋਡ ਦੀਆਂ ਧਾਰਨਾਵਾਂ ਵਿਚੋਂ ਸਿੱਖ ਰੰਗ ਅਤੇ ਸੁਹਿਰਦਤਾ ਮਨਫੀ ਹੋਣ ਕਰਕੇ ਵਿੱਥ ਤੋਂ ਕੀਤੀਆਂ ਟਿਪਣੀਆਂ ਨੂੰ ਅਪ੍ਰਵਾਨ ਤਾਂ ਕੀਤਾ ਜਾ ਸਕਦਾ ਹੈ ਪਰ ਇਨ੍ਹਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ? ਜੇ ਮੈਕਲੋਡ ਨੂੰ ਇਕ ਖਾਸ ਸਮੇਂ ਜਾਂ ਹਾਲਾਤ ਵਿਚ ਗੁਰਦੁਆਰਿਆਂ ਦਾ ਉਦਾਸੀ-ਪ੍ਰਬੰਧ, ਗੈਰਖਾਲਸਾ-ਸਿੱਖਾਂ ਦਾ ਪ੍ਰਬੰਧ ਲਗਦਾ ਹੈ ਤਾਂ ਇਸ ਤੋਂ ਗੈਰਖਾਲਸਾ-ਪ੍ਰਬੰਧ ਦੀਆਂ ਸੰਭਾਵਨਾਵਾਂ ਪ੍ਰਤੀ ਤਾਂ ਸੁਚੇਤ ਹੋਇਆ ਹੀ ਜਾ ਸਕਦਾ ਹੈ? ਗੁਰਮਤੇ ਨੂੰ ਜੇ ਉਹ ਸੰਗਤ, ਖਾਲਸਾ ਅਤੇ ਜਥੇ ਦੇ ਰੂਪ ਵਿਚ ਸਿਆਸਤ ਦੇ ਹੱਕ ਵਿਚ ਭੁਗਤਦਾ ਸਮਝਦਾ ਹੈ ਤਾਂ ਵੀ ਇਸ ਤੋਂ ਗੁਰਮਤੇ ਦੀ ਸਿਆਸਤ ਵਾਸਤੇ ਤਾਂ ਸੁਚੇਤ ਹੋਇਆ ਹੀ ਜਾ ਸਕਦਾ ਹੈ? ਇਸ ਨਾਲ ਇਥੇ ਇਹ ਕਹਿਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਜਿਸ 'ਗੁਰਮਤੇ' ਦੀ ਸੰਸਥਾ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸਰਕਾਰ-ਖਾਲਸਾ ਤੱਕ ਪਹੁੰਚਾਇਆ ਸੀ, ਉਸੇ 'ਗੁਰਮਤੇ' ਦਾ ਰਾਹ ਉਸ ਨੇ ਕਿਉਂ ਰੋਕ ਦਿੱਤਾ ਸੀ? ਸਪਸ਼ਟ ਹੈ ਕਿ 'ਗੁਰਮਤੇ' ਦੀ ਸੰਸਥਾ, ਸਿੱਖ-ਸਿਆਸਤ ਨੂੰ ਕਦੇ ਰਾਸ ਨਹੀਂ ਆਈ? ਇਸ ਦੇ ਬਾਵਜੂਦ ਗੁਰਮਤੇ ਦੀ ਸੰਸਥਾ ਨੂੰ ਸਿੱਖ ਸਿਆਸਤ ਨਾਲ ਹੀ ਜੋੜ ਕੇ ਵੇਖਿਆ ਜਾਂਦਾ ਰਿਹਾ ਹੈ। ਹਾਲਾਂਕਿ ਭਾਈ ਦਯਾ ਸਿੰਘ ਦੇ ਰਹਿਤਨਾਮੇ ਵਿਚ ਲਿਖਿਆ ਹੋਇਆ ਹੈ, 'ਪਾਂਚ ਸਿੰਘ ਮਿਲਕਰ ਰਹਿਤ ਬਿਬੇਕ ਦਾ ਗੁਰਮਤਾ ਕਰੇਂ।' 'ਪਾਂਚ ਸਿੰਘ' ਦੇ ਅਰਥ, ਪੰਜ ਤਖਤਾਂ ਦੇ 'ਜਥੇਦਾਰਾਂ' ਤੱਕ ਮਹਿਦੂਦ ਹੋ ਗਏ ਹਨ ਅਤੇ 'ਰਹਿਤ ਬਿਬੇਕ' ਦੀ ਥਾਂ 'ਹੁਕਮਨਾਮੇ' ਜਾਰੀ ਹੋਣ ਲੱਗ ਪਏ ਹਨ। ਸ. ਰਤਨ ਸਿੰਘ ਭੰਗੂ ਦੇ 'ਪੰਥ ਪ੍ਰਕਾਸ਼' ਵਿਚ ਦਰਜ ਹੈ ਕਿ ਜਥੇਦਾਰ ਸਭ ਪੰਥ ਦੀ ਰਾਏ ਲੈ ਕੇ ਪੰਜ ਪਿਆਰਿਆਂ ਦੇ ਹੁਕਮ ਨਾਲ ਫੈਸਲਾ ਦੀਵਾਨ ਵਿਚ ਸਭ ਨੂੰ ਸੁਣਾ ਦਿੰਦਾ ਸੀ। ਇਕੱਲੇ ਜਥੇਦਾਰ ਨੂੰ ਫੈਸਲਾ ਕਰਨ ਦਾ ਅਖਤਿਆਰ ਨਹੀਂ ਸੀ,

ਕਾਮ ਪਰਤ ਥਾ ਜੌ ਕਛੁ ਕਬਹੀ
'ਕਰਤ ਗੁਰਮਤਾ' ਮਿਲਕਰ ਸਭਹੀ।
ਜਥੇਦਾਰ ਜੋ ਕੁਛ ਕਹਿ ਦੇਤਾ
ਸੋਈ ਪੰਥ ਮਾਨ ਸਭ ਲੇਤਾ।

ਜਿੰਨੀ ਕੁ ਸਪਸ਼ਟਤਾ ਤੇ ਵਚਨਬੱਧਤਾ ਨਾਲ ਵਾਰਸ-ਸਮਝ ਬਣੇਗੀ, ਉਸ ਹੱਦ ਤੱਕ ਹੀ ਗੈਰਸਿੱਖ ਲੇਖਕ ਸਿੱਖ ਸੰਸਥਾਵਾਂ ਦੀ ਪਹਿਲਤਾਜ਼ਗੀ ਨੂੰ ਸਮਝ ਸਕਣਗੇ। ਪਹਿਲਾਂ ਮੈਲਕਮ ਨੇ ਗੁਰਮਤੇ ਬਾਰੇ ਅਖੀਂ ਡਿੱਠੇ ਵੇਰਵੇ ਵਾਂਗ 'ਗੁਰਮਤੇ' ਨੂੰ ਇਤਿਹਾਸਕ ਪ੍ਰਸੰਗ ਵਿਚ ਹੀ ਵੇਖਿਆ ਹੈ ਅਤੇ ਨਤੀਜਾ ਇਹੀ ਕੱਢਿਆ ਹੈ ਕਿ 'ਗੁਰਮਤੇ' ਵੇਲੇ ਗੁਰੂ ਨੂੰ ਹਾਜ਼ਰ ਸਮਝ ਕੇ ਅਤੇ ਵਿਅਕਤੀਗਤ ਵਿਤਕਰਿਆਂ ਤੋਂ ਉਪਰ ਉਠ ਕੇ ਸਾਂਝੀ ਰਾਏ ਬਣਾਈ ਜਾਂਦੀ ਸੀ। ਉਹ ਇਸ ਨੂੰ ਬੇਮਤਲਬੀ ਦੇਸ਼ ਭਗਤੀ ਕਹਿੰਦਾ ਹੈ। ਮੈਕਾਲਫ ਅਤੇ ਵਿਲਸਨ ਨੇ ਵੀ ਇਸੇ ਧਾਰਨਾ ਨੂੰ ਪ੍ਰਵਾਨ ਕੀਤਾ ਹੈ। ਹਾਲਾਂਕਿ ਜੇ ਕਿਧਰੇ ਅਜਿਹਾ ਵਾਪਰ ਵੀ ਗਿਆ ਸੀ ਤਾਂ ਵੀ ਇਸ ਨੂੰ ਸਿੱਖ ਸਿਧਾਂਤ ਨਹੀਂ ਕਿਹਾ ਜਾ ਸਕਦਾ। ਮੈਕਲੋਡ ਨੇ ਤਾਂ ਗੁਰਮਤੇ ਦੇ ਅਰਥ ਪ੍ਰਚਲਿਤ ਅਰਥਾਂ ਮੁਤਾਬਿਕ ਗੁਰੂ ਦੀ ਮਰਜੀ ਕਰਕੇ ਵੀ, ਸਿੱਖ ਅਤੇ ਸਿੰਘ ਸ਼ਬਦਾਂ ਨੂੰ ਲੈ ਕੇ ਖਾਲਸਾ ਸਿੱਖ ਤੇ ਗੈਰਖਾਲਸਾ ਸਿੱਖ ਦੀਆਂ ਕੋਟੀਆਂ ਬਣਾ ਲਈਆਂ ਹਨ। ਡਾ. ਜਗਤਾਰ ਸਿੰਘ ਗਰੇਵਾਲ ਨੇ ਇਸ ਨੂੰ ਸਿੱਖ ਖਾਲਸਾ ਅਤੇ ਸਿੰਘ ਖਾਲਸਾ ਦਾ ਸਿੱਖ ਪ੍ਰਸੰਗ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿੱਖ ਰਾਜ ਵੇਲੇ ਗੁਰਮਤੇ ਦੀ ਜਮਹੂਰੀ ਭਾਵਨਾ ਦੀ ਥਾਂ ਕਬਜ਼ੇ ਵਾਲਾ ਜਗੀਰਦਾਰੀ ਸੁਭਾਅ ਭਾਰੂ ਹੋ ਗਿਆ ਸੀ। ਇਸ ਨਾਲ ਗੁਰਮਤੇ ਦੀ ਸੰਸਥਾ ਦਾ ਰਾਹ ਰੁਕਿਆ ਸੀ; ਪਰ ਸਿੱਖ ਸੰਸਥਾਵਾਂ ਤੇ ਸਿੱਖ ਪਰਿਵਾਰ ਖੁਸ਼ਹਾਲੀ ਦੇ ਰਾਹ ਪੈ ਗਏ ਸਨ।

ਧਰਮ ਦੇ ਪ੍ਰਸੰਗ ਵਿਚ ਸਿਧਾਂਤ ਅਤੇ ਅਮਲ ਵਿਚ ਤਣਾਉ, ਮਾਨਵ ਮਾਨਸਿਕਤਾ ਦਾ ਕੁਦਰਤੀ ਵਰਤਾਰਾ ਹੈ। ਆਧੁਨਿਕਤਾ ਦਾ ਮੰਤਰ, ਬਹੁਲਵਾਦ ਹੋ ਜਾਣ ਕਰਕੇ ਅਤੇ ਆਲਮੀ ਪ੍ਰਸੰਗ ਵਿਚ ਲੋਕਤੰਤਰੀ ਸਿਆਸਤ ਦਾ ਬੋਲਬਾਲਾ ਹੋ ਜਾਣ ਕਰਕੇ 21ਵੀਂ ਸਦੀ ਦਾ ਰੋਲ ਮਾਡਲ ਧਰਮੀ ਦੀ ਥਾਂ ਸਿਆਸਤਦਾਨ ਹੋ ਗਿਆ ਹੈ। ਦੁਨੀਆਂ ਦੇ ਵੱਡੇ ਧਰਮਾਂ-ਈਸਾਈਅਤ, ਇਸਲਾਮ ਅਤੇ ਹਿੰਦੂ ਵਿਚ ਤਾਂ ਪਹਿਲਾਂ ਹੀ ਧਰਮ ਅਤੇ ਦੁਨੀਆਂਦਾਰੀ ਨੂੰ ਸਮਾਨੰਤਰਤਾ ਵਿਚ ਰੱਖਣ ਕਰਕੇ ਆਮ ਆਦਮੀ ਨੂੰ ਦੁਨੀਆਂਦਾਰੀ ਦਾ ਰੋਲ ਮਾਡਲ ਸਿਆਸੀ ਅਤੇ ਧਰਮ ਦਾ ਰੋਲ ਮਾਡਲ ਤਿਆਗਵਾਦੀ ਮੰਨਣਾ ਪੈ ਰਿਹਾ ਸੀ। ਇਨ੍ਹਾਂ ਧਰਮਾਂ ਨਾਲ ਜੁੜੇ ਹੋਏ ਆਮ ਆਦਮੀ ਲਈ ਇਹ ਤਸਲੀਮ ਕਰਨਾ ਸੌਖਾ ਹੈ ਕਿ ਸਿਆਸਤ ਨੂੰ ਆਪਣਾ ਕੰਮ ਕਰਨ ਦੇਣਾ ਚਾਹੀਦਾ ਹੈ ਅਤੇ ਧਰਮ ਨੂੰ ਆਪਣਾ ਕੰਮ ਕਰਦੇ ਰਹਿਣਾ ਚਾਹੀਦਾ ਹੈ। ਸਿਆਸਤ ਨੂੰ ਸਦਾ ਹੀ ਇਹ ਵੰਡ ਠੀਕ ਬੈਠਦੀ ਰਹੀ ਹੈ ਅਤੇ ਧਰਮ ਨੂੰ ਸਦਾ ਹੀ ਇਸ ਵੰਡ ਦਾ ਨੁਕਸਾਨ ਹੁੰਦਾ ਰਿਹਾ ਹੈ। ਇਹ ਗੱਲ ਜਾਂ ਨੁਕਤਾ ਗੁਰੂ ਨਾਨਕ ਦੇਵ ਦੇ ਸਾਹਮਣੇ ਸੀ ਅਤੇ ਇਸ ਨੂੰ ਗੁਰੂ ਨਾਨਕ ਦੇਵ 'ਵਾਰ ਮਾਝ ਕੀ' ਵਿਚ ਬਾਕੀ ਸਮਕਾਲੀ ਸਰੋਕਾਰਾਂ ਵਾਂਗ ਲੈਂਦਿਆਂ ਦੋ ਸਮਾਨੰਤਰ ਸਮਾਜਿਕ ਕੋਟੀਆ ਵਾਂਗ ਵੀ ਲੈਂਦੇ ਹਨ,

ਭਗਤਾ ਤੈ ਸੈਸਾਰੀਆ
ਜੋੜੁ ਕਦੇ ਨ ਆਇਆ॥...
ਭਗਤ ਆਪੇ ਮੇਲਿਅਨੁ
ਜਿਨੀ ਸਚੋ ਸਚੁ ਕਮਾਇਆ॥
ਸੈਸਾਰੀ ਆਪਿ ਖੁਆਇਅਨੁ ਜਿਨੀ
ਕੂੜੁ ਬੋਲਿ ਬੋਲਿ ਬਿਖੁ ਖਾਇਆ॥ (ਪੰਨਾ 145)

ੴ ਦੇ ਮੁਦੱਈਆਂ ਨੂੰ ਅਜਿਹੀ ਦੋਹਰੀ ਸਮਾਜਿਕਤਾ ਤੋਂ ਮੁਕਤ ਕਰਨ ਦੀ ਲਹਿਰ ਹੀ 'ਸਿੱਖੀ' ਅਖਵਾਈ ਹੈ। 'ਮੇਲਿਅਨੁ' ਅਤੇ 'ਖੁਆਇਅਨੁ', ਇਕ ਦੂਜੇ ਨੂੰ ਫੇਲ੍ਹ ਕਰਨ ਦੀ ਸਥਿਤੀ ਵਿਚੋਂ ਕੱਢ ਕੇ, ਇਕ ਦੂਜੇ ਦੇ ਸਹਾਇਕ ਹੋ ਕੇ ਚੱਲਣ ਦੀ ਵਿਧੀ ਹੀ 'ਗੁਰਮਤਿ' ਅਖਵਾਈ ਹੈ। ਗੁਰਮਤਿ ਦਾ ਅਗਵਾਈ ਸ੍ਰੋਤ ਗੁਰੂ ਸਾਹਿਬਾਨ ਵੇਲੇ (1469-1708) ਵੀ 'ਬਾਣੀ' ਸੀ ਅਤੇ 'ਗੁਰੂ ਮਾਨਿਓ ਗ੍ਰੰਥ' ਦੇ ਗੁਰੂ ਹੁਕਮ ਅਨੁਸਾਰ ਸਦਾ ਵਾਸਤੇ 'ਬਾਣੀ' ਹੋ ਗਿਆ ਹੈ। ਕਿਸੇ ਵੀ ਸਮਕਾਲ ਨਾਲ ਨਜਿੱਠਦਿਆਂ, ਜਿਹੜੇ ਫੈਸਲੇ ਗ੍ਰੰਥ ਅਤੇ ਪੰਥ ਦੀ ਅਗਵਾਈ ਵਿਚ ਲਏ ਜਾਂਦੇ ਰਹੇ ਹਨ, ਉਨ੍ਹਾਂ ਨੂੰ ਸਿੱਖ ਭਾਈਚਾਰੇ ਨੇ ਪ੍ਰਾਲਬਧ ਅਤੇ ਹੋਣੀ ਵਾਂਗ ਵੀ ਹੰਢਾਇਆ ਹੈ। ਮਿਸਲਾਂ ਦਾ ਸਮਾਂ, ਗ੍ਰੰਥ ਦੀ ਅਗਵਾਈ ਵਿਚ ਹੋਣ ਕਰਕੇ, ਪੰਥਕਤਾ ਨੂੰ ਮਜ਼ਬੂਤ ਕਰਦਾ ਰਿਹਾ ਹੈ। ਇਹ ਮਜ਼ਬੂਤੀ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਖੁਰਦੀ ਨਜ਼ਰ ਆ ਜਾਂਦੀ ਹੈ। ਇਸ ਵਿਚੋਂ ਨਿਕਲਣ ਦੀ ਲਹਿਰ, 'ਸਿੰਘ ਸਭਾ ਲਹਿਰ' ਅਖਵਾਈ ਸੀ। ਇਸ ਲਹਿਰ ਦੀਆਂ ਸਾਰੀਆਂ ਪ੍ਰਾਪਤੀਆਂ, 'ਗ੍ਰੰਥ ਅਤੇ ਪੰਥ' ਦੀ ਅਗਵਾਈ ਵਿਚ ਚਲਣ ਦਾ ਸਿੱਟਾ ਹਨ। ਪਰ ਇਸ ਵਿਚੋਂ ਨਿਕਲੀ ਹੋਈ ਸਿਆਸਤ ਦਾ ਲੇਖਾ ਜੋਖਾ ਗੰਭੀਰਤਾ ਨਾਲ ਕੀਤੇ ਜਾਣ ਦੀ ਲੋੜ ਹੈ। ਅਜਿਹਾ ਕਰਦੇ ਵਕਤ ਇਹ ਧਿਆਨ ਵਿਚ ਰੱਖੇ ਜਾਣ ਦੀ ਲੋੜ ਹੈ ਕਿ ਅੰਗ੍ਰੇਜ਼ਾਂ ਦੀ ਕੂਟਨੀਤਕ ਸਿਆਸਤ, ਗ਼ਦਰੀਆਂ ਅਤੇ ਬੱਬਰਾਂ ਦੀਆਂ ਆਪਾ ਵਾਰੂ ਕੋਸ਼ਿਸ਼ਾਂ ਅਤੇ 1925 ਦਾ ਗੁਰਦੁਆਰਾ ਐਕਟ ਆਦਿ ਨੇ ਕੀ ਭੂਮਿਕਾ ਨਿਭਾਈ ਹੈ? ਜਿਹੜੇ ਵੀ ਧਰਮ, ਉਤਮਤਾ ਦਾ ਸ਼ਿਕਾਰ ਹੋ ਜਾਣ ਜਾਂ ਸਵੈ-ਚੌਧਰ ਦਾ ਸ਼ਿਕਾਰ ਹੋ ਜਾਣ, ਉਹ ਧਰਮ ਨੂੰ ਇਕ ਪਾਸੇ ਅਧਿਆਤਮਿਕਤਾ ਨਾਲੋਂ ਤੋੜਦੇ ਹਨ ਅਤੇ ਦੂਜੇ ਪਾਸੇ ਸਿਆਸੀ ਸਰਦਾਰੀ ਵੱਲ ਧੱਕ ਦਿੰਦੇ ਹਨ।

ਧਰਮ ਦੇ ਹਵਾਲੇ ਨਾਲ ਇਹ ਸਥਾਪਤ ਹੋ ਚੁੱਕਾ ਹੈ ਕਿ ਈਸਾਈਅਤ ਦੀ ਉਤਮਤਾ ਨੂੰ ਈਸਾਈਆਂ ਦੀ ਸਿਆਸਤ ਨੇ, ਮੁਸਲਮਾਨਾਂ ਦੀ ਉਤਮਤਾ ਨੂੰ ਮੁਸਲਮਾਨਾਂ ਦੀ ਸਿਆਸਤ ਨੇ ਅਤੇ ਹਿੰਦੂਆਂ ਦੀ ਉਤਮਤਾ (ਅੱਜ ਕਲ ਹਿੰਦੂਤਵ) ਹਿੰਦੂਆਂ ਦੀ ਸਿਆਸਤ ਨੇ ਸ਼ਹਿ ਵੀ ਦਿੱਤੀ ਹੈ, ਵਰਤਿਆ ਵੀ ਹੈ ਅਤੇ ਕੱਟੜਤਾ ਵੱਲ ਧੱਕਿਆ ਵੀ ਹੈ। ਧਰਮ, ਜਦੋਂ ਵੀ ਆਪਸੀ ਝਗੜਿਆਂ ਦਾ ਕਾਰਨ ਬਣਿਆ ਹੈ, ਧਰਮ ਦੀ ਸਿਆਸਤ ਕਰਕੇ ਹੀ ਬਣਿਆ ਹੈ। ਗੁਰਮਤਿ ਵਿਚੋਂ ਬੰਦੇ ਦੀ ਸਰਦਾਰੀ ਨੂੰ ਮਨਫੀ ਕਰਕੇ ਅਤੇ ਸ਼ਬਦ ਗੁਰੂ ਦੀ ਅਗਵਾਈ ਸਥਾਪਤ ਕਰਕੇ, ਸਿੱਖ ਧਰਮ ਨੂੰ ਸਿਆਸਤ ਮੁਕਤ ਕਰ ਦਿੱਤਾ ਗਿਆ ਸੀ। ਇਸ ਗੁਰਮਤਿ ਧਾਰਨਾ ਨੂੰ ਛੇਵੇਂ ਪਾਤਸ਼ਾਹ ਹਜ਼ੂਰ ਨੇ 'ਮੀਰੀ ਪੀਰੀ' ਰਾਹੀਂ ਲਾਗੂ ਵੀ ਕਰ ਦਿੱਤਾ ਸੀ। ਇਸ ਨਾਲ ਇਹ ਸੱਚ ਸਾਹਮਣੇ ਆ ਗਿਆ ਸੀ ਕਿ ਧਰਮ, ਆਮ ਆਦਮੀ ਦੀ ਧਰੋਹਰ ਹੈ ਅਤੇ ਸਿਆਸਤ ਖਾਸ ਬੰਦਿਆਂ ਦੀ ਖੇਡ ਜਾਂ ਕਲਾਕਾਰੀ ਹੈ। ਪਰ 21ਵੀਂ ਸਦੀ ਤੱਕ ਪਹੁੰਚਦਿਆਂ ਸਿੱਖ ਭਾਈਚਾਰਾ ਇਨ੍ਹਾਂ ਤਿੰਨਾਂ ਭਾਈਚਾਰਿਆਂ ਵਾਂਗ ਸਿਆਸਤ ਦੀ ਅਗਵਾਈ ਵਿਚ ਧਰਮ ਕਮਾਉਣ ਦੇ ਰਾਹ ਪੈ ਗਿਆ। ਇਸ ਨਾਲ ਧਰਮਨੁਮਾ ਸਿਆਸਤ ਅਤੇ ਸਿਆਸਤਨੁਮਾ ਧਰਮ ਦਾ ਰਾਹ ਪੱਧਰਾ ਹੋ ਗਿਆ ਹੈ।

ਗੁਰਮਤੇ ਨੂੰ ਪੰਥ ਦੀ ਸਾਂਝੀ ਸਮਝ ਦੇ ਮਤੇ ਵਜੋਂ ਲਾਗੂ ਕੀਤਾ ਗਿਆ ਸੀ ਅਤੇ ਗੁਰਮਤੇ ਤੱਕ ਪਹੁੰਚਣ ਲਈ 'ਸਰਬਤ ਖਾਲਸਾ' ਦੀ ਵਰਤੋਂ ਹੁੰਦੀ ਰਹੀ ਹੈ। ਇਸ ਨਾਲ ਨਿੱਜੀ ਅਤੇ ਕਬੀਲਾ ਵਖਰੇਵਿਆਂ ਨੂੰ ਮੁੱਖ ਧਾਰਾ ਹੋ ਜਾਣ ਦਾ ਮੌਕਾ ਮਿਲਿਆ ਸੀ। ਇਸ ਦਾ ਰਾਹ ਰੋਕਣ ਦੀ ਲੋੜ ਪਹਿਲੀ ਵਾਰ ਮਹਾਰਾਜਾ ਰਣਜੀਤ ਸਿੰਘ ਨੂੰ ਪਈ ਸੀ। ਸ਼੍ਰੋਮਣੀ ਕਮੇਟੀ ਨੂੰ 'ਸਰਬਤ ਖਾਲਸਾ' ਦਾ ਬਦਲ ਸਮਝ ਲਏ ਜਾਣ ਨਾਲ 'ਗੁਰਮਤੇ' ਨੂੰ ਆਰਕਾਈਵਲ ਲੋੜ ਬਣਾ ਦਿੱਤਾ ਗਿਆ ਹੈ। ਇਸ ਤੋਂ ਬਾਅਦ ਗੁਰਮਤੇ ਦੀ ਸਿਆਸਤ ਤਾਂ ਹੁੰਦੀ ਰਹੀ ਹੈ, ਪਰ ਗੁਰਮਤਾ ਨਹੀਂ ਹੋਇਆ? ਇਸ ਬਾਰੇ ਗੱਲ ਕਰਨ ਤੋਂ ਪਹਿਲਾਂ ਸਪਸ਼ਟ ਹੋਣਾ ਚਾਹੀਦਾ ਹੈ ਕਿ ਗੁਰਮਤੇ ਦੀ ਸਿਆਸਤ ਅਤੇ ਗੁਰਮਤੇ ਨੂੰ ਆਮ ਸਿੱਖ ਦੀ ਹਿੱਸੇਦਾਰੀ ਦੇ ਮਾਧਿਅਮ ਅਰਥਾਤ ਵਸੀਲੇ ਵਿਚੋਂ ਕਿਸ ਬਾਰੇ ਗੱਲ ਕਰਨਾ ਚਾਹੁੰਦੇ ਹਾਂ? ਗੁਰਮਤੇ ਦੀ ਸਿਆਸਤ ਬਾਰੇ ਇੰਨਾ ਹੀ ਕਹਿਣਾ ਹੈ ਕਿ ਹਰ ਰੰਗ ਦੀ ਸਿੱਖ ਸਿਆਸਤ ਦੇ ਪ੍ਰਤੀਨਿਧਾਂ ਨੇ ਗੁਰਮਤੇ ਦੀ ਸਾਖ ਨੂੰ ਮਧੋਲਣ ਵਿਚ ਹਿੱਸਾ ਪਾਇਆ ਹੈ। ਗੁਰਮਤਾ, ਪੰਥਕ-ਸੁਰ ਵਿਚ ਮਤਾ ਪਕਾਉਣ ਦੀ ਭਾਵਨਾ ਵਿਚ ਸਾਹਮਣੇ ਆਉਂਦਾ ਰਿਹਾ ਸੀ। ਸਿੱਖ ਸਿਆਸਤਦਾਨ ਨੇ ਸਿਆਸੀ ਸਹੂਲਤ ਮੁਤਾਬਿਕ ਕੀਤੇ ਮਤੇ ਨੂੰ ਗੁਰਮਤਾ ਬਣਾਉਣ ਦੀ ਸਿਆਸਤ ਲਗਾਤਾਰ ਕੀਤੀ ਹੈ। ਇਸ ਨਾਲ ਗੁਰਮਤੇ ਦਾ ਪ੍ਰਸੰਗ ਗੁਆਚਿਆ ਹੈ ਅਤੇ ਇਸ ਦੀ ਸਥਾਪਤੀ ਵਾਸਤੇ, ਇਸ ਨੂੰ ਸਿਆਸੀ-ਅਪਹਰਣ ਦੀਆਂ ਸੰਭਾਵਨਾਵਾਂ ਤੋਂ ਮੁਕਤ ਸਮਝ ਕੇ ਗੱਲ ਕੀਤੇ ਜਾਣ ਦੀ ਲੋੜ ਹੈ।

---

# ਸ਼ਕੁੰਤਲਾ

ਸੀ। ਕੁਝ ਤਾਂ ਮੈਂ ਖ਼ੁਸ਼ ਸਾਂ ਕਿ ਆਖਰ ਉਹਦੇ ਅੰਦਰ ਕੁਝ ਕਹਿਣ, ਕਰਨ ਤੇ ਕਰ ਗੁਜ਼ਰਨ ਦਾ ਵਿਸ਼ਵਾਸ ਤਾਂ ਪੈਦਾ ਹੋਇਆ ਸੀ। ਪਰ ਪਰਸਪਰ ਸਬੰਧਾਂ ਦੀ ਜਿਸ ਅਵਸਥਾ ਤੀਕ ਅਸੀਂ ਪਹੁੰਚ ਚੁੱਕੇ ਸਾਂ, ਉਥੋਂ ਮੇਰੇ ਲਈ ਪਿੱਛੇ ਮੁੜਨਾ ਦੁਖਦਾਈ ਮਹਿਸੂਸ ਹੋ ਰਿਹਾ ਸੀ। ਸ਼ਾਇਦ ਇਕ ਵੱਡਾ ਕਾਰਨ ਇਹ ਵੀ ਸੀ ਕਿ ਮੇਰੀ ਆਤਮਾ ਤੇ ਸਰੀਰ ਦੀ ਜੋ ਸੰਤੁਸ਼ਟੀ ਉਸ ਦੇ ਸਬੰਧ ਵਿਚੋਂ ਪ੍ਰਾਪਤ ਹੁੰਦੀ ਸੀ ਉਸ ਦਾ ਕੁਝ ਭਾਗ ਵੀ ਮੈਂ ਆਪਣੀ ਪਤਨੀ ਕੋਲੋਂ ਪ੍ਰਾਪਤ ਨਹੀਂ ਕਰ ਰਿਹਾ ਸਾਂ। ਮੈਂ ਦੋ ਕਿਸ਼ਤੀਆਂ 'ਚ ਸਵਾਰ ਸਾਂ। ਡੁੱਬਣਾ ਮੇਰਾ ਕਰਮ ਸੀ। ਸ਼ਕੁੰਤਲਾ ਚਾਹ ਦੇ ਦੋ ਕੱਪ ਲਿਆਈ। ਇਕ ਉਸ ਆਪਣੇ ਬੁਲ੍ਹਾਂ ਨੂੰ ਲਾ ਲਿਆ। ਦੂਜਾ ਮੇਰੇ ਅੱਗੇ ਰੱਖ ਦਿੱਤਾ।

"ਕੀ ਗੱਲ ਸ਼ਕੁੰਤਲਾ, ਆਪਾਂ ਸਦਾ ਇਕ ਹੀ ਕੱਪ ਵਿਚ ਚਾਹ ਪੀਂਦੇ ਰਹੇ ਹਾਂ। ਅੱਜ ਤੂੰ ਆਪਣੇ ਲਈ ਵੱਖਰਾ ਕੱਪ ਕਿਉਂ ਲੈ ਆਈ ਹੈਂ?"

"ਕਦੀ ਕਦੀ ਆਪੋ ਆਪਣੇ ਕੱਪ ਵਿਚ ਵੀ ਚਾਹ ਪੀਣੀ ਚਾਹੀਦੀ ਹੈ।"

"ਇਹ ਕੀ ਕਹਿ ਰਹੀ ਹੈਂ। ਅੱਜ ਕੀ ਹੋ ਗਿਆ ਏ ਤੈਨੂੰ। ਅੱਜ ਤੂੰ ਸਾਰੀਆਂ ਗੱਲਾਂ ਸਾਧਾਰਨ ਤੋਂ ਉਲਟ ਕਰ ਰਹੀ ਹੈਂ।"

"ਹਾਂ ਮਿਸਟਰ ਸਿੰਘ, ਤੁਸੀਂ ਜੋ ਕਹਿ ਰਹੇ ਹੋ, ਠੀਕ ਹੈ। ਮੈਂ ਤੁਹਾਡੇ ਤੋਂ ਜੁਦਾ ਹੋ ਰਹੀ ਹਾਂ। ਇਹ ਸਾਡੀ ਆਖਰੀ ਮਿਲਣੀ ਹੈ। ਅੱਜ ਤੋਂ ਬਾਅਦ ਤੁਸੀਂ ਮੈਨੂੰ ਕਦੀ ਮਿਲਣ ਨਹੀਂ ਆਓਗੇ। ਮੈਨੂੰ ਕੋਈ ਚਿੱਠੀ ਨਹੀਂ ਲਿਖੋਗੇ। ਜੇ ਲਿਖੋਗੇ ਤਾਂ ਮੈਂ ਬਿਨਾਂ ਪੜ੍ਹਿਆਂ ਲਿਫਾਫਾ ਪਾੜ ਕੇ ਗਾਰਬੇਜ ਕਰ ਦਿਆਂਗੀ। ਤੁਸੀਂ ਮੈਨੂੰ ਭੁੱਲ ਜਾਓ। ਮੇਰੇ ਤੁਹਾਡੇ ਸਬੰਧ ਖ਼ਤਮ ਹੋ ਰਹੇ ਹਨ। ਮੈਂ ਹੁਣ ਜ਼ਿੰਦਗੀ ਵਿਚ ਕਦੀ ਦੁਬਾਰਾ ਤੁਹਾਨੂੰ ਨਹੀਂ ਮਿਲਾਂਗੀ। ਤੁਸੀਂ ਵੀ ਮੈਨੂੰ ਕਦੀ ਮਿਲਣ ਦੀ ਕੋਸ਼ਿਸ਼ ਨਾ ਕਰਨਾ।

"ਏਸ ਵਖਰੇਵੇਂ ਦੇ ਕਾਰਨ ਤਾਂ ਦੱਸੋ?"

"ਇਹ ਮੈਂ ਕਦੀ ਨਹੀਂ ਦੱਸਾਂਗੀ। ਤੁਸੀਂ ਖ਼ੁਦ ਸੋਚੋ ਕਿ ਕੀ ਕਾਰਨ ਹੋ ਸਕਦੇ ਹਨ?"

"ਮੈਂ ਇਕ ਇਕ ਕਰਕੇ ਆਪਣੇ ਵੱਲੋਂ ਕਿਆਸੇ 11 ਕਾਰਨ ਦੱਸੇ ਜਿਨ੍ਹਾਂ 'ਚ ਮੈਨੂੰ ਆਪਣੀਆਂ ਕੁਝ ਵਧੀਕੀਆਂ ਦਾ ਭੁਲੇਖਾ ਲਗਦਾ ਸੀ।"

"ਇਸ ਤੋਂ ਇਲਾਵਾ ਵੀ ਕਈ ਹੋਰ ਕਾਰਨ ਹੋ ਸਕਦੇ ਹਨ?"

"ਤੂੰ ਦੱਸ ਉਹ ਕਿਹੜੇ ਕਾਰਨ ਹਨ?"

"ਇਹ ਮੈਂ ਨਹੀਂ ਦੱਸਾਂਗੀ।"

"ਕਿਉਂ?"

"ਇਹ ਤੁਸੀਂ ਸੋਚੋ ਕਿ ਹੋਰ ਕਿਹੜੇ ਕਿਹੜੇ ਕਾਰਨ ਹੋ ਸਕਦੇ ਹਨ? ਸੋਚੋ, ਸੋਚਦੇ ਰਹਿਣਾ। ਇਹ ਤੁਹਾਡਾ ਕੰਮ ਹੈ, ਮੇਰਾ ਨਹੀਂ। ਮੇਰੇ ਵੱਲੋਂ ਆਪ ਜੀ ਨੂੰ ਅੱਜ ਤੋਂ ਬਾਅਦ ਗੁੱਡ ਬਾਏ ਹੈ।"

ਏਨਾ ਕਹਿ ਕੇ ਉਹ ਚੁੱਪ ਕਰ ਗਈ। ਉਸ ਇਹ ਚੁੱਪ ਨਾ ਤੋੜੀ। ਮੈਂ ਉਸ ਨੂੰ ਮੋਢਿਆਂ ਤੋਂ, ਬਾਂਹ ਤੋਂ ਫੜ੍ਹ ਫੜ੍ਹ ਹਲੂਣਿਆ ਪਰ ਉਸ ਚੁੱਪ ਨਾ ਤੋੜੀ। ਮੈਂ ਉਸ ਦਾ ਤਿੱਖਾ, ਗੋਰਾ, ਖ਼ੂਬਸੂਰਤ ਨੱਕ ਮਰੋੜਿਆ ਪਰ ਉਸ ਚੁੱਪ ਨਾ ਤੋੜੀ। ਮੈਂ ਉਸ ਦੇ ਪੂਰੇ ਜ਼ੋਰ ਨਾਲ ਇਕ ਚਪੇੜ ਮਾਰੀ। ਉਸ ਦੀ ਗੱਲ 'ਤੇ ਚਪੇੜ ਦਾ ਨਿਸ਼ਾਨ ਸੀ। ਉਸ ਦੀਆਂ ਅੱਖਾਂ ਵਿਚ ਨੀਮ ਅੱਥਰੂ ਸਨ ਪਰ ਉਸ ਚੁੱਪ ਨਾ ਤੋੜੀ। ਮੈਂ ਸੌਰੀ ਕਿਹਾ। ਮੇਰੇ ਵਜੂਦ ਦੀ ਰੂਹ ਇਕੋ ਵਾਰ ਉਹਦੇ ਕਮਰੇ ਦੀ ਹਰ ਬਾਰੀ, ਬੂਹੇ ਤੇ ਰੋਸ਼ਨਦਾਨਾਂ ਦੀਆਂ ਝੀਤਾਂ 'ਚੋਂ ਬਾਹਰ ਉਡ ਗਈ।

ਉਸ ਦੀਆਂ ਅੱਖਾਂ ਵਿਚ ਨੀਮ ਅੱਥਰੂ ਸਨ ਪਰ ਉਸ ਚੁੱਪ ਨਾ ਤੋੜੀ। ਮੈਂ ਉਸ ਨੂੰ ਸੌਰੀ ਕਿਹਾ, ਆਪਣੇ ਆਪ ਨੂੰ ਇਕੱਠਾ ਕੀਤਾ ਤੇ ਉਸ ਦੇ ਘਰੋਂ ਚਲਾ ਆਇਆ। ਅਗਲੇ ਕੁਝ ਸਾਲਾਂ ਵਿਚ ਮੈਂ ਇਕ ਦੋ ਵਾਰ ਉਹਨੂੰ ਮਿਲਣ ਲਈ ਕਿਸੇ ਹਥ ਸੁਨੇਹਾ ਭੇਜਿਆ ਪਰ ਉਸ ਮਿਲਣੋਂ ਇਨਕਾਰ ਕਰ ਦਿੱਤਾ। ਇੰਜ ਜ਼ਿੰਦਗੀ ਦੇ 23 ਸਾਲ ਬੀਤ ਗਏ। ਇਕ ਵਾਰ ਉਹਦੇ ਸ਼ਹਿਰ 'ਚੋਂ ਲੰਘਦਿਆਂ ਬੜੀ ਮੁਸ਼ਕਲ ਨਾਲ ਉਹਦਾ ਨਵਾਂ ਘਰ ਲੱਭ ਕੇ ਮਿਲਣ ਗਿਆ। ਬੂਹੇ ਵਿਚੋਂ ਹੀ ਪਹਿਚਾਨਣੋਂ ਨਾਂਹ ਕਰਦਿਆਂ ਉਸ ਦਰਵਾਜ਼ਾ ਬੰਦ ਕਰ ਲਿਆ।

# ਦੋ ਮਹਾਨ ਕਲਾਕਾਰਾਂ ਦੀ ਪੰਜਾਬੀ ਗਾਇਕੀ ਨੂੰ ਦੇਣ

ਪਿਛਲੇ ਕਈ ਦਿਨਾਂ ਤੋਂ ਮਨ ਬਹੁਤ ਉਦਾਸ ਏ। ਗਾਇਕੀ ਖੇਤਰ ਦੀਆਂ ਦੋ ਸਿਰਮੌਰ ਸ਼ਖਸੀਅਤਾਂ, ਜਿਨ੍ਹਾਂ ਵਿਚੋਂ ਇੱਕ ਦਾ ਪਰਿਵਾਰ ਵੰਡ ਦੇ ਉਜਾੜੇ ਕਾਰਨ ਓਧਰੋਂ ਏਧਰ ਜਲੰਧਰ ਆਣ ਵਸਿਆ ਤੇ ਉਸ ਨੇ ਜ਼ਿੰਦਗੀ ਨਿਰਬਾਹ ਲਈ ਗਾਇਕੀ ਖੇਤਰ ਨੂੰ ਅਜਿਹਾ ਚੁਣਿਆ ਕਿ ਇਹੀ ਉਸ ਦਾ ਹਾਸਲ ਬਣ ਗਿਆ। ਉਸ ਦੇ ਤੁਰ ਜਾਣ ਨਾਲ ਮਨ ਮਸੋਸਿਆ ਗਿਐ ਤੇ ਦੂਜੀ ਉਹ, ਜਿਹੜੀ ਲਹਿੰਦੇ ਪੰਜਾਬ ਵਿਚਲੇ ਲਾਹੌਰ ਦੇ ਹਸਪਤਾਲ ਵਿਚ ਜ਼ਿੰਦਗੀ-ਮੌਤ ਦੀ ਜੰਗ ਲੜ ਰਹੀ ਏ। ਕੋਈ ਵਿਰਲਾ-ਟਾਂਵਾਂ ਉਹਦਾ ਪਤਾ ਲੈਣ ਜਾਂਦੈ ਤੇ ਹੱਡੀਆਂ ਦੀ ਮੁੱਠ ਬਣ ਚੁੱਕੇ ਸਰੀਰ ਵੱਲ ਦੇਖ ਉਸ ਦੇ ਕੱਲ੍ਹ ਤੇ ਅੱਜ ਵਿਚਲਾ ਅੰਤਰ ਸਾਫ਼ ਦਿਸਣ ਲੱਗਦੈ। ਚੜ੍ਹਦੇ ਤੇ ਲਹਿੰਦੇ ਪੰਜਾਬ ਦੀ ਆਪਸੀ ਸਾਂਝ ਬਾਰੇ ਜਿੰਨਾ ਲਿਖਿਆ ਜਾਵੇ, ਘੱਟ ਏ ਪਰ ਜਦੋਂ ਦੋਹਾਂ ਪਾਸਿਆਂ ਦੇ ਕਲਾਕਾਰਾਂ 'ਤੇ ਵਕਤ ਦਾ ਝੱਖੜ ਝੁੱਲਦਾ ਏ ਤਾਂ ਸੂਖਮ ਭਾਵੀ ਲੋਕਾਂ ਦਾ ਪਿਘਲਣਾ ਕੁਦਰਤੀ ਏ।

ਜਿਨ੍ਹਾਂ ਦੀ ਗੱਲ ਕਰ ਰਹੇ ਹਾਂ, ਉਨ੍ਹਾਂ 'ਚੋਂ ਇੱਕ ਏ ਪਾਕਿਸਤਾਨ ਦੀ ਮਸ਼ਹੂਰ ਗਾਇਕਾ ਰੇਸ਼ਮਾ। ਉਸ ਨਾਲ ਮੇਲ ਕਦੇ ਨਹੀਂ ਹੋਇਆ, ਬਸ ਗੀਤਾਂ ਜ਼ਰੀਏ ਇੰਜ ਜਾਪਿਐ ਜਿਵੇਂ ਉਸ ਨਾਲ ਪਰਿਵਾਰਕ ਸਾਂਝ ਹੋਵੇ। ਭੋਲ਼ੇ ਚਿਹਰੇ, ਸਾਦੀਆਂ ਗੱਲਾਂ, ਮੂੰਹ ਫੱਟ ਬੋਲਾਂ ਵਾਲੀ ਰੇਸ਼ਮਾ ਕਦਰਦਾਨਾਂ ਨੂੰ ਆਪਣੇ ਪਰਿਵਾਰ ਦਾ ਹਿੱਸਾ ਹੀ ਜਾਪਦੀ ਏ। ਉਸ ਦੀ ਉਦਾਸੀ ਵਾਲੀਆਂ ਮੁਲਾਕਾਤਾਂ ਵੱਖ-ਵੱਖ ਟੀ.ਵੀ. ਚੈਨਲਾਂ ਤੋਂ ਕਈ ਵਾਰ ਦੇਖੀਆਂ ਨੇ, ਜਿਨ੍ਹਾਂ 'ਚ ਉਹ ਆਪਣਾ ਦਰਦ ਬਿਆਨ ਕਰਦੀ ਰਹੀ ਏ, ਪਰ ਅੱਜ ਉਸ ਦੀ ਹਾਲਤ ਏਨੀ ਨਾਜ਼ੁਕ ਏ ਕਿ ਕਿਸੇ ਵੀ ਵੇਲ਼ੇ ਕੋਈ ਮਾੜੀ ਖ਼ਬਰ ਆ ਸਕਦੀ ਏ। ਫ਼ਨ ਤੇ ਦੀਨ ਦੁਨੀਆਂ ਦੇ ਝਮੇਲਿਆਂ ਨੂੰ ਭੁੱਲ ਕੈਂਸਰ ਨਾਲ ਜੂਝਦੀ ਉਹ ਲਾਹੌਰ ਦੇ ਇੱਕ ਹਸਪਤਾਲ 'ਚ ਇਲਾਜ ਅਧੀਨ ਏ। ਪਿਛਲੇ ਕੁਝ ਦਿਨਾਂ ਤੋਂ ਵੱਖ-ਵੱਖ ਅਖ਼ਬਾਰ ਉਸ ਦੀ ਹਾਲ ਬਿਆਨੀ ਕਰ ਰਹੇ ਨੇ, ਸ਼ੌਕਤ ਅਲੀ ਸਮੇਤ ਪਾਕਿਸਤਾਨ ਦੇ ਕਈ ਮਸ਼ਹੂਰ ਗਾਇਕ ਉਸ ਦਾ ਹਾਲ-ਚਾਲ ਪੁੱਛਣ ਹਸਪਤਾਲ ਗਏ, ਜਿਨ੍ਹਾਂ ਦੀਆਂ ਖ਼ਬਰਾਂ ਵੀ ਬਣੀਆਂ ਤੇ ਸਭ ਦੀਆਂ ਨਮ ਅੱਖਾਂ ਇਹ ਦੱਸਣ ਲਈ ਕਾਫੀ ਸਨ ਕਿ ਕੁਦਰਤ ਅਜਿਹਾ ਕਹਿਰ ਵੈਰੀ-ਦੁਸ਼ਮਣ 'ਤੇ ਵੀ ਨਾ ਵਰਸਾਏ।

ਪੜ੍ਹਨਾ-ਲਿਖਣਾ ਰੇਸ਼ਮਾ ਦੇ ਹਿੱਸੇ ਨਾ ਆਇਆ, ਕਿਉਂਕਿ ਪਰਿਵਾਰਕ ਮਾਹੌਲ ਹੀ ਅਜਿਹਾ ਸੀ, ਪਰ ਫੇਰ ਵੀ ਜਿਸ ਤਰ੍ਹਾਂ ਉਸ ਨੇ ਗੀਤਾਂ ਨੂੰ ਕੰਠ ਕੀਤਾ ਤੇ ਉਹ ਰਿਕਾਰਡ ਹੁੰਦਿਆਂ ਜਿਵੇਂ ਉਸ ਦੀ ਮਸ਼ਹੂਰੀ ਹੋਈ, ਅਲੋਕਾਰੀ ਪ੍ਰਾਪਤੀ ਹੈ। ਇਕ ਚੈਨਲ 'ਤੇ ਮੁਲਾਕਾਤ ਦੌਰਾਨ ਰੇਸ਼ਮਾ ਨੇ ਦੱਸਿਆ ਸੀ, 'ਪਹਿਲੀ ਵਾਰ ਜਦੋਂ ਇਕ ਅਖ਼ਬਾਰ 'ਚ ਫੋਟੋ ਛਪੀ ਤਾਂ ਮੈਂ ਡਰ ਗਈ ਕਿ ਕਿਤੇ ਮਾਪੇ ਤੇ ਬਰਾਦਰੀ ਇਹ ਨਾ ਸੋਚਣ ਕਿ ਮੈਂ ਕੀ ਚੰਦ ਚਾੜ੍ਹ ਦਿੱਤੈ...ਪਰ ਫੇਰ ਹੌਲੀ-ਹੌਲੀ ਰੇਡੀਓ 'ਤੇ ਗਾਉਣ ਦੀ ਖੁੱਲ੍ਹ ਹੋ ਗਈ। ਬਰਾਦਰੀ ਤੋਂ ਆਲੇ-ਦੁਆਲੇ ਦੇ ਇਲਾਕਿਆਂ 'ਚ ਤੇ ਫੇਰ ਸਰਹੱਦਾਂ ਤੋਂ ਪਾਰ ਗੱਲਾਂ ਹੋਣ ਲੱਗੀਆਂ। ਉਸ ਤੋਂ ਬਾਅਦ ਵਿਦੇਸ਼ੀ ਦੌਰੇ ਸ਼ੁਰੂ ਹੋ ਗਏ...ਲੋਕ ਰੇਸ਼ਮਾ..ਰੇਸ਼ਮਾ ਕਹਿ ਵਡਿਆਉਣ ਲੱਗ ਗਏ।'



*ਹਸਪਤਾਲ ਵਿਚ ਰੇਸ਼ਮਾ ਦਾ ਹਾਲ ਚਾਲ ਪੁੱਛਦੇ ਹੋਏ ਸ਼ੌਕਤ ਅਲੀ*

ਕੁਝ ਸਾਲ ਪਹਿਲਾਂ ਉਸ ਨੂੰ ਡਾਕਟਰਾਂ ਦੱਸਿਆ ਕਿ ਤੁਹਾਨੂੰ ਕੈਂਸਰ ਏ ਤੇ ਉਦੋਂ ਤੋਂ ਗਾਉਣਾ ਲਾਂਭੇ ਹੋ ਗਿਆ। ਇਲਾਜ ਚੱਲਣ ਲੱਗਾ ਤੇ ਕੈਂਸਰ ਦੇ ਮਰੀਜ਼ ਦਾ ਹਾਲ ਕੀਮੋਥਰੈਪੀਆਂ ਤੇ ਹੋਰ ਪ੍ਰਣਾਲੀਆਂ ਵਿਚੋਂ ਗੁਜ਼ਰਦਿਆਂ ਕੇਹਾ ਹੋ ਜਾਂਦੈ, ਸਭ ਜਾਣਦੇ ਹੀ ਨੇ। ਦੁੱਖ ਹੈ ਕਿ ਕੈਂਸਰ ਦਾ ਇਹ ਚੰਦਰਾ ਰੋਗ ਕੀਮਤੀ ਜਾਨਾਂ ਖਾ ਰਿਹੈ। ਕਿੰਨੇ ਹੀ ਆਮ ਤੇ ਖਾਸ ਲੋਕ ਇਸ ਦੀ ਭੇਟ ਚੜ੍ਹ ਚੁੱਕੇ ਨੇ। ਕੁਝ ਸਮਾਂ ਪਹਿਲਾਂ ਗਾਇਕਾ ਪਰਮਿੰਦਰ ਸੰਧੂ ਤੇ ਫੇਰ ਉਘੇ ਗਾਇਕ ਕਰਨੈਲ ਗਿੱਲ ਦੀ ਅਖੀਰ ਦਾ ਕਾਰਨ ਵੀ ਇਹ ਬਿਮਾਰੀ ਹੀ ਬਣੀ।

ਪਾਕਿਸਤਾਨੀ ਸਰਕਾਰ ਨੇ ਰੇਸ਼ਮਾ ਦਾ ਇਲਾਜ ਆਪਣੇ ਪੱਧਰ 'ਤੇ ਕਰਾਉਣ ਦੀ ਗੱਲ ਕਹੀ ਏ ਤੇ ਉਸ ਨੂੰ ਦਸ ਹਜ਼ਾਰ ਰੁਪਿਆ ਪ੍ਰਤੀ ਮਹੀਨਾ ਦੇਣ ਦਾ ਵਚਨ ਵੀ ਕੀਤਾ ਏ। ਸਭ ਦੀਆਂ ਦੁਆਵਾਂ ਉਸ ਦੇ ਨਾਲ ਹਨ, ਪਰ ਰੋਗ ਦੇ ਇਸ ਪੜਾਅ 'ਤੇ ਦੁਆਵਾਂ ਤੇ ਦਵਾਵਾਂ ਬਹੁਤਾ ਅਸਰ ਨਹੀਂ ਕਰਦੀਆਂ। ਇਹ ਸਭ ਲਿਖਦਿਆਂ ਉਸ ਦੇ 'ਲੰਬੀ ਜੁਦਾਈ' ਤੇ 'ਹਾਇ ਓ ਰੱਬਾ ਨਹੀਂਓਂ ਲੱਗਦਾ ਦਿਲ ਮੇਰਾ', 'ਵੇ ਮੈਂ ਚੋਰੀ ਚੋਰੀ' ਤੇ 'ਦਮਾਦਮ ਮਸਤ ਕਲੰਦਰ' ਗੀਤ ਚੇਤੇ 'ਚ ਆ ਰਹੇ ਨੇ।

ਰੇਸ਼ਮਾ ਬਿਮਾਰੀ ਨਾਲ ਲੜ ਰਹੀ ਏ ਤੇ ਉਸ ਦੇ ਹਾਲਾਤ ਬਾਰੇ ਗਾਹੇ-ਬਗਾਹੇ ਖ਼ਬਰਾਂ ਛਪ ਰਹੀਆਂ ਨੇ, ਪਰ ਜਲੰਧਰ ਵਿਚ ਪਿਛਲੇ ਦਿਨੀਂ ਆਪਣੇ ਵੇਲੇ ਦੇ ਮਹਾਨ ਗਾਇਕ 96 ਸਾਲਾ ਮਿਲਖੀ ਰਾਮ ਮਿਲਖੀ ਦੇ ਅਚਾਨਕ ਪਏ ਵਿਛੋੜੇ ਨੇ ਝੰਬ ਸੁੱਟਿਐ। ਕੁਝ ਦਿਨ ਪਹਿਲਾਂ ਹੀ ਮੈਂ ਉਨ੍ਹਾਂ ਨੂੰ ਮਿਲ ਕੇ ਆਇਆ ਸਾਂ। ਬੜੀ ਮੁਸ਼ਕਲ ਨਾਲ ਉਨ੍ਹਾਂ ਦਾ ਘਰ ਲੱਭਿਆ ਸੀ ਤੇ ਗੱਲੀਂਬਾਤੀਂ ਉਨ੍ਹਾਂ ਦੀ ਜ਼ਿੰਦਗੀ ਦੇ ਤਜਰਬੇ ਤੋਂ ਕਿੰਨਾ ਕੁਝ ਸਿੱਖਣ ਨੂੰ ਮਿਲਿਆ ਸੀ। ਪਤਲਾ-ਪਤੰਗ ਸਰੀਰ, ਹਰ ਗੱਲ 'ਤੇ 'ਰੱਬ-ਰੱਬ' ਕਹਿਣ ਵਾਲੇ ਮਿਲਖੀ ਰਾਮ ਅਛੋਪਲੇ ਜਹੇ ਇੰਜ ਤੁਰ ਜਾਣਗੇ, ਇਸ ਦਾ ਯਕੀਨ ਉਨ੍ਹਾਂ ਦੇ ਘਰੋਂ ਮਿਲੀ ਖ਼ਬਰ ਤੋਂ ਬਾਅਦ ਵੀ ਨਹੀਂ ਹੋ ਰਿਹਾ।

ਉਨ੍ਹਾਂ ਵਾਰ-ਵਾਰ ਇਹ ਗੱਲ ਕਹੀ ਸੀ, 'ਸਾਰੀ ਉਮਰ ਚੰਗਾ ਗਾਇਆ ਮੈਂ...ਕਦੇ ਕਿਸੇ ਦਾ ਮਾੜਾ ਨਹੀਂ ਕੀਤਾ...ਵਿਆਹਾਂ 'ਚ ਸਿਹਰੇ ਪੜ੍ਹ ਕੇ, ਗਾਇਕਾਵਾਂ ਨਾਲ ਗਾ-ਗਾ, ਸਮਾਗਮਾਂ 'ਚ ਪੇਸ਼ਕਾਰੀਆਂ ਦੇ-ਦੇ ਪਰਿਵਾਰ ਪਾਲਿਆ। ਪਰ ਕਦੇ ਇਖਲਾਕ ਤੋਂ ਡਿੱਗੀ ਗੱਲ ਨਹੀਂ ਕੀਤੀ। ਹੁਣ ਪੁੱਤ ਗਾਉਂਦੇ ਨੇ, ਸਭ ਦਾ ਸੋਹਣਾ ਕੰਮ ਏ। ਸਰੀਰ ਪੂਰਾ ਰਿਸ਼ਟ-ਪੁਸ਼ਟ ਏ, ਕੋਈ ਚਿੰਤਾ ਨਹੀਂ...ਇਕ ਮੁੰਡਾ ਸੰਗੀਤ ਦਾ ਪ੍ਰੋਫ਼ੈਸਰ ਸੀ ਦਿੱਲੀ, ਉਹ ਵਿਚਾਰਾ ਚਲਾਣਾ ਕਰ ਗਿਆ ਸੀ, ਬੜਾ ਦੁੱਖ ਰਹਿੰਦੈ ਏਸ ਦਾ ਮੈਨੂੰ...' ਤੇ ਕੁਝ ਦਿਨਾਂ ਮਗਰੋਂ ਉਹ ਖੁਦ ਚੱਲ ਵਸੇ।

96 ਸਾਲ ਦੀ ਉਮਰ ਥੋੜ੍ਹੀ ਨਹੀਂ ਹੁੰਦੀ, ਪਰ ਅਚਾਨਕ 'ਹੈ' ਤੋਂ 'ਸੀ' ਹੋ ਜਾਣਾ ਝੰਜੋੜ ਛੱਡਦੈ। ਉਨ੍ਹਾਂ ਦੇ ਪੁੱਤ ਦੇ ਦੱਸਣ ਮੁਤਾਬਕ, 'ਰਾਤ ਨੂੰ ਡੈਡੀ ਦੇ ਪੇਟ 'ਚ ਥੋੜ੍ਹਾ ਦਰਦ ਹੋਇਆ, ਅਸੀਂ ਹਸਪਤਾਲ ਲੈ ਗਏ, ਉਨ੍ਹਾਂ ਗੁਲੂਕੋਜ਼ ਚੜ੍ਹਾਇਆ...ਸ਼ਾਇਦ ਉਹ ਮਾਫ਼ਕ ਨਾ ਆਇਆ ਤੇ ਉਹ ਚੜ੍ਹਾਈ ਕਰ ਗਏ।'

## ਕੀ ਮੈਂ ਝੂਠ ਬੋਲਿਐ...



**ਸਵਰਨ ਸਿੰਘ ਟਹਿਣਾ**
*ਫੋਨ:91-98141-78883*

ਮਿਲਖੀ ਵਰਗੇ ਕਲਾਕਾਰ, ਜਿਨ੍ਹਾਂ ਨੂੰ ਇਸ ਗੱਲ ਦਾ ਥੋੜ੍ਹਾ ਮਲਾਲ ਰਹਿੰਦੈ ਕਿ ਉਮਰ ਦੇ ਇਸ ਪੜਾਅ 'ਤੇ ਸਾਡੀ ਕੋਈ ਸਾਰ ਨਹੀਂ ਲੈਂਦਾ ਤੇ ਬਚੀ ਜ਼ਿੰਦਗੀ ਗੁੰਮਨਾਮੀ ਵਿਚ ਹੀ ਗੁਜ਼ਰ ਜਾਂਦੀ ਏ, ਬਾਬਤ ਬਹੁਤ ਕੁਝ ਜ਼ਿਹਨ 'ਚ ਆਉਣ ਲੱਗਦੈ। ਕਾਸ਼, ਅਸੀਂ ਕਲਾ ਦੇ ਸੱਚੇ ਦਿਲੋਂ ਕਦਰਦਾਨ ਬਣ ਜਾਈਏ, ਜਿਹੜੇ ਲੋਕ ਸਾਡਾ ਮਨੋਰੰਜਨ ਕਰਦੇ ਰਹੇ ਨੇ, ਆਖਰੀ ਵੇਲੇ ਉਨ੍ਹਾਂ ਦੀ ਸਾਰ ਲਈਏ।



*ਮਿਲਖੀ ਰਾਮ ਮਿਲਖੀ*

ਕਲਾਕਾਰ, ਜਿਨ੍ਹਾਂ ਦੀ ਮਖਮਲੀ ਅਵਾਜ਼ ਕਦੇ ਚੇਤੇ ਦੀ ਚੰਗੇਰ 'ਚੋਂ ਉਤਰ ਨਹੀਂ ਸਕਦੀ, ਉਨ੍ਹਾਂ ਦੀ ਗੁੰਮਨਾਮੀ ਰੁਆ ਛੱਡਦੀ ਏ। ਉਸ ਨਾਲੋਂ ਵੀ ਵੱਡਾ ਦੁੱਖ ਇਸ ਦਾ ਏ ਕਿ ਨਵੇਂ ਕਲਾਕਾਰਾਂ 'ਚੋਂ ਬਹੁਤਿਆਂ ਦਾ ਸਵੱਛਤਾ ਨਾਲ ਕੋਈ ਸਬੰਧ ਨਹੀਂ।

## ਕਾਵਿ-ਜਗਤ

### ਝੱਲੀਏ ਤੂੰ ਤਾਂ ਔਰਤ ਏਂ

ਸਦੀਆਂ ਤੋਂ ਮੈਂ ਸੁਣਦੀ ਆਈ
ਲਿਖਾ ਕੇ 'ਧੁਰੋਂ' ਹਾਂ ਲੇਖ ਲਿਆਈ
ਗਈ ਹਾਂ ਪੈਰਾਂ ਲਈ ਬਣਾਈ
ਆਦਮ, ਪੈਰੀਂ ਪਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ
ਝੱਲੀਏ ਤੂੰ ਤਾਂ ਔਰਤ ਏਂ।

ਮੈਂ ਹਾਂ ਉਸ ਲਈ ਵਸਤ ਬਜਾਰੀ
ਨਾਲੇ ਪਰਦੇ ਦੀ ਅਧਿਕਾਰੀ
ਬੋਲੀ ਲਾਉਂਦਾ ਮਾਸ ਵਪਾਰੀ
ਲਛਮਣ ਰੇਖਾ ਵਾਹੁੰਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ
ਝੱਲੀਏ...।

ਨਾ ਆਪਣਿਆਂ ਨਾ ਬੇਗਾਨਿਆਂ ਦੀ
ਸਭ ਲਈ ਕੱਖਾਂ ਕਾਨਿਆਂ ਦੀ
ਮੈਂ ਨਰਦ, ਮਰਦ ਦੇ ਖਾਨਿਆਂ ਦੀ
ਕੋਈ 'ਆਪਣੀ' ਨਹੀਂ ਬਣਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ
ਝੱਲੀਏ...।

ਕਦੇ ਇਹ ਮੈਨੂੰ ਦਾਅ 'ਤੇ ਲਾਵੇ
ਹਾਰ ਕੇ ਚੀਰ ਹਰਨ ਕਰਾਵੇ
ਵਿਚ ਸਭਾ ਦੇ ਪੱਤ ਰੁਲਾਵੇ
ਹੱਸ ਹੱਸ ਕੇ ਬਾਘੀਆਂ ਪਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ
ਝੱਲੀਏ...।

ਅਬਲਾ ਅਤੇ ਨਿਤਾਣੀ ਆਖੇ
ਨਾਲੇ ਖਸਮਾਂ ਖਾਣੀ ਆਖੇ
ਬਿਨ ਸੋਚੇ ਮਰਜਾਣੀ ਆਖੇ
ਸੌ ਸੌ ਦੂਸ਼ਣ ਲਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ
ਝੱਲੀਏ...।

ਮੱਥੇ ਰਗੜੇ, ਨੱਕ ਘਸਾਵੇ
ਦੇਗਾਂ ਕਰੇ, ਪ੍ਰਸ਼ਾਦ ਚੜ੍ਹਾਵੇ
ਮੇਰੀ ਕਦੇ ਨਾ ਸੁੱਖ ਮਨਾਵੇ
ਰੱਬ ਦਾ ਢੋਂਗ ਰਚਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ
ਝੱਲੀਏ...।

ਵਿਚ ਸਭਾ ਜਦ ਭਾਸ਼ਣ ਕਰਦਾ
ਬਾਣੀ ਦਾ ਰਸ ਖੂਬ ਹੈ ਭਰਦਾ
'ਰਾਜਾਨ ਜੰਮਣ' ਦਾ ਜ਼ਿਕਰ ਵੀ ਕਰਦਾ
ਚਿੱਤੋਂ, ਮੰਦਾ ਆਖ ਸੁਣਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ...।

ਵੰਸ਼ ਦਾ ਨਾਂ ਚਲਾਵਣ ਦੇ ਲਈ
ਵਾਰਸ ਨਵਾਂ ਬਣਾਵਣ ਦੇ ਲਈ
ਫੋਕੀ ਟੌਅਰ ਦਿਖਾਵਣ ਦੇ ਲਈ
ਮਸ਼ੀਨਾਂ ਥਾਈਂ ਲਘਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ...।

ਜੱਗ ਦੇਖਣ ਦਾ ਹੱਕ ਹੈ ਖੋਂਹਦਾ
ਆ ਜਾਵਾਂ ਤਾਂ ਬੁੱਕ ਬੁੱਕ ਰੋਂਦਾ
ਲੋਹੜੀ ਦਾ ਨਾ ਚੇਤਾ ਆਉਂਦਾ
ਕਦੇ ਨਾ ਸ਼ਗਨ ਮਨਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ...।

ਤਰ੍ਹਾਂ ਤਰ੍ਹਾਂ ਦਾ ਪੜਤਾ ਲਾਵੇ
ਮੇਰੇ ਨਾਉਂ 'ਤੇ ਦਿਵਸ ਮਨਾਵੇ
ਉਸ ਵਿਚ ਆਪਣੀ ਭੱਲ ਬਣਾਵੇ
ਖੇਖਣ ਕਰ ਦਿਖਲਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ...।

ਵਿਚ ਚੌਰਾਹੇ ਬੋਰਡ ਹੈ ਲਾਉਂਦਾ
ਉਪਰ ਹੈ ਤਸਵੀਰ ਬਣਾਉਂਦਾ
ਉਸ ਵਿਚ ਮੇਰੇ ਪੋਜ ਦਿਖਾਉਂਦਾ
ਮੁਨਾਫਾ ਹੋਰ ਵਧਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ...।

ਕਦੇ ਮੈਨੂੰ ਇਹ ਚਿੜੀ ਬਣਾਵੇ
'ਇਹਦਾ ਕੀ ਏ', ਆਖ ਸੁਣਾਵੇ
ਫੜ ਕੇ ਪਿੰਜਰੇ ਦੇ ਵਿਚ ਪਾਵੇ
ਬੱਸ ਆਪਣਾ ਮਨ ਪ੍ਰਚਾਉਂਦਾ ਹੈ
ਤੇ ਮੈਨੂੰ ਆਖ ਸੁਣਾਉਂਦਾ ਹੈ...।

ਜੱਗ ਏਸ ਨੂੰ ਮੈਂ ਦਿਖਾਇਆ
ਜਾਨ ਵਾਰ ਕੇ ਲਾਡ ਲਡਾਇਆ
ਰੁੜ੍ਹਨਾ, ਉਠਣਾ, ਤੁਰਨ ਸਿਖਾਇਆ
ਹੁਣ ਮੈਨੂੰ ਅਕਲ ਸਿਖਾਉਂਦਾ ਏ
ਤੇ ਹਰ ਪਲ ਯਾਦ ਦਿਵਾਉਂਦਾ ਏ...।

ਅੰਬਰਾਂ ਨੂੰ ਟਾਕੀ ਲਾ ਆਈ ਆਂ
ਗੋਰਿਆਂ ਤਾਈਂ ਭਜਾ ਆਈ ਆਂ
ਬਣ ਕਵਿਤਾ ਰੂਹ ਨਸ਼ਿਆ ਆਈ ਆਂ
ਪਰ ਇਹਨੂੰ ਹਜ਼ਮ ਨਾ ਆਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ...।

ਬਿਨ ਮੇਰੇ ਨਾ ਜਦੋਂ ਵੀ ਸਰਦਾ
ਝੂਠੀਆਂ ਫੇਰ ਤਰੀਫ਼ਾਂ ਕਰਦਾ
ਆਖੇ, ਬਿਨ ਤੇਰੇ ਮੈਂ ਮਰਦਾ
ਪਿੱਛੋਂ ਭੁੱਲ ਭੁਲਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ...।

ਕੋਮਲ ਰਿਸ਼ਤੇ ਭੁੱਲ ਗਿਆ ਇਹ
ਲੋਭ ਦੀ ਤੱਕੜੀ ਤੁਲ ਗਿਆ ਇਹ
ਚਕਾਚੌਂਧ ਵਿਚ ਰੁਲ ਗਿਆ ਇਹ
ਬੱਸ ਕਾਬਜ ਰਹਿਣਾ ਚਾਹੁੰਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ...।

ਚੰਗਾ ਹੈ ਇਹ ਸੋਚ ਲਵੇ ਹੁਣ
ਵੇਲਾ ਹੈ ਵਕਤ ਬੋਚ ਲਵੇ ਹੁਣ
ਬਦਲ ਇਹ ਆਪਣੀ ਸੋਚ ਲਵੇ ਹੁਣ
ਐਵੇਂ ਫੋਕਾ ਰੋਅਬ ਜਮਾਉਂਦਾ ਏ
ਤੇ ਮੈਥੋਂ ਸੁਣਨਾ ਚਾਹੁੰਦਾ ਏ
ਹਾਂ ਝੱਲਿਆ! ਮੈਂ ਔਰਤ ਹਾਂ।

***-ਜਗਮੀਤ ਸਿੰਘ ਪੰਧੇਰ***
***ਪਿੰਡ ਤੇ ਡਾਕ: ਕਲਾਹੜ***
***ਫੋਨ: 91-98783-37222***

## ਨੀ ਧੰਨੋ ਤੇਰਾ ਧੰਨ ਜਿਗਰਾ...

***(ਸਫਾ 21 ਦੀ ਬਾਕੀ)***

ਪਿੰਡ ਵਿਚ ਕਿਹੜੀਆਂ ਤੂਤੀਆਂ ਬੋਲੀਆਂ ਜਾਂਦੀਆਂ...ਜਾਣਦੀ ਤਾਂ ਧੰਨੋ ਵੀ ਸਭ ਕੁਝ ਸੀ, ਪਰ ਉਹਨੂੰ ਵਿਸ਼ਵਾਸ ਸੀ ਕਿ ਸੋਨੇ ਨੂੰ ਜੰਗ ਨਹੀਂ ਪੈ ਸਕਦਾ। ਬਤਨੇ ਦੇ ਜਾਣ ਪਿੱਛੋਂ ਜਦੋਂ ਸਾਢੇ ਕੁ ਸੱਤੀਂ ਮਹੀਨੀਂ ਧੰਨੋ ਨੇ ਤੀਜੇ ਜੁਆਕ ਨੂੰ ਜਨਮ ਦਿੱਤਾ ਤਾਂ ਜਿਵੇਂ ਪਿੰਡ ਵਿਚ ਬੰਬ ਚੱਲ ਗਿਆ ਹੋਵੇ। ਇੰਤਕਾਲ ਰਲਾ ਸਿੰਘ ਦੇ ਨਾਂ। ਬਿਨਾਂ ਹਿਸਾਬ ਕਿਤਾਬ ਲਾਏ, ਲੋਕ ਵਿਚਾਰੀ ਧੰਨੋ ਦੇ ਕਾਲਖ ਮਲੀ ਜਾਣ, "ਬਤਨੇ ਗਏ ਨੂੰ ਤਾਂ ਡੂਢ ਸਾਲ ਹੋ ਗਿਆ। ਕਰ'ਲੀ ਅੰਦਰ ਖਾਤੇ ਧੰਨੋ ਤੇ ਰਲੇ ਨੇ ਚਾਦਰਦਾਰੀ।"

ਫ਼ਿਰ ਇਕ ਦਹਾਕੇ ਤੋਂ ਵੱਧ ਸਮਾਂ ਲੰਘ ਗਿਆ। ਨਾ ਬਤਨਾ ਆਇਆ, ਤੇ ਨਾ ਕੋਈ ਖ਼ਤ ਪੱਤਰ। ਦੂਜੇ ਪਾਸੇ ਰਲਾ ਸਿੰਘ ਦੇ ਅੰਦਰ ਮਰਦਾਂ ਵਾਲੀ ਮੱਤ ਜਾਗਣ ਲੱਗ ਪਈ। ਲੋਕਾਂ ਨੇ ਹੁਣ ਕਹਿ ਲਿਆ ਜੋ ਕਹਿਣਾ ਸੀ। ਇਕ ਦਿਨ ਅੱਧੀ ਰਾਤੀਂ ਗਰਮੀਆਂ ਦੇ ਦਿਨੀਂ ਮੀਂਹ-ਹਨ੍ਹੇਰੀ 'ਕੱਠੇ ਆ ਗਏ। ਰਲਾ ਸਿੰਘ ਮੰਜੇ ਬਿਸਤਰੇ ਸਣੇ ਵਿਹੜੇ ਵਿਚੋਂ ਉਠ ਕੇ ਅੰਦਰ ਗਿਆ। ਦੀਵੇ ਨੂੰ ਫੂਕ ਮਾਰ ਕੇ ਧੰਨੋ ਦੀ ਬਾਂਹ ਫੜ ਲਈ।

"ਨਹੀਂ, ਅੱਜ ਉਹ ਦਿਨ ਨਹੀਂ ਐ ਜਿੱਦਣ ਫੁਲਕਾਰੀ ਟਾਂਗੇ ਵਿਚ ਫਸੀ ਸੀ। ਲੋਕ ਜੋ ਮਰਜ਼ੀ ਕਹਿਣ, ਪਰ ਤੈਨੂੰ ਮੈਂ ਆਪਣੇ ਸਹੁਰੇ ਸਮਾਨ ਮੰਨਦੀ ਹਾਂ।"

ਜੰਗ ਹਾਰਦਾ ਦੇਖ ਕੇ ਰਲਾ ਸਿੰਘ ਸ਼ਰਮ ਲਾਲਚ ਵਿਚ ਲਪੇਟ ਕੇ ਕਹਿਣ ਲੱਗਾ, "ਆਪਣੇ ਹਿੱਸੇ ਦੀ ਜ਼ਮੀਨ ਤੇਰੇ ਨਾਂ ਲੁਆ ਦਿਆਂਗਾ...ਕਹਿਣਾ ਮੰਨ ਲੈ। ਵਾਅਦਾ ਕਰਦਾਂ।"

"ਨਹੀਂ, ਮੇਰਾ ਇਕਰਾਰ ਇਹ ਹੈ ਕਿ ਮੈਂ ਮਰਦੇ ਦਮ ਤੱਕ ਸੇਵਾ ਕਰਾਂਗੀ ਪਿਉ ਸਮਝ ਕੇ।"

ਰਲਾ ਸਿੰਘ ਫ਼ਿਰ ਕਈ ਦਿਨ ਧੰਨੋ ਦੇ ਘਰ ਨਾ ਆਇਆ, ਜਿਵੇਂ ਕਲਯੁੱਗ ਸਤਿਯੁੱਗ ਦੇ ਗਲ ਲੱਗ ਕੇ ਰੋਣ ਲੱਗ ਪਿਆ ਹੋਵੇ।

ਜਿੱਦਣ ਆਇਆ ਹੱਥ ਵਿਚ ਕਾਗਜ਼ ਸੀ। ਧੰਨੋ ਹੱਥ ਫੜਾ ਕੇ ਕਹਿਣ ਲੱਗਾ, "ਹੁਣ ਮੈਂ ਪੁੰਨ ਦਾ ਰਾਸਤਾ ਪਾਪ ਨਾਲ ਨਹੀਂ ਕੱਟਾਂਗਾ। ਤੂੰ ਮੇਰੀ ਬੱਸ ਧੀ ਰਹੇਂਗੀ। ਆਹ ਮੇਰੇ ਹਿੱਸੇ ਦੇ ਚਾਰ ਕਿੱਲੇ ਤੇਰੇ ਨਾਂ ਵਸੀਅਤ ਐ, ਸੰਭਾਲ ਲੈ।"

ਰਲਾ ਸਿੰਘ ਅੰਦਰ ਜਿਵੇਂ ਕੋਈ ਗਮ ਬੈਠ ਗਿਆ ਹੋਵੇ। ਉਹ ਮੰਜੇ 'ਤੇ ਲੇਟਿਆ ਰਹਿੰਦਾ। ਧੰਨੋ ਨੇ ਪੁੱਛਿਆ, "ਗੱਲ ਕੀ ਐ?" ਕਹਿਣ ਲੱਗਾ, "ਜ਼ਮੀਰ ਨੂੰ ਕੋਹੜ ਹੋ ਗਿਆ ਹੈ।" ਪਹਿਲਾਂ ਮੱਠਾ ਮੱਠਾ ਬੁਖਾਰ ਚੜ੍ਹਿਆ, ਫ਼ਿਰ ਖੰਘ ਨੇ ਘੇਰਿਆ, ਤੇ ਫਿਰ ਤਾਂ ਮੰਜੇ 'ਤੇ ਪਿਆ ਆਖਿਰ ਮੰਜੇ ਨਾਲ ਹੀ ਲੱਗ ਗਿਆ। ਸਵਾ ਮਹੀਨਾ ਛਿਲੇ ਵਾਂਗ ਬਿਮਾਰੀਆਂ 'ਕੱਠੀਆਂ ਹੋ ਕੇ ਮੌਤ ਦਾ ਬਿਸਤਰਾ ਬੰਨ੍ਹਦੀਆਂ ਰਹੀਆਂ।...ਤੇ ਮਰਨ ਤੋਂ ਇਕ ਦਿਨ ਪਹਿਲਾਂ ਬਤਨਾ ਵੀ ਬਾਰੀਂ ਬਰਸੀਂ ਖੱਟ ਕੇ ਘਰੇ ਆ ਮੁੜਿਆ, ਤੇ ਅਗਲੇ ਦਿਨ ਰਲਾ ਸਿੰਘ ਦੇ ਸੁਆਸ ਬਤਨੇ ਦੇ ਹੱਥਾਂ ਵਿਚ ਨਿਕਲ ਗਏ।

ਅਫਸੋਸ ਕਰਨ ਗਏ ਪਟਵਾਰੀ ਨੇ ਭਤੀਜਿਆਂ ਨੂੰ ਤਾਏ ਰਲੇ ਦੀ ਵਸੀਅਤ ਦਾ ਭੇਤ ਵੀ ਦੱਸ ਦਿੱਤਾ ਕਿ ਸਭ ਕੁਝ ਧੰਨੋ ਦੇ ਨਾਂ ਕਰਵਾ ਗਿਆ ਹੈ। ਭਤੀਜਿਆਂ ਨੇ ਸੰਸਕਾਰ ਤੋਂ ਮੁੜਦਿਆਂ ਧੰਨੋ ਤੇ ਬਤਨੇ ਦੀ ਅਲਖ ਮੁਕਾਉਣ ਲਈ ਟਕੂਏ ਦਾਤ ਬੁੱਕਲਾਂ ਹੇਠ ਦੇ ਲਏ।

ਲਾਬੂੰ ਲਾਉਣ ਤੋਂ ਪਹਿਲਾਂ ਭੱਜੀ ਆਉਂਦੀ ਧੰਨੋ ਨੇ ਕੜਕ ਨੇ ਕਿਹਾ, "ਇਹ ਮੇਰਾ ਪਿਉ ਸੀ। ਮੇਰੇ ਨਾਂ ਆਪ ਵਸੀਅਤ ਕਰਾ ਕੇ ਗਿਆ ਸੀ। ਇਹ ਪਾੜ ਕੇ ਮੈਂ ਉਹਦੀ ਚਿਤਾ ਵਿਚ ਸੁੱਟਦੀ ਆਂ। ਤੁਸੀਂ ਵੀ ਬੇਗੁਨਾਹ ਦੇ ਗੁਨਾਹ ਨੂੰ ਫੂਕ ਕੇ ਜਾਇਓ...।

ਦੋਵਾਂ ਭਤੀਜਿਆਂ ਦੇ ਸਿਰ ਧੰਨੋ ਦੇ ਕਦਮਾਂ ਵਿਚ ਸਨ ਤੇ ਪੂਰਾ ਪਿੰਡ ਰਲਾ ਸਿੰਘ ਦੀ ਮੌਤ 'ਤੇ ਨਹੀਂ, ਇਸ ਕਰ ਕੇ ਦੁਖੀ ਸੀ ਕਿ ਦਾਗ਼ ਧੰਨੋ ਦੇ ਨਹੀਂ, ਪਿੰਡ ਦੇ ਪਿੰਡੇ 'ਤੇ ਪੈ ਗਿਆ ਸੀ।

ਲਗਦਾ ਨਹੀਂ ਕਿ ਕੁਝ ਲੋਕ ਸ਼ਿਕਾਰ ਖੇਡਣ ਗਏ ਸਨ, ਹਥਿਆਰ ਗੁਆ ਕੇ ਘਰਾਂ ਨੂੰ ਆ ਗਏ।

## The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



## Syan Video Production, Inc.



ਰਾਜਿੰਦਰ ਸਿੰਘ

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights
Call Toll Free: 1-800-RAJ-SYAN
(with 17 years Experienced)

**Call:734-261-0936 or 734-890-1767**
e-mail: raj@syanvideo.com or visit at: www.syanvideo.com



## ooraa




ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ!
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

**Resolve your IRS Tax Debt / Problems**

**100% SATISFACTION GUARANTEED**

ਅੱਜ ਹੀ ਸਾਨੂੰ ਕਾਲ ਕਰੋ

**(888) 888-9914**
www.ooraa.org



## Dhillon Truck Stop
## Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

# ਗੁਰੂ ਨਾਨਕ ਸਿੱਖ ਸੈਂਟਰ, ਲੈਨਸਿੰਗ (ਮਿਸ਼ੀਗਨ)

**4701 Pleasant Grove, Lansing, MI 48910 Ph: 517-272-0231, www.LansingGurdwara.Com**

## ਲੈਨਸਿੰਗ, ਮਿਸ਼ੀਗਨ ਵਿਚ ਖਾਲਸੇ ਦੇ ਜਨਮ ਦਿਹਾੜੇ ‘ਤੇ

ਸ਼ਿਕਾਗੋ, ਕਰਾਊਨ ਪੁਆਇੰਟ, ਇੰਡੀਅਨਐਪੋਲਿਸ, ਸਾਊਥਬੈਂਡ, ਮਿਲਵਾਕੀ, ਡਿਟਰਾਇਟ, ਗਰੈਂਡ ਰੈਪਿਡਜ਼, ਮਸਕੀਗਨ, ਜੈਕਸਨ, ਫਲਿੰਟ, ਸਾਗੀਨਾਅ, ਕੈਲਮਜ਼ੂ, ਬੈਟਲ ਕਰੀਕ, ਬੈਂਟਨ ਹਾਰਬਰ ਅਤੇ ਹੋਰ ਦੂਰ-ਨੇੜੇ ਦੀ ਸੰਗਤ ਦੇ ਸਹਿਯੋਗ ਨਾਲ

# ਮਹਾਨ ਨਗਰ ਕੀਰਤਨ

## ਅਤੇ ਵਿਸਾਖੀ ਮੇਲਾ

## ਸਨਿਚਰਵਾਰ, 27 ਅਪਰੈਲ 2013

### ਪ੍ਰੋਗਰਾਮ

ਸਨਿਚਰਵਾਰ, 27 ਅਪਰੈਲ 2013 ਨੂੰ ਗੁਰਦੁਆਰਾ ਸਾਹਿਬ ਵਿਚ ਅਖੰਡ ਪਾਠ ਦਾ ਭੋਗ ਸਵੇਰੇ 9.00 ਵਜੇ ਪਾਇਆ ਜਾਵੇਗਾ। ਅਖੰਡ ਪਾਠ ਦੀ ਸੇਵਾ ਸਵਰਗੀ ਮੁਖਤਿਆਰ ਸਿੰਘ ਜੱਬੋ ਦੇ ਪਰਿਵਾਰ ਵਲੋਂ ਹੋਵੇਗੀ।

ਪੰਥ ਪ੍ਰਸਿਧ ਕੀਰਤਨੀਏ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਭਾਈ ਕੁਲਵੰਤ ਸਿੰਘ ਪੰਡੋਰੀ ਦਾ ਢਾਡੀ ਜਥਾ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜੇਗਾ। ਇਸ ਉਪਰੰਤ ਸੰਗਤਾਂ ਰਿਵਰਫਰੰਟ ਪਾਰਕ, (ਲੈਨਸਿੰਗ ਡਾਊਨ ਟਾਊਨ ਪਾਰਕ) ਵਿਚ ਇਕੱਤਰ ਹੋਣਗੀਆਂ। ਇਸੇ ਪਾਰਕ ਤੋਂ ਪਰੇਡ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਅਰੰਭ ਹੋਵੇਗੀ। ਪਰੇਡ ਦੇ ਸਭ ਤੋਂ ਅੱਗੇ ਪੰਜ ਪਿਆਰੇ ਆਪਣੀਆਂ ਰਵਾਇਤੀ ਪੁਸ਼ਾਕਾਂ ਵਿਚ ਚੱਲਣਗੇ। ਪਰੇਡ ਆਪਣੇ ਰੂਟ ‘ਤੇ ਹੁੰਦੀ ਹੋਈ ਵਾਪਸ ਇਸੇ ਪਾਰਕ ਵਿਚ ਹੀ ਆ ਕੇ ਸਮਾਪਤ ਹੋਵੇਗੀ। ਪਰੇਡ ਦੀ ਸਮਾਪਤੀ ‘ਤੇ ਰਿਵਰ ਫਰੰਟ ਪਾਰਕ (300 N. Grand Ave, Lansing, MI 48933) ਵਿਚ ਸੰਗਤਾਂ ਲਈ ਲੰਗਰ ਦਾ ਖ਼ਾਸ ਪ੍ਰਬੰਧ ਹੋਵੇਗਾ।

ਇਸ ਵਾਰ ਦਾ ਨਗਰ ਕੀਰਤਨ ਸੈਂਡੀਹੁਕ ਐਲੀਮੈਂਟਰੀ ਸਕੂਲ, ਗੁਰਦੁਆਰਾ ਓਕ ਕਰੀਕ ਅਤੇ ਕਿਸੇ ਵੀ ਥਾਂ ਨਸਲੀ ਹਿੰਸਾ ਦਾ ਸ਼ਿਕਾਰ ਹੋਏ ਲੋਕਾਂ ਨੂੰ ਸਮਰਪਿਤ ਹੋਵੇਗਾ



*ਕੈਨੇਡਾ ਤੋਂ ਗਤਕੇ ਦੀ ਟੀਮ *ਤਾਜ਼ਾ ਜਲੇਬੀਆਂ *ਗਰਮਾ ਗਰਮ ਪਕੌੜਿਆਂ ਦਾ ਵਿਸ਼ੇਸ਼ ਪ੍ਰਬੰਧ
*ਧਾਰਮਿਕ ਤਸਵੀਰਾਂ ਅਤੇ ਪੇਂਟਿੰਗ ਦਾ ਸਟਾਲ ਲੱਗੇਗਾ

*ਗੈਟ ਪੰਜਾਬੀ ਟੀ ਵੀ ‘ਤੇ ਨਗਰ ਕੀਰਤਨ ਬਾਰੇ ਇਸ਼ਤਿਹਾਰ ਚੱਲ ਰਿਹਾ ਹੈ ਅਤੇ ਗੈਟ ਪੰਜਾਬੀ ਵਾਲੇ ਇਸ ਨਗਰ ਕੀਰਤਨ ਦਾ ਪ੍ਰਸਾਰਣ ਅਮਰੀਕਾ, ਇੰਡੀਆ ਅਤੇ ਕੈਨੇਡਾ ਵਿਚ ਕਰਨਗੇ।*

Sponsors: Grill of India, Flint (MI) 810-230-7090
Ajay Badhwar Tax and Accounting Services, Ph: 517-393-0720
Syan Video, Ph:734-261-0936
Bombay Wedding Events, Ph: 586-604-6881
Paradise Insurance Agency, Ph: 517 499 4883
Worldwide Travel: 1-800-504-3044
Khalsa Sikh Center, Flint, Michigan, Ph: 810-618-7280
Royal Sweets, Ph: 630-398-7356

ਨਗਰ ਕੀਰਤਨ ਤੋਂ ਬਾਅਦ ਇਕ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਏਗਾ, ਜਿਸ ਵਿਚ ਪੰਜਾਬ ਤੋਂ ਲੋਕ ਕਲਾਕਾਰ ਗੀਤ-ਸੰਗੀਤ ਦਾ ਪ੍ਰੋਗਰਾਮ ਪੇਸ਼ ਕਰਨਗੇ। ਇਸ ਤੋਂ ਇਲਾਵਾ ਗਿੱਧੇ ਅਤੇ ਭੰਗੜੇ ਦੇ ਮੁਕਾਬਲੇ ਵੀ ਕਰਵਾਏ ਜਾਣਗੇ। ਅਮਰੀਕੀ ਮੁਖ ਧਾਰਾ ਦੇ ਆਗੂ ਅਤੇ ਅਧਿਕਾਰੀ ਸੰਗਤਾਂ ਨੂੰ ਸੰਬੋਧਨ ਕਰਨਗੇ।

*ਟੋਰਾਂਟੋ ਤੋਂ ਭੰਡ ਵਿਸ਼ੇਸ਼ ਤੌਰ ’ਤੇ ਪਹੁੰਚ ਰਹੇ ਹਨ*

***Contacts:***
***Gurudwara Sahib (517) 272-0231***
***Ladi Multani (517) 204-4171***
***S. Balbir Singh (517) 402-1811***
***S. Kuldip Singh (President) 517-402-4910***

Ladi Multani, Balbir Singh, Gurdev Singh, Kuldeep Singh, Bakhsish Singh, Jaswant Singh, Karnail Singh, Sukhjinder Singh, Kulvir Singh, Kashmir Singh, Balwinder Singh, Gurjinder Singh, Balvir Singh Habibwal, Kulwant Singh, Rinku, Resham Singh, Daler Singh, Manjit Singh, Nirmal Singh, Swarn Singh, Ruby, Bila, Gulab Singh, Sukhwinder Singh, Kulwinder Singh, Rajinder Singh, Jaswant Singh Grewal, Rajvir Singh Virk, Gurbaksh Singh, Gian Singh.

**Free city parking across the Park on Capital Ave.**